# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 28 | 22 July 2020 to 28 July 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


## ਫਲੋਰੀਡਾ ਵਿਚ ਸਕੂਲ ਮੁੜ ਖੋਲਣ ਦਾ ਮਾਮਲਾ ਅਦਾਲਤ ਵਿਚ ਪੁੱਜਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਫਲੋਰੀਡਾ ਵਿਚ ਪਿਛਲੇ 6 ਦਿਨਾਂ ਦੌਰਾਨ ਲਗਾਤਾਰ 10000 ਤੋਂ ਵਧ ਕੋਰੋਨਾ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਅਗਲੇ ਮਹੀਨੇ ਸਕੂਲ ਮੁੜ ਖੋਲਣ ਦਾ ਮੁੱਦਾ ਅਦਾਲਤ ਵਿਚ ਪੁੱਜ ਗਿਆ ਹੈ। ਇਕ ਵੱਡੀ ਅਧਿਆਪਕ ਯੂਨੀਅਨ ਨੇ ਗਵਰਨਰ ਰੋਨ ਡੇਸੈਨਟਿਸ ਪ੍ਰਸ਼ਾਸ਼ਨ ਵੱਲੋਂ ਸਕੂਲ ਖੋਲਣ ਵਿਰੁੱਧ ਪਟੀਸ਼ਨ ਦਾਇਰ ਕੀਤੀ ਹੈ। ਮਿਆਮੀ ਸਟੇਟ ਸਰਕਟ ਕੋਰਟ ਵਿਚ ਫਲੋਰੀਡਾ ਐਜੂਕੇਸ਼ਨ ਐਸੋਸੀਏਸ਼ਨ ਨੇ ਕਿਹਾ ਹੈ ਕਿ ਸਕੂਲ ਮੁੜ ਖੋਲਣ ਸਬੰਧੀ ਆਦੇਸ਼ ਫਲੋਰੀਡਾ ਸੰਵਿਧਾਨ ਦੀ ਉਲੰਘਣਾ ਕਰਕੇ ਜਾਰੀ ਕੀਤੇ ਗਏ ਹਨ। ਸਵਿਧਾਨ ਤਹਿਤ ਸਕੂਲਾਂ ਵਿਚ ਸੁਰੱਖਿਅਤ ਤੇ ਮਿਆਰੀ ਪ੍ਰਬੰਧ ਦੀ ਵਿਵਸਥਾ ਕਰਨੀ ਜ਼ੁਰਰੀ ਹੈ। ਫਲੋਰੀਡਾ ਵਿਚ ਕੋਰੋਨਾ ਪੀੜਤਾਂ ਦੀ ਗਿਣਤੀ 3,60,394 ਹੋ ਗਈ ਹੈ ਤੇ ਹੁਣ ਤੱਕ ਰਾਜ ਵਿਚ 5072 ਮਰੀਜ਼ ਦਮ ਤੋੜ ਚੁੱਕੇ ਹਨ।

# ਕੋਰੋਨਾਵਾਇਰਸ: ਅਮਰੀਕਾ ਵਿਚ ਇਕ ਦਿਨ 'ਚ 77000 ਤੋਂ ਵੱਧ ਮਾਮਲੇ ਆਉਣ ਦਾ ਬਣਿਆ ਨਵਾਂ ਰਿਕਾਰਡ

**ਵਾਸ਼ਿੰਗਟ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਪੀੜਤ ਇਕ ਦਿਨ ਵਿਚ 77000 ਤੋਂ ਵਧ ਮਰੀਜ਼ ਆਉਣ ਦਾ ਨਵਾਂ ਰਿਕਾਰਡ ਬਣਿਆ ਹੈ। ਇਸ ਤੋਂ ਲੱਗਦਾ ਹੈ ਕਿ ਸਿਹਤ ਮਾਹਿਰ ਡਾ ਐਨਥਨੀ ਫੌਕੀ ਦੀ ਚਿਤਾਵਨੀ ਸੱਚ ਹੋਣ ਜਾ ਰਹੀ ਹੈ। ਉਨਾਂ ਨੇ ਪਿਛਲੇ ਮਹੀਨੇ ਸੁਚੇਤ ਕੀਤਾ ਸੀ ਕਿ ਰੋਜ਼ਾਨਾ ਪੀੜਤ ਮਰੀਜ਼ਾਂ ਦੀ ਗਿਣਤੀ ਵਧਕੇ 1 ਲੱਖ ਤੱਕ ਹੋ ਸਕਦੀ ਹੈ। ਕੁਲ ਕੋਰੋਨਾ ਪੀੜਤਾਂ ਦੀ ਗਿਣਤੀ 37,70,012 ਹੋ ਗਈ ਹੈ ਜਦ ਕਿ ਹੁਣ ਤੱਕ 1,42,064 ਅਮਰੀਕੀ ਮੌਤ ਦੇ ਮੂੰਹ ਵਿਚ ਜਾ ਪਏ ਹਨ। ਦੱਖਣੀ ਰਾਜਾਂ ਫਲੋਰੀਡਾ, ਟੈਕਸਸ ਤੇ ਦੱਖਣੀ



ਕੈਰੋਲੀਨਾ ਵਿਚ ਵਾਇਰਸ ਫੈਲਣ ਦੇ ਨਾਲ ਨਾਲ ਰੋਜ਼ਾਨਾ ਮੌਤਾਂ ਹੋਣ ਦੀ ਗਿਣਤੀ ਵੀ ਵਧ ਰਹੀ ਹੈ। ਲੰਘੇ ਦਿਨ ਇਨਾਂ ਰਾਜਾਂ ਵਿਚ ਕ੍ਰਮਵਾਰ 156,129 ਤੇ 69 ਮੌਤਾਂ ਹੋਈਆਂ।

**30 ਦਿਨਾਂ ਵਿਚ ਕੋਈ ਮੌਤ ਨਹੀਂ ਹੋਈ**

ਵਰਮੌਂਟ ਅਮਰੀਕਾ ਦਾ ਇਕੋ ਇਕ ਅਜਿਹਾ ਰਾਜ ਹੈ ਜਿਥੇ ਪਿਛਲੇ 30 ਦਿਨਾਂ ਦੌਰਾਨ ਕੋਰੋਨਾਵਾਇਰਸ ਨਾਲ ਕੋਈ ਮੌਤ ਨਹੀਂ ਹੋਈ। ਵਰਮੌਂਟ ਵਿਚ 18 ਜੂਨ ਤੱਕ 56 ਮੌਤਾਂ ਹੋਈਆਂ ਸਨ ਤੇ ਉਸ ਤੋਂ ਬਾਅਦ ਕੋਈ ਮੌਤ ਨਹੀਂ ਹੋਈ। ਰਾਜ ਦੇ ਸਿਹਤ ਕਮਿਸ਼ਨਰ ਦਾ ਕਹਿਣਾ ਹੈ ਕਿ ਇਹ ਲਾਗੂ ਕੀਤੇ ਗਏ ਸਖਤ ਸਿਹਤ ਨਿਯਮਾਂ ਨਾਲ ਸੰਭਵ ਹੋਇਆ ਹੈ। ਵਰਮੌਂਟ ਦੇ ਗਵਾਂਢੀ ਰਾਜ ਨਿਊਯਾਰਕ ਜੋ ਕਿਸੇ ਵੇਲੇ ਕੋਰੋਨਾ ਵਾਇਰਸ ਦਾ ਕੇਂਦਰ ਬਿੰਦੂ ਬਣਿਆ ਹੋਇਆ ਸੀ, ਵਿਚ ਮੌਤਾਂ ਤੇ ਨਵੇਂ ਮਾਮਲੇ ਆਉਣ ਦੀ ਰਫ਼ਤਾਰ ਘੱਟ ਗਈ ਹੈ। ਪਹਿਲੀ ਜੁਲਾਈ ਤੋਂ 17 ਜੁਲਾਈ ਤੱਕ ਨਿਊਯਾਰਕ ਵਿਚ 357 ਮੌਤਾਂ, ਮਾਸ਼ਾਚੂਸੈਟਸ ਵਿਚ 326 ਮੌਤਾਂ ਤੇ ਨਿਊਹੈਮਸ਼ਾਇਰ ਵਿਚ 24 ਮੌਤਾਂ ਹੋਈਆਂ ਹਨ।

# ਸਥਿੱਤੀ ਵਿਚ ਸੁਧਾਰ ਆਉਣ ਤੋਂ ਪਹਿਲਾਂ ਹੋਰ ਗੰਭੀਰ ਹੋਣ ਦੀ ਸੰਭਾਵਨਾ : ਟਰੰਪ

## ਅਮਰੀਕੀ ਮਾਸਕ ਪਾਉਣ, ਤੇ ਬਾਰਾਂ ਤੋਂ ਦੂਰ ਰਹਿਣ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਕੋਰੋਨਾਵਾਇਰਸ ਹੋਰ ਫੈਲਣ ਦੀ ਸੰਭਾਵਨਾ ਹੈ ਤੇ ਸਥਿੱਤੀ ਵਿਚ ਸੁਧਾਰ ਆਉਣ ਤੋਂ ਪਹਿਲਾਂ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ। ਕੋਰੋਨਾ ਵਾਇਰਸ ਦੇ ਫੈਲਣ ਨੂੰ ਪਹਿਲਾਂ ਹਲਕੇ ਢੰਗ ਨਾਲ ਲੈਂਦੇ ਰਹੇ ਰਾਸ਼ਟਰਪਤੀ ਨੇ ਅਮਰੀਕੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਮਾਸਕ ਪਹਿਣਨ। ਉਨਾਂ ਕਿਹਾ ਕਿ ਅਸੀਂ ਹਰ ਵਿਅਕਤੀ ਨੂੰ ਕਹਿੰਦੇ ਹਾਂ ਕਿ ਜਿਥੇ ਸਮਾਜਿਕ ਦੂਰੀ ਸੰਭਵ ਨਾ ਹੋਵੇ ਉਥੇ ਮਾਸਕ ਜਰੂਰ ਪਹਿਨਿਆ ਜਾਵੇ। ਤੁਸੀਂ ਮਾਸਕ ਪਸੰਦ ਕਰਦੇ ਹੋ ਜਾਂ ਨਹੀਂ ਕਰਦੇ ਪਰੰਤੂ ਇਸ ਦਾ ਅਸਰ ਹੈ। ਸਾਨੂੰ ਉਹ ਹਰ ਚੀਜ਼ ਕਰਨੀ ਚਾਹੀਦੀ ਹੈ ਜਿਸ ਨਾਲ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਨੇ ਸਵਿਕਾਰ ਕੀਤਾ ਕਿ ਸਥਿੱਤੀ ਹੋਰ ਖ਼ਰਾਬ ਹੋ ਸਕਦੀ ਹੈ। ਉਨਾਂ ਕਿਹਾ ਕਿ ਇਹ ਇਕ ਅਜਿਹੀ ਗੱਲ ਹੈ ਜੋ ਮੈਂ ਕਹਿਣੀ ਨਹੀਂ ਚਹੁੰਦਾ ਪਰ ਇਹ ਕਹਿਣਾ ਪੈ ਰਿਹਾ ਹੈ ਕਿਉਂਕਿ ਹਾਲਾਤ ਅਜੇ ਮੋੜਾ ਕਟਦੇ ਹੋਏ ਨਜਰ ਨਹੀਂ ਆ ਰਹੇ। ਉਨਾਂ ਨੇ ਨੌਵਾਨਾਂ ਨੂੰ ਕਿਹਾ ਕਿ ਉਹ ਭੀੜ ਵਾਲੀਆਂ ਬਾਰਾਂ ਵਿਚ ਨਾ ਜਾਣ। ਰਾਸ਼ਟਰਪਤੀ ਜਿਨਾਂ ਨੇ ਖੁਦਮਾਸਕ ਨਹੀਂ ਪਾਇਆ ਹੋਇਆ ਸੀ, ਨੇ ਕਿਹਾ ਕਿ ਉਹ ਮਾਸਕ ਆਪਣੇ ਕੋਲ ਰਖਦੇ ਹਨ ਤੇ ਲੋੜ ਵੇਲੇ ਇਸ ਨੂੰ ਪਾਉਂਦੇ ਹਨ। ਕੋਰੋਨਵਾਇਰਸ ਫੈਲਣ ਕਾਰਨ ਟਰੰਪ ਪ੍ਰਸ਼ਾਸ਼ਨ ਦੀ ਨਿਰੰਤਰ ਹੋ ਰਹੀ ਅਲੋਚਨਾ ਦੇ ਮੱਦੇਨਜਰ ਰਾਸ਼ਟਰਪਤੀ ਅੱਜ ਰਾਜਸੀ ਮੁਹਿੰਮ ਵਿਚਾਲੇ ਛੱਡਕੇ ਵਾਈਟ ਹਾਊਸ ਵਿਚ ਪਰਤੇ। ਉਨਾਂ ਕਿਹਾ ਕਿ ਵਿਗਿਆਨੀ ਵੈਕਸੀਨ ਬਣਾਉਣ ਵਿਚ ਜੁਟੇ ਹੋਏ ਹਨ ਤੇ ਉਹ ਹੋਰ ਕਿਸੇ ਵੀ ਨਾਲੋਂ ਪਹਿਲਾਂ ਇਸ ਨੂੰ ਤਿਆਰ ਕਰ ਲੈਣਗੇ। ਆਪਣੀ 27 ਮਿੰਟਾਂ ਦੀ ਗੱਲਬਾਤ ਦੌਰਾਨ ਉਨਾਂ ਨੇ ਆਪਣੇ ਸੁਭਾਅ ਦੇ ਉਲਟ ਆਪਣੇ ਡੈਮੋਕੈਰਟਿਕ ਵਿਰੋਧੀ ਜੋਅ ਬਿਡੇਨ ਦਾ ਇਕ ਵਾਰ ਵੀ ਨਾਂ ਨਹੀਂ ਲਿਆ।

**ਟਰੰਪ ਦੀ ਅਲੋਚਨਾ:**

ਜੋਅ ਬਿਡੇਨ ਦੀ ਰਾਜਸੀ ਮੁਹਿੰਮ ਦੇ ਬੁਲਾਰੇ ਐਂਡਰੀਊ ਬੇਟਸ ਨੇ ਟਵੀਟ ਕੀਤਾ ਹੈ ਕਿ 'ਰਾਸ਼ਟਰਪਤੀ ਨੇ ਇਹ ਕਹਿਕੇ ਕਿ ਸਥਿੱਤੀ ਸੁਧਰਨ ਤੋਂ ਪਹਿਲਾਂ ਹੋਰ ਖ਼ਰਾਬ ਹੋ ਸਕਦੀ ਹੈ, ਆਪਣੇ ਉਸ ਝੂਠ ਨੂੰ ਉਲਟਾ ਦਿੱਤਾ ਹੈ ਜਿਸ ਵਿਚ ਉਨਾਂ ਕਿਹਾ ਸੀ ਕਿ ਵਾਇਰਸ ਖੁਦ ਗਾਇਬ ਹੋ ਜਾਵੇਗਾ। ਉਨਾਂ ਕਿਹਾ ਕਿ ਕੋਰੋਨਾ ਵਾਇਰਸ ਬਾਰੇ ਰਾਸ਼ਟਰਪਤੀ ਦੀ ਧਾਰਨਾ ਕਾਰਨ ਹਜਾਰਾਂ ਨਿਰਦੋਸ਼ ਅਮਰੀਕਨਾਂ ਨੂੰ ਬਹੁਤ ਖਤਰਨਾਕ ਸਥਿੱਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।'

# ਯੂ.ਏ.ਪੀ.ਏ ਵਰਗੇ ਕਾਲੇ ਕਾਨੂੰਨ ਦੇ ਖ਼ੌਫ ਨੇ ਨੌਜਵਾਨ ਲਵਪ੍ਰੀਤ ਸਿੰਘ ਨੂੰ ਖ਼ੁਦਕੁਸ਼ੀ ਦੇ ਰਾਹ ਧੱਕਿਆ

## ਦਲ ਖਾਲਸਾ ਨੇ ਨੌਜਵਾਨ ਲਵਪ੍ਰੀਤ ਸਿੰਘ ਵੱਲੋਂ ਭੇਦਭਰੀ ਹਾਲਤ ਵਿੱਚ ਕੀਤੀ ਖ਼ੁਦਕੁਸ਼ੀ ਦੀ ਹਾਈ ਕੋਰਟ ਤੋਂ ਨਿਆਂਇਕ ਜਾਂਚ ਮੰਗੀ

**ਸੰਗਰੂਰ ਏ.ਟੀ.ਨਿਊਜ਼:** ਦਲ ਖਾਲਸਾ ਨੇ ਸੰਗਰੂਰ ਦੇ ਨੌਜਵਾਨ ਲਵਪ੍ਰੀਤ ਸਿੰਘ ਵਲੋਂ ਭੇਦਭਰੀ ਸਥਿਤੀ ਵਿੱਚ ਮੁਹਾਲੀ ਸਥਿਤ ਗੁਰਦੁਆਰਾ ਅੰਬ ਸਾਹਿਬ ਵਿਖੇ ਕੀਤੀ ਖ਼ੁਦਕੁਸ਼ੀ ਦੀ ਹਾਈ ਕੋਰਟ ਦੇ ਜੱਜ ਤੋਂ ਨਿਆਂਇਕ ਜਾਂਚ ਦੀ ਮੰਗ ਕੀਤੀ।

ਜਥੇਬੰਦੀ ਦੇ ਆਗੂਆਂ ਨੇ ਮ੍ਰਿਤਕ ਦੇ ਪਿਤਾ ਕੇਵਲ ਸਿੰਘ ਅਤੇ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਉਨਾਂ ਦੇ ਜੱਦੀ ਪਿੰਡ ਰੱਤਾ ਖੇੜਾ ਵਿਖੇ ਮੁਲਾਕਾਤ ਕਰਕੇ ਦੁਖ ਵੰਡਾਇਆ ਅਤੇ ਇਸ ਕੇਸ ਦੀ ਉਚ ਪੱਧਰੀ ਨਿਆਂਇਕ ਜਾਂਚ ਕਰਨ ਦੀ ਮੰਗ ਕੀਤੀ। ਪਰਿਵਾਰ ਅਨੁਸਾਰ ਉਹਨਾਂ ਦੇ ਬੱਚੇ ਨਾਲ ਜ਼ਿਆਦਤੀ ਹੋਈ ਹੈ ਅਤੇ ਕੁਝ ਰਹੱਸਮਈ ਗਲਤ ਵਾਪਰਿਆ ਹੈ।

ਲਵਪ੍ਰੀਤ ਸਿੰਘ ਅੰਮ੍ਰਿਤਧਾਰੀ ਸਿੰਘ ਸੀ ਜੋ ਪੇਸ਼ੇ ਵਜੋਂ ਇਕ ਗ੍ਰੰਥੀ ਸੀ। ਉਸ 'ਤੇ ਅੰਮ੍ਰਿਤਸਰ ਪੁਲਿਸ ਨੇ 2018 ਵਿੱਚ ਯੂ.ਏ.ਪੀ.ਏ ਹਿਤ ਕੇਸ ਦਰਜ ਕੀਤਾ ਸੀ ਜਿਸ ਨੂੰ ਅਪ੍ਰੈਲ 2020 ਵਿਚ ਐਨਆਈਏ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਸੀ ਅਤੇ 13 ਜੁਲਾਈ ਨੂੰ ਕੇਂਦਰੀ ਏਜੰਸੀ ਨੇ ਲਵਪ੍ਰੀਤ ਨੂੰ ਮੁਹਾਲੀ



ਦਫਤਰ ਵਿੱਚ ਤਲਬ ਕੀਤਾ ਸੀ। ਕੱਲ ਲਵਪ੍ਰੀਤ ਦੇ ਪਰਿਵਾਰਕ ਮੈਂਬਰਾਂ ਨੇ ਸੁਖਪਾਲ ਸਿੰਘ ਖਹਿਰਾ ਨਾਲ ਮਿਲ ਕੇ ਸੰਗਰੂਰ ਦੇ ਐਸਐਸਪੀ ਨੂੰ ਇਸ ਮਾਮਲੇ ਦੀ ਪੂਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ ਅਤੇ ਐਸਐਸਪੀ ਨੇ ਜਾਂਚ ਸਥਾਨਕ ਐਸ ਪੀ ਰੈਂਕ ਦੇ ਅਧਿਕਾਰੀ ਨੂੰ ਸੌਂਪ ਦਿੱਤੀ। ਜਾਂਚ ਐਸਪੀ ਨੂੰ ਦਿੱਤੇ ਜਾਣ 'ਤੇ ਆਪਣੀ ਪ੍ਰਤੀਕ੍ਰਿਆ ਜ਼ਾਹਿਰ ਕਰਦਿਆਂ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਪੁਲਿਸ ਅਧਿਕਾਰੀ ਕਦੀ ਵੀ ਐਨਆਈਏ ਦੇ ਅਧਿਕਾਰੀਆਂ ਤੋਂ ਸਹੀ ਢੰਗ ਨਾਲ ਪੁੱਛਗਿੱਛ ਨਹੀਂ ਕਰ ਸਕਣਗੇ ਕਿਉਂਕਿ ਕੇਦਰੀ ਏਜੰਸੀ ਕੋਲ ਅੰਨੀਆਂ ਤਾਕਤਾਂ ਹਨ ਅਤੇ ਉਸਦਾ ਰੁਤਬਾ ਪੰਜਾਬ ਪਲਿਸ ਤੋਂ ਉੱਚਾ ਹੈ। ਉਨਾਂ ਕਿਹਾ ਕਿ ਕੇਵਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਮੌਜੂਦਾ ਜੱਜ ਹੀ ਸੱਚਾਈ ਦਾ ਪਤਾ ਲਗਾ ਸਕਦੇ ਹਨ। ਉਨਾਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਉਹ ਜਾਂਚ ਉੱਚ ਨਿਆਂਪਾਲਿਕਾ ਨੂੰ ਸੌਂਪਣ ਤਾਂ ਜੋ ਦੋਸ਼ੀ ਨੰਗੇ ਹੋਣ ਅਤੇ ਪਰਿਵਾਰ ਨੂੰ ਇਨਸਾਫ ਮਿਲ ਸਕੇ।

ਬਾਕੀ ਸਫ਼ਾ 31 'ਤੇ

## ਅਨਮੋਲ ਕਥਨ



ਕਵੀ ਜਨ ਆਪਣਾ ਨੇਮ ਅਤੇ ਕਾਨੂੰਨ ਆਪ ਹੁੰਦੇ ਹਨ. ਉਹਨਾਂ ਨੂੰ ਬਾਹਰ ਦੀ ਲੋਕਾਚਾਰੀ ਤੇ ਦੁਨੀਆਂਦਾਰਾਂ ਵਾਲੀ ਵਿਵਹਾਰਿਕ ਨੀਤੀ ਤੇ ਧਿਆਨ, ਫੋਕੀ ਅਕਲ ਉੱਕਾ ਲੋੜ ਨਹੀਂ ਹੁੰਦੀ

(ਪੂਰਨ ਸਿੰਘ ਦੀ ਵਾਰਤਕ ਵਿਚੋਂ)















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
ਮਰਦਮਸ਼ੁਮਾਰੀ
CALIFORNIA
ALL
2020
CaliforniaCensus.org

# ਵਾਸ਼ਿੰਗਟਨ ਡੀ.ਸੀ 'ਚ ਭਾਰਤੀ-ਅਮਰੀਕਨਾਂ ਨੇ ਚੀਨੀ ਦੂਤਘਰ ਸਾਹਮਣੇ ਕੀਤਾ ਰੋਸ ਮੁਜ਼ਾਹਰਾ





**ਵਾਸ਼ਿੰਗਟਨ ਡੀ. ਸੀ/ਰਾਜ ਗੋਗਨਾ:** ਮੈਟਰੋਪੁਲਿਟਨ ਖੇਤਰ ਵਿੱਚ ਭਾਰਤੀ ਅਮਰੀਕੀਆਂ ਨੇ ਐਤਵਾਰ ਨੂੰ ਸਵੇਰੇ 11 ਵਜੇ ਰਾਜਧਾਨੀ ਵਾਸ਼ਿੰਗਟਨ ਡੀ. ਸੀ ਵਿੱਚ ਚੀਨੀ ਦੂਤਘਰ ਦੇ ਸਾਹਮਣੇ ਇੱਕ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕੀਤਾ ਹੈ। ਇਹ ਵਿਰੋਧ ਪੂਰਬੀ ਲੱਦਾਖ ਵਿੱਚ ਬੀਜਿੰਗ ਦੀ ਗੈਰਕਾਨੂੰਨੀ ਅਤੇ ਨਿਰਵਿਘਨ ਹਮਲੇ ਦੇ ਵਿਰੋਧ ਵਿੱਚ ਸੀ। ਇਸ ਰੋਸ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਦੇ ਇੱਕ ਛੋਟੇ ਜਿਹੇ ਸਮੂੰਹ ਨੇ ਇਕੱਠੇ ਹੋ ਕੇ ਅਤੇ ਸ਼ਹਿਰ ਦੁਆਰਾ ਲਾਗੂ ਕੀਤੇ ਹੋਰ ਉਪਾਵਾਂ ਦੀ ਪਾਲਣਾ ਕਰਕੇ , ਸੀਮਿਤ ਰਹਿ ਕੇ ਕੋਰੋਨਾਵਾਇਰਸ ਦੀ ਮਹਾਂਮਾਰੀ ਫੈਲਣ ਨੂੰ ਰੋਕਣ ਦਾ ਇਤਹਾਦ ਵੀ ਪੂਰੀ ਤਰਾਂ ਵਰਤਿਆਂ ਜੋ ਸੇਫ਼ਟੀ ਪਰੋਟੈਸਟ ਦਾ ਹਿੱਸਾ ਸੀ। ਇਸ ਪ੍ਰਦਰਸ਼ਨ ਦਾ ਤਾਲਮੇਲ ਕਰ ਰਹੇ ਇਸ ਸਮੂਹ ਵਿੱਚ ਮੈਰੀਲੈਂਡ, ਵਰਜੀਨੀਆ ਅਤੇ ਵਾਸ਼ਿੰਗਟਨ ਡੀ. ਸੀ ਤੋਂ ਆਏ ਭਾਰਤੀ ਅਮਰੀਕੀ ਸਭਿਆਚਾਰਕ ਅਤੇ ਸਮਾਜਿਕ ਸੰਗਠਨਾਂ ਦੇ ਇੱਕ ਕਰਾਸ-ਸੈਕਸ਼ਨ ਦੇ ਨੁਮਾਇੰਦੇ ਅਤੇ ਕਮਿਊਨਿਟੀ ਦੇ ਆਗੂ ਸ਼ਾਮਿਲ ਹੋਏ ਸਨ। ਇਹ ਰੋਸ ਮੁਜ਼ਾਹਰਾ ਚੀਨੀ ਅੱਤਿਆਚਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਰੋਸ ਨੂੰ ਇੱਕ ਵਿਦਰੋਹ ਦੇ ਰੂਪ ਵਿੱਚ ਲਿਆਉਣ ਲਈ ਸੀ। ਜੋ ਚੀਨ ਨੂੰ ਭਾਰਤ ਵਿਰੁੱਧ ਵਿਵਾਦਪੂਰਨ ਅਹੁਦੇ ਤੋਂ ਪਿੱਛੇ ਧੱਕਦਾ ਜਾ ਰਿਹਾ ਹੈ। ਮੁਜ਼ਾਹਰਾ ਕਾਰੀਆਂ ਨੇ ਅੰਬੈਸੀ ਸਾਹਮਣੇ ਕੀਤੇ ਮੁਜ਼ਾਹਰੇ ਚ' ਕਿਹਾ ਕਿ ਅਸੀਂ ਲੇਹ ਵਿੱਚ ਭਾਰਤੀ ਖੇਤਰ ਉੱਤੇ ਚੀਨੀ ਘੁਸਪੈਠਾਂ ਤੋਂ ਆਪਣੀ ਅਸਵੀਕਾਰਤਾ ਨੂੰ ਜਿਤਾਉਣਾ ਚਾਹੁੰਦੇ ਹਾਂ। ਅਸੀਂ ਚੀਨ ਨੂੰ ਦੱਸਣਾ ਚਾਹੁੰਦੇ ਹਾਂ ਕਿ ਦੁਨੀਆ ਭਰ ਦੇ ਭਾਰਤੀ ਇਸ ਹਮਲੇ ਦੇ ਗ਼ਲਤ ਅਤੇ ਗੈਰ ਅਧਿਕਾਰਤ ਕੰਮ ਦੇ ਵਿਰੁੱਧ ਅਵਾਜ਼ ਬੁਲੰਦ ਕਰਦੇ ਰਹਿਣਗੇ ਅਤੇ ਭਾਰਤੀ-ਅਮਰੀਕੀ ਇਸ ਬਗਾਵਤ ਦਾ ਰਾਹ ਪੱਧਰਾ ਕਰਨਗੇ।

ਰਿਸ ਵਿੱਚ ਕੇਰਲ ਸੂਬੇ ਦੀ ਭਾਈਚਾਰੇ ਦੀ ਨੁਮਾਇੰਦਗੀ ਕਰ ਰਹੇ ਮਨੋਜ ਸ੍ਰੀਨਲੀਅਮ ਨੇ ਦੱਸਿਆ ਕਿ ਇਹ ਵਿਰੋਧ ਪ੍ਰਦਰਸ਼ਨਾਂ ਦਾ ਸਿਲਸਿਲਾ ਲਗਾਤਾਰ ਚੱਲਦਾ ਹੀ ਰਹੇਗਾ। ਜਿਸ ਦੀ ਸ਼ੁਰੂਆਤ ਅਸੀਂ ਵਾਸ਼ਿੰਗਟਨ ਡੀ. ਸੀ ਤੋ ਸ਼ੁਰੂ ਕੀਤੀ ਹੈ। ਇਕ ਹੋਰ ਭਾਰਤੀ-ਅਮਰੀਕੀ ਮਹਿੰਦਰ ਸੱਪਾ ਨੇ ਦੱਸਿਆ ਕਿ ਭਾਰਤੀ-ਅਮਰੀਕੀਆਂ ਵਿੱਚ ਚੀਨੀ ਘੁਸਪੈਠ ਵਿਰੁੱਧ ਭਾਰੀ ਰੋਸ ਹੈ। ਅਸੀਂ ਉਦੋਂ ਤੱਕ ਆਰਾਮ ਨਾਲ ਨਹੀਂ ਬੈਠਾਂਗੇ ਜਦੋਂ ਤੱਕ ਇਹ ਮੁੱਦਾ ਅਮਰੀਕਾ ਵਿੱਚ ਸਭ ਤੋਂ ਵੱਧ ਧਿਆਨ ਨਹੀਂ ਲੈਂਦਾ ਅਤੇ ਚੀਨੀ ਹਮਲਿਆਂ ਦੇ ਵਿਰੁੱਧ ਇੱਕ ਗਲੋਬਲ ਗੱਠਜੋੜ ਨਹੀਂ ਬਣ ਜਾਂਦਾ ਹੈ। ਕੜਕਦੀ ਧੁੱਪ ਵਿੱਚ ਇਹ ਸ਼ਾਤਮਈ ਰੋਸ ਪ੍ਰਦਰਸ਼ਨ ਕਾਫ਼ੀ ਕੁਝ ਪ੍ਰਗਟ ਕਰ ਗਿਆ । ਜਿਸ ਦੀ ਕਿ ਸਾਨੂੰ ਆਸ ਸੀ।ਕਮਿਊਨਿਟੀ ਨੇਤਾਵਾਂ ਨੇ ਸੀ .ਪੀ .ਈ .ਸੀ ਦੇ ਬਹਾਨੇ ਨਾਲ ਗਿਲਗਿਤ-ਬਾਲਟਿਸਤਾਨ ਅਤੇ ਬਲੋਚਿਸਤਾਨ ਵਿਚ ਚੀਨੀ ਬਸਤੀ ਵਾਦੀ ਦੇ ਪਸਾਰ 'ਤੇ ਨਿਰਾਸ਼ਾ ਅਤੇ ਗੁੱਸਾ ਵੀ ਜ਼ਾਹਰ ਕੀਤਾ ਅਤੇ ਕਿਹਾ ਕਿ ਚੀਨ ਕਈ ਦਹਾਕਿਆਂ ਤੋਂ ਦੱਖਣੀ ਚੀਨ ਸਾਗਰ ਵਿਚ ਇਕ ਸ਼ਕਤੀਸ਼ਾਲੀ ਸ਼ਕਤੀ ਬਣਾ ਰਿਹਾ ਹੈ ।ਇਸ ਖੇਤਰ ਦੇ ਛੋਟੇ ਦੇਸ਼ਾਂ ਨਾਲ ਜ਼ਬਰਦਸਤੀ ਅਤੇ ਧੱਕੇਸ਼ਾਹੀ ਵੀ ਕਰ ਰਿਹਾ ਹੈ। ਜਿਸ ਨੂੰ ਹਰਗਿਜ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਬਾਕੀ ਸਫ਼ਾ 31 'ਤੇ

# ਨੌਜਵਾਨਾਂ, ਕਿਸਾਨਾਂ ਅਤੇ ਮਜਦੂਰਾਂ ਲਈ ਹੋਣਗੇ ਪ੍ਰੋਜੈਕਟ ਸ਼ੁਰੂ : ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ



**ਅੰਮ੍ਰਿਤਸਰ/ /ਏ.ਟੀ.ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਲੋਂ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ, ਨੌਜਵਾਨਾਂ ਅਤੇ ਮਜਦੂਰਾਂ ਲਈ ਪ੍ਰੋਜੈਕਟ ਲਿਆਂਦੇ ਜਾ ਰਹੇ ਹਨ ਤਾਂ ਕਿ ਸਾਰੇ ਮਿਲਕੇ ਕੰਮ ਕਰ ਸਕਣ ਅਤੇ ਆਪਣੀ ਆਰਥਿਕਤਾ ਅਤੇ ਸਮਾਜਿਕ ਜੀਵਨ ਨੂੰ ਬੇਹਤਰ ਬਣਾ ਸਕਣ। ਇਹ ਸ਼ਬਦ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਹੇ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਬੈਠਕ ਦਾ ਮਕਸਦ ਇਹ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਲੋਂ ਆਉਣ ਵਾਲੇ ਸਮਾਂ ਵਿੱਚ ਕਿਸਾਨਾਂ, ਨੌਜਵਾਨਾਂ ਅਤੇ ਮਜਦੂਰਾਂ, ਕਿਰਤੀਆਂ ਲਈ ਅਜਿਹੇ ਪ੍ਰੋਜੈਕਟ ਲਿਆਂਦੇ ਜਾ ਰਹੇ ਹਨ, ਜਿਸ ਨਾਲ ਸਾਰੇ ਮਿਲਕੇ ਕੰਮ ਕਰ ਕਰਦੇ ਹੋਏ ਆਪਣੀ ਆਰਥਿਕ ਸਥਿਤੀ ਅਤੇ ਸਮਾਜਿਕ ਜੀਵਨ ਨੂੰ ਹੋਰ ਬੇਹਤਰੀਨ ਬਣਾ ਸਕਣ। ਇਸੇ ਪ੍ਰਾਜੇਕਟ ਨੂੰ ਲੈ ਕੇ ਵਿਦਵਾਨਾਂ ਅਤੇ ਟੀਚਰਾਂ ਵਲੋਂ ਵਿਚਾਰ ਲਏ ਗਏ ਹਨ। ਉਨਾਂ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਅਸੀ ਛੇਤੀ ਇੱਕ ਡਿਜੀਟਲ ਰੰਗ ਮੰਚ ਬਣਾਉਣ ਲਈ ਯਤਨਸ਼ੀਲ ਹਾਂ ਜਿਸਦੇ ਜਰੀਏ ਅਸੀ ਆਪਣੀ ਸਾਰਥਕ ਗੱਲ ਲੋਕਾਂ ਦੇ ਸਾਹਮਣੇ ਰੱਖ ਸਕਾਂਗੇ ਅਤੇ ਸੋਸ਼ਲ ਮੀਡਿਆ ਉੱਤੇ ਸਾਡੇ ਵਿਰੁੱਧ ਹੋਣ ਵਾਲੇ ਗਲਤ ਪ੍ਰਚਾਰ ਜੋ ਸਾਡੇ ਸਿੱਧਾਂਤ ਅਤੇ ਪਰੰਪਰਾਵਾਂ ਦੇ ਖਿਲਾਫ ਹੈ ਨੂੰ ਰੋਕ ਸਕਣ ਵਿੱਚ ਕਾਮਯਾਬ ਹੋਵਾਂਗੇ।

# ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗੁੰਮ ਹੋਣ ਦੇ ਮਾਮਲੇ 'ਚ, ਇੱਕ ਮਹੀਨੇ 'ਚ ਆਵੇਗੀ ਰਿਪੋਰਟ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਰਿਕਾਰਡ 'ਚ ਗੜਬੜੀ ਦੇ ਮਾਮਲੇ 'ਚ ਜਾਂਚ ਸ਼ੁਰੂ ਹੋ ਗਈ ਹੈ। ਇਸ ਜਾਂਚ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਇੱਕ ਮਹੀਨੇ ਦੇ ਅੰਦਰ ਜਾਂਚ ਮੁਕੰਮਲ ਕਰ ਲਈ ਜਾਵੇਗੀ, ਜਿਸ ਤੋਂ ਬਾਅਦ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪੀ ਜਾਵੇਗੀ। ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਇਸ ਬਾਰੇ ਫੈਸਲਾ ਕੀਤਾ ਜਾਵੇਗਾ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸੇਵਾ ਮੁਕਤ ਜੱਜ ਨਵਿਤਾ ਸਿੰਘ ਤੇ ਐਡਵੋਕੇਟ ਈਸ਼ਰ ਸਿੰਘ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਐਡਵੋਕੇਟ ਈਸ਼ਰ ਸਿੰਘ ਨੇ ਆਪਣੀ ਟੀਮ ਸਮੇਤ ਪਹੁੰਚ ਕੇ ਜਾਂਚ ਆਰੰਭ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਾਂਚ ਪੂਰੀ ਹੋਣ ਮਗਰੋਂ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨਾਂ ਸਿਆਸੀ ਆਗੂਆਂ ਨੂੰ ਇਸ ਮੁੱਦੇ 'ਤੇ ਸਿਆਸੀ ਰੋਟੀਆਂ ਸੇਕਣ ਤੋਂ ਗੁਰੇਜ਼ ਕਰਨ ਲਈ ਕਿਹਾ।



# ਅਗਲੇ ਸਾਲ ਦੇ ਸ਼ੁਰੂ ਵਿਚ ਕੋਰੋਨਾ ਵੈਕਸੀਨ ਆਉਣ ਦੀ ਸੰਭਾਵਨਾ

## ਵੈਕਸੀਨ ਦੀ ਪਰਖ ਲਈ 1,38,600 ਅਮਰੀਕੀਆਂ ਨੇ ਨਾਂ ਦਰਜ ਕਰਵਾਏ, ਹੋਰ ਲੋਕਾਂ ਦੀ ਪਵੇਗੀ ਲੋੜ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਹਾਲਾਂਕਿ ਬਹੁਤ ਸਾਰੇ ਦੇਸ਼ ਇਕ ਦੋ ਮਹੀਨਿਆਂ ਵਿਚ ਕੋਰੋਨਾ ਵੈਕਸੀਨ ਤਿਆਰ ਕਰਨ ਦੀਆਂ ਗੱਲਾਂ ਕਰ ਰਹੇ ਹਨ ਪਰ ਇਕ ਵੱਡੀ ਕੰਪਨੀ ਐਸਟਰਾਜੇਨੇਕਾ ਜੋ ਇੰਗਲੈਂਡ ਦੇ ਸਹਿਯੋਗ ਨਾਲ ਵੈਕਸੀਨ ਤਿਆਰ ਕਰ ਰਹੀ ਹੈ ਨੇ ਸਪੱਸ਼ਟ ਕੀਤਾ ਹੈ ਕਿ ਇਹ ਇਕ ਲੰਬੀ ਪ੍ਰਕ੍ਰਿਆ ਹੈ, ਇਸ ਲਈ ਇਸ ਸਾਲ ਵੈਕਸੀਨ ਤਿਆਰ ਹੋਣ ਦੀ ਘੱਟ ਸੰਭਾਵਨਾ ਹੈ। ਦਵਾਈ ਕੰਪਨੀਆਂ ਜੋ ਕੋਰੋਨਾ ਵੈਕਸੀਨ ਬਣਾਉਣ ਲਈ ਅਮਰੀਕੀ ਸਰਕਾਰ ਕੋਲੋਂ ਲੱਖਾਂ ਡਾਲਰ ਲੈ ਰਹੀਆਂ ਹਨ ਜਿਨਾਂ ਵਿਚ ਐਸਟਰਾਜੈਨੇਕਾ ਵੀ ਸ਼ਾਮਿਲ ਹੈ, ਦੀ ਯੋਜਨਾ ਵੈਕਸੀਨ ਦੀ ਇਕ ਕੌਮਾਂਤਰੀ ਕੀਮਤ ਰਖਣ ਦੀ ਹੈ। ਇਨਾਂ ਵਿਚੋਂ ਕੁਝ ਕੰਪਨੀਆਂ ਮੁਨਾਫ਼ਾ ਰਹਿਤ ਵੈਕਸੀਨ ਸਪਲਾਈ ਕਰਨ ਦੀ ਵੀ ਗੱਲ ਕਰ ਰਹੀਆਂ ਹਨ। ਅਮਰੀਕੀ ਸਦਨ ਦੀ ਇਕ ਕਮੇਟੀ ਦਵਾਈ ਨਿਰਮਾਤਾ ਕੰਪਨੀਆਂ ਦੇ ਅਧਿਕਾਰੀਆਂ ਨਾਲ ਵੈਕਸੀਨ ਦੇ ਸਮੇਂ, ਕੀਮਤ ਤੇ ਪਰਖ ਸਬੰਧੀ ਗੱਲਬਾਤ ਕਰ ਰਹੀ ਹੈ। ਇਨਾ ਕੰਪਨੀਆਂ ਵਿਚ ਐਸਟਰਾਜੈਨੇਕਾ, ਜੌਹਨਸਨ ਐਂਡ ਜੌਹਨਸਨ, ਮਰਕ, ਮੋਡਰਨਾ ਤੇ ਪਫੀਜ਼ਰ ਸ਼ਾਮਿਲ ਹਨ। ਅਮਰੀਕੀ ਸਰਕਾਰ ਨੇ ਕੋਰੋਨਵਾਇਰਸ ਦੀ ਵੈਕਸੀਨ ਤਿਆਰ ਕਰਨ ਲਈ ਹੁਣ ਤੱਕ 2.3 ਅਰਬ ਡਾਲਰਾਂ ਦਾ ਨਿਵੇਸ਼ ਕੀਤਾ ਹੈ। ਐਸਟਰਾਜੈਨੇਕਾ ਦੇ ਉਪ ਪ੍ਰਧਾਨ ਮੈਨੇਲਸ ਪੰਗਾਲੋਸ ਨੇ ਕਿਹਾ ਹੈ ਕਿ ਕੰਪਨੀ ਵੈਕਸੀਨ ਦੀਆਂ 2 ਅਰਬ ਖੁਰਾਕਾਂ, ਨਾ ਲਾਭ ਨਾ ਹਾਨੀ ਦੇ ਆਧਾਰ 'ਤੇ ਤਿਆਰ ਕਰੇਗੀ। ਇਸ ਬ੍ਰਿਟਿਸ਼-ਸਵੀਡਿਸ਼ ਕੰਪਨੀ ਨੇ ਅਮਰੀਕਾ ਸਮੇਤ ਹੋਰ ਅਨੇਕਾਂ ਦੇਸ਼ਾਂ ਨਾਲ ਵੈਕਸੀਨ ਸਪਲਾਈ ਕਰਨ ਦੇ ਸਮਝੌਤੇ ਕੀਤੇ ਹਨ। ਕੰਪਨੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਮਝੌਤਿਆਂ ਤਹਿਤ ਸਬੰਧਤ ਦੇਸ਼ਾਂ ਨੂੰ ਬਿਨਾਂ ਕਿਸੇ ਲਾਭ ਦੇ ਵੈਕਸੀਨ ਦਿੱਤੀ ਜਾਵੇਗੀ। ਐਸਟਰਾਜੈਨੇਕਾ ਜੋ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਨਾਲ ਮਿਲਕੇ ਵੈਕਸੀਨ ਤਿਆਰ ਕਰ ਰਹੀ ਹੈ, ਨੇ ਕਿਹਾ ਹੈ ਕਿ ਉਸ ਨੂੰ ਆਸ ਹੈ ਕਿ ਅਗਲੇ ਸਾਲ ਦੇ ਸ਼ੁਰੂ ਵਿਚ ਵੈਕਸੀਨ ਤਿਆਰ ਹੋ ਜਾਵੇਗੀ। ਕੰਪਨੀ ਨੇ ਕਿਹਾ ਹੈ ਕਿ ਵੈਕਸੀਨ ਟੈਸਟ ਕਰਨ ਲਈ ਸਾਨੂੰ ਬਹੁਤ ਸਾਰੇ ਵਿਅਕਤੀਆਂ ਦੀ ਲੋੜ ਪਵੇਗੀ। ਫਿਲਹਾਲ ਲੋਕਾਂ ਦਾ ਵਧੀਆ ਹੁੰਗਾਰਾ ਮਿਲ ਰਿਹਾ ਹੈ ਤੇ 1,36,800 ਵਿਅਕਤੀ ਟੈਸਟਿੰਗ ਲਈ ਆਪਣੇ ਨਾਂ ਦਰਜ ਕਰਵਾ ਚੁੱਕੇ ਹਨ।

# ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਸ਼ਹੀਦਾਂ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਵੇਗਾ

**ਨਿਊਯਾਰਕ/ਰਾਜ ਗੋਗਨਾ :** ਗਿਆਨੀ ਭੁਪਿੰਦਰ ਸਿੰਘ ਹੈਡ ਗ੍ਰੰਥੀ, ਸ. ਦਵਿੰਦਰ ਸਿੰਘ ਬੋਪਾਰਾਏ ਮੁੱਖ ਸੇਵਾਦਾਰ, ਸ. ਕੁਲਦੀਪ ਸਿੰਘ ਵੜੈਚ ਜਨਰਲ ਸਕੱਤਰ, ਭਾਈ ਬਲਾਕਾ ਸਿੰਘ ਜਨਰਲ ਸਕੱਤਰ, ਸ.ਰਜਿੰਦਰ ਸਿੰਘ ਲਾਲੀ ਚੇਅਰਮੈਨ, ਭਾਈ ਮਹਿੰਦਰ ਸਿੰਘ ਉਪਲ ਕੈਸ਼ੀਅਰ ਅਤੇ ਭਾਈ ਬਲਵਿੰਦਰ ਸਿੰਘ ਚੇਅਰਮੈਨ ਪਬਲਿਕ ਰਿਲੇਸ਼ਨ ਜਾਣਕਾਰੀ ਸਾਂਝੀ ਕਰਦੇ ਹੋਏ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਗੁਰਦੁਵਾਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਵੱਲੋਂ ਅਤੇ ਸਮੂਹ ਸਾਧ ਸੰਗਤ ਦੇ ਸਾਂਝੇ ਸਹਿਯੋਗ ਨਾਲ ਮੌਜੂਦਾ ਸੰਘਰਸ਼ ਵਿੱਚ ਕੌਮ ਦੀ ਆਜ਼ਾਦੀ ਅਤੇ ਕੌਮੀ ਘਰ ਦੀ ਪ੍ਰਾਪਤੀ ਲਈ ਮਹਾਂਪੁਰਖ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਵਿੱਢੇ ਸੰਘਰਸ਼ ਵਿੱਚ ਆਪਣੀਆਂ ਜਾਨਾਂ ਦੀਆ ਅਹੂਤੀਆਂ ਦੇ ਕੇ ਆਜ਼ਾਦ ਰਾਜ ਦੀ ਪ੍ਰਾਪਤੀ ਲਈ ਆਪਾ ਵਾਰਨ ਵਾਲੇ ਭਾਈ ਸੁਖਦੇਵ ਸਿੰਘ ਜੀ ਬੱਬਰ, ਭਾਈ ਸੁਖਦੇਵ ਸਿੰਘ ਸੁੱਖਾ ਉਰਫ ਜਨਰਲ ਲਾਭ ਸਿੰਘ ਜੀ, ਭਾਈ ਗੁਰਜੰਟ ਸਿੰਘ ਬੁਧਸਿੰਘ ਵਾਲਾ ਤੇ ਭਾਈ ਸੁਖਵੀਰ ਸਿੰਘ ਜੀ ਥਾਦੇ ਦਾ ਸ਼ਹੀਦੀ ਦਿਹਾੜਾ ਗੁਰਦਵਾਰਾ ਸਿਖ ਕਲਚਰ ਸੁਸਾਈਟੀ ਰਿਚਮੰਡ ਹਿਲ ਵਿਖੇ ਚੜਦੀ ਕਲਾ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸਦੇ ਸੰਬੰਧ ਵਿੱਚ 24 ਜੁਲਾਈ ਦਿਨ ਸ਼ੁਕਰਵਾਰ ਨੂੰ ਸਵੇਰੇ 9:30 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ ਐਤਵਾਰ 26 ਜੁਲਾਈ ਵਾਲੇ ਦਿਨ ਸਵੇਰੇ 9:30 ਵਜੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ ਤੇ ਦੁਪਹਿਰ 1:30 ਵਜੇ ਤੱਕ ਵਿਸ਼ੇਸ਼ ਦੀਵਾਨ ਹੋਣਗੇ। ਇਹਨਾਂ ਕੌਮੀ ਸ਼ਹੀਦਾਂ ਨੂੰ ਕੋਟਾਨ ਕੋਟ ਪ੍ਰਣਾਮ ਕਰਨ ਲਈ ਇਹਨਾਂ ਸਮਾਗਮਾਂ ਵਿਚ ਆਪ ਸਭ ਪਰਿਵਾਰਾਂ ਸਹਿਤ ਪਹੁਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਬੋਲਾ ਅਤੇ ਗਿੱਲ ਪਰਿਵਾਰਾਂ ਨੂੰ ਇਕ ਹੋਰ ਸਦਮਾ

## ਅਮਨਦੀਪ ਸਿੰਘ ਤੋਂ ਬਾਅਦ ਉਨਾਂ ਦੇ ਪਿਤਾ ਦੀ ਵੀ ਮੌਤ

**ਫਰੈਜਨੋ/ਏ.ਟੀ.ਨਿਊਜ਼ :** ਕੈਲੇਫੋਰਨੀਆਂ ਦੇ ਸ਼ਹਿਰ ਸੈਲਮਾ ਵਿਚ ਵਸਦੇ ਸੁਖਜਿੰਦਰ ਸਿੰਘ ਬੋਲਾ ਅਤੇ ਫਰੈਜਨੋ ਵਸਦੀ ਉਨਾਂ ਦੀ ਭੈਣ ਪਰਮਜੀਤ ਕੌਰ ਗਿੱਲ ਜੋ ਕਿ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਘੋਲੀਆਂ ਦੀ ਪਤਨੀ ਹਨ ਨੂੰ ਉਨਾਂ ਦੇ ਪਿਤਾ ਸ: ਜਗਰੂਪ ਸਿੰਘ ਬੋਲਾ ਦੀ ਮੌਤ ਨਾਲ ਭਾਰੀ ਸਦਮਾ ਲੱਗਾ ਹੈ। ਪਰਿਵਾਰ ਲਈ ਇਹ ਘਾਟਾ ਹੋਰ ਵੀ ਦੁਖਦਾਇਕ ਹੈ ਕਿਉਕਿ ਅਜੇ ਕੁਝ ਹਫਤੇ ਪਹਿਲਾਂ ਹੀ ਸ: ਜਗਰੂਪ ਸਿੰਘ ਦੇ ਛੋਟੇ ਪੁਤਰ ਅਮਨਦੀਪ ਸਿੰਘ ਜੋ ਕਿ ਸਿਰਫ 48 ਸਾਲਾ ਦੇ ਸਨ ਦੀ ਵੀ ਅਚਾਨਕ ਮੌਤ ਹੋ ਗਈ ਸੀ। ਸ: ਜਗਰੂਪ ਸਿੰਘ 91 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਾਲਾਂ ਤੋਂ ਬੀਮਾਰ ਚਲ ਰਹੇ ਸਨ ਪਰ ਜਵਾਨ ਪੁਤ ਦੀ ਮੌਤ ਨੇ ਜਗਰੂਪ ਸਿੰਘ ਹੋਰਾ ਤੇ ਕਾਫੀ ਅਸਰ ਪਾਇਆ ਅਤੇ ਉਹ ਇਸ ਦੁਖ ਨੂੰ ਬਹੁਤਾ ਚਿਰ ਸਹਿਣ ਨਹੀਂਕਰ ਸਕੇ। ਸ: ਜਗਰੂਪ ਸਿੰਘ ਨੇ ਇਕ ਲੰਬਾ ਸਮਾਂ ਫੌਜ ਦੀ ਨੌਕਰੀ ਕੀਤੀ ਅਤੇ ਦੇਸ਼ ਅਤੇ ਲੋਕਾਂ ਨੂੰ ਸਰੱਖਿਅਤ ਰੱਖਣ ਲਈ ਆਪਣੀਆਂ ਸੇਵਾਵਾਂ



ਦਿਤੀਆਂ। ਉਹ ਫੌਜ ਵਿਚੋ ਸੂਬੇਦਾਰ ਮੇਜਰ ਰੀਟਾਇਰ ਹੋਏ। ਰੀਟਾਇਰ ਹੋਣ ਤੋਂ ਬਾਅਦ ਉਹ ਆਪਣੇ ਪਿੰਡ ਦਾਤੇਵਾਸ ਤਹਿਸੀਲ ਬੁਢਲਾਡਾ ਵਿਚ ਕਈ ਸਾਲ ਰਹੇ ਅਤੇ ਪਿੰਡ ਵਾਸੀਆਂ ਦੀ ਹਰ ਤਰਾਂ ਨਾਲ ਮਦਦ ਕਰਦੇ ਰਹੇ। ਉਹ ਸੰਨ 1996 ਵਿਚ ਅਮਰੀਕਾ ਵਿਚ ਆ ਗਏ ਅਤੇ ਇਥੇ ਆਪਣੀ ਬੇਟੀ ਪਰਮਜੀਤ ਕੌਰ ਅਤੇ ਜਵਾਈ ਗੁਰਦੀਪ ਸਿੰਘ ਗਿੱਲ ਘੋਲੀਆ ਦੇ ਨਾਲ ਰਹਿੰਦੇ ਸਨ। ਸ੍ਰ ਜਗਰੂਪ ਸਿੰਘ ਦਾ ਵਿਦਿਆ ਵਿਚ ਪੂਰਾ ਯਕੀਨ ਸੀ ਅਤੇ ਉਨਾਂ ਨੇ ਆਪਣੇ ਸਾਰੇ ਬੱਚਿਆ ਨੂੰ ਵਿਦਿਆ ਦੇ ਲੜ ਲਾਇਆ। ਉਨਾਂ ਦੀਆਂ ਬੇਟੀਆਂ ਪਰਮਜੀਤ ਕੌਰ ਅਤੇ ਸਵਰਨਜੀਤ ਕੌਰ ਕਾਲਜ ਵਿਚ ਪ੍ਰੋਫੈਸਰ ਦੀਆਂ ਸੇਵਾਵਾਂ ਨਿਭਾਉਦੀਆਂ ਰਹੀਆਂ ਹਨ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਨੇ ਇਕ ਮਤੇ ਰਾਹੀ ਅਮਨਦੀਪ ਸਿੰਘ ਦੀ ਬੇਵਕਤ ਮੌਤ ਤੋਂ ਬਾਅਦ ਸ: ਜਗਰੂਪ ਸਿੰਘ ਬੋਲਾ ਦੀ ਮੌਤ ਨਾਲ ਪਏ ਘਾਟੇ ਪ੍ਰਤੀ ਹਮਦਰਦੀ ਜਾਹਰ ਕੀਤੀ ਹੈ ਅਤੇ ਬੋਲਾ ਪਰਿਵਾਰ, ਗਿੱਲ ਪਰਿਵਾਰ ਅਤੇ ਹੋਰ ਦੋਸਤਾਂ ਅਤੇ ਰਿਸ਼ਤੇਦਾਰਾ ਨਾਲ ਅਫਸੋਸ ਦਾ ਇਜਹਾਰ ਕੀਤਾ।

# ਐਸਵਾਈਐਲ ਦਾ ਫੈਂਸਲਾ ਆਉਣ ਦੀ ਤਿਆਰੀ; ਪੰਜਾਬ ਵਿਚ ਸਰਗਰਮ ਹੋਈਆਂ ਕੇਂਦਰੀ ਖੁਫੀਆ ਅਜੇਂਸੀਆਂ

**ਸੁਖਵਿੰਦਰ ਸਿੰਘ/ /ਏ.ਟੀ.ਨਿਊਜ਼ :** ਆਪਣੀ ਹੋਂਦ ਦੀ ਲੜਾਈ ਲੜ ਰਹੇ ਪੰਜਾਬ ਸਾਹਮਣੇ ਇਕ ਹੋਰ ਨਵੀਂ ਮੁਹਿੰਮ ਮੂੰਹ ਅੱਡੀ ਖੜੀ ਹੈ ਅਤੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਪੰਜਾਬੀਆਂ ਨੂੰ ਦਬਾਉਣ ਲਈ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕੁੱਝ ਦਿਨਾਂ ਵਿਚ ਹੀ ਭਾਰਤ ਦੀ ਸੁਪਰੀਮ ਕੋਰਟ ਸਤਲੁੱਜ ਯਮੁਨਾ ਲਿੰਕ ਨਹਿਰ ਦੇ ਮਸਲੇ 'ਤੇ ਫੈਂਸਲਾ ਸੁਣਾਉਣ ਜਾ ਰਹੀ ਹੈ। ਇਸ ਫੈਂਸਲੇ ਨੂੰ ਦੇਖਦਿਆਂ ਭਾਰਤ ਦੀ ਕੇਂਦਰ ਸਰਕਾਰ ਨੇ ਪੰਜਾਬ ਵਿਚਲੇ ਆਪਣੇ ਖੂਫੀਆ ਤੰਤਰ ਨੂੰ ਸੁਚੇਤ ਕਰ ਦਿੱਤਾ ਹੈ ਅਤੇ ਫੈਂਸਲਾ ਪੰਜਾਬ ਦੇ ਵਿਰੁੱਧ ਆਉਣ ਦੇ ਚਲਦਿਆਂ ਬਣਨ ਵਾਲੇ ਹਾਲਾਤਾਂ ਬਾਰੇ ਰਿਪੋਰਟਾਂ ਮੰਗ ਲਈਆਂ ਗਈਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਇਸ ਸਮੇਂ ਇਕ ਵੱਡੇ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਦਾ ਮੁੱਖ ਕਾਰਨ ਭਾਰਤ ਲਈ ਜ਼ਰੂਰੀ ਫਸਲ ਝੋਨੇ ਦੀ ਪੰਜਾਬ ਸਿਰ ਮੜੀ ਗਈ ਉਪਜ ਹੈ। ਝੋਨੇ ਦੀ ਫਸਲ ਕਾਰਨ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦੀ ਹੱਦੋਂ ਵੱਧ ਖਪਤ ਹੋਈ ਹੈ ਅਤੇ ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕਾਂ ਵਿਚ ਜ਼ਮੀਨ ਹੇਠਲਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਹੇਠ ਜਾ ਚੁੱਕਾ ਹੈ।

ਦਰਿਆਈ ਪਾਣੀਆਂ ਦੀ ਵੰਡ ਬਾਰੇ ਕੌਮਾਂਤਰੀ ਮਾਨਤਾ ਪ੍ਰਾਪਤ ਰਾਇਪੇਰੀਅਨ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਪੰਜਾਬ ਦੇ ਦਰਿਆਈ ਪਾਣੀ ਨੂੰ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬੀ ਆਪਣੀਆਂ ਫਸਲਾਂ ਲਈ ਜ਼ਮੀਨ ਹੇਠਲਾ ਪਾਣੀ ਵਰਤਣ ਵਾਸਤੇ ਮਜ਼ਬੂਰ ਹਨ। ਪੰਜਾਬ ਦੇ ਦਰਿਆਵਾਂ ਵਿਚੋਂ ਹੋਰ ਪਾਣੀ ਹਰਿਆਣਾ ਨੂੰ ਦੇਣ ਵਾਸਤੇ ਐਸਵਾਈਐਲ ਨਹਿਰ ਦਾ ਨਿਰਮਾਣ ਕੀਤਾ ਜਾ ਰਿਹਾ ਸੀ ਜਿਸਨੂੰ ਸਿੱਖ ਖਾੜਕੂਆਂ ਨੇ ਰੁਕਵਾ ਦਿੱਤਾ ਸੀ। ਉਸ ਸਮੇਂ ਤੋਂ ਇਹ ਮਸਲਾ ਇਸੇ ਤਰਾਂ ਲਮਕ ਰਿਹਾ ਹੈ।

ਮਾਰਚ ਮਹੀਨੇ ਭਾਰਤ ਦੇ ਜਲ ਸ਼ਕਤੀ ਮਹਿਕਮੇ ਦੇ ਮੰਤਰੀ ਗਜੇਂਦਰ ਸ਼ੇਖਾਵਤ ਨੇ ਰਾਜ ਸਭਾ ਵਿਚ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਸੁਪਰੀਮ ਕੋਰਟ ਵੱਲੋਂ ਦਿੱਤੇ ਹੁਕਮਾਂ ਮੁਤਾਬਕ ਕੇਂਦਰ ਸਰਕਾਰ ਨੇ ਐਸਵਾਈਐਲ ਮਾਮਲੇ ਬਾਰੇ ਪੰਜਾਬ ਅਤੇ ਹਰਿਆਣਾ ਦਾ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਸਮਝੌਤਾ ਨਹੀਂ ਹੋ ਸਕਿਆ।

ਦੱਸ ਦਈਏ ਕਿ ਇਹ ਮਾਮਲਾ ਭਾਰਤ ਦੀ ਸੁਪਰੀਮ ਕੋਰਟ ਵਿਚ ਹੈ ਅਤੇ ਸੁਪਰੀਮ ਕੋਰਟ ਨੇ ਸਤੰਬਰ 2019 ਵਿਚ ਪੰਜਾਬ ਅਤੇ ਹਰਿਆਣਾ ਨੂੰ ਕੇਂਦਰ ਸਰਕਾਰ ਦੀ ਵਿਚੋਲਗੀ ਨਾਲ 4 ਮਹੀਨਿਆਂ ਵਿਚ ਇਸ ਬਾਰੇ ਆਪਸੀ ਸਹਿਮਤੀ ਨਾਲ ਫੈਂਸਲਾ ਕਰਨ ਲਈ ਕਿਹਾ ਸੀ।

ਪਿਛਲੇ ਮਹੀਨੇ ਇਕ ਜਨਤਕ ਸਮਾਗਮ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਸੀ ਕਿ ਇਹ ਫੈਂਸਲਾ ਹੋ ਚੁੱਕਿਆ ਹੈ ਕਿ ਹਰਿਆਣਾ ਨੂੰ ਐਸਵਾਈਐਲ ਦਾ ਪਾਣੀ ਮਿਲੇਗਾ। ਇਸ ਲਈ ਸਿਰਫ ਹੁਕਮ ਹੋਣੇ ਬਾਕੀ ਹਨ। ਖੱਟਰ ਨੇ ਕਿਹਾ ਸੀ ਕਿ ਅਦਾਲਤ ਇਸ ਬਾਰੇ ਅਗਲੀ ਸੁਣਵਾਈ ਵਿਚ ਫੈਂਸਲਾ ਸੁਣਾ ਦਵੇਗੀ। ਕੁਝ ਦਿਨ ਪਹਿਲਾਂ ਮਨੋਹਰ ਲਾਲ ਖੱਟਰ ਨੇ ਭਾਰਤ ਦੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਕੋਲ ਇਹ ਮੁੱਦਾ ਚੁੱਕਦਿਆਂ ਕਿਹਾ ਸੀ ਕਿ ਉਹ ਕੇਂਦਰ ਸਰਕਾਰ ਕੋਲ ਮਸਲਾ ਚੁੱਕਣ ਅਤੇ ਐਸਵਾਈਐਲ ਦਾ ਜਲਦ ਹੱਲ ਕਰਾਉਣ।

# ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਚ ਬਣਨਗੇ ਸੋਲਰ ਪਾਰਕ: ਮਨੀਸ਼ ਤਿਵਾੜੀ

**ਨਿਊਯਾਰਕ/ਰੋਪੜ/ਰਾਜ ਗੋਗਨਾ:** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਚ ਤਿੰਨ ਸੋਲਰ ਪਾਰਕਾਂ ਨੂੰ ਸਥਾਪਤ ਕੀਤਾ ਜਾਵੇਗਾ। ਜਿਸ ਸਬੰਧ ਵਿੱਚ ਸਰਕਾਰ ਨੇ ਡਿਪਟੀ ਕਮਿਸ਼ਨਰ ਮੋਹਾਲੀ ਤੇ ਰੋਪੜ ਨੂੰ ਜ਼ਮੀਨ ਦੀ ਪਛਾਣ ਕਰਨ ਲਈ ਕਿਹਾ ਹੈ। ਇਸ ਬਾਰੇ ਖੁਲਾਸਾ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਲੋਕ ਸਭਾ ਮਨੀਸ਼ ਤਿਵਾੜੀ ਨੇ ਕਿਹਾ ਕਿ ਉਨਾਂ ਹਲਕੇ ਚ ਸੋਲਰ ਪਾਰਕਾਂ ਨੂੰ ਸਥਾਪਤ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਮੁੱਦਾ ਚੁੱਕਿਆ ਸੀ, ਜਿਸ ਤੇ ਮੁੱਖ ਮੰਤਰੀ ਨੇ ਤੁਰੰਤ ਪ੍ਰਕਿਰਿਆ ਸ਼ੁਰੂ ਕਰਨ ਦੇ ਆਦੇਸ਼ ਦੇ ਦਿੱਤੇ।ਉਨਾਂ ਖੁਲਾਸਾ ਕੀਤਾ ਕਿ ਇਸ ਬਾਰੇ ਉਨਾਂ ਸੂਬਾ ਸਰਕਾਰ ਤੋਂ ਸੰਦੇਸ਼ ਮਿਲ ਚੁੱਕਾ ਹੈ ਕਿ ਜ਼ਮੀਨ ਦੀ ਪਛਾਣ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਪੰਜਾਬ ਐਨਰਜੀ ਡਿਵਲਪਮੇਂਟ ਏਜੰਸੀ (ਪੇਡਾ) ਮਾਮਲੇ ਨੂੰ ਭਾਰਤ ਸਰਕਾਰ ਦੇ ਨਿਊ ਅਤੇ ਰੀਨਿਊਏਬਲ ਐਨਰਜੀ ਮੰਤਰਾਲੇ ਕੋਲ ਚੁੱਕੇਗੀ। ਤਿਵਾੜੀ ਨੇ ਕਿਹਾ ਕਿ 200 ਮੈਗਾਵਾਟ ਦੀਆਂ ਤਿੰਨ ਸੋਲਰ ਪਾਰਕਾਂ ਦੇ ਨਿਰਮਾਣ ਵਾਸਤੇ, ਪ੍ਰਤੀ 200 ਮੈਗਾਵਾਟ 1000 ਏਕੜ ਉਚਿਤ ਜ਼ਮੀਨ ਚਾਹੀਦੀ ਹੈ, ਜਦਕਿ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ ਕਰੀਬ 500 ਏਕੜ ਜ਼ਮੀਨ ਤੇ 100 ਮੈਗਾਵਾਟ ਸੋਲਰ ਪਾਰਕ ਇਕ ਹੀ ਜਗਾ ਤੇ ਲੱਗ ਸਕਦਾ ਹੈ।ਜਿਸ ਲਈ ਸੂਬਾ ਸਰਕਾਰ ਨੇ ਜ਼ਿਲਾ ਪ੍ਰਸ਼ਾਸਨ ਮੁਹਾਲੀ ਅਤੇ ਰੂਪਨਗਰ ਨੂੰ ਜ਼ਮੀਨ ਦੀ ਜਲਦ ਤੋਂ ਜਲਦ ਪਛਾਣ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ। ਉਨਾਂ ਕਿਹਾ ਕਿ ਇਹ ਪ੍ਰੋਜੈਕਟ ਪੂਰਾ ਹੋ ਜਾਣ ਤੇ ਇਲਾਕੇ ਲਈ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ, ਜਿਹੜਾ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਨਿੱਜੀ ਨਿਵੇਸ਼ ਨੂੰ ਖਿੱਚਣ ਦੇ ਕਾਬਲੀਅਤ ਰੱਖਦਾ ਹੈ, ਕਿਉਂਕਿ ਰੀਨਿਊਏਬਲ ਭਵਿੱਖ ਦੀ ਐਨਰਜੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਮੈਂ ਖੁਦ ਆਪਣੇ ਚਾਚੇ ਡੋਨਾਲਡ ਟਰੰਪ ਦੇ ਮੂੰਹੋਂ ਨਸਲੀ ਭਾਸ਼ਾ ਸੁਣਦੀ ਰਹੀ ਹਾਂ: ਮੈਰੀ ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** "ਮੈਂ ਖੁਦ ਆਪਣੇ ਚਾਚੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੂੰਹੋਂ ਨਸਲੀ ਭਾਸ਼ਾ ਸੁਣਦੀ ਰਹੀ ਹਾਂ। ਉਸ ਵੱਲੋਂ ਨਸਲੀ ਭਾਸ਼ਾ ਵਰਤਣਾ ਆਮ ਗੱਲ ਸੀ। ਇਹ ਪ੍ਰਗਟਾਵਾ ਰਾਸ਼ਟਰਪਤੀ ਦੀ ਭਤੀਜੀ ਮੈਰੀ ਟਰੰਪ ਨੇ ਐਮ ਐਸ ਐਨ ਬੀ ਸੀ 'ਤੇ ਮੇਜਬਾਨ ਰਚੇਲ ਮੈਡੋ ਨਾਲ ਗੱਲਬਾਤ ਕਰਦਿਆਂ ਕੀਤਾ। ਮੈਰੀ ਟਰੰਪ ਅੱਜ ਕਲ ਆਪਣੀ ਪੁਸਤਕ "ਟੂ ਮਚ ਐਂਡ ਨੈਵਰ ਇਨਫ਼—ਹੌਅ ਮਾਈ ਫੈਮਿਲੀ ਕਰੀਏਟਿਡ ਦ ਵਰਲਡ'ਜ ਮੋਸਟ ਡੇਂਜਰਸਮੈਨ" ਦੀ ਮਾਰਕੀਟਿੰਗ ਲਈ ਅਮਰੀਕਾ ਦੇ ਦੌਰੇ 'ਤੇ ਹਨ। ਪੁਸਤਕ ਦੀਆਂ ਹੁਣ ਤੱਕ 10 ਲੱਖ ਕਾਪੀਆਂ ਵਿਕ ਚੁੱਕੀਆਂ ਹਨ। ਇਹ ਪੁਸ਼ਟੀ ਮੈਰੀ ਨੇ ਗੱਲਬਾਤ ਦੌਰਾਨ ਕੀਤੀ। 'ਰਚੇਲ ਮੈਡੋ ਸ਼ੋਅ' ਪ੍ਰੋਗਰਾਮ ਦੌਰਾਨ ਜਦੋਂ ਮੇਜਬਾਨ ਨੇ ਪੁੱਛਿਆ ਕਿ ਕੀ ਉਸ ਨੇ ਖੁਦ ਟਰੰਪ ਦੇ ਮੂੰਹੋ ਨਸਲਵਾਦੀ ਸ਼ਬਦ ਜਾਂ ਯਹੂਦੀਆਂ ਵਿਰੋਧੀ ਸ਼ਬਦਾਵਲੀ ਜਾਂ ਹੋਰ ਕਿਸੇ ਤਰਾਂ ਦੇ ਨਸਲੀ ਜਜ਼ਬਾਤ ਸੁਣੇ ਹਨ ਤਾਂ ਮੈਰੀ ਟਰੰਪ ਨੇ ਕਿਹਾ ਹਾਂ ਬਿਲਕੁੱਲ। ਉਸ ਨੇ ਕਿਹਾ ਕਿ ਮੈ ਨਹੀਂ ਸੋਚਦੀ ਕਿ ਕੋਈ ਇਹ ਸੋਚ ਕੇ ਹੈਰਾਨ ਹੋਵੇਗਾ ਕਿ ਉਹ ਅੱਜ ਕਲ ਕਿੰਨਾ ਨਸਲਪ੍ਰਸਤ ਹੈ। ਮੈਡੋ ਨੇ ਜੋਰ ਦੇ ਕੇ ਕਿਹਾ "ਵਿਸ਼ੇਸ਼ ਤੌਰ 'ਤੇ ਯਹੂਦੀਆਂ ਵਿਰੋਧੀ"? ਹਾਂ ਮੈਰੀ ਨੇ ਪੁਸ਼ਟੀ ਕੀਤੀ। ਮੈਰੀ ਨੇ ਕਿਹਾ ਕਿ " ਉਨਾਂ ਦੇ ਸ਼ਰੀਕੇ ਵਿਚ ਇਸ ਤਰਾਂ ਦੀ ਭਾਸ਼ਾ ਵਰਤਣਾ ਆਮ ਗੱਲ ਸੀ। ਟਰੰਪਾਂ ਦੀ ਪਿਛਲੀ ਪੀੜੀ ਨਸਲਵਾਦੀ ਸੀ। ਅਜਿਹੇ ਵਾਤਾਵਰਣ ਵਿਚ ਨਸਲਵਾਦੀ ਭਾਸ਼ਾ ਦੀ ਵਰਤੋਂ ਲਈ ਮਾਹੌਲ ਸਾਜਗਾਰ ਸੀ। ਇਥੇ ਮੈ ਉਨਾਂ ਦੇ ਨਸਲ ਜਾਂ ਯਹੂਦੀਆਂ ਬਾਰੇ ਵਿਚਾਰ ਸਾਂਝੇ ਨਹੀਂ ਕਰ




ਰਹੀ। ਪਰੰਤੂ ਤਸੀਂ ਜਾਣਦੇ ਹੋ ਜਦੋਂ ਤੁਸੀਂ ਇਕ ਸਹੀ ਆਮ ਵਾਤਾਵਰਣ ਵਿਚ ਵੱਡੇ ਹੁੰਦੇ ਹੋ ਤਾਂ ਅਜਿਹੀ ਭਾਸ਼ਾ ਵਰਤਣ ਤੋਂ ਪਹਿਲਾਂ ਦੋ ਵਾਰ ਸੋਚਦੇ ਹੋ। ਮੈਰੀ ਨੇ ਆਪਣੇ ਚਾਚਾ ਟਰੰਪ ਨੂੰ ਇਕ ਸ਼ਬਦ ਵਿਚ ਸਲਾਹ ਦਿੱਤੀ ਹੈ। ਉਹ ਸ਼ਬਦ ਹੈ - ਅਸਤੀਫ਼ਾ। ਮੈਰੀ ਨੇ ਕਿਹਾ ਕਿ 2016 ਦੀਆਂ ਚੋਣਾਂ ਦੌਰਾਨ ਉਸ ਨੇ ਬੋਲਣ ਤੋਂ ਗੁਰੇਜ ਕੀਤਾ ਕਿਉਂਕਿ ਉਸ ਨੂੰ ਡਰ ਸੀ ਕਿ ਲੋਕ ਉਸ ਨੂੰ ਪਰਿਵਾਰ ਦਾ ਖਫ਼ਾ ਮੈਂਬਰ ਸਮਝਕੇ ਨਕਾਰ ਦੇਣਗੇ ਤੇ ਓਦੋਂ ਉਹ ਸੋਚਦੀ ਸੀ ਕਿ ਰਾਸ਼ਟਰਪਤੀ ਬਣਨ ਉਪਰੰਤ ਟਰੰਪ ਦੇ ਆਲੇ ਦੁਆਲੇ ਬਹੁਤ ਸਾਰੇ ਕਾਬਲ ਵਿਅਕਤੀ ਹੋਣਗੇ ਜੋ ਸਰਕਾਰ ਨੂੰ ਚਲਾਉਣਾ ਜਾਣਦੇ ਹਨ। ਉਹ ਲੋਕ ਸਾਨੂੰ ਉਸ ਦੇ ਬੁਰੇ ਪ੍ਰਭਾਵ ਤੋਂ ਬਚਾਅ ਲੈਣਗੇ ਪਰ ਸਪਸ਼ਟ ਤੌਰ 'ਤੇ ਮੇਰਾ ਅਜਿਹਾ ਸੋਚਣਾ ਗਲਤ ਸੀ।" ਮੈਰੀ ਨੇ ਕਿਹਾ ਕਿ ਸਰਹੱਦਾਂ ਉਪਰ ਤਨਾਅ, ਬੱਚਿਆਂ ਨੂੰ ਉਨਾਂ ਦੇ ਮਾਪਿਆਂ ਤੋਂ ਵੱਖ ਕਰਨਾ, ਤਸ਼ੱਦਦ, ਅਗਵਾ ਤੇ ਉਨਾਂ ਨੂੰ ਪਿੰਜਰਿਆਂ ਵਿਚ ਕੈਦ ਕਰਨਾ ਅਜਿਹੇ ਪਹਿਲੂ ਹਨ ਜਿਨਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਤੇ ਇਸ ਨੂੰ ਸਹਾਰਿਆ ਵੀ ਨਹੀਂ ਜਾ ਸਕਦਾ। ਇਸ ਸਭ ਕੁਝ ਨੇ ਮੈਨੂੰ ਪੁਸਤਕ ਲਿਖਣ ਲਈ ਮਜਬੂਰ ਕੀਤਾ। ਐਮ ਐਸ ਐਨ ਬੀ ਸੀ ਨੇ ਜਦੋਂ ਪ੍ਰਤੀਕਰਮ ਲਈ ਵਾਈਟ ਹਾਊਸ ਨਾਲ ਸੰਪਰਕ ਕੀਤਾ ਤਾਂ ਅਧਿਕਾਰੀਆਂ ਨੇ ਕਿਹਾ ਇਹ ਝੂਠੀ ਸਧਾਰਨ ਪੁਸਤਕ ਹੈ, ਰਾਸ਼ਟਰਪਤੀ ਨੇ ਕਦੀ ਅਜਿਹੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ।

### ਰਾਸ਼ਟਰਪਤੀ ਸਕੂਲਾਂ ਨੂੰ ਪੂਰੀ ਤਰਾਂ ਖੋਲਣ ਦੇ ਹੱਕ 'ਚ: ਪ੍ਰੈਸ ਸਕੱਤਰ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕੇਲੀਘ ਮਕਏਨਾਨੀ ਨੇ ਕਿਹਾ ਹੈ ਕਿ ਸਕੂਲਾਂ ਦਾ ਮੁੜ ਖੋਲਣਾ ਕੋਰੋਨਾਵਾਇਰਸ ਨਾਲ ਸਬੰਧਤ ਸਾਇੰਸ ਉਪਰ ਨਿਰਭਰ ਨਹੀਂ ਹੋਣਾ ਚਾਹੀਦਾ। ਉਨਾਂ ਸਪਸ਼ਟ ਕੀਤਾ ਕਿ ਸਕੂਲ ਮੁੜ ਖੋਲਣ ਦੇ ਰਾਹ ਵਿਚ ਸਾਇੰਸ ਅੜਿਕਾ ਨਹੀਂ ਬਣਨੀ ਚਾਹੀਦੀ। ਸਕੂਲਾਂ ਨੂੰ ਮੁੜ ਖੋਲੇ ਜਾਣਾ ਬਿਲਕੁਲ ਸੁਰੱਖਿਅਤ ਹੈ। ਉਨਾਂ ਕਿਹਾ ਕਿ ਰਾਸ਼ਟਰਪਤੀ ਬਿਨਾਂ ਕੋਈ ਗਲਤੀ ਕੀਤੇ ਕਹਿ ਚੁੱਕੇ ਹਨ ਕਿ ਉਹ ਸਕੂਲਾਂ ਨੂੰ ਮੁੜ ਖੋਲਣਾ ਚਹੁੰਦੇ ਹਨ। ਜਦੋਂ ਉਹ ਖੋਲਣ ਦੀ ਗੱਲ ਕਰਦੇ ਹਨ ਤਾਂ ਇਸ ਦਾ ਅਰਥ ਹੈ ਕਿ ਸਕੂਲਾਂ ਨੂੰ ਮੁਕੰਮਲ ਰੂਪ ਵਿਚ ਖੋਲਣਾ।

# ਭਾਰਤੀ ਮੂਲ ਦੀ ਸੀ.ਬੀ.ਐਸ ਦੀ ਰਿਪੋਰਟਰ ਦੀ ਸੜਕ ਹਾਦਸੇ 'ਚ ਮੌਤ



**ਨਿਊਯਾਰਕ/ਰਾਜ ਗੋਗਨਾ:** ਬੀਤੇ ਦਿਨ ਨਿਊਯਾਰਕ ਦੇ ਇੱਕ ਸਥਾਨਕ ਟੈਲੀਵੀਯਨ ਦੀ ਭਾਰਤੀ ਮੂਲ ਦੀ ਪੱਤਰਕਾਰ ਨੀਨਾ ਕਪੂਰ ਦੀ ਬੀਤੇ ਦਿਨ ਸੜਕ ਹਾਦਸੇ 'ਚ ਮੌਤ ਹੋ ਗਈ। ਪੁਲਿਸ ਸੂਚਨਾ ਅਨੁਸਾਰ ਰੇਵੇਲ ਮੋਪਡ ਨਾਂ ਦਾ ਸਕੂਟਰ ਜੋ ਉਸ ਨੇ ਕਿਰਾਏ ਤੇ ਲਿਆ ਸੀ ਜਿਸ ਨੂੰ ਇਕ 26 ਸਾਲਾ ਨੌਜਵਾਨ ਚਲਾ ਰਿਹਾ ਸੀ ਅਤੇ ਨੀਨਾ ਕਪੂਰ ਉਸ ਦੇ ਪਿੱਛੇ ਬੈਠੀ ਸੀ। ਨਿਊਯਾਰਕ ਚ' ਇਹ ਇਕ ਮੋਪਡ-ਸ਼ੇਅਰਿੰਗ ਕੰਪਨੀ ਹੈ ਜਿਸਦਾ ਵੇਸਪਾ ਸ਼ੈਲੀ ਵਾਲੇ ਵਾਹਨ ਨਿਊਯਾਰਕ ਦੇ ਬਰੁਕਲਿਨ ਅਤੇ ਕੁਈਨਜ਼ ਦੀਆਂ ਸੜਕਾਂ ਤੇ ਕਿਰਾਏ ਤੇ ਮਿਲਦੇ ਹਨ। ਇਹ ਹਾਦਸਾ ਫ੍ਰੈਂਕਲਿਨ ਅਤੇ ਇੰਡੀਆ ਸਟ੍ਰੀਟ ਦੇ ਚੌਰਾਹੇ ਨੇੜੇ ਹੋਇਆ ਅਤੇ ਬਰੁਕਲਿਨ ਦੇ ਗ੍ਰੀਨ ਪੁਆਇੰਟ ਸੈਕਸ਼ਨ ਵਿੱਚ ਇਹ ਇੱਕ ਜਿਆਦਾਤਰ ਸੰਘਣੀ ਰਿਹਾਇਸ਼ੀ ਵਾਲਾ ਖੇਤਰ ਹੈ ਜੋ ਬੀਅਰ ਬਾਰਾਂ ਅਤੇ ਰੈਸਟੋਰੈਂਟਾਂ ਨਾਲ ਭਰਿਆ ਹੁੰਦਾ ਹੈ। ਪੁਲਿਸ ਬੁਲਾਰੇ ਜਾਸੂਸ ਡੇਨੀਜ਼ ਮੋਰਨੀ ਨੇ ਕਿਹਾ ਕਿ ਇਹ ਲੋਕ ਮੋਪੇਡ ਤੇ ਫਰੈਂਕਲਿਨ ਸਟ੍ਰੀਟ ਦੇ ਉੱਤਰ ਵੱਲ ਨੂੰ ਜਾ ਰਹੇ ਸੀ ਸਿੱਟੇ ਵਜੋਂ ਦੋਨੋ ਰੋਡ 'ਤੇ ਜਾ ਡਿੱਗੇ; ਜਾਸੂਸ ਮੋਰਨੀ ਨੇ ਅੱਗੇ ਕਿਹਾ ਕਿ ਪੁਲਿਸ ਅਧਿਕਾਰੀ ਅਜੇ ਵੀ ਇਸ ਹਾਦਸੇ ਦੀ ਪੂਰੀ ਜਾਂਚ ਕਰ ਰਹੇ ਹਨ।ਪੁਲਿਸ ਨੇ ਦੱਸਿਆ ਕਿ ਨੀਨਾ ਕਪੂਰ ਨੂੰ ਨਿਊਯਾਰਕ ਦੇ ਬੇਲੇਵ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਡਰਾਈਵਰ, ਜੋ ਇਸ ਨੂੰ ਚਲਾ ਰਿਹਾ ਸੀ ਉਸ ਦਾ ਨਾਮ ਪੁਲਿਸ ਵੱਲੋਂ ਜਾਰੀ ਨਹੀਂ ਕੀਤਾ ਗਿਆ ਜਿਸ ਨੂੰ ਵੀ ਇਸ ਹਾਦਸੇ 'ਚ ਮਾਮੂਲੀ ਸੱਟਾਂ ਲੱਗੀਆਂ। ਪਰ ਇਹ ਤੁਰੰਤ ਸਪਸ਼ਟ ਨਹੀਂ ਹੋਇਆ ਕਿ ਉਨਾਂ ਨੇ ਹੈਲਮੇਟ ਪਹਿਨੇ ਹੋਏ ਸਨ ਜਾ ਨਹੀਂ।

## ਅਮਰੀਕਾ ਵਿਚ ਇਸ ਹ.ਫਤੇ ਤੀਸਰੇ ਵਿਅਕਤੀ ਨੂੰ ਦਿੱਤੀ ਫਾਂਸੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਡੇਸ ਮੋਇਨਸ (ਲੋਵਾ) ਛੋਟੇ ਜਿਹੇ ਕਸਬੇ ਦੇ ਵਸਨੀਕ ਡਸਟਿਨ ਹੋਨਕੇਨ ਨੂੰ 5 ਹੱਤਿਆਵਾਂ ਦੇ ਦੋਸ਼ ਵਿਚ ਟੇਰੇ ਹਾਊਟੇ, ਇੰਡੀਆਨਾ ਦੇ ਫੈਡਰਲ ਕੋਰੈਕਸ਼ਨਲ ਕੰਪਲੈਕਸ ਵਿਚ ਫਾਂਸੀ ਦੇ ਦਿੱਤੀ ਗਈ। ਉਸ ਦੇ ਆਖਰੀ ਸ਼ਬਦ ਸਨ "ਹੇਲ ਮੈਰੀ, ਮਦਰ ਆਫ ਗੌਡ ਪਰੇਅ ਫਾਰ ਮੀ।" 1990 ਵਿਆਂ ਦੇ ਸ਼ੁਰੂ ਵਿਚ ਹੋਨਕੇਨ ਕਾਲਜ ਦੀ ਪੜਾਈ ਛੱਡਕੇ ਅਪਰਾਧ ਦੀ ਦੁਨੀਆਂ ਵਿਚ ਸ਼ਾਮਿਲ ਹੋ ਗਿਆ ਸੀ। ਡਰੱਗ ਜਾਂਚ ਦੇ ਇਕ ਮਾਮਲੇ ਤੋਂ ਬਚਣ ਲਈ ਉਸ ਨੇ 2 ਸਰਕਾਰੀ ਸੂਹੀਆਂ ਤੇ 2 ਬੱਚਿਆਂ ਸਮੇਤ 5 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਉਹ ਤੀਸਰਾ ਵਿਅਕਤੀ ਹੈ ਜਿਸ ਨੂੰ ਇਸ ਹਫ਼ਤੇ ਫਾਂਸੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਡੈਨੀਅਲ ਲੈਵਿਸ ਲੀ ਨੂੰ ਇਕ 8 ਸਾਲ ਦੀ ਬੱਚੀ ਸਮੇਤ 3 ਹੱਤਿਆਵਾਂ ਕਰਨ ਤੇ ਵੈਸਲੇ ਈਰਾ ਪਰਕੇ ਨੂੰ ਬਲਾਤਕਾਰ ਤੇ ਹੱਤਿਆ ਦੇ ਦੋਸ਼ ਵਿਚ ਫਾਂਸੀ ਦਿੱਤੀ ਗਈ ਸੀ।




# ਨਿਊਜਰਸੀ 'ਚ ਸੰਘੀ ਜੱਜ ਦੇ 20 ਸਾਲਾ ਪੁੱਤਰ ਦੀ ਗੋਲੀਆਂ ਮਾਰ ਕੇ ਹੱਤਿਆ, ਪਤੀ ਗੰਭੀਰ ਜ਼ਖਮੀ

**ਨਿਊਜਰਸੀ, (ਰਾਜ ਗੋਗਨਾ:** ਬੀਤੇਂ ਦਿਨ ਨਿਊਜਰਸੀ ਵਿੱਚ ਇੱਕ ਸੰਘੀ ਜੱਜ ਦੇ 20 ਸਾਲਾ ਪੁੱਤਰ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ ਅਤੇ ਉਸ ਦੇ ਪਤੀ ਨੂੰ ਨਿਊਬਰੌਸਵਿੱਕ ਟਾਊਨ 'ਚ ਸਥਿੱਤ ਘਰ ਵਿੱਚ ਦਾਖਲ ਹੋ ਕੇ ਗੋਲੀ ਮਾਰ ਕੇ ਗੰਭੀਰ ਰੂਪ 'ਚ ਜ਼ਖਮੀ ਕਰ ਦਿੱਤਾ ਗਿਆ ਹੈ। ਜਦਕਿ ਲਾਤੀਨੀ ਮੂਲ ਨਾਲ ਸੰਬੰਧ ਰੱਖਣ ਵਾਲੀ ਨਿਊਜਰਸੀ ਸੂਬੇ ਦੇ ਸਿਟੀ ਨਿਊਆਰਕ (Newark) ਯੂ.ਐਸ ਡ੍ਰਿਸਟਿਕ ਕੋਰਟ ਨਿਊਆਰਕ 'ਚ ਜੱਜ ਅਸਤਰ ਸਲਾਸ, ਨੂੰ ਕੋਈ ਵੀ ਸੱਟ ਨਹੀਂ ਲੱਗੀ। ਉਹ ਘਟਨਾ ਵਾਪਰਣ ਤੋਂ ਪਹਿਲੇ ਹੀ ਆਪਣੇ ਘਰ ਦੇ ਬੇਸਮੈਂਟ ਵਿੱਚ ਸੀ ਅਤੇ ਉਸ ਦਾ ਬਚਾਅ ਹੋ ਗਿਆ। ਉਸ ਦਾ 20 ਸਾਲਾ ਬੇਟਾ ਆਪਣੇ ਪਿਤਾ ਮਾਰਕ ਐਂਡਰਲ ਤੇ ਹਥਿਆਰਬੰਦ ਹਮਲਾਵਰ ਵੱਲੋਂ ਗੋਲੀਆਂ ਚਲਾਉਣ ਤੇ ਬਚਾਅ ਲਈ ਆਇਆ ਤਾਂ ਹਮਲਾਵਰ ਨੇ ਉਸ ਨੂੰ ਗੋਲੀ ਮਾਰ ਕੇ ਮੌਕੇ 'ਤੇ ਹੀ ਮੌਤ ਦੇ ਘਾਟ ਉਤਾਰ ਦਿੱਤਾ। ਗੋਲੀਆਂ ਨਾਲ ਜਖਮੀ ਹੋਏ ਜੱਜ ਦੇ ਪਤੀ ਮਾਅਰਕ ਐਂਡਰਲ ਨੇ ਪੁਲਿਸ ਨੂੰ ਦੱਸਿਆ ਕਿ ਹਮਲਾਵਰ ਗੋਰੇ ਮੂਲ ਦਾ ਆਦਮੀ ਸੀ ਜਿਸ ਨੇ ਆਪਣਾ ਚਿਹਰਾ ਢੱਕਿਆ ਹੋਇਆ ਸੀ ਅਤੇ ਉਸ ਨੇ ਫੇਡੈਕਸ ਨਾਂ ਦੀ ਕੰਪਨੀ ਦੀ ਵਰਦੀ ਪਾਈ ਹੋਈ ਸੀ। ਉਸ ਨੇ ਇਸ ਘਟਨਾ ਨੂੰ ਅੰਜਾਮ ਦੇਣ ਲਈ ਇਕ ਆਮ ਕਾਰ ਦੀ ਹੀ ਵਰਤੋਂ ਕੀਤੀ ਹੈ। ਅਮਰੀਕਾ 'ਚ ਜੱਜ ਅਸਤਰ ਸਾਲਸ ਦੇ ਬੇਟੇ ਦਾ ਇਹ ਕਤਲ ਫੈਡਰਲ ਜੱਜਾਂ ਅਤੇ ਉਨਾਂ ਦੇ ਪਰਿਵਾਰਾਂ ਲਈ





ਧਮਕੀਆਂ ਦੇ ਵਾਧੇ ਨੂੰ ਵੀ ਉਜਾਗਰ ਕਰਦਾ ਹੈ।ਇਹ ਘਟਨਾ ਤਕਰੀਬਨ 5 ਵਜੇ ਸ਼ਾਮ ਐਤਵਾਰ ਨੂੰ ਵਾਪਰੀ ਜਦੋਂ ਬੰਦੂਕਧਾਰੀ ਨੇ ਪਰਿਵਾਰ ਦੇ ਉੱਤਰੀ ਨਿਊਬਰੌਸਵਿੱਕ ਟਾਊਨ 'ਚ ਉਸ ਦੇ ਘਰ ਦਾ ਦਰਵਾਜ਼ਾ ਖੜਕਾਇਆ ਅਤੇ ਲੇਡੀ ਜੱਜ ਦੇ ਪਤੀ ਐਂਡਰਲ ਨੇ ਜਦੋਂ ਦਰਵਾਜ਼ਾ ਖੋਲਿਆ ਤਾਂ ਹਮਲਾਵਰ ਨੇ ਉਸ ਨੂੰ ਗੋਲੀ ਮਾਰ ਦਿੱਤੀ। ਆਪਣੇ ਪਿਤਾ ਦੇ ਬਚਾਅ ਲਈ ਜਦੋਂ ਬੇਟਾ ਆਇਆ, ਹਮਲਾਵਰ ਨੇ ਉਸ ਨੂੰ ਵੀ ਗੋਲੀ ਮਾਰ ਦਿੱਤੀ ਜੋ ਮੌਕੇ ਤੇ ਮਾਰਿਆ ਗਿਆ। ਜੱਜ ਦਾ 20 ਸਾਲਾ ਦਾ ਪੁੱਤਰ ਜਿਸ ਦਾ ਨਾਂ ਡੇਨੀਅਲ ਸੀ ਨਿਊਜਰਸੀ ਦੀ ਕੈਥੋਲਿਕ ਯੂਨੀਵਰਸਿਟੀ ਵਿੱਚ ਪਹਿਲੇ ਸਾਲ ਦਾ ਵਿਦਿਆਰਥੀ ਸੀ। ਉਧਰ ਫੇਡੈਕਸ ਕੰਪਨੀ ਦੇ ਬੁਲਾਰੇ ਜਿੰਮ ਮਸਿਲਕ ਨੇ ਆਪਣੇ ਇਕ ਬਿਆਨ ਵਿੱਚ ਕਿਹਾ, ਅਸੀਂ ਮੀਡੀਆ ਦੀਆਂ ਰਿਪੋਰਟਾਂ ਤੋਂ ਹੀ ਇਸ ਘਟਨਾ ਬਾਰੇ ਜਾਣੂ ਹੋਏ ਹਾਂ ਅਤੇ ਜਾਂਚ ਅਧਿਕਾਰੀਆਂ ਨੂੰ ਅਸੀਂ ਪੂਰਾ ਸਹਿਯੋਗ ਦੇ ਰਹੇ ਹਾਂ। ਨਿਊਜਰਸੀ ਦੇ ਮੇਅਰ ਨੇ ਕਿਹਾ ਕਿ ਜਾਂਚਕਰਤਾ ਹੁਣ ਸ਼ੱਕੀ ਨੂੰ ਲੱਭਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਅਤੇ ਇੱਕ ਜੱਜ ਹੋਣ ਦੇ ਨਾਤੇ, ਉਸ ਨੂੰ ਸਮੇਂ ਸਮੇਂ ਤੇ ਧਮਕੀਆਂ ਵੀ ਮਿਲਦੀਆਂ ਸਨ, ਪਰ ਹਰ ਕੋਈ ਕਹਿ ਰਿਹਾ ਹੈ ਕਿ ਹਾਲ ਹੀ ਵਿੱਚ ਕੁਝ ਨਹੀਂ ਹੋਣਾ। ਐਫਬੀਆਈ ਨੇ ਕਿਹਾ ਕਿ ਨਿਊਜਰਸੀ ਸੂਬੇ ਦੇ ਨੌਰਥ ਬਰੌਸਵਿੱਕ ਟਾਊਨਸ਼ਿਪ ਵਿੱਚ ਸਥਿੱਤ ਜੱਜ ਐਸਟਰ ਸਲਾਸ ਦੇ ਘਰ ਹੋਈ ਗੋਲੀਬਾਰੀ ਦੀ ਅਸੀਂ ਪੂਰੀ ਜਾਂਚ ਕਰ ਰਹੇ ਹਾਂ। ਅਸੀਂ ਇਕ ਵਿਸ਼ੇ ਦੀ ਭਾਲ ਕਰ ਰਹੇ ਹਾਂ ਅਤੇ ਪੁੱਛਦੇ ਹਾਂ ਕਿ ਕਿਸੇ ਕੋਲ ਜਾਣਕਾਰੀ ਹੈ ਤਾਂ ਕ੍ਰਿਪਾ ਕਰਕੇ ਉਹ ਐਫਬੀਆਈ ਨਿਊਆਰਕ ਨੂੰ ਕਾਲ ਕਰੋ। ਸੂਤਰਾਂ ਨੇ ਕਿਹਾ ਕਿ ਜੱਜ ਸਲਾਸ ਨੂੰ ਪਹਿਲਾਂ ਵੀ ਕਈ ਧਮਕੀਆਂ ਮਿਲੀਆਂ ਸਨ ਪਰ ਅਧਿਕਾਰੀ ਹੁਣ ਇਸ ਗੱਲ ਦੀ ਪੜਤਾਲ ਕਰ ਰਹੇ ਹਨ ਕਿ ਕੀ ਇਨਾਂ ਪੁਰਾਣੀਆਂ ਧਮਕੀਆਂ ਅਤੇ ਗੋਲੀਬਾਰੀ ਵਿਚਕਾਰ ਕੋਈ ਸਬੰਧ ਹੈ ਜਾ ਨਹੀਂ।

# ਕੋਰੋਨਾ ਦੇ ਮਰੀਜ਼ਾਂ ਲਈ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਮੁਫ਼ਤ ਐਂਬੂਲੈਂਸ ਸੇਵਾ

**ਨਵੀਂ ਦਿੱਲੀ/ /ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੌਮੀ ਰਾਜਧਾਨੀ ਵਿਚ ਮਹਾਂਮਾਰੀ ਦੇ ਸਮੇਂ ਆਵਾਜਾਈ ਸਹੂਲਤ ਵਿਚ ਸਹਿਯੋਗ ਕਰਨ ਦੇ ਲਈ ਕੋਵਿਡ-19 ਮਰੀਜ਼ਾਂ ਦੇ ਲਈ ਮੁਫ਼ਤ ਐਂਬੂਲੈਂਸ ਸੇਵਾ ਸ਼ੁਰੂ ਕੀਤੀ ਹੈ। ਸਿੱਖ ਸੰਸਥਾ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸਹਿਯੋਗ ਕਰਨ ਦੇ ਲਈ ਪਹਿਲੇ ਪੜਾਅ ਵਿਚ 'ਅਤਿ-ਆਧੁਨਿਕ ਸਿਹਤ ਸੇਵਾਵਾਂ' ਵਾਲੀਆਂ 12 ਐਂਬੂਲੈਂਸਾਂ ਦੀ ਸੇਵਾ ਦਿੱਤੀ ਜਾ ਰਹੀ ਹੈ।

# ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਬਾਨੀ ਅਤੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਬੈਂਸ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੀ ਸਤਿਕਾਰਤ ਹਸਤੀ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਬਾਨੀ ਤੇ ਉੱਘੇ ਸ਼ਾਇਰ ਹਰਭਜਨ ਸਿੰਘ ਬੈਂਸ ਦੀ ਮੌਤ 'ਤੇ ਵੱਖ ਵੱਖ ਜਥੇਬੰਦੀਆਂ, ਸਿਆਟਲ ਦੇ ਸਾਰੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਤੋਂ ਇਲਾਵਾ ਬਾਬਾ ਬੁੱਢਾ ਸੰਸਥਾ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਗੁਰਦੀਪ ਸਿੰਘ ਸਿੱਧੂ ਅਤੇ ਜਸਬੀਰ ਸਿੰਘ ਰੰਧਾਵਾ ਅਤੇ ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਪ੍ਰਧਾਨ ਦਯਿਆਬੀਰ ਸਿੰਘ ਪਿੰਟੂ ਬਾਠ, ਮਨਮੋਹਨ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਮਾਸਟਰ ਦਲਜੀਤ ਸਿੰਘ ਗਿੱਲ, ਧਰਮ ਸਿੰਘ ਮੈਰੀਪੁਰ, ਪਰਮਜੀਤ ਸਿੰਘ ਖਹਿਰਾ, ਦਲਜੀਤ ਸਿੰਘ ਵਿਰਕ, ਸੇਮ ਵਿਰਕ, ਕੁਲਵੰਤ ਸਿੰਘ ਸ਼ਾਹ, ਗੁਰਦੁਆਰਾ ਸੱਚਾ ਮਾਰਗ ਦੇ ਚੇਅਰਮੈਨ ਰਾਜਬੀਰ ਸਿੰਘ ਸੰਧੂ, ਸਕੱਤਰ ਹਰਸ਼ਿੰਦਰ ਸਿੰਘ ਸੰਧੂ ਅਤੇ ਸਿਆਟਲ ਖੇਡ ਕੈਂਪ ਦੇ ਪ੍ਰਬੰਧਕਾਂ ਨੇ ਹਰਭਜਨ ਸਿੰਘ ਬੈਂਸ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਦੱਸਿਆ ਕਿ ਬੈਂਸ ਸਾਹਿਬ ਉੱਚੇ ਪੱਧਰ ਦੇ ਸ਼ਾਇਰ, ਸਮਾਜ ਸੇਵੀ ਅਤੇ ਹਰੇਕ ਦੇ ਮਦਦਗਾਰ ਸਨ। ਜਿਨਾਂ ਦੇ ਇਸ ਫਾਨੀ ਸੰਸਾਰ ਤੋਂ ਤੁਰ ਜਾਣ ਨਾਲ ਸਿਆਟਲ ਨੂੰ ਵੱਡਾ ਘਾਟਾ ਪਿਆ ਹੈ। ਪੰਜਾਬੀ ਲਿਖਾਰੀ ਸਭਾ ਸਿਆਟਲ ਨੇ ਸੋਗ ਸਮਾਗਮ ਕਰਕੇ ਉਨਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ। ਸਕੱਤਰ ਬਲਿਹਾਰ ਸਿੰਘ ਨੇ ਦੱਸਿਆ ਕਿ ਹਰਭਜਨ ਸਿੰਘ ਬੈਂਸ ਦਾ ਸੰਸਕਾਰ 25 ਜੁਲਾਈ ਅਤੇ ਅੰਤਿਮ ਅਰਦਾਸ 26 ਜੁਲਾਈ ਨੂੰ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਖੇ ਹੋਵੇਗੀ। ਬੈਂਸ ਦੇ ਤਿੰਨਾਂ ਪੁੱਤਰਾਂ ਹਰਿੰਦਰ ਪਾਲ ਸਿੰਘ ਬੈਂਸ, ਗਗਨਦੀਪ ਸਿੰਘ ਬੈਂਸ, ਗੁਰਿੰਦਰ ਸਿੰਘ ਬੈਂਸ ਅਤੇ ਲੜਕੀ ਰਵਿੰਦਰ ਕੌਰ ਨਾਲ ਸਾਰਾ ਦਿਨ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ।



# ਭਾਈ ਕੁਲਵਿੰਦਰ ਸਿੰਘ ਪੋਲਾ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ: ਯੂਨਾਈਟਿਡ ਖਾਲਸਾ ਦਲ ਯੁ,ਕੇ

## '22 ਜੁਲਾਈ 1989 ਨੂੰ ਸ਼ਹੀਦ ਹੋਇਆ ਸੀ ਸਿੱਖ ਕੌਮ ਦਾ ਸੂਰਬੀਰ ਯੋਧਾ'

**ਲੰਡਨ /ਏ.ਟੀ.ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਯੋਧੇ ਭਾਈ ਕੁਲਵਿੰਦਰ ਸਿੰਘ ਪੋਲਾ ਬਾਰੇ ਜਾਰੀ ਪ੍ਰੈੱਸ ਬਿਆਨ ਵਿੱਚ ਦੱਸਿਆ ਕੇ ਦਮਦਮੀ ਟਕਸਾਲ ਦੇ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸੰਘਰਸ਼ ਵਿੱਚ ਆਪਾ ਕੁਰਬਾਨ ਕਰਨ ਵਾਲਿਆਂ ਦੀ ਕਤਾਰ ਬਹੁਤ ਲੰਬੀ ਹੈ। ਹਜਾਰਾਂ ਹੀ ਮਾਵਾਂ ਨੇ ਆਪਣੇ ਪੁੱਤਰ , ਭੈਣਾਂ ਨੇ ਆਪਣੇ ਵੀਰ ਅਤੇ ਸੁਹਾਗ ਇਸ ਸੰਘਰਸ਼ ਦੌਰਾਨ ਵਾਰ ਦਿੱਤੇ ਉੱਥੇ ਹਜਾਰਾਂ ਹੀ ਸਤਿਕਾਰਯੋਗ ਬਜੁਰਗਾਂ ਦੀਆਂ ਡੰਗੋਰੀਆਂ ਰੂਪੀ ਉਹਨਾਂ ਦੇ ਸਪੁੱਤਰ ਇਸ ਧਰਮ ਦੀ ਜੰਗ ਦੌਰਾਨ ਲੜਦੇ ਹੋਏ ਸ਼ਹੀਦ ਹੋ ਗਏ। ਜਿਹਨਾਂ ਨੇ ਗੌਰਵਮਈ ਸਿੱਖ ਇਤਿਹਾਸ ਨੂੰ ਦੁਹਰਾ ਦਿੱਤਾ ਕਿ ਅਣਖ ਨਾਲ ਜਿਉਣਾ ਅਤੇ ਧਰਮ ਵਾਸਤੇ ਮਰਨਾ ਹਰ ਸ਼ਰਧਾਵਾਨ ਸਿੱਖ ਦਾ ਫਰਜ਼ ਹੈ। ਖਾਲਿਸਤਾਨ ਦੇ ਚੱਲ ਰਹੇ ਸੰਘਰਸ਼ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਯੋਧਿਆਂ ਦੀ ਕਤਾਰ ਵਿੱਚ ਸ਼ਾਮਲ ਹੈ ਸਾਡਾ ਬਹੁਤ ਹੀ ਪਿਆਰਾ ਵੀਰ। ਭਾਈ ਕੁਲਵਿੰਦਰ ਸਿੰਘ ਦਾ ਜਨਮ ਸ੍. ਗੁਰਦੇਵ ਸਿੰਘ ਦੇ ਘਰੇ ਮਾਤਾ ਜਸਵੀਰ ਕੌਰ ਦੀ ਕੁੱਖੋਂ ਸਾਲ 1965 ਦੌਰਾਨ ਹੋਇਆ ਸੀ। ਭਾਈ ਕੁਲਵਿੰਦਰ ਸਿੰਘ ਦੇ ਤਿੰਨ ਭਰਾ ਹੋਰ ਸਨ ਅਤੇ ਇੱਕ ਭਰਾ ਦੀ ਮੌਤ ਹੋ ਗਈ ਸੀ। ਭਾਈ ਕੁਲਵਿੰਦਰ ਸਿੰਘ ਦਾ ਮਾਤਾ ਪਿਤਾ ਨੇ ਛੋਟਾ ਨਾਮ ਲਾਡ ਪਿਆਰ ਨਾਲ ਨਾਮ ਪੋਲਾ ਰੱਖਿਆ ਸੀ। ਭਾਈ ਕੁਲਵਿੰਦਰ ਸਿੰਘ ਪੋਲਾ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ ਅਤੇ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰਨ ਮਗਰੋਂ ਰਾਮਗੜੀਆ ਪੌਲੇਟਿਕਨਿਕ ਕਾਲਜ ਫਗਵਾੜਾ ਵਿਖੇ ਦਾਖਲਾ ਲਿਆ। ਪਹਿਲੇ ਸਾਲ ਭਾਈ ਕੁਲਵਿੰਦਰ ਸਿੰਘ ਨੇ ਬੜੇ ਵਧੀਆ ਨੰਬਰ ਪ੍ਰਾਪਤ ਕੀਤੇ । ਇਸ ਵਕਤ ਕਾਲਜ ਵਿੱਚ ਦੋ ਵਿਦਿਆਰਥੀ ਜਥੇਬੰਦੀਆਂ ਸਨ ਪੰਜਾਬ ਸਟੂਡੈਂਟਸ ਫੈਡਰੇਸ਼ਨ ਅਤੇ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ। ਪਰ ਭਾਈ ਕੁਲਵਿੰਦਰ ਸਿੰਘ ਨੇ ਦੋਵਾਂ ਹੀ ਜਥੇਬੰਦੀਆਂ ਵਲ ਕੋਈ ਰੂਚੀ ਨਾ ਦਿਖਾਈ। ਅਗਲਾ ਸਾਲ ਆਇਆ ਤਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਫਗਵਾੜਾ ਵਿਖੇ ਯੂਨਿਟ ਕਾਇਮ ਕਰਨ ਦੀ ਅਰੰਭਤਾ ਹੋਈ। ਭਾਈ ਜਗਜੀਤ ਸਿੰਘ ਗਿੱਲ ਦਾ ਭਾਈ ਕੁਲਵਿੰਦਰ ਸਿੰਘ ਪੋਲਾ ਬਹੁਤ ਗੂੜਾ ਦੋਸਤ ਸੀ। ਦੋਵੇਂ ਇਕੱਠੇ ਹੀ ਫੈਡਰੇਸ਼ਨ ਵਿੱਚ ਸ਼ਾਮਲ ਹੋ ਗਏ ਬਲਕਿ ਫਗਵਾੜਾ ਦੇ ਵੱਖ ਵੱਖ ਕਾਲਜਾਂ ਵਿੱਚ ਸਿੱਖ ਸਟੂਡੈਂਟਸ ਫੈਡਰਸ਼ਨ ਦੇ ਯੂਨਿਟ ਸਥਾਪਤ ਕਰਨ ਲਈ ਮੋਹਰੀ ਰੋਲ ਅਦਾ ਕੀਤਾ ।ਕਈ ਵਾਰ ਕਾਮਰੇਡਾਂ ਦੀ ਜਥੇਬੰਦੀ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐੱਸ਼ਐੱਫ਼ਆਈ) ਨਾਲ ਲੜਾਈ ਝਗੜੇ ਵੀ ਹੋਏ, ਕਈ ਝਗੜਿਆਂ ਵਿੱਚ ਐੱਸ਼ਐੱਫ਼ਆਈ ਦੇ ਕਾਰਕੁਨਾਂ ਦੀ ਮਾਰ ਕੁੱਟਾਈ ਵੀ ਕਰਨੀ ਪਈ ।ਮੈਨੂੰ ਯਾਦ ਹੈ ਕਿ ਉਸ ਵਕਤ ਭਾਈ ਕੁਲਵਿੰਦਰ ਸਿੰਘ ਪੋਲਾ , ਭਾਈ ਜਗਜੀਤ ਸਿੰਘ ਗਿੱਲ, ਭਾਈ ਸ਼ੇਰ ਸਿੰਘ ਪੰਡੋਰੀ, ਭਾਈ ਪਰਮਜੀਤ ਸਿੰਘ ਗੰਡਾਸਾ, ਭਾਈ ਅਮਰਜੀਤ ਸਿੰਘ ਢੇਸੀ, ਭਾਈ ਚਰਨਜੀਤ ਸਿੰਘ ਢੇਸੀ, ਭਾਈ ਮਨਜੀਤ ਸਿੰਘ ਬੰਬ, ਭਾਈ ਸ਼ੇਰ ਸਿੰਘ ਪੰਡੋਰੀ, ਭਾਈ ਜਰਨੈਲ ਸਿੰਘ ਸਮੇਤ ਅਨੇਕਾਂ ਸਿੱਖ ਨੌਜਵਾਨਾਂ ਨੇ ਬਹੁਤ ਹੀ ਮਿਹਨਤ ਨਾਲ ਫਗਵਾੜਾ ਸਥਿਤ ਸਾਰੇ




ਕਾਲਜਾਂ ਵਿੱਚ ਫੈਡਰੇਸ਼ਨ ਦੇ ਯੂਨਿਟ ਸਥਾਪਤ ਕਰਨ ਲਈ ਭਾਈ ਸੱਤਪਾਲ ਸਿੰਘ ਢਿੱਲੋਂ, ਭਾਈ ਹਰਿੰਦਰ ਸਿੰਘ ਕਾਹਲੋਂ ਦਾ ਡੱਟ ਕੇ ਸਾਥ ਦਿੱਤਾ ਸੀ । ਸਾਲ 1984 ਦੇ ਅਰੰਭ ਵਿੱਚ ਭਾਰਤ ਸਰਕਾਰ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਗੈਰ ਕਨੂੰਨੀ ਕਰਾਰ ਦੇ ਕੇ ਇਸ ਤੇ ਪਬੰਦੀ ਲਗਾ ਦਿੱਤੀ। ਗੁਰਦਵਾਰਾ ਬਾਬਾ ਸੰਗ ਢੇਸੀਆਂ ਜੋ ਕਿ ਉਸ ਵਕਤ ਸਾਡਾ ਹੈੱਡ ਕੁਵਾਟਰ ਸੀ ਉੱਥੇ ਬੈਠ ਕੇ ਤਿੰਨ ਚਾਰ ਦਿਨਾਂ ਵਿੱਚ ਸੈਂਕੜੇ ਹੱਥ ਲਿਖਤਾਂ ਤਿਆਰ ਕੀਤੀਆਂ, ਜੋ ਕਿ ਵੱਡ ਅਕਾਰੀ ਪੋਸਟਰਾਂ ਦੇ ਰੂਪ ਵਿੱਚ ਸੀ ਅਤੇ ਇੱਕ ਦਿਨ ਰਾਤ ਵਕਤ ਫਿਲੌਰ, ਗੁਰਾਇਆਂ, ਨੂਰਮਹਿਲ, ਨਕੋਦਰ, ਫਗਵਾੜਾ, ਬੰਗਾ ਆਦਿ ਇਲਾਕਿਆਂ ਲਗਾ ਦਿੱਤੇ । ਪੂਰੇ ਇਲਾਕੇ ਵਿੱਚ ਪੁਲਿਸ ਹਰਕਤ ਵਿੱਚ ਆ ਗਈ । ਫਗਵਾੜਾ ਪੁਲਿਸ ਨੇ 5 ਸਿੱਖ ਨੌਜਵਾਨਾਂ ਖਿਲਾਫ ਬਗਾਵਤ ਦਾ ਕੇਸ ਦਰਜ ਕਰ ਲਿਆ । ਜਦੋਂ ਇਸ ਗੱਲ ਦੀ ਖਬਰ ਸਾਡੇ (ਲਵਸ਼ਿੰਦਰ ਸਿੰਘ ਅਤੇ ਹਰਮਿੰਦਰ ਸਿੰਘ ਲਾਲਾ) ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ ਭਾਈ ਅਮਰੀਕ ਸਿੰਘ ਜੀ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਜਾ ਦਿੱਤੀ ਤਾਂ ਉਹਨਾਂ ਬੜੇ ਹੀ ਪਿਆਰ ਅਤੇ ਠਰੰਮੇ ਨਾਲ ਆਖਿਆ ਕਿ ਆਪਾਂ ਤਾਂ ਹੈ ਹੀ ਬਾਗੀ ।ਬਾਗੀ ਪਿਉ ਦੇ ਬਾਗੀ ਪੁੱਤ ,ਨਾਲ ਹੀ ਕਹਿਣ ਲੱਗੇ ਕਿ ਚੜਦੀ ਕਲਾ ਵਿੱਚ ਪੂਰੀ ਤਿਆਰ ਰਿਹੋ ਜਲਦੀ ਹੀ ਸਰਕਾਰ ਦੀ ਇਸ ਪਬੰਦੀ ਖਿਲਾਫ ਐਕਸ਼ਨ ਕਰਾਂਗੇ। ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਜੂਨ 1984 ਨੂੰ ਭਾਰਤੀ ਫੌਜ ਵਲੋਂ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਅੱਤ ਵਹਿਸ਼ੀ ਹਮਲਾ ਕੀਤਾ ਗਿਆ ਤਾਂ ਭਾਈ ਕੁਲਵਿੰਦਰ ਸਿੰਘ ਪੋਲਾ ਨੂੰ ਮਾਨਸਿਕ ਪੱਖ ਤੋਂ ਭਾਰੀ ਸੱਟ ਵੱਜੀ । ਵੱਖ ਵੱਖ ਥਾਵਾਂ ਤੇ ਭਾਈ ਕੁਲਵਿੰਦਰ ਸਿੰਘ ਥਪੋਲਾ ਨੇ ਖਾੜਕੂ ਕਾਰਵਾਈਆਂ ਕੀਤੀਆਂ ਅਤੇ ਮਾਰਚ 1985 ਦੌਰਾਨ ਉਸ ਦੀ ਗ੍ਰਿਫਤਾਰੀ ਹੋ ਗਈ । ਵੱਖ ਵੱਖ ਥਾਣਿਆਂ ਵਿੱਚ ਪੁਲਿਸ ਰਿਮਾਂਡ ਤੋਂ ਬਾਅਦ ਜਲੰਧਰ ਜੇਲ ਵਿੱਚ ਭੇਜ ਦਿੱਤਾ ਗਿਆ। ਪੰਦਰਾਂ ਅਗਸਤ 1985 ਨੂੰ ਜਦੋਂ ਭਾਰਤ ਦੇ ਅਖੌਤੀ ਅਜਾਦੀ ਦਿਹਾੜੇ ਮੌਕੇ ਤਿਰੰਗਾ ਲਹਿਰਾਹਿਆ ਜਾ ਰਿਹਾ ਸੀ ਤਾਂ ਜਲੰਧਰ ਜੇਲ ਵਿੱਚ ਭਾਈ ਕੁਲਵਿੰਦਰ ਸਿੰਘ ਪੋਲਾ, ਭਾਈ ਜਗਜੀਤ ਸਿੰਘ ਗਿੱਲ ਅਤੇ ਇਹਨਾਂ ਦੇ ਸਾਥੀਆਂ ਨੇ ਖਾਲਿਸਤਾਨ ਦਾ ਝੰਡਾ ਲਹਿਰਾਕੇ ਉਸਨੂੰ ਬਕਾਇਦਾ ਸਲਾਮੀ ਦਿੱਤੀ ।ਗੁੱਸੇ ਵਿੱਚ ਆਏ ਜੇਲ ਸੁਪਰਡੈਂਟ ਨੇ ਫਿਰੋਜਪੁਰ ਜੇਲ ਦਾ ਚਲਾਨ ਪਾ ਦਿੱਤਾ। ਅਕਤੂਬਰ ਦੇ ਸ਼ੁਰੂ ਵਿੱਚ ਜਮਾਨਤਾਂ ਹੋਣ ਤੋਂ ਬਾਅਦ ਭਾਈ ਕੁਲਵਿੰਦਰ ਸਿੰਘ ਪੋਲਾ ਦੀ ਰਿਹਾਈ ਹੋ ਗਈ । ਰਿਹਾਈ ਤੋਂ ਬਾਅਦ ਸਿੱਖ ਸਟੂਡੈਂਟਸ ਫੈਡਰਸ਼ਨ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਸ਼ਮੂਲੀਅਤ ਅਰੰਭ ਕਰ ਦਿੱਤੀ,1986 ਵਿੱਚ ਜਦੋਂ ਭਾਈ ਜਗਜੀਤ ਸਿੰਘ ਗਿੱਲ ਨੂੰ ਫਗਵਾੜਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤਾਂ ਕਪੂਰਥਲਾ ਜੇਲ ਵਿੱਚ ਕਮਾਂਡੋ ਐਕਸ਼ਨ ਕਰਦਿਆਂ ਭਾਈ ਕੁਲਵਿੰਦਰ ਸਿੰਘ ਪੋਲਾ ਨੇ ਆਪਣੇ ਸਾਥੀਆਂ ਨਾਲ ਭਾਈ ਜਗਜੀਤ ਸਿੰਘ ਗਿੱਲ ਅਤੇ ਭਾਈ ਬਲਵਿੰਦਰ ਸਿੰਘ ਢਿੱਲੋਂ ਡੇਰਾ ਸੈਦਾਂ ਕਪੂਰਥਲਾ ਨੂੰ ਛੁਡਾ ਲਿਆ ।ਇਸ ਐਕਸ਼ਨ ਵਿੱਚ ਦੋ ਜੇਲ ਸੁਰੱਖਿਆ ਗਾਰਡ ਮਾਰੇ ਗਏ ਸਨ । ਜਲਦੀ ਹੀ ਭਾਈ ਕੁਲਵਿੰਦਰ ਸਿੰਘ ਪੋਲਾ ਅਤੇ ਭਾਈ ਜਗਜੀਤ ਸਿੰਘ ਗਿੱਲ ਨੇ ਰਾਜਸਥਾਨ ਦੀ ਜੇਲ ਵਿੱਚ ਉਮਰਕੈਦ ਭੁਗਤ ਰਹੇ ਭਾਈ ਗੁਰਜੰਟ ਸਿੰਘ ਰਾਜਸਥਾਨੀ ਅਤੇ ਭਾਈ ਰਜਿੰਦਰ ਸਿੰਘ ਰਾਜੀ ਨੂੰ ਪੁਲਿਸ ਹਿਰਾਸਤ ਵਿੱਚੋਂ ਛੁਡਵਾ ਲਿਆ ਜਦੋਂ ਉਹਨਾਂ ਨੂੰ ਕਿਸੇ ਹੋਰ ਕੇਸ ਦੇ ਸਬੰਧ ਵਿੱਚ ਜੇਲ ਤੋਂ ਰੇਲ ਗੱਡੀ ਰਾਹੀਂ ਅਦਾਲਤ ਵਿੱਚ ਲਿਆਂਦਾ ਜਾ ਰਿਹਾ ਸੀ। ਇਸ ਕਾਰਵਾਈ ਵਿੱਚ 2 ਪੁਲਿਸ ਮਾਜਮ ਮਾਰੇ ਗਏ ਸਨ ਅਤੇ 2 ਜਖਮੀਂ ਹੋ ਗਏ ਸੀ। ਇਹ ਭਾਈ ਕੁਲਵਿੰਦਰ ਸਿੰਘ ਪੋਲਾ ਅਤੇ ਭਾਈ ਜਗਜੀਤ ਸਿੰਘ ਗਿੱਲ ਦਾ ਮਹਾਨ ਕਾਰਜ ਸੀ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਪੁਤਲੀਘਰ ਤੋਂ ਭਾਈ ਕੁਲਵਿੰਦਰ ਸਿੰਘ ਪੋਲਾ ਦੀ ਗ੍ਰਿਫਤਾਰੀ ਹੋ ਗਈ। ਵੱਖ ਵੱਖ ਕੇਸਾਂ ਵਿੱਚ ਜਦੋਂ ਪੁਲਿਸ ਰਿਮਾਂਡ ਖਤਮ ਹੋ ਗਿਆ ਤਾਂ ਸਕਿਉਰਟੀ ਜੇਲ ਨਾਭਾ ਵਿੱਚ ਬੰਦ ਕਰ ਦਿੱਤਾ ਗਿਆ। ਸਾਲ 1989 ਦੇ ਜਨਵਰੀ ਮਹੀਨੇ ਭਾਈ ਕੁਲਵਿੰਦਰ ਸਿੰਘ ਪੋਲਾ ਦੀ ਰਾਹਾਈ ਹੋ ਗਈ।

ਬਾਕੀ ਸਫ਼ਾ 31 'ਤੇ

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin

*Printers to the Community*




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Prodcuct
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

## ਸ਼ਹੀਦ ਭਾਈ ਝਿਲਮਣ ਸਿੰਘ ਰਾਜੋਵਾਲ-ਗੋਰਸੀਆਂ: ਜਨਮ 21 ਜੁਲਾਈ 1962

# ਸਾਕਾ ਨਕੋਦਰ ਦੇ ਸ਼ਹੀਦ ਭਾਈ ਝਿਲਮਣ ਸਿੰਘ ਰਾਜੋਵਾਲ-ਗੋਰਸੀਆਂ ਨੂੰ ਯਾਦ ਕਰਦਿਆਂ

**- ਬਲਦੇਵ ਸਿੰਘ**

**ਪਿਤਾ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ**

ਘੁੱਘ ਵੱਸਦੇ ਨੇਕੀ ਦੇ ਸ਼ਹਿਰ ਕਰਕੇ ਜਾਣੇ ਜਾਂਦੇ ਨਕੋਦਰ ਸ਼ਹਿਰ ਅੰਦਰ ਗੁਰੂ ਨਾਨਕ ਪੁਰਾ ਮਹੱਲੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰ-ਦੁਆਰਾ ਸਾਹਿਬ ਦੇ ਸੁਖ ਆਸਨ ਅਸਥਾਨ ਵਿਚ ਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਅੱਗ ਲਾਉਣ ਦੀ ਅਤਿ ਘਿਨੌਣੀ ਦੁੱਖਦਾਈ ਘਟਨਾ ਨੇ ਸਾਰੀ ਨਕੋਦਰ ਦੀ ਖਲਕਤ ਨੂੰ ਝੰਜੋੜ ਕੇ ਰੱਖ ਦਿੱਤਾ।

2 ਤੇ 3 ਫਰਵਰੀ ਦੇ ਰੋਸ ਮੁਜ਼ਾਰਿਆਂ ਤੋਂ ਬਾਅਦ ਵੀ ਪੁਲੀਸ ਤੇ ਸਰਕਾਰੀ ਅਧਿਕਾਰੀਆਂ ਵੱਲੋਂ ਸ਼ਰਾਰਤੀ ਅਨਸਰਾਂ ਤੇ ਕੋਈ ਵੀ ਕਾਰਵਾਈ ਨਾ ਕਰਨ ਤੋਂ ਬਾਅਦ 4 ਫਰਵਰੀ ਨੂੰ ਸਿੱਖ ਸੰਗਤਾਂ ਵੱਲੋਂ ਸਾਂਤ ਮਈ ਢੰਗ ਨਾਲ ਪ੍ਰਦਰਸ਼ਨ ਕਰਦੀ ਸੰਗਤ ਤੇ ਅੰਨੇਵਾਹ ਗੋਲ਼ੀਆਂ ਦੀ ਬੁਛਾੜ ਕਰਕੇ ਚਾਰ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।

ਇਸ ਸਾਕੇ  ਵਿਚ ਸ਼ਹੀਦ ਹੋਏ ਭਾਈ ਝਿਲਮਣ ਸਿੰਘ ਰਾਜੋਵਾਲ ਗੋਰਸੀਆਂ ਦੇ ਜਨਮ ਦਿਨ ਤੇ ਯਾਦ ਕਰਦਿਆਂ ਸੂਰੇ ਸ਼ੇਰ ਦੀ ਦਲੇਰ ਭੈਣ ਰਾਜਵਿੰਦਰ ਕੌਰ ਵੱਲੋਂ ਉਸ ਦੀ ਪਰਿਵਾਰਕ-ਸੁਭਾਅ ਤੇ ਯਾਦਾਂ ਦੀ ਦਿੱਤੀ ਜਾਣਕਾਰੀ ਸਾਂਝੀ ਕਰ ਰਿਹਾ ਹਾਂ। ਇਸ ਜੁਝਾਰੂ ਦੀ ਭੈਣ ਨੂੰ ਸੰਨ ਉੱਨੀ ਸੌ ਅਠਾਸੀ ਵਿਚ ਪਿੰਡ ਲਿੱਤਰਾਂ ਵਿਖੇ ਮਨਾਏ ਸਾਕਾ ਨਕੋਦਰ ਦੇ ਸ਼ਹੀਦੀ ਸਮਾਰੋਹ ਵਿਚ ਪਹਿਲੀ ਵਾਰ ਤਕਰੀਰ ਕਰਦੇ ਸੁਣਿਆਂ ਸੀ ਜਿਸ ਨੇ ਸਭ ਨੂੰ ਹਲੂਣ ਕੇ ਰੱਖ ਦਿੱਤਾ ਸੀ, ਬੀਬੀ ਬਿਮਲ ਕੌਰ ਖਾਲਸਾ ਵੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਸਨ।

ਸਿੱਖੀ ਨਾਲ ਅਥਾਹ ਪਿਆਰ ਰੱਖਣ ਵਾਲੇ ਅਣਖੀ ਝਿਲਮਣ ਸਿੰਘ ਦਾ ਜਨਮ ਇੱਕੀ ਜੁਲਾਈ ਉੱਨੀ ਸੌ ਬਾਹਟ ਵਿਚ ਮਾਤਾ ਰਛਪਾਲ ਕੌਰ ਤੇ ਪਿਤਾ ਮਹਿੰਦਰ ਸਿੰਘ ਬਜੂਹਾ ਕਲਾਂ ਦਾ ਪਹਿਲਾ ਬੱਚਾ ਹੋਣ ਕਰਕੇ ਨਾਨਕੇ ਪਿੰਡ ਤਲਵਣ ਜਿਲਾ ਜਲੰਧਰ ਨਾਨਾ ਜੀ ਚਰਨ ਸਿੰਘ-ਨਾਨੀ ਗਿਆਨ ਕੌਰ ਦੇ ਘਰ ਹੋਇਆ।ਆਪ ਦੇ ਤਿੰਨ ਛੋਟੇ ਭਰਾ ਲਖਵੀਰ ਸਿੰਘ-ਕੇਵਲ ਸਿੰਘ-ਨਿਰਮਲ ਸਿੰਘ ਤੇ ਛੋਟੀ ਭੈਣ ਰਾਜਵਿੰਦਰ ਕੌਰ ਹਨ।ਝਿਲਮਣ ਸਿੰਘ ਬਚਪਨ ਤੋਂ ਹੀ ਤੇਜ਼ ਖੁਲੇ ਸੁਭਾਓ ਤੇ ਧਾਰਮਿਕ ਵਿਚਾਰਾਂ ਵਾਲਾ ਗੈਰਤਬੰਦ ਸਾਦਗੀ ਵਿਚ ਰਹਿਣ ਵਾਲਾ ਨੌਜਵਾਨ ਸੀ।ਇਹ ਅਕਸਰ ਹੀ ਗੁਰੂ ਦੁਆਰੇ ਵਾਲੇ ਭਾਈਆਂ ਨੂੰ ਕੜਾਹ ਖਾਣੇ ਆਖਕੇ ਮਖੌਲ ਕਰਦਾ ਰਹਿੰਦਾ। ਉਨਾਂ ਕਦੀ ਵੀ ਇਸਦਾ ਗੁੱਸਾ  ਨਾ ਕਰਨਾ।



ਪਹਿਲਾ ਪਿੰਡ ਬਜੂਹਾ ਕਲਾਂ ਨਕੋਦਰ ਹੋਣ ਕਰਕੇ ਪ੍ਰਾਇਮਰੀ ਦੀ ਪੜਾਈ ਪਿੰਡ ਦੇ ਸਕੂਲੇ ਤੇ ਅੱਠਵੀਂ ਜਮਾਤ ਸਰਕਾਰੀ ਸਕੂਲ ਸਮਰਾਏ ਜੰਡਿਆਲਾ ਵਿਖੇ ਪਾਸ ਕੀਤੀ। ਉੱਨੀ ਸੌ ਅਠੱਤਰ ਵਿਚ ਇਨਾਂ ਦੇ ਪਿਤਾ ਜੀ ਨੇ ਬਜੂਹਾ ਕਲਾਂ ਵਾਲੀ ਜ਼ਮੀਨ ਵੇਚ ਕੇ ਰਾਜੋਵਾਲ ਗੋਰਸੀਆਂ ਨੇੜੇ ਕੋਟ ਬਾਦਲ ਖਾਂ ਜ਼ਮੀਂਨ ਖਰੀਦ ਲਈ ਤੇ ਸਾਰਾ ਪਰਿਵਾਰ ਉਥੇ ਰਹਿਣ ਲੱਗਾ ਤੇ ਇਹ ਗੋਰਸੀਆਂ ਪਿੰਡ ਦੇ ਵਾਸੀ ਬਣ ਗਏ। ਆਪਣੇ ਪਿਤਾ ਨਾਲ ਖੇਤੀ ਵਿਚ ਹੱਥ ਵਟਾਉਂਦਾ ਰਿਹਾ। ਏਥੇ ਇਸਦਾ ਦਿਲ ਨਾ ਲੱਗਾ ਤੇ ਇਹ ਆਪਣੇ ਨਾਨਕੀਂ ਤਲਵਣ ਚਲੇ ਗਿਆ। ਉੱਨੀ ਸੌ ਅੱਸੀ ਵਿਚ ਟਰੱਕ ਡਰਾਇਵਰੀ ਸਿੱਖਣੀ ਸ਼ੁਰੂ ਕੀਤੀ।

ਏਥੇ ਇਕ ਵਾਰ ਇਸ ਦੇ ਉਸਤਾਦ ਵੱਲੋਂ ਜਰਦਾ (ਤਮਾਕੂ) ਨਾ ਤਿਆਰ ਕਰਕੇ ਦੇਣ ਤੇ ਉਜਾੜ ਰਸਤੇ ਤੇ ਲਾਹ ਦਿੱਤਾ।ਧਾਰਮਿਕ ਅਕੀਦਾ ਹੋਣ ਕਰਕੇ ਇਸ ਨੇ ਤਮਾਕੂ ਨੂੰ ਹੱਥ ਨਾ ਲਾਇਆ ਤੇ ਪਿੰਡ ਆ ਗਿਆ। ਉੱਨੀ ਸੌ ਬਿਆਸੀ ਵਿਚ ਧਰਮ ਯੁਧ ਮੋਰਚੇ ਸਮੇਂ ਇਹ ਆਪਣੇ ਚਾਚਾ ਜੀ ਬਲਬੀਰ ਸਿੰਘ ਬਜੂਹਾ ਕਲਾਂ ਨਾਲ ਜੇਲ ਵੀ ਜਾਂਦੇ ਰਹੇ ਜੋ ਅਕਸਰ ਹੀ ਮੋਰਚੇ ਦੌਰਾਨ ਜੇਲ ਜਾਂਦੇ ਰਹਿੰਦੇ ਸਨ। ਦੋ ਤਿੰਨ ਵਾਰ ਇਹ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਵੀ ਮਿਲੇ। ਉੱਨੀ ਸੌ ਪਚਾਸੀ ਵਿਚ ਇਨਾਂ ਅੰਮ੍ਰਿਤਪਾਨ ਕਰ ਲਿਆ। ਨਿਤਨੇਮ ਤਾਂ ਪਹਿਲੇ ਹੀ ਕਰਦੇ ਸਨ ਹੁਣ ਪੂਰੀ ਰਹਿਤ ਮਰਿਆਦਾ ਵਿਚ ਰਹਿਣ ਲੱਗੇ। ਅਕਾਲ ਤਖਤ ਸਾਹਿਬ-ਦਰਬਾਰ ਸਾਹਿਬ ਤੇ ਹਮਲੇ ਤੇ ਚੁਰਾਸੀ ਦੇ ਸਾਕੇ ਦਾ ਮਨ ਵਿਚ ਗਹਿਰਾ ਪ੍ਰਭਾਵ ਤੇ ਦਰਦ ਸਮੋਈ ਬੈਠੈ ਰਹਿੰਦੇ ਸਨ।

ਦੋ ਤਿੰਨ ਫਰਵਰੀ ਛਿਆਸੀ ਨੂੰ ਚਚੇਰੀ ਭੈਣ ਨਰਿੰਦਰ ਕੌਰ ਦੇ ਵਿਆਹ ਤੇ ਬਜੂਹਾ ਕਲਾਂ ਗਏ ਹੋਏ ਸਨ ਕਿ ਨਕੋਦਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀ ਘਟਨਾ ਵਾਪਰ ਗਈ। ਤਿੰਨ ਤਾਰੀਖ ਨੂੰ ਪਰਮਜੀਤ ਸਿੰਘ ਮੱਲੀ ਸਿੱਖ ਸਟੂਡੈਂਟ ਫੈਡਰੇਸਨ ਨਾਲ ਪਿੰਡਾਂ ਵਿਚ ਅਨਾਉਂਸਮਿੰਟ ਕਰਨ ਚਲੇ ਗਏ ਤੇ ਚਾਰ ਫਰਵਰੀ ਨੂੰ ਬਜੂਹਾ ਕਲਾਂ ਤੋਂ ਟਰਾਲੀ ਵਿਚ ਸੰਗਤ ਬਿਠਾਕੇ ਨਕੋਦਰ ਪਹੁੰਚੇ ਤੇ ਸ਼ਹੀਦੀ ਜਾਂਮ ਪੀ ਗਏ।ਗੋਰਸੀਆਂ ਪਰਿਵਾਰ ਨੂੰ ਪੰਜ ਫਰਵਰੀ ਤੋਂ ਬਾਅਦ ਪਤਾ ਲੱਗਾ ਕਿ ਉਨਾਂ ਦਾ ਹੋਣਹਾਰ ਪੁੱਤਰ ਗੁਰੂ ਗ੍ਰੰਥ ਸਾਹਿਬ ਤੋਂ ਆਪਾ ਵਾਰ ਗਿਆ ਹੈ।

ਦਾਸ ਨੂੰ ਬੜੀ ਮੁਸ਼ਕਲ ਨਾਲ ਪ੍ਰਮਾਤਮਾ ਦੀ ਮਿਹਰ ਸਦਕਾ ਪੰਜ ਫਰਵਰੀ ਛਿਆਸੀ ਨੂੰ ਚੌਹਾਂ ਸ਼ਹੀਦਾਂ ਦੇ ਸ਼ਰੀਰਕ ਦਰਸ਼ਨ ਕਰਨ ਵਿਚ ਸਫਲਤਾ ਮਿਲੀ ਪਰ ਪੁਲਸੀ ਤੇ ਸਰਕਾਰੀ ਚਾਲ ਵਿਚ ਆ ਸਰੀਰ ਪ੍ਰਾਪਤ ਨਾ ਕਰ ਸਕਿਆ। ਚਾਰੇ ਨੌਜੁਆਨ ਭਰ ਗੱਭਰੂ ਸੁਨੱਖੇ ਤੇ ਸਿਰ ਕੱਢ ਸਨ। ਝਿਲਮਣ ਸਿੰਘ ਚੌਹਾਂ ਜੁਝਾਰੂਆਂ ਤੋਂ ਲੰਬਾ ਤੇ ਗੋਰਾ ਨਸ਼ੋਹ ਸੀ। ਬੱਚਿਆਂ ਨੂੰ ਪਿਆਰ ਦੇ ਮੈਂ ਥਾਣੇ ਵਲ ਮਨਜ਼ੂਰੀ ਲੈਣ ਤਰ ਪਿਆ ਤੇ ਅੱਜ ਤੱਕ ਵੇਖਣ ਲਈ ਤਰਸ ਰਿਹਾ ਹਾਂ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey  Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਵ. ਕੁਲਦੀਪ ਸਿੰਘ ਝੰਡੋਕ ਦੀ ਪੋਤਰੀ ਤੇ ਸ. ਜਸਦੀਪ ਸਿੰਘ ਜੱਸੀ ਦੀ ਪੁੱਤਰੀ ਨੇ ਮਾਰੇ ਵਿੱਦਿਆ ਦੇ ਖੇਤਰ ਵਿੱਚ ਮਾਰਕੇ

## ਮਹਿਕ ਸਿੰਘ ਰੋਲੈਂਡ ਸਕੂਲ ਪਾਰਕ ਕਾਉਂਟੀ ਮੈਰੀਲੈਂਡ ਤੋਂ ਗ੍ਰੈਜੂਏਟ

**ਮੈਰੀਲੈਂਡ/ਏ.ਟੀ.ਨਿਊਜ਼:** ਭਾਰਤੀ ਅਮਰੀਕਨ ਵਿਦੇਸ਼ਾਂ ਵਿੱਚ ਆ ਕੇ ਆਪਣੇ ਬੱਚਿਆਂ ਨੂੰ ਵਧੀਆ ਤਾਲੀਮ ਦੇਣ ਲਈ ਵਧੀਆ ਸਕੂਲਾਂ ਵਿੱਚ ਮੈਰਿਟ ਦੇ ਆਧਾਰ ਤੇ ਪ੍ਰਵੇਸ਼ ਕਰਵਾਉਂਦੇ ਹਨ। ਇਹ ਕਾਰਜ ਬਹੁਤਾਤ ਵਿੱਚ ਨਹੀਂ ਵੇਖਿਆ ਗਿਆ। ਕੇਵਲ ਉਹੀ ਮਾਪੇ ਆਪਣੇ ਬੱਚਿਆਂ ਨੂੰ ਵਧੀਆ ਤੇ ਉੱਚ ਸਿੱਖਿਆ ਦਿੰਦੇ ਹਨ, ਜਿਨਾਂ ਨੂੰ ਸਿੱਖਿਆ ਦੇ ਸਹੀ ਅਰਥਾਂ ਦਾ ਪਤਾ ਹੁੰਦਾ ਹੈ। ਨਹੀਂ ਤਾਂ ਜ਼ਿਆਦਾਤਰ ਬੱਚੇ ਛੋਟੀ ਉਮਰੇ ਹੀ ਡਾਲਰਾਂ ਦੀ ਚਾਟ ਤੇ ਲੱਗ ਕੇ ਆਪਣੇ ਭਵਿੱਖ ਨੂੰ ਧੁੰਦਲਾ ਕਰ ਲੈਂਦੇ ਹਨ। ਮਹਿਕ ਸਿੰਘ ਉਸ ਪਰਿਵਾਰ ਵਿੱਚੋਂ ਹੈ, ਜਿਨਾਂ ਨੇ ਸਿੱਖਿਆ ਦੇ ਖੇਤਰ ਵਿੱਚ ਅਜਿਹੇ ਮਾਰਕੇ ਮਾਰੇ ਹਨ। ਜਿਨਾਂ ਦਾ ਜ਼ਿਕਰ ਹਮੇਸ਼ਾ ਹੀ ਕੀਤਾ ਜਾਂਦਾ ਹੈ। ਸਵ. ਕੁਲਦੀਪ ਸਿੰਘ ਝੰਡੋਕ ਦੀ ਛੋਟੀ ਪੋਤਰੀ ਅਤੇ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਦੀ ਪਿਆਰੀ, ਖੂਬਸੂਰਤ ਧੀ ਮਹਿਕ ਸਿੰਘ ਨੂੰ ਰੋਲੈਂਡ ਪਾਰਕ ਕਾਉਂਟੀ ਸਕੂਲ ਤੋਂ ਗ੍ਰੈਜੂਏਸ਼ਨ ਪ੍ਰਾਪਤ ਕੀਤੀ ਹੈ। ਏਥੇ ਹੀ ਬਸ ਨਹੀਂ ਉਸਨੇ ਕਈ ਐਵਾਰਡ ਹਾਸਲ ਕੀਤੇ ਹਨ। ਜੋ ਕੋਈ ਵਿਰਲੀ ਵਿਦਿਆਰਥਣ ਹੀ ਪ੍ਰਾਪਤ ਕਰ ਸਕਦੀ ਹੈ। ਮਹਿਕ ਸਿੰਘ ਉਹਨਾਂ ਹੋਣਹਾਰ, ਮਿਹਨਤੀ, ਸਿਰੜੀ ਅਤੇ ਤੇਜ਼ ਦਿਮਾਗੀ ਵਿਦਿਆਰਥਣਾਂ ਵਿੱਚੋਂ ਇੱਕ ਹੈ, ਜਿਸਨੇ ਅਨੇਕਾਂ ਵਿਸ਼ਿਆਂ ਵਿੱਚੋਂ ਅੱਵਲ, ਰੋਲ ਆਫ, ਆਨਰ, ਸਹਿਕ੍ਰਿਆਵਾਂ, ਖੇਡਾਂ ਵਿੱਚ ਕਈ ਮਾਰਕੇ ਮਾਰੇ ਹਨ। ਰੋਲੈਂਡ ਸਕੂਲ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕਰਕੇ ਆਪਣੇ ਮਿੱਥੇ ਟੀਚੇ ਨੂੰ ਪੂਰਿਆਂ ਕਰਨ ਲਈ ਆਪਣੀ ਪਸੰਦੀ ਦੀ ਯੂਨੀਵਰਸਿਟੀ ਕੋਲਗੇਟ ਵਿੱਚ ਆਪਣੀ ਸਫਲਤਾ ਦਾ ਅਗਲਾ ਪੜਾ ਜਾਰੀ ਰੱਖਣ ਜਾ ਰਹੀ ਹੈ।



ਮਹਿਕ ਦੀ ਮਾਂ ਮੋਨਾ ਸਿੰਘ ਨੇ ਕਿਹਾ ਕਿ ਸਾਨੂੰ ਆਪਣੀ ਪਿਆਰੀ ਧੀ ਤੇ ਮਾਣ ਹੈ। ਜੋ ਆਪਣੇ ਤੇ ਸਾਡੇ ਸੁਪਨੇ ਸਾਕਾਰ ਕਰਨ ਲਈ ਸਖਤ ਮਿਹਨਤ ਨੂੰ ਤਰਜੀਹ ਦੇ ਰਹੀ ਹੈ। ਅਜਿਹੀ ਵਿਦਿਆਰਥਣ ਦੀਆਂ ਪ੍ਰਾਪਤੀਆਂ ਤੋਂ ਨੌਜਵਾਨ ਪੀੜੀ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਦੇ ਸਾਥ ਦਾ ਲਾਹਾ ਲੈਣਾ, ਉਹਨਾਂ ਵਿਦਿਆਰਥੀਆਂ ਲਈ ਫਾਇਦੇਮੰਦ ਸਾਬਤ ਹੋਵੇਗਾ ਜੋ ਸਿੱਖਿਆ ਦੇ ਖੇਤਰ ਵਿੱਚ ਕੁਝ ਕਰ ਗੁਜ਼ਰਨ ਨੂੰ ਤਰਜੀਹ ਦਿੰਦੇ ਹਨ। ਸਾਜਿਦ ਤਰਾਰ ਨੇ ਕਿਹਾ ਮਹਿਕ ਸਿੰਘ ਮੇਰੀ ਬਹੁਤ ਹੀ ਪਸੰਦੀਦੀ ਤੇ ਪਿਆਰੀ ਧੀ ਹੈ। ਜਿਸਨੇ ਸਾਡੇ ਆਸ਼ੇ ਤੇ ਖਰੇ ਉੱਤਰ ਕੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਾਡੀ ਦੁਆ ਹੈ ਕਿ ਉਹ ਆਪਣੇ ਮਿਸ਼ਨ ਨੂੰ ਸਫਲਤਾਪੂਰਵਕ ਹਾਸਲ ਕਰੇ। ਮਹਿਕ ਨੂੰ ਵਧਾਈਆਂ ਦੇਣ ਵਾਸਤੇ ਲਗਾਤਾਰ ਜਸਦੀਪ ਸਿੰਘ ਜੱਸੀ ਅਤੇ ਮੋਨਾ ਸਿੰਘ ਨਾਲ ਦੋਸਤਾਂ, ਰਿਸ਼ਤੇਦਾਰਾਂ, ਅਫਸਰਾਂ ਅਤੇ ਸਹੇਲੀਆਂ ਨੇ ਸੰਪਰਕ ਬਣਾਈ ਰੱਖਿਆ ਹੈ। ਜਿਨਾਂ ਵਿੱਚ ਬਲਜਿੰਦਰ ਸਿੰਘ ਸ਼ੰਮੀ, ਸੋਨੀਆ ਸਿੰਘ, ਅੰਜਨਾ ਬੋਰਡਲੀ, ਰਾਜੀ ਕੌਰ, ਜਨੇਸ਼ਵਰ ਸਿੰਘ, ਆਇਸ਼ਾ ਖਾਨ, ਪੁਸ਼ਪਿੰਦਰ ਸਲੂਜਾ, ਰਾਜ ਗੋਗਨਾ ਸੀਨੀਅਰ ਜਰਨਲਿਸਟ, ਇਮਰਾਨ ਜੀਆ, ਹਰਵਿੰਦਰ ਸਿੰਘ, ਰਾਣਾ ਸ਼ੇਖ, ਜੌਨੀ ਬਸ਼ੀਰ, ਕਾਰਤਿਕ ਡਿਸਾਈ, ਭਾਈ ਸ਼ਵਿੰਦਰ ਸਿੰਘ, ਸੁਪ੍ਰੀਤ ਧਾਮੀ, ਦੀਪਾ ਜੌਹਰ, ਰਾਮ ਸਿੰਘ ਖਾਲਸਾ ਚੇਅਰਮੈਨ, ਨਿਸ਼ਾ ਕੌਰ, ਬਖਸ਼ੀਸ਼ ਸਿੰਘ, ਚਤਰ ਸਿੰਘ, ਕੰਵਲਜੀਤ ਸਿੰਘ ਸੋਨੀ, ਡਾ. ਸੁਖਪਾਲ ਸਿੰਘ ਧਨੋਆ ਨੇ ਆਪਣੇ ਦਿਲਾਂ ਦੀਆਂ ਡੂੰਘਾਈਆਂ ਵਿੱਚੋਂ ਬੇਟੀ ਮਹਿਕ ਸਿੰਘ ਤੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਤੇਜਿੰਦਰ ਸਿੰਘ ਸੀਨੀਅਰ ਤੇ ਵਾਈਟ ਹਾਊਸ ਦੇ ਜਰਨਲਿਸਟ ਨੇ ਕਿਹਾ ਕਿ ਮਹਿਕ ਸਿੰਘ ਸਿੱਖਿਆ ਦੇ ਖੇਤਰ ਵਿੱਚ ਬਹੁਤ ਅਹਿਮ ਹੈ। ਜਿਸਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਉਹ ਉਸਦੇ ਹਿੱਸੇ ਵਿੱਚ ਬਿਹਤਰੀ ਤੇ ਕਾਰਗਰ ਸਾਬਤ ਹੋਵੇਗੀ। ਜਿਸ ਲਈ ਮਹਿਕ ਸਿੰਘ ਤੇ ਸਾਨੂੰ ਮਾਣ ਹੈ। ਹਰਵਿੰਦਰ ਸਿੰਘ ਰਿਹਾੜ ਸੀਨੀਅਰ ਜਰਨਲਿਸਟ ਤੇ ਬਾਜ ਟੀਵੀ ਦੇ ਬਾਨੀ ਨੇ ਕਿਹਾ ਕਿ ਸਾਨੂੰ ਮਹਿਕ ਸਿੰਘ ਦੀਆ ਪ੍ਰਾਪਤੀਆਂ ਤੇ ਮਾਣ ਹੈ। ਜੋ ਨੌਜਵਾਨਾ ਪੀੜੀ ਲਈ ਪ੍ਰੇਰਨਾ ਸਰੋਤ ਹੈ।

# ਮਸਜਿਦ 'ਚ ਜੋੜਿਆਂ ਦੀ ਸੇਵਾ ਕਰ ਰਹੇ ਹਨ ਬਲਜਿੰਦਰ ਸਿੰਘ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਅੰਮ੍ਰਿਤਸਰ ਵਿੱਚ ਖ਼ੈਰੂਦੀਨ ਜਾਮਾ ਮਸਜਿਦ ਵਿੱਚ ਜੁੰਮੇ ਦੀ ਨਮਾਜ਼ ਅਦਾ ਕਰਨ ਆਏ ਨਮਾਜ਼ੀਆਂ ਦੀ ਜੁੱਤੀਆਂ ਸਾਫ਼ ਕਰਦੇ ਹੋਏ ਸਿੱਖ ਬਜ਼ੁਰਗ 60 ਸਾਲ ਦੇ ਬਲਜਿੰਦਰ ਸਿੰਘ। ਉਹ ਹਰ ਸ਼ੁੱਕਰਵਾਰ ਨੂੰ ਜੋੜਿਆਂ ਦੀ ਸੇਵਾ ਉਦੋਂ ਤੱਕ ਕਰਦੇ ਹਨ ਜਦ ਤੱਕ ਨਮਾਜ਼ੀ ਮਸਜਿਦ ਵਿੱਚ ਨਮਾਜ਼ ਅਦਾ ਕਰਦੇ ਹਨ। ਇਸ ਬਾਰੇ ਬਲਜਿੰਦਰ ਸਿੰਘ ਨੇ ਕਿਹਾ ਕਿ ਉਹ ਮਸਜਿਦ ਵਿੱਚ ਸੇਵਾ ਇਸ ਲਈ ਕਰ ਰਹੇ ਹਨ ਤਾਂ ਜੋ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੀ ਸਾਂਝੀਵਾਲਤਾ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

# ਅਫ਼ਗਾਨੀ ਸਿੱਖਾਂ ਤੇ ਹਿੰਦੂਆਂ ਨੂੰ ਭਾਰਤ 'ਚ ਪਨਾਹ ਮਿਲ ਸਕੇਗੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਗੁਰਦੁਆਰਾ ਹਰਿਰਾਇ ਸਾਹਿਬ ਵਿਚ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਉੱਥੇ ਰਹਿ ਰਹੇ ਘੱਟ ਗਿਣਤੀ ਸਿੱਖ ਤੇ ਹਿੰਦੂ ਭਾਈਚਾਰੇ ਵਲੋਂ ਭਾਰਤ ਸਰਕਾਰ ਪਾਸੋਂ ਲਗਾਤਾਰ ਪਨਾਹ ਦਿੱਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਦੇ ਚਲਦਿਆਂ ਭਾਰਤ ਸਰਕਾਰ ਨੇ ਅਫ਼ਗਾਨਿਸਤਾਨ ਵਿਚ ਅੱਤਿਆਚਾਰਾਂ ਦਾ ਸਾਹਮਣਾ ਕਰ ਰਹੇ ਘੱਟ ਗਿਣਤੀਆਂ ਨੂੰ ਪਨਾਹ ਦੇਣ ਦਾ ਫ਼ੈਸਲਾ ਕੀਤਾ ਹੈ। ਉਕਤ ਖੌਫ਼ਜ਼ਦਾ ਪਰਿਵਾਰਾਂ ਦੇ ਲਗਪਗ 650 ਮੈਂਬਰਾਂ ਵਲੋਂ ਆਪਣੇ ਪਾਸਪੋਰਟ ਅਤੇ ਹੋਰਨਾਂ ਦਸਤਾਵੇਜ਼ਾਂ ਬਾਰੇ ਭਾਰਤੀ ਸਫ਼ਾਰਤਖ਼ਾਨੇ ਨੂੰ ਮੁਕੰਮਲ ਜਾਣਕਾਰੀ ਦਿੱਤੀ ਜਾ ਚੁੱਕੀ ਹੈ ਤਾਂ ਕਿ ਉਨ੍ਹਾਂ ਦੇ ਵੀਜ਼ੇ ਨੂੰ ਲੈ ਕੇ ਕਿਸੇ ਪ੍ਰਕਾਰ ਦੀ ਸਮੱਸਿਆ ਨਾ ਆਵੇ। ਸੂਤਰਾਂ ਦੇ ਹਵਾਲੇ ਨਾਲ ਮਿਲੀ ਜਾਣਕਾਰੀ ਅਨੁਸਾਰ 15 ਅਗਸਤ ਤੋਂ ਪਹਿਲਾਂ ਭਾਰਤ ਵਲੋਂ ਅਫ਼ਗਾਨੀ ਹਿੰਦੂ ਤੇ ਸਿੱਖਾਂ ਨੂੰ ਭਾਰਤ ਲਿਆਉਣ ਅਤੇ ਉਨ੍ਹਾਂ ਨੂੰ ਸੁਰੱਖਿਅਤ ਪਨਾਹ ਦੇਣ ਲਈ ਲੋੜੀਂਦੀਆਂ ਰਸਮਾਂ ਪੂਰੀਆਂ ਕਰ ਲਈਆਂ ਜਾਣਗੀਆਂ।

# ਕਾਬੁਲ ਵਿਚ ਅਗਵਾ ਸਿੱਖ ਨਾਬਾਲਗ ਲੜਕੀ ਆਜ਼ਾਦ, ਦੋਸ਼ੀ ਗ੍ਰਿਫ਼ਤਾਰ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਫ਼ਗਾਨਿਸਤਾਨ ਦੇ ਕਾਬੁਲ ਵਿਚ ਅਗਵਾ ਦੱਸੀ ਜਾ ਰਹੀ ਨਾਬਾਲਗ ਸਿੱਖ ਲੜਕੀ ਦੇ ਕਥਿਤ ਅਗਵਾਕਾਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਉਕਤ ਲੜਕੀ ਨੂੰ ਉਸ ਪਾਸੋਂ ਬਰਾਮਦ ਕਰ ਲਿਆ ਹੈ। ਜਾਣਕਾਰੀ ਅਨੁਸਾਰ ਕਾਬੁਲ ਦੇ ਸ਼ੋਰ ਬਾਜ਼ਾਰ ਸਥਿਤ ਗੁਰਦੁਆਰਾ ਸ੍ਰੀਚੰਦ ਦਰਬਾਰ ਵਿਚ 14 ਵਰਿਆਂ ਦੀ ਸਲਮੀਤ ਕੌਰ ਨੂੰ ਉਸ ਦੇ ਮੁਹੱਲੇ ਵਿਚ ਰਹਿੰਦੇ ਇਕ ਮੁਸਲਮਾਨ ਨੌਜਵਾਨ ਨੇ ਕਥਿਤ ਤੌਰ 'ਤੇ ਉਸ ਵੇਲੇ ਅਗਵਾ ਕੀਤਾ ਸੀ, ਜਦੋਂ ਉਹ ਗੁਰਦੁਆਰਾ ਸਾਹਿਬ ਵਿਚ ਸੇਵਾ ਕਰ ਰਹੀ ਸੀ। ਦੱਸਿਆ ਜਾ ਰਿਹਾ ਕਿ ਸਲਮੀਤ ਕੌਰ ਦੇ ਪਿਤਾ ਸੁਰਜਨ ਸਿੰਘ ਦੀ 25 ਅਪ੍ਰੈਲ ਨੂੰ ਗੁਰਦੁਆਰਾ ਹਰਿ ਰਾਏ ਸਾਹਿਬ ਵਿਚ ਹੋਏ ਆਤਮਘਾਤੀ ਅੱਤਵਾਦੀ ਹਮਲੇ ਵਿਚ ਮੌਤ ਹੋ ਗਈ ਸੀ। ਹਮਲੇ ਵਿਚ ਸਲਮੀਨ ਕੌਰ ਤੇ ਉਸ ਦੀ ਮਾਂ ਨੂੰ ਵੀ ਸੱਟਾਂ ਲੱਗੀਆਂ ਸਨ। ਉਕਤ ਗੁਰਦੁਆਰੇ ਦੇ ਨਜ਼ਦੀਕ ਪੀੜਤਾ ਆਪਣੀ ਅੰਨੀ ਮਾਂ ਤੇ ਛੋਟੇ ਭਰਾ ਨਾਲ ਰਹਿ ਰਹੀ ਸੀ।

# ਆਪਣੇ ਪਿੰਡ ਦੇ ਉਜਾੜੇ ਨੂੰ ਰੋਕਣ ਲਈ ਸਰਕਾਰ ਖਿਲਾਫ ਇਕਮੁੱਠ ਹੋਇਆ ਸੇਖੋਵਾਲ ਪਿੰਡ

**- ਸੁਖਵਿੰਦਰ ਸਿੰਘ**

ਪੰਜਾਬ ਸਰਕਾਰ ਵੱਲੋਂ ਜ਼ਬਰਦਸਤੀ ਐਕਵਾਇਰ ਕੀਤੀ ਜਾ ਰਹੀ ਸੇਖੋਵਾਲ ਪਿੰਡ ਦੀ ਜ਼ਮੀਨ ਖਿਲਾਫ ਪਿੰਡ ਨੇ ਸੰਘਰਸ਼ ਕਰਨ ਦਾ ਜਨਤਕ ਐਲਾਨ ਕਰ ਦਿੱਤਾ ਹੈ। ਬੀਤੇ ਕੱਲ ਪਿੰਡ ਸੇਖੋਵਾਲ ਦੀ ਗ੍ਰਾਮ ਸਭਾ ਨੇ ਪਿੰਡ ਦੇ ਪੰਚਾਇਤ ਘਰ ਵਿਚ ਇਕੱਤਰਤਾ ਕਰਕੇ ਡੀਸੀ ਦਫਤਰ ਵਿਖੇ ਜ਼ਮੀਨ ਐਕਵਾਇਰ ਕਰਨ ਲਈ ਪੰਚਾਇਤ ਤੋਂ ਪਵਾਏ ਗਏ ਮਤੇ ਨੂੰ ਰੱਦ ਕਰ ਦਿੱਤਾ ਹੈ। ਇਹ ਗ੍ਰਾਮ ਸਭਾ ਪਿੰਡ ਦੀ ਸਰਪੰਚ ਵੱਲੋਂ ਬੁਲਾਈ ਗਈ ਸੀ, ਜਿਸ ਲਈ 17 ਜੁਲਾਈ ਨੂੰ ਪੰਚਾਇਤ ਸੈਕਟਰੀ ਅਤੇ ਸਬੰਧਤ ਜ਼ਿਲਾ ਅਫਸਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਉਹ ਨਿਯਮਾਂ ਮੁਤਾਬਕ 21 ਜੁਲਾਈ ਨੂੰ ਪਿੰਡ ਸੇਖੋਵਾਲ ਪਹੁੰਚ ਕੇ ਗ੍ਰਾਮ ਸਭਾ ਕਰਾਉਣ। ਪਰ ਬੀਤੇ ਕੱਲ ਕੋਈ ਵੀ ਸੰਬਧਿਤ ਅਫਸਰ ਸੇਖੋਵਾਲ ਪਿੰਡ ਨਹੀਂ ਪਹੁੰਚਿਆ ਅਤੇ ਇਸ ਦੇ ਚਲਦਿਆਂ ਪਿੰਡ ਦੀ ਗ੍ਰਾਮ ਸਭਾ ਨੇ ਨਿਯਮਾਂ ਮੁਤਾਬਕ ਅਫਸਰਾਂ ਦੀ ਗੈਰ-ਹਾਜ਼ਰੀ ਵਿਚ ਸਰਬਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ।

ਗ੍ਰਾਮ ਸਭਾ ਦੇ ਮਤੇ ਵਿਚ ਸਪਸ਼ਟ ਲਿਖਿਆ ਗਿਆ ਹੈ ਕਿ ਪੰਚਾਇਤ ਅਫਸਰ ਨੂੰ ਕਾਰਵਾਈ ਰਜਿਸਟਰ ਲੈ ਕੇ ਪਿੰਡ ਪਹੁੰਚਣ ਲਈ ਕਿਹਾ ਗਿਆ ਸੀ, ਪਰ ਅਫਸਰ ਦੇ ਨਾ ਪਹੁੰਚਣ ਦੇ ਚਲਦਿਆਂ ਪਿੰਡ ਦੀ ਗ੍ਰਾਮ ਸਭਾ ਨੇ ਬਲਬੀਰ ਸਿੰਘ ਪੁੱਤਰ ਪ੍ਰੀਤਮ ਸਿੰਘ ਨੂੰ ਗ੍ਰਾਮ ਸਭਾ ਇਜਲਾਸ ਦੀ ਕਾਰਵਾਈ ਰਿਕਾਰਡ ਕਰਨ ਦਾ ਹੱਕ ਦਿੱਤਾ ਗਿਆ।

ਗ੍ਰਾਮ ਸਭਾ ਦੇ ਮਤੇ ਵਿਚ ਲਿਖਿਆ ਗਿਆ ਕਿ ਪਿੰਡ ਦੀ ਸਰਪੰਚ ਅਮਰੀਕ ਕੌਰ ਦੀ ਪ੍ਰਧਾਨਗੀ ਵਿਚ ਹੋਈ ਇਸ ਗ੍ਰਾਮ ਸਭਾ ਨੂੰ ਪਤਾ ਲੱਗਿਆ ਹੈ ਕਿ ਇੰਡਸਟਰੀਅਲ ਪਾਰਕ ਬਣਾਉਣ ਲਈ ਪਿੰਡ ਸੇਖੋਵਾਲ ਦੀ 407 ਏਕੜ ਜ਼ਮੀਨ

> - ਪਿੰਡ ਦੀ ਸਰਪੰਚ ਵੱਲੋਂ ਬੁਲਾਈ ਗਈ ਗ੍ਰਾਮ ਸਭਾ।
> - ਜ਼ਮੀਨ ਐਕਵਾਇਰ ਕਰਨ ਲਈ ਪੰਚਾਇਤ ਤੋਂ ਪਵਾਏ ਗਏ ਮਤੇ ਨੂੰ ਕੀਤਾ ਰੱਦ।
> - ਜੇਕਰ ਸਰਕਾਰ ਅਤੇ ਸੰਬਧਤ ਅਫਸਰ ਮਤੇ ਨੂੰ ਰੱਦ ਕਰਨ ਸੰਬਧੀ ਕੋਈ ਕਾਰਵਾਈ ਨਹੀਂ ਕਰਦੇ ਤਾਂ ਗ੍ਰਾਮ ਸਭਾ ਪੰਚਾਇਤ ਕਰੇਗੀ ਕਾਨੂੰਨੀ ਕਾਰਵਾਈ।

ਲੈਣ ਵਾਸਤੇ ਬੀਡੀਪੀਓ ਦਫਤਰ ਵਿਚ ਮਤਾ ਪਵਾਇਆ ਗਿਆ ਹੈ। ਮਤੇ ਵਿਚ ਲਿਖਿਆ ਗਿਆ ਕਿ ਜਦੋਂ ਪਿੰਡ ਦੀ ਗ੍ਰਾਮ ਸਭਾ ਵਿਚ ਪੰਚਾਂ ਅਤੇ ਸਰਪੰਚ ਨੂੰ ਇਸ ਬਾਰੇ ਪੁੱਛਿਆ ਗਿਆ ਕਿ ਉਹਨਾਂ ਅਜਿਹਾ ਕੋਈ ਮਤਾ ਪਾਸ ਕੀਤਾ ਹੈ ਤਾਂ ਸਰਪੰਚ ਅਮਰੀਕ ਕੌਰ ਅਤੇ ਪੰਚਾਂ ਨੇ ਕਿਹਾ ਕਿ ਉਹਨਾਂ ਨੂੰ ਅਜਿਹੇ ਕਿਸੇ ਮਤੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇੰਡਸਟਰੀਅਲ ਪਾਰਕ ਬਣਾਉਣ ਦੇ ਸਰਕਾਰੀ ਫੈਸਲੇ ਖਿਲਾਫ ਪਿੰਡ ਦੇ ਲੋਕਾਂ ਨਾਲ ਮੌਜੂਦਾ ਸਰਪੰਚ ਅਤੇ ਸਾਬਕਾ ਸਰਪੰਚ ਅਤੇ ਪੰਚਾਂ ਨੇ ਗ੍ਰਾਮ ਸਭਾ ਨੂੰ ਦੱਸਿਆ ਕਿ ਉਹਨਾਂ ਨੂੰ ਪੰਚਾਇਤ ਸਕੱਤਰ ਨੇ ਕਿਹਾ ਕਿ ਉਹਨਾਂ ਨੂੰ ਬੀਡੀਪੀਓ ਨੇ ਆਪਣੇ ਦਫਤਰ ਬੁਲਾਇਆ ਹੈ। ਪੰਚਾਇਤ ਅਤੇ ਸਰਪੰਚ ਪੰਚਾਇਤ ਸਕੱਤਰ ਦੇ ਕਹਿਣ 'ਤੇ ਬੀਡੀਪੀਓ ਦਫਤਰ ਪਹੁੰਚੇ ਜਿੱਥੋਂ ਬੀਡੀਪੀਓ ਉਹਨਾਂ ਨੂੰ ਨਾਲ ਲੈ ਕੇ ਡੀਸੀ ਦਫਤਰ ਵਿਚ ਗਏ ਅਤੇ ਡੀਸੀ ਸਾਹਬ ਨੇ ਉਹਨਾਂ ਨੂੰ ਕਾਰਵਾਈ ਰਜਿਸਟਰ 'ਤੇ ਦਸਤਖਤ ਕਰਨ ਲਈ ਕਿਹਾ। ਜਦੋਂ ਪੰਚਾਂ ਅਤੇ ਸਰਪੰਚ ਨੇ ਡੀਸੀ ਅਤੇ ਬੀਡੀਪੀਓ ਨੂੰ ਪੁੱਛਿਆ ਕਿ ਇਹ ਮਤਾ ਕਿਸ ਸੰਬਧਤ ਹੈ ਤਾਂ ਡੀਸੀ ਦੇ ਕਹਿਣ 'ਤੇ ਬੀਡੀਪੀਓ ਨੇ ਕਿਹਾ ਕਿ ਇਹ ਮਤਾ ਪਿੰਡ ਦੀ ਭਲਾਈ ਲਈ ਹੈ। ਪੰਚਾਇਤ ਨੇ ਗ੍ਰਾਮ ਸਭਾ ਨੂੰ ਦੱਸਿਆ, 'ਅਸੀਂ ਡੀਸੀ ਅਤੇ ਬੀਡੀਪੀਓ ਉਪਰ ਵਿਸ਼ਵਾਸ ਕਰਕੇ ਮਤੇ ਪਰ ਦਸਤਖਤ ਕਰ ਦਿੱਤੇ। ਇਹ ਮਤਾ ਨਾ ਹੀ ਸਾਡੇ ਸਾਹਮਣੇ ਲਿਖਿਆ ਗਿਆ ਅਤੇ ਨਾ ਹੀ ਸਾਨੂੰ ਪੜ ਕੇ ਸੁਣਾਇਆ ਗਿਆ। ਸਾਨੂੰ ਕਿਸੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਹ ਮਤਾ ਪਿੰਡ ਦੀ ਸ਼ਾਮਲਾਟ ਜ਼ਮੀਨ ਨੂੰ ਇੰਡਸਟਰੀਅਲ ਪਾਰਕ ਬਣਾਉਣ ਲਈ ਤਿਆਰ ਕੀਤਾ ਗਿਆ ਹੈ।'

ਮਤੇ ਵਿਚ ਲਿਖਿਆ ਗਿਆ ਹੈ ਕਿ ਪਿੰਡ ਸੇਖੋਵਾਲ ਦੀ ਸਾਰੀ ਵਸੋਂ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੀ ਹੈ। ਪਿੰਡ ਵਾਸੀ ਇਸ ਜ਼ਮੀਨ ਨੂੰ ਠੇਕੇ ਪਰ ਲੈ ਕੇ ਖੇਤੀ ਕਰਦੇ ਹਨ। ਇਹ ਜ਼ਮੀਨ ਹੀ ਪਿੰਡ ਵਾਸੀਆਂ ਦੀ ਰੋਜ਼ੀ ਰੋਟੀ ਦਾ ਸਾਧਨ ਹੈ। ਇਸ ਪਿੰਡ ਦੇ ਸਾਰੇ ਵਸਨੀਕਾਂ ਦੀ ਕਿਤੇ ਵੀ ਕੋਈ ਨਿਜੀ ਜਾਇਦਾਦ ਨਹੀਂ ਹੈ। ਸਾਰਾ ਪਿੰਡ ਪੰਚਾਇਤ ਦੀ ਲਾਲ ਲਕੀਰ ਅੰਦਰ ਹੀ ਵਸਿਆ ਹੋਇਆ ਹੈ।

ਮਤੇ ਵਿਚ ਦੱਸਿਆ ਗਿਆ ਕਿ ਪਿੰਡ ਦੇ ਵਸਨੀਕਾਂ ਨੇ ਆਪ ਪੈਸੇ ਖਰਚ ਕਰਕੇ ਇਹ ਜ਼ਮੀਨ ਮਾਣਯੋਗ ਸੁਪਰੀਮ ਕੋਰਟ ਤਕ ਕੇਸ ਲੜ ਕੇ ਪੰਚਾਇਤ ਦੇ ਨਾਮ ਕਰਵਾਈ ਹੈ। ਇਹ ਜ਼ਮੀਨ ਪਿੰਡ ਵਾਸੀਆਂ ਨੇ ਅਬਾਦ ਕੀਤੀ ਹੈ। ਜੇਕਰ ਇਸ ਜ਼ਮੀਨ ਵਿਚ ਇੰਡਸਟਰੀਅਲ ਪਾਰਕ ਬਣਦਾ ਹੈ ਤਾਂ ਪਿੰਡ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ।

ਪਿੰਡ ਦੀ ਗ੍ਰਾਮ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਕਿਹਾ ਕਿ ਜਿਹੜਾ ਮਤਾ ਪੰਚਾਇਤ ਵੱਲੋਂ ਪਾਇਆ ਦਿਖਾਇਆ ਗਿਆ ਹੈ ਉਹ ਡੀਸੀ ਦਫਤਰ ਅਤੇ ਬੀਡੀਪੀਓ ਦਫਤਰ ਵੱਲੋਂ ਹੇਰਾ ਫੇਰੀ, ਧੋਖੇ ਅਤੇ ਤੱਥਾਂ ਨੂੰ ਲੁਕਾ ਕੇ ਤਿਆਰ ਕੀਤਾ ਗਿਆ ਹੈ, ਜੋ ਨਾ ਤਾਂ ਸਰਪੰਚ ਅਤੇ ਪੰਚਾਂ ਦੇ ਸਾਹਮਣੇ ਲਿਖਿਆ ਗਿਆ ਹੈ। ਇਸ ਲਈ ਗ੍ਰਾਮ ਪੰਚਾਇਤ ਅਤੇ ਗ੍ਰਾਮ ਸਭਾ ਉਸ ਉਪਰੋਕਤ ਮਤੇ ਨੂੰ ਰੱਦ ਕਰਦੀ ਹੈ ਅਤੇ ਗ੍ਰਾਮ ਸਭਾ ਵਿਚ ਪਏ ਇਸ ਮਤੇ ਦੀਆਂ ਕਾਪੀਆਂ ਸੰਬੰਧਤ ਅਫਸਰਾਂ ਅਤੇ ਸਰਕਾਰ ਨੂੰ ਭੇਜ ਕੇ ਜੋ ਮਤਾ ਹੇਰਾ ਫੇਰੀ, ਧੋਖੇ ਅਤੇ ਤੱਥਾਂ ਨੂੰ ਲੁਕਾ ਕੇ ਤਿਆਰ ਕੀਤਾ ਗਿਆ ਹੈ, ਉਸ ਮਤੇ ਨੂੰ ਰੱਦ ਕਰਨ ਦੀਆਂ ਮੰਗ ਕਰਦੀਆਂ ਹਨ।

ਪਿੰਡ ਦੀ ਗ੍ਰਾਮ ਸਭਾ ਨੇ ਮਤਾ ਪਾ ਕੇ ਮੰਗ ਕੀਤੀ ਕਿ ਪਿੰਡ ਦੀ ਇਹ ਪੰਚਾਇਤੀ ਜ਼ਮੀਨ ਕਿਸੇ ਵੀ ਇੰਡਸਟਰੀਅਲ ਪਾਰਕ ਨੂੰ ਨਾ ਦਿੱਤੀ ਜਾਵੇ।

ਮਤੇ ਵਿਚ ਐਲਾਨ ਕੀਤਾ ਗਿਆ ਕਿ ਜੇਕਰ ਸਰਕਾਰ ਅਤੇ ਸੰਬਧਤ ਅਫਸਰ ਉਸ ਮਤੇ ਨੂੰ ਰੱਦ ਕਰਨ ਸੰਬਧੀ ਕੋਈ ਕਾਰਵਾਈ ਨਹੀਂ ਕਰਦੇ ਤਾਂ ਗ੍ਰਾਮ ਸਭਾ ਪੰਚਾਇਤ ਇਸ ਸਬੰਧੀ ਕਾਨੂੰਨੀ ਕਾਰਵਾਈ ਕਰੇਗੀ।

ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਐਕਵਾਇਰ ਕੀਤੀ ਜਾ ਰਹੀ ਇਹ ਪਿੰਡ ਸੇਖੋਵਾਲ ਦੀ ਜ਼ਮੀਨ ਜਿੱਥੇ ਇਕ ਪਾਸੇ ਮੱਤੇਵਾੜਾ ਜੰਗਲ ਨਾਲ ਲਗਦੀ ਹੈ ਉੱਥੇ ਦੂਜੇ ਪਾਸੇ ਸਤਲੁੱਜ ਦਰਿਆ ਨਾਲ ਲਗਦੀ ਹੈ।

## ਦੱਰਿਆਂ ਤੇ ਦਰਿਆਵਾਂ ਸੰਗ - 12

# ਚੰਦਰਮਾ ਦੀ ਧਰਤੀ 'ਤੇ



- ਪ੍ਰੀਤਮ ਰੁਪਾਲ

ਸਿੰਧ ਵਾਦੀ ਵਿਚੋਂ ਨਿਕਲ ਕੇ ਜ਼ਾਂਸਕਰ ਰੇਂਜ ਦੀਆਂ ਪਥਰੀਲੀਆਂ ਅਤੇ ਰੇਤ ਦੇ ਮਿਸ਼ਰਣ ਵਾਲੀਆਂ ਪਹਾੜੀਆਂ 'ਤੇ ਉਪਰ ਵੱਲ ਜਾਂਦਿਆਂ ਇਸ ਤਰਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਬ੍ਰਹਿਮੰਡ ਵਿਚ ਕਿਸੇ ਪੁਲਾੜ ਵਾਹਨ ਦੀ ਸਵਾਰੀ ਕਰ ਰਹੇ ਹੋਈਏ। ਸਿੰਧ ਦਰਿਆ ਬਹੁਤ ਹੇਠਾਂ ਰਹਿ ਗਿਆ ਸੀ ਜੋ ਇਕ ਛੋਟੇ ਨਾਲੇ ਵਾਂਗ ਜਾਪਦਾ ਸੀ। ਹੌਲੀ ਹੌਲੀ ਵਾਦੀ ਵਿਚ ਹਨੇਰਾ ਪਸਰਨਾ ਸ਼ੁਰੂ ਹੋ ਗਿਆ ਪਰ ਜ਼ਾਂਸਕਰ ਦੀਆਂ ਪਹਾੜੀਆਂ 'ਤੇ ਧੁੱਪ ਚਮਕ ਰਹੀ ਸੀ। ਸਾਡੀਆਂ ਜੀਪਾਂ ਘੁੰਮਣ ਘੇਰੀ ਵਿਚ ਉਪਰ ਹੀ ਉਪਰ ਜਾ ਰਹੀਆਂ ਸਨ ਤੇ ਪਹਾੜੀ ਦਾ ਸਿਖਰ ਹੋਰ ਉਚਾ ਹੁੰਦਾ ਜਾ ਰਿਹਾ ਸੀ।

ਅਸੀਂ ਆਪਣੀ ਗੱਲਾਂ ਦੇ ਨਾਲ ਨਾਲ ਆਲੇ ਦੁਆਲੇ ਦੀਆਂ ਚੋਟੀਆਂ ਨਿਹਾਰ ਰਹੇ ਸਾਂ। ਰੋਹਿਤ ਨੇ ਡਰਾਈਵਰ ਨੂੰ ਗੱਡੀ ਰੋਕਣ ਲਈ ਇਸ਼ਾਰਾ ਕੀਤਾ ਅਤੇ ਸਾਡਾ ਧਿਆਨ ਬਾਹਰ ਇਕ ਪਹਾੜੀ ਦੀ ਨੁੱਕਰ 'ਤੇ ਖੜੀ ਲਾਲ ਲੂੰਬੜੀ ਵੱਲ ਦੁਆਇਆ। ਹਲਕੇ ਲਾਲ ਭੂਰੇ ਰੰਗ ਦੀ ਇਸ ਲੂੰਬੜੀ ਦਾ ਮੂੰਹ ਦੂਜੇ ਪਾਸੇ ਹੋਣ ਕਰਕੇ ਉਸ ਦਾ ਸਾਡੇ ਵੱਲ ਧਿਆਨ ਨਹੀਂ ਸੀ ਅਤੇ ਅਸੀਂ ਉਸ ਦੇ ਬਿਲਕੁਲ ਨੇੜੇ ਚਲੇ ਗਏ। ਜ਼ਾਂਸਕਰ ਤੇ ਲੱਦਾਖ ਦੀਆਂ ਪਹਾੜੀਆਂ ਦਾ ਇਹ ਜੰਗਲੀ ਜਾਨਵਰ ਸੈਲਾਨੀਆਂ ਨੂੰ ਘੱਟ ਹੀ ਵਿਖਾਈ ਦਿੰਦਾ ਹੈ। ਉਂਝ ਵੀ ਇਹ ਦੁਰਲੱਭ ਜਾਨਵਰ ਹੈ ਜਿਸ ਦੇ ਸ਼ਿਕਾਰ ਕਰਨ ਜਾਂ ਫੜਨ 'ਤੇ ਪਾਬੰਦੀ ਲੱਗੀ ਹੋਈ ਹੈ। ਜਿਉਂ ਹੀ ਉਸ ਨੇ ਸਾਡੇ ਵੱਲ ਵੇਖਿਆ ਉਹ ਛਾਲ ਮਾਰ ਕੇ ਪਹਾੜੀ ਦੇ ਓਹਲੇ ਚਲੀ ਗਈ।

ਸਾਡੇ ਲੂੰਬੜੀ ਵੇਖਦਿਆਂ ਵੇਖਦਿਆਂ ਦੂਜੀਆਂ ਜੀਪਾਂ ਸਾਥੋਂ ਅੱਗੇ ਲੰਘ ਗਈਆਂ। ਅਸੀਂ ਆਪਣੀ ਜੀਪ ਵਿਚ ਬੈਠ ਕੇ ਉਨਾਂ ਦਾ ਪਿੱਛਾ ਕਰਨ ਲੱਗੇ। ਅੱਗੇ ਜਾ ਕੇ ਸਾਡੇ ਮੂਹਰਲੀਆਂ ਜੀਪਾਂ ਰੁਕ ਗਈਆਂ। ਲਾਲ ਜੀਪ ਵਿਚੋਂ ਫੋਟੋਗ੍ਰਾਫਰ ਪੰਕਜ ਅਤੇ ਤਲਵਾੜ ਉਤਰੇ ਅਤੇ ਉਨਾਂ ਪਹਾੜੀ ਤੋਂ ਹੇਠਾਂ ਇਕ ਵਾਦੀ ਵੱਲ ਕੈਮਰੇ ਸੇਧ ਲਏ। ਅਸੀਂ ਵੀ ਆਪਣੀ ਜੀਪ ਰੋਕੀ ਅਤੇ ਪਹਾੜੀ ਤੋਂ ਹੇਠਾਂ ਉਤਰ ਗਏ। ਹੇਠਲੀ ਵਾਦੀ ਵਿਚ ਬਹੁਤ ਹੀ ਸੁੰਦਰ ਅਤੇ ਅਦਭੁਤ ਦ੍ਰਿਸ਼ ਨਜ਼ਰ ਆ ਰਿਹਾ ਸੀ। ਇਹ ਨਜ਼ਾਰਾ ਇੰਨਾ ਦਿਲਕਸ਼ ਸੀ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਪਹਾੜਾਂ ਅਤੇ ਮਿੱਟੀ ਦੀ ਬਣਤਰ ਇਸ ਤਰਾਂ ਦੀ ਸੀ ਕਿ ਸਲੇਟੀ ਪਥਰੀਲੀਆਂ ਪਹਾੜੀਆਂ ਵਿਚ ਭੂਰੇ ਚਿੱਟੇ ਰੰਗ ਦੀਆਂ ਨਿੱਕੀਆਂ ਨਿੱਕੀਆਂ ਪਹਾੜੀਆਂ ਸਨ। ਭੂਗੋਲ ਦੇ ਮਾਹਿਰਾਂ ਨੇ ਇਸ ਸਥਾਨ ਨੂੰ ਚੰਦਰਮਾ ਦੀ ਧਰਤੀ (ਮੂਨ ਲੈਂਡ) ਦਾ ਨਾਂ ਦਿਤਾ ਹੈ। ਜਿਸ ਤਰਾਂ ਚੰਦ ਵਿਚ ਹਲਕੇ ਸਲੇਟੀ ਜਿਹੇ ਧੱਬੇ ਵਿਖਾਈ ਦਿੰਦੇ ਹਨ ਉਸੇ ਤਰਾਂ ਦਾ ਨਜ਼ਾਰਾ ਇਥੇ ਸੀ। ਪਹਿਲੀ ਨਜ਼ਰੇ ਇਥੇ ਬਰਫ ਪਈ ਹੋਣ ਦਾ ਭੁਲੇਖਾ ਪੈਂਦਾ ਹੈ ਪਰ ਗਹੁ ਨਾਲ ਵੇਖਿਆਂ ਹਲਕੇ ਭੂਰੇ ਤੇ ਸਫੇਦ ਰੰਗ ਦੀਆਂ ਪਹਾੜੀਆਂ ਸਾਫ ਦਿਸਦੀਆਂ ਹਨ। ਸਾਡੇ ਸਾਥੀ ਫੋਟੋਗ੍ਰਾਫਰਾਂ ਨੇ ਇਹ ਦ੍ਰਿਸ਼ ਆਪਣੇ ਕੈਮਰੇ ਵਿਚ ਬੰਦ ਕੀਤੇ ਤੇ ਅਸੀਂ ਅੱਗੇ ਚੱਲ ਪਏ।

ਸੂਰਜ ਅਸਤ ਹੋ ਚੁੱਕਾ ਸੀ ਪਰ ਅਜੇ ਹਨੇਰਾ ਨਹੀਂ ਸੀ ਉਤਰਿਆ ਜਦ ਅਸੀਂ ਇਸ ਪਹਾੜੀ ਸੜਕ 'ਤੇ ਸਥਿਤ ਬੋਧੀ ਸਥਾਨ, ਲਾਮਾਯਾਰੂ ਪਹੁੰਚ ਗਏ। ਇਹ ਇਕ ਪ੍ਰਸਿੱਧ ਬੋਧੀ ਕੇਂਦਰ ਹੈ ਜਿਥੇ ਬੋਧੀ ਮੱਠ ਤੋਂ ਇਲਾਵਾ ਕੁਝ ਘਰ ਵੀ ਹਨ। ਇਥੋਂ ਫਿਰ ਅਸੀਂ ਆਪਣੀ ਜੀਪ ਅੱਗੇ ਲਾ ਲਈ। ਹੁਣ ਹਨੇਰਾ ਹੋ ਚੁੱਕਾ ਸੀ ਅਤੇ ਗੱਡੀਆਂ ਦੀਆਂ ਬੱਤੀਆਂ ਜਗ ਚੁੱਕੀਆਂ ਸਨ। ਸਾਡੇ ਡਰਾਈਵਰ ਤਰਸੇਮ ਨੇ ਗੱਡੀ ਦੀ ਕੈਸਟ ਪਲੇਅਰ 'ਤੇ ਗੁਰਬਾਣੀ ਕੀਰਤਨ ਦੀ ਕੈਸਟ ਲਾਈ ਹੋਈ ਸੀ। ਇੰਨੇ ਇਸ ਪਹਾੜੀ ਦਾ ਸਿਖਰ ਫਾਤੂ ਲਾ ਆ ਗਿਆ। ਇਸ ਦੱਰੇ ਉਪਰ ਫੌਜ ਦਾ ਪਹਿਰਾ ਸੀ ਅਤੇ ਇਥੋਂ ਇਕ ਸੜਕ ਸੱਜੇ ਪਾਸੇ ਵੱਲ ਮੁੜਦੀ ਸੀ ਜੋ ਛੋਟੀ ਸੜਕ ਸੀ ਸ਼ਾਇਦ ਫੌਜ ਵਲੋਂ ਬਣਾਈ ਗਈ ਹੋਵੇ। ਜੰਮੂ ਕਸ਼ਮੀਰ ਦਾ ਇਹ ਇਲਾਕਾ ਰਣਨੀਤਕ ਦ੍ਰਿਸ਼ਟੀਕੋਣ ਤੋਂ ਕਾਫੀ ਅਹਿਮ ਹੈ ਕਿਉਂਕਿ ਅਸਲ ਕੰਟਰੋਲ ਰੇਖਾ ਤੋਂ ਭਾਰਤ ਦੇ ਅਧਿਕਾਰ ਹੇਠਲੇ ਇਲਾਕੇ ਵਿਚ ਇਹ ਉਚਾ ਪਹਾੜੀ ਸਥਾਨ ਹੈ। ਸਿੰਧ ਦਰਿਆ ਦੇ ਨਾਲ ਦਾਹ ਤੋਂ ਅੱਗੇ ਉਚੇਰੀਆਂ ਪਹਾੜੀਆਂ ਬਾਲਤੀਸਤਾਨ ਇਲਾਕੇ ਵਿਚ ਪੈਂਦੀਆਂ ਹਨ ਜੋ ਮਕਬੂਜ਼ਾ ਕਸ਼ਮੀਰ ਵਿਚ ਹੈ ਜਿਥੇ ਹੁਣ ਪਾਕਿਸਤਾਨ ਦਾ ਕਬਜ਼ਾ ਹੈ। ਸਰਹੱਦੀ ਰਾਖੀ ਅਤੇ ਯੁੱਧ ਕਲਾ ਦੇ ਨਜ਼ਰੀਏ ਤੋਂ ਇਹ ਸੜਕ ਅਤੇ ਇਸ ਉਪਰ ਪੈਂਦੇ ਪਹਾੜੀ ਦੱਰੇ ਬਹੁਤ ਹੀ ਮਹੱਤਵਪੂਰਨ ਹਨ।




ਫਾਤੂ ਲਾ ਲੰਘ ਕੇ ਫਿਰ ਉਤਰਾਈ ਸ਼ੁਰੂ ਹੋ ਗਈ। ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਇਹ ਪਹਾੜੀ ਘੁੰਮਣਘੇਰੀ ਇਸ ਲਈ ਕੁਝ ਡਰਾਉਣੀ ਜਾਪਦੀ ਸੀ ਕਿਉਂਕਿ ਇਥੇ ਕੋਈ ਦਰਖ਼ਤ ਜਾਂ ਬਨਸਪਤੀ ਨਾ ਹੋਣ ਕਾਰਨ ਸੜਕ ਦੇ ਵਲ ਵਲੇਵੇਂ ਹੇਠਾਂ ਘਾਟੀ ਤਕ ਨਜ਼ਰ ਆਉਂਦੇ ਸਨ। ਭਾਵੇਂ ਇਸ ਸੜਕ 'ਤੇ ਟਾਵੀਆਂ ਟਾਵੀਆਂ ਗੱਡੀਆਂ ਚੱਲ ਰਹੀਆਂ ਸਨ ਪਰ ਜਦੋਂ ਕੋਈ ਟਰੱਕ ਜਾਂ ਫੌਜੀ ਗੱਡੀ ਲਾਗਿਓਂ ਲੰਘਦੀ ਤਾਂ ਬੜੀ ਮੁਸ਼ਕਲ ਨਾਲ ਕਰਾਸ ਕਰਦੀ। ਕਈ ਵਾਰ ਸਾਨੂੰ ਜਾਂ ਸਾਹਮਣਿਓਂ ਆ ਰਹੇ ਵਾਹਨ ਨੂੰ ਕੁਝ ਮੀਟਰ ਪਿੱਛੇ ਸਰਕਣਾ ਪੈਂਦਾ।

ਬੋਧ ਖਾਰਬੂ ਪਹੁੰਚਦਿਆਂ ਸਾਨੂੰ ਕਾਫੀ ਹਨੇਰਾ ਹੋ ਚੁੱਕਾ ਸੀ। ਇਥੇ ਸੜਕ ਉਪਰ ਫੌਜੀ ਨਾਕਾ ਲੱਗਿਆ ਹੋਇਆ ਸੀ। ਇਥੇ ਵੀ ਗੱਡੀਆਂ ਦੀ ਐਂਟਰੀ ਕੀਤੀ ਗਈ। ਬੋਧ ਖਾਰਬੂ ਕਾਫੀ ਵੱਡਾ ਫੌਜੀ ਕੇਂਦਰ ਹੈ। ਭਾਵੇਂ ਇਥੇ ਪੂਰੀ ਛਾਉਣੀ ਨਹੀਂ ਪਰ ਫੌਜੀਆਂ ਦਾ ਟਰਾਂਜ਼ਿਟ ਕੈਂਪ ਹੈ। ਲੱਦਾਖ ਸੈਕਟਰ ਵਿਚ ਤੈਨਾਤ ਹੋਣ ਵਾਲੀਆਂ ਯੂਨਿਟਾਂ ਜੋ ਸੜਕ ਦੇ ਰਸਤੇ ਜਾਂਦੀਆਂ ਹਨ ਇਥੇ ਕੁਝ ਦਿਨ ਰੁਕ ਕੇ ਵਿਸ਼ਰਾਮ ਕਰਦੀਆਂ ਹਨ। ਫੌਜੀ ਜਵਾਨਾਂ ਨੂੰ ਉੱਚੇ ਪਹਾੜੀ ਜਲਵਾਯੂ ਅਨੁਸਾਰ ਢਾਲਣ ਲਈ ਇਹ ਕੇਂਦਰ ਬਣਾਇਆ ਗਿਆ ਹੈ। ਇਥੇ ਇਕ ਪੈਟਰੋਲ ਪੰਪ ਵੀ ਹੈ ਜੋ ਫੌਜ ਵਲੋਂ ਹੀ ਚਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੀ.ਐਸ.ਡੀ. ਕੰਟੀਨ ਅਤੇ ਹੋਰ ਸਹੂਲਤਾਂ ਮੌਜੂਦ ਹਨ। ਫੌਜੀਆਂ ਦੀ ਠਹਿਰ ਹੋਣ ਕਾਰਨ ਛਾਉਣੀ ਤੋਂ ਬਾਹਰ ਸੜਕ ਉਪਰ ਕਈ ਪ੍ਰਾਈਵੇਟ ਦੁਕਾਨਾਂ ਅਤੇ ਢਾਬੇ ਵਗੈਰਾ ਵੀ ਖੁੱਲ ਗਏ ਹਨ। ਮੋਟਰ ਗੱਡੀਆਂ ਦੀ ਐਂਟਰੀ ਹੋਣ ਕਾਰਨ ਇਥੇ ਸੈਲਾਨੀ ਵੀ ਰੁਕ ਜਾਂਦੇ ਹਨ ਅਤੇ ਚਾਹ ਪਾਣੀ ਪੀਂਦੇ ਹਨ।

ਬੋਧ ਖਾਰਬੂ ਟਰਾਂਜ਼ਿਟ ਕੈਂਪ ਤੋਂ ਥੋੜਾ ਹੀ ਅੱਗੇ ਗਏ ਸਾਂ ਅਚਾਨਕ ਸੜਕ 'ਤੇ ਜਾਮ ਲੱਗਣਾ ਸ਼ੁਰੂ ਹੋ ਗਿਆ। ਅਸੀਂ ਇਕ ਫੌਜੀ ਗੱਡੀ ਅਤੇ ਦੋ ਟਰੱਕਾਂ ਨੂੰ ਓਵਰਟੇਕ ਕੀਤਾ। ਖੰਗਰਲ ਪਿੰਡ ਕੋਲ ਪੁੱਜੇ ਹੀ ਸਾਂ ਸਾਡੇ ਅੱਗੇ ਜੀਪਾਂ ਕਾਰਾਂ ਅਤੇ ਟਰੱਕਾਂ ਦੀ ਕਤਾਰ ਲੱਗੀ ਹੋਈ ਸੀ। ਜੀਪ ਵਿਚੋਂ ਉਤਰ ਕੇ ਪੁੱਛਣ 'ਤੇ ਪਤਾ ਲੱਗਾ ਕਿ ਕੱਲ ਇਥੇ ਭਾਰੀ ਮੀਂਹ ਪੈਣ ਕਾਰਨ ਪੂਰੀ ਪਹਾੜੀ ਖਿਸਕ ਕੇ ਸੜਕ ਦੇ ਉਪਰ ਆ ਗਈ ਹੈ। ਰਸਤਾ ਬੰਦ ਹੋਣ ਦੀ ਪੁਸ਼ਟੀ ਹੋ ਚੁੱਕੀ ਸੀ ਤੇ ਸਾਡੀ ਅੱਜ ਕਰਗਿਲ ਪਹੁੰਚਣ ਦੀ ਸਕੀਮ ਧਰੀ ਧਰਾਈ ਰਹਿ ਗਈ।

ਸੜਕ ਦੇ ਉਪਰ ਹੀ ਖੰਗਰਲ ਪਿੰਡ ਦਾ ਪੰਚਾਇਤ ਘਰ ਸੀ। ਦੀਪਕ ਨੇ ਚੌਕੀਦਾਰ ਨਾਲ ਰਾਬਤਾ ਕਾਇਮ ਕੀਤਾ। ਉਹ ਸਾਨੂੰ ਇਕ ਕਮਰਾ ਦੇਣਾ ਮੰਨ ਗਿਆ ਜੋ ਅਜੇ ਬਣ ਰਿਹਾ ਸੀ। ਕਮਰਾ ਭਾਵੇਂ ਤਿਆਰ ਸੀ ਪਰ ਇਸ ਦੀਆਂ ਬਾਰੀਆਂ ਵਗੈਰਾ ਲੱਗਣੀਆਂ ਰਹਿੰਦੀਆਂ ਸਨ। ਅਸੀਂ ਕਮਰੇ ਵਿਚ ਹੀ ਆਪਣੀ ਰਸੋਈ ਕਰ ਲਈ। ਚੌਕੀਦਾਰ ਭਲਾ ਪੁਰਸ਼ ਸੀ ਉਸ ਨੇ ਸਾਨੂੰ ਖਾਣਾ ਪਕਾਉਣ ਲਈ ਪਾਣੀ ਦੀਆਂ ਦੋ ਬਾਲਟੀਆਂ ਵੀ ਲਿਆ ਕੇ ਦਿਤੀਆਂ। ਸਾਡਾ ਧੋਤੀ ਮੂੰਗੀ ਅਤੇ ਉਬਲੇ ਚੌਲਾਂ ਦਾ ਮੀਨੂ ਤਿਆਰ ਸੀ।

ਇਕ ਵਾਰ ਤਾਂ ਸਾਰੇ ਮਾਯੂਸ ਹੋ ਗਏ ਸਨ ਪਰ ਕੁਦਰਤ ਅੱਗੇ ਕਿਹੜਾ ਅੜੇ। ਹੌਲੀ ਹੌਲੀ ਸਾਰਿਆਂ ਨੇ ਪੰਚਾਇਤ ਘਰ ਦੀ ਮਹਿਮਾਨ ਨਿਵਾਜ਼ੀ ਅਤੇ ਖੁੱਲੇ ਪਹਾੜੀ ਮਹੌਲ ਨੂੰ ਮਾਣਨਾ ਸ਼ੁਰੂ ਕਰ ਦਿਤਾ। ਰਮ ਦੀ ਬੋਤਲ ਖੁੱਲ ਚੁੱਕੀ ਸੀ। ਸਟੀਲ ਦੇ ਗਿਲਾਸ ਖੜਕ ਰਹੇ ਸਨ।



ਅੰਮ੍ਰਿਤਸਰ ਟਾਈਮਜ਼ AMRITSAR TIMES

22 ਜੁਲਾਈ 2020 ਤੋਂ 28 ਜੁਲਾਈ 2020

# ਅਸਹਿਮਤੀ ਨੂੰ ਜਬਰ ਨਾਲ ਨਹੀਂ ਬਲਕਿ ਸੁਹਿਰਦਤਾ ਨਾਲ ਹੀ ਨਜਿੱਠਿਆ ਜਾ ਸਕਦੈ...

ਬਿਨਾ ਸ਼ੱਕ ਕਿਸੇ ਢਾਂਚੇ ਨੂੰ ਚਲਾਉਣ ਲਈ ਕੁਝ ਨਿਯਮ ਬਣਾਉਣੇ ਅਤੇ ਲਾਗੂ ਕਰਨੇ ਲਾਜ਼ਮੀ ਹੁੰਦੇ ਹਨ ਨਹੀਂ ਕੋਈ ਢਾਂਚਾ ਸਹੀ ਤਰੀਕੇ ਚੱਲ ਨਹੀਂ ਸਕਦਾ ਹੁੰਦਾ। ਪਰ ਨਿਯਮ ਬਣਾਉਣ ਜਾਂ ਲਾਗੂ ਕਰਨ ਵੇਲੇ ਜਿੱਥੇ ਓਹਦੇ ਸਾਰੇ ਪੱਖ ਵੇਖਣੇ ਜਰੂਰੀ ਹੁੰਦੇ ਹਨ ਉੱਥੇ ਉਸ ਨਿਯਮ ਜਾਂ ਕਨੂੰਨ ਦੀ ਦੁਰਵਰਤੋਂ ਦਾ ਵੀ ਧਿਆਨ ਰੱਖਣਾ ਲਾਜ਼ਮੀ ਹੋ ਜਾਂਦਾ ਹੈ। ਕਨੂੰਨ ਲਾਗੂ ਕਰਨ ਵਾਲਿਆਂ ਦੀ ਇਹ ਅਹਿਮ ਜਿੰਮੇਵਾਰੀ ਬਣ ਜਾਂਦੀ ਹੈ। ਪਰ ਜੇਕਰ ਕਨੂੰਨ ਬਣਾਏ ਹੀ ਇਸ ਮਨਸ਼ਾ ਨਾਲ ਜਾਣ ਕਿ ਉਹਨਾਂ ਦੀ ਦੁਰਵਰਤੋਂ ਲੋੜ ਅਨੁਸਾਰ ਕਿਸੇ ਖਾਸ ਧਿਰ, ਕੌਮ ਜਾਂ ਵਿਚਾਰਧਾਰਾ ਲਈ ਕੀਤੀ ਜਾ ਸਕੇ ਤਾਂ ਉਹ ਕਨੂੰਨ ਪਤਾ ਨਹੀਂ ਕਿੰਨੇ ਕੁ ਬੇਕਸੂਰਾਂ ਦੀ ਬਲੀ ਲੈ ਜਾਂਦੇ ਹਨ। ਇਸ ਤਰਾਂ ਹੋਣ ਨਾਲ ਕਿਸੇ ਵੀ ਸਮਾਜ ਵਿੱਚ ਸ਼ਾਂਤੀ ਨਹੀਂ ਰਹਿ ਸਕਦੀ, ਸਹਿਹੋਂਦ ਦਾ ਆਧਾਰ ਡਰ ਜਾਂ ਧੱਕਾ ਨਹੀਂ ਹੋ ਸਕਦਾ, ਕੋਈ ਵੇਲਾ ਬਣਦਾ ਹੈ ਜਦੋਂ ਉਹ ਉਸ ਧੱਕੇ ਖਿਲਾਫ ਡਟ ਜਾਂਦਾ ਹੈ।

ਸਮੇਂ ਸਮੇਂ ਤੇ ਸਰਕਾਰਾਂ ਦੁਆਰਾ ਅਜਿਹੇ ਕਨੂੰਨ ਬਣਾਏ ਅਤੇ ਰੱਦ ਕੀਤੇ ਜਾਂਦੇ ਹਨ। ਕਦੀ 'ਟਾਡਾ', ਕਦੀ 'ਪੋਟਾ', ਹੁਣ 'ਯੂਏਪੀਏ' ਅਤੇ ਅਗਾਂਹ ਕੋਈ ਹੋਰ ਬਣਾ ਲਿਆ ਜਾਵੇਗਾ। ਅਜਿਹੇ ਕਨੂੰਨ ਰਾਹੀਂ ਜਦੋਂ ਵੀ ਬੇਕਸੂਰਾਂ ਨਾਲ ਧੱਕਾ ਹੁੰਦਾ ਹੈ ਤਾਂ ਇਹ ਅਕਸਰ ਹੀ ਸਵਾਲਾਂ ਦੇ ਘੇਰੇ ਚ ਆ ਜਾਂਦੇ ਹਨ। ਇਨੀ ਦਿਨੀ ਪੰਜਾਬ ਵਿਚ 'ਯੂਏਪੀਏ' ਤਹਿਤ ਹੋ ਰਹੀਆਂ ਗ੍ਰਿਫਤਾਰੀਆਂ ਵਿਰੁੱਧ ਫਿਰ ਤੋਂ ਆਵਾਜ਼ ਉੱਠ ਰਹੀ ਹੈ, ਜੋ ਕਿ ਸੁਭਾਵਿਕ ਹੈ। ਵੱਖ ਵੱਖ ਸ਼ਖਸੀਅਤਾਂ ਅਤੇ ਜਥੇਬੰਦੀਆਂ ਇਸ ਕਨੂੰਨ ਖਿਲਾਫ ਅਤੇ ਮਜਲੂਮਾਂ ਦੇ ਹੱਕ ਚ ਆਪਣੀ ਅਵਾਜ਼ ਬੁਲੰਦ ਕਰ ਰਹੀਆਂ ਹਨ। ਕੋਈ ਕਨੂੰਨ ਜਦੋਂ ਇਸ ਤਰਾਂ ਦੀ ਖੁੱਲ ਦੇ ਦਿੰਦਾ ਹੈ ਕਿ ਕਿਸੇ ਨੂੰ ਵੀ ਬਿਨਾ ਦੋਸ਼ ਸਾਬਤ ਕੀਤੇ ਅੱਤਵਾਦੀ ਐਲਾਨਿਆ ਜਾ ਸਕਦਾ ਹੈ, ਕਿਸੇ ਨੂੰ ਵੀ ਅਪਰਾਧੀ ਸਾਬਤ ਕਰਨ ਦੀ ਬਹੁਤੀ ਲੋੜ ਨਹੀਂ ਸਗੋਂ ਉਲਟਾ ਅਗਲੇ ਨੂੰ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨਾ ਹੈ, ਕਿਸੇ ਤੇ ਵੀ ਇਹ ਦੋਸ਼ ਲਾਓ ਕਿ ਇਹ ਕੋਈ ਅਪਰਾਧ ਕਰ ਸਕਦਾ ਹੈ ਜਾਂ ਕਰਨ ਦੇ ਇਰਾਦੇ ਰੱਖਦਾ ਹੈ ਤੇ ਓਹਨੂੰ ਜੇਲ ਵਿੱਚ ਸੁੱਟ ਦਿਓ ਤਾਂ ਕਿੰਨਾ ਸੌਖਾ ਹੈ ਕਿਸੇ ਵੀ ਬੇਈਮਾਨ ਤੇ ਸੌੜੀ ਬਿਰਤੀ ਦੇ ਮਨੁੱਖ ਲਈ ਅਜਿਹੇ ਕਨੂੰਨ ਦੀ ਦੁਰਵਰਤੋਂ ਕਰਨਾ। ਜਿਹੜੀ ਬਿਰਤੀ ਕਰਫਿਊ ਦੌਰਾਨ ਕੁੱਟਣ ਦੀ ਮਿਲੀ ਖੁੱਲ ਦਾ ਲਾਹਾ ਲੈ ਕੇ ਬੱਚੇ, ਬੁੱਢੇ ਅਤੇ ਬੀਬੀਆਂ ਨੂੰ ਜਲੀਲ ਕਰ ਸਕਦੀ ਹੈ, ਜਿਹੜੀ ਬਿਰਤੀ ਤਰੱਕੀਆਂ ਦੇ ਨਸ਼ੇ 'ਚ ਨੌਜਵਾਨੀ ਦਾ ਘਾਣ ਕਰ ਸਕਦੀ ਹੈ ਉਹ ਇਸ ਤਰਾਂ ਦੇ ਕਨੂੰਨਾਂ ਦਾ ਕਿਉਂ ਨੀ ਲਾਹਾ ਲਵੇਗੀ? ਸਿਰਫ ਇਹ ਬਿਰਤੀ ਹੀ ਨਹੀਂ, ਜਿੰਨਾਂ ਨੇ ਇਹਨਾਂ ਰਾਹੀਂ ਇਹ ਕਾਰਜ ਕਰਨਾ ਹੈ ਉਹ ਮਨ ਆਈਆਂ ਕਿਉਂ ਨਹੀਂ ਕਰਨਗੇ, ਇਹਦੀ ਕੀ ਤਸੱਲੀ ਹੈ? ਕਨੂੰਨ ਕੋਈ ਇਲਾਹੀ ਫੁਰਮਾਨ ਨਹੀਂ, ਇਹ ਕੁਝ ਬੰਦਿਆਂ ਦੁਆਰਾ ਤੈਅ ਕੀਤੇ ਨਿਯਮ ਹੀ ਹੁੰਦੇ ਹਨ। ਨਿਯਮ ਘਾੜੇ ਜੇ ਕਿਸੇ ਵਿਚਾਰ ਨਾਲ ਸਹਿਮਤ ਨਹੀਂ ਤਾਂ ਬਾਕੀਆਂ ਉੱਤੇ ਵੀ ਉਹ ਨਿਯਮ ਥੋਪਣਾ ਕਿੰਨਾ ਕੁ ਸਹੀ ਹੈ? ਕੋਈ ਨਿੱਜੀ ਤੌਰ ਤੇ ਕੋਈ ਵੀ ਵਿਚਾਰ ਰੱਖ ਸਕਦਾ ਹੈ ਜਾ ਕਿਸੇ ਦੇ ਵਿਚਾਰ ਨਾਲ ਸਹਿਮਤੀ ਪ੍ਰਗਟ ਕਰ ਸਕਦਾ ਹੈ ਪਰ ਇਸ ਤਰਾਂ ਕਰਨ ਨੂੰ ਇਕ ਪਾਪ ਬਣਾ ਕੇ ਪੇਸ਼ ਕੀਤਾ ਜਾਣਾ ਬਹੁਤ ਮਾੜੀ ਗੱਲ ਹੈ। ਤਾਕਤ ਦੇ ਨਸ਼ੇ ਚ ਅਜਿਹੀਆਂ ਗੱਲਾਂ ਮਨਾਉਣੀਆਂ ਬਹੁਤ ਸੌਖਾ ਕਾਰਜ ਲੱਗ ਸਕਦਾ ਹੈ ਪਰ ਜਿੰਨਾ ਨੇ ਤਾਤਕ ਦਿੱਤੀ ਹੈ ਉਹ ਤਾਕਤ ਵਾਪਸ ਲੈਣ ਦੀ ਜੁਰਤ ਵੀ ਰੱਖਦੇ ਹੁੰਦੇ ਨੇ, ਇਹ ਗੱਲ ਦਾ ਇਲਮ ਨਿਯਮ ਘਾੜਿਆਂ ਨੂੰ ਹੋਣਾ ਚਾਹੀਦਾ ਹੈ। ਅਸਹਿਮਤੀ ਨੂੰ ਖਤਮ ਕਰਨਾ ਵੀ ਇਕ ਤਰਾਂ ਦਾ ਜੁਰਮ ਹੀ ਹੈ, ਸਾਰੇ ਇਕੋ ਤਰਾਂ ਸੋਚਣ ਇਹ ਕੁਦਰਤ ਦੇ ਨਿਯਮ ਦੇ ਉਲਟ ਹੈ। ਹਰ ਤਰਾਂ ਦੇ ਵਿਚਾਰ ਨੂੰ ਬਰਾਬਰ ਹੱਕ ਦੇਣਾ ਚਾਹੀਦਾ ਹੈ। ਬਗੀਚੀ ਵਿੱਚ ਵੱਖ ਵੱਖ ਤਰਾਂ ਦੇ ਫੁੱਲਾਂ ਨੂੰ ਵਧਣ ਫੁੱਲਣ ਦੇਣਾ ਚਾਹੀਦਾ ਹੈ।

ਪਰ ਹੁਣ ਤੱਕ ਦੇ ਅਮਲ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਸਰਕਾਰਾਂ ਨੂੰ ਇਸ ਤਰਾਂ ਦੇ ਕਨੂੰਨਾਂ ਦੀ ਬਹੁਤ ਲੋੜ ਹੈ, ਇਸ ਤਰਾਂ ਦੇ ਕਨੂੰਨ ਸ਼ਾਇਦ ਇਹਨਾਂ ਦੀ ਖੁਰਾਕ ਹਨ ਤਦ ਹੀ ਉਹ ਇਕ ਤੋਂ ਬਾਅਦ ਦੂਸਰਾ ਕਨੂੰਨ ਬਣਾਉਂਦੀਆਂ ਹਨ। ਜੇ ਇਕ ਕਨੂੰਨ ਰੱਦ ਕੀਤਾ ਹੈ ਤਾਂ ਅਗਲੇ ਕਨੂੰਨ ਚ ਓਹਦੇ ਤੋਂ ਚਾਰ ਸ਼ਰਤਾਂ ਵੱਧ ਹੀ ਹੋਣਗੀਆਂ ਘੱਟ ਨਹੀਂ। ਕਨੂੰਨ ਦਾ ਸਿਰਫ ਨਾਮ ਹੀ ਬਦਲਿਆ ਜਾਂਦਾ ਹੈ। ਇਸ ਤਰਾਂ ਦੇ ਕਨੂੰਨ ਰਾਹੀਂ ਨਿਸ਼ਾਨਾ ਬਣਾਏ ਗਏ ਵਿਅਕਤੀਆਂ ਬਾਬਤ ਹੁਣ ਤਾਂ ਰਿਪੋਰਟਾਂ ਵੀ ਸਾਹਮਣੇ ਆ ਗਈਆਂ ਹਨ ਜਿਹਨਾਂ ਵਿੱਚ ਸਿੱਧ ਹੋ ਜਾਂਦਾ ਹੈ ਕਿ ਇਹ ਨਿਰਪੱਖ ਕਨੂੰਨ ਨਹੀਂ ਅਤੇ ਵੱਡਾ ਹਿੱਸਾ ਇਸ ਵਿੱਚ ਬੇਕਸੂਰ ਵੀ ਪਾਇਆ ਗਿਆ ਹੈ। ਫਿਰ ਵੀ ਅਸਹਿਮਤੀਆਂ ਨੂੰ ਦੁਬਾਉਣ ਦਾ ਇਹ ਅਮਲ ਜਾਰੀ ਰੱਖਣਾ ਸਰਕਾਰਾਂ ਨੂੰ ਸਵਾਲਾਂ ਦੇ ਘੇਰੇ ਚ ਲੈ ਆਉਂਦਾ ਹੈ।

ਇਸ ਤਰਾਂ ਨਜ਼ਾਇਜ਼ ਤੰਗ ਪ੍ਰੇਸ਼ਾਨ ਕਰਨਾ ਅਤੇ ਮਿੱਥ ਕੇ ਕਿਸੇ ਵਰਗ ਨੂੰ ਨਿਸ਼ਾਨਾ ਬਣਾਉਣਾ ਵੀ ਗਲਤ ਹੈ ਜਿਸ ਦਾ ਵਿਰੋਧ ਹੋਣਾ ਕੋਈ ਹੈਰਾਨੀ ਜਨਕ ਕਾਰਜ ਨਹੀਂ ਹੈ, ਬਲਕਿ ਵਿਰੋਧ ਹੋਣਾ ਜਰੂਰੀ ਹੈ। ਜੇਕਰ ਕਿਸੇ ਵਿਚਾਰ ਤੋਂ ਸਰਕਾਰ ਨੂੰ ਕੋਈ ਖਤਰਾ ਭਾਂਪਦਾ ਹੈ ਤਾਂ ਸੁਹਿਰਦਤਾ ਦੇ ਨਾਲ ਓਹਦੇ ਕਾਰਨਾਂ ਨੂੰ ਪਹਿਚਾਨਣ ਦੀ ਲੋੜ ਹੈ ਫਿਰ ਬਿਹਤਰ ਪ੍ਰਬੰਧ ਅਤੇ ਅਮਲ ਰਾਹੀਂ ਉਹਨੂੰ ਸੁਧਾਰਿਆ ਜਾ ਸਕਦਾ ਹੈ ਤਾਂ ਕਿ ਅਸਹਿਮਤੀ ਦੇ ਕਾਰਨਾਂ ਨੂੰ ਨਜਿੱਠਿਆ ਜਾ ਸਕੇ। ਇਹਨੂੰ ਜਬਰ ਨਾਲ ਨਹੀਂ ਸੁਹਿਰਦਤਾ ਦੇ ਨਾਲ ਹੀ ਨਜਿੱਠਿਆ ਜਾ ਸਕਦਾ ਹੈ।

# ਕਾਲੇ ਕਾਨੂੰਨ ਜਮਹੂਰੀਅਤ ਦੇ ਨਾਂ 'ਤੇ ਕਲੰਕ

## ਦਲ ਖ਼ਾਲਸਾ ਨੇ ਭਾਰਤੀ ਸੰਸਦ ਦੇ ਮੈਂਬਰਾਂ ਨੂੰ ਲਿਖਿਆ ਇੱਕ ਖੁੱਲਾ ਪੱਤਰ ਪੱਤਰ ਦਾ ਮੂਲ ਰੂਪ

ਸਤਿਕਾਰਯੋਗ ਮੈਂਬਰ ਪਾਰਲੀਮੈਂਟ :

ਵਾਹਿਗੁਰੂ ਜੀ ਕਾ ਖ਼ਾਲਸਾ।।

ਵਾਹਿਗੁਰੂ ਜੀ ਕੀ ਫ਼ਤਹਿ।।

ਵਿਦਿਆਰਥੀਆਂ, ਪੱਤਰਕਾਰਾਂ, ਵਕੀਲਾਂ ਤੇ ਮਨੁੱਖੀ ਅਧਿਕਾਰਾਂ ਦੀ ਹਿਫ਼ਾਜ਼ਤ ਕਰਨ ਵਾਲ਼ੇ ਕਾਰਕੁੰਨਾਂ ਵਿਰੁੱਧ ਦੇਸ਼ ਧ੍ਰੋਹ ਅਤੇ ਗੈਰ-ਕਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਦੀ ਅੰਨੇਵਾਹ ਦੁਰਵਰਤੋਂ ਨੇ 'ਲੋਕਾਂ ਦੇ ਬੋਲਣ, ਸੋਚਣ ਤੇ ਵਿਰੋਧ ਕਰਨ ਦੀ ਆਜ਼ਾਦੀ' ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਸਰਕਾਰ ਦੀਆਂ ਫਾਸੀਵਾਦੀ ਨੀਤੀਆਂ ਦੀ ਅਲੋਚਨਾ ਕਰਨ ਵਾਲ਼ੀਆਂ ਬੇਬਾਕ ਆਵਾਜ਼ਾਂ ਨੂੰ ਇਹਨਾਂ ਕਨੂੰਨਾਂ ਦੀ ਦੁਰਵਰਤੋਂ ਕਰਕੇ ਦਬਾਉਣ ਦੀਆਂ ਕੋਸ਼ਿਸ਼ਾਂ ਨੇ ਪ੍ਰੇਸ਼ਾਨ ਕੀਤਾ ਹੋਇਆ ਹੈ ਜਿਸ ਕਾਰਨ, ਅਸੀਂ ਤੁਹਾਨੂੰ 'ਲੋਕਾਂ ਦੇ ਨੁਮਾਇੰਦੇ' ਮੰਨਦਿਆਂ ਇਸ ਆਸ ਨਾਲ਼ ਲਿਖ ਰਹੇ ਹਾਂ ਕਿ ਤੁਸੀਂ ਅਨਿਆਂ ਅਤੇ ਸਰਕਾਰੀ ਬਦਲਾਖੋਰੀ ਵਿਰੁੱਧ ਬੋਲੋਗੇ। ਸਾਰੇ ਸੰਸਦ ਮੈਂਬਰਾਂ ਨੂੰ ਲਿਖਣ ਸਮੇਂ, ਅਸੀਂ ਇਸ ਤੱਥ ਤੋਂ ਸੁਚੇਤ ਹਾਂ ਕਿ ਤੁਹਾਡੇ ਵਿੱਚੋਂ ਬਹੁਤੇ ਮੈਂਬਰ ਸਰਕਾਰ ਦੇ ਦਮਨਕਾਰੀ ਫ਼ੈਸਲਿਆਂ ਦਾ ਹਿੱਸਾ ਹਨ ਤੇ ਕੁਝ ਵਿਰੋਧੀ ਧਿਰ ਦੇ ਬੈਂਚਾਂ 'ਤੇ ਬੈਠਣ ਵਾਲ਼ਿਆਂ ਨੇ ਚੁੱਪ ਰਹਿ ਕੇ ਇਸ ਨੂੰ ਆਪਣਾ 'ਅਣਚਾਹਿਆ' ਸਮਰਥਨ ਦਿੱਤਾ ਹੈ।

ਅਜੋਕੀ ਸਰਕਾਰ ਦੇ ਬਦਲੇ ਦੀ ਭਾਵਨਾ ਨਾਲ਼ ਕੀਤੇ ਐਕਸ਼ਨ ਅਸਹਿਣਸ਼ੀਲ ਭਾਰਤ ਦੀ ਨਿਘਰਦੀ ਤਸਵੀਰ ਪੇਸ਼ ਕਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਦਿੱਲੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਜ਼ਫਰੂਲ ਇਸਲਾਮ ਖ਼ਾਨ ਦੀ ਉਸ ਦੇ ਆਪਣੀ ਸੋਸ਼ਲ ਮੀਡੀਆ 'ਤੇ ਭਾਰਤ ਵਿੱਚ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰ ਬਾਰੇ ਟਿੱਪਣੀ ਨੂੰ ਆਧਾਰ ਬਣਾ ਕੇ ਦੇਸ਼ ਧ੍ਰੋਹ ਦੇ ਦੋਸ਼ਾਂ ਤਹਿਤ ਦਰਜ ਕੀਤੇ ਕੇਸ ਤੋਂ ਮਿਲ਼ਦੀ ਹੈ। ਅੱਜ ਜਦੋਂ ਲੋਕ ਕੋਰੋਨਾ ਵਾਇਰਸ ਦੇ ਫੈਲਾਅ ਵਿਰੁੱਧ ਲੜ ਰਹੇ ਹਨ, ਦਿੱਲੀ ਦੇ ਸ਼ਾਸਕ ਇੱਕ ਵਿਸ਼ੇਸ਼ ਧਰਮ ਤੇ ਵਿਚਾਰਧਾਰਾ ਵਾਲ਼ੇ ਲੋਕਾਂ, ਜਿਨਾਂ ਨੂੰ ਉਹ 'ਆਪਣੇ ਹਿੰਦੂਤਵੀ ਏਜੰਡੇ ਲਈ ਖ਼ਤਰਾ ਸਮਝਦੇ ਹਨ' ਨੂੰ ਨਿਸ਼ਾਨਾ ਬਣਾਉਣ ਵਿੱਚ ਰੁੱਝੇ ਹੋਏ ਹਨ। ਦੇਸ਼ ਵਿਆਪੀ ਤਾਲਾਬੰਦੀ ਦਾ ਅਣ-ਅਧਿਕਾਰਿਤ ਫਾਇਦਾ ਉਠਾਉਂਦਿਆਂ, ਸਰਕਾਰ ਨੇ ਉਹਨਾਂ ਲੋਕਾਂ ਉੱਤੇ ਆਪਣੀ ਦਮਨਕਾਰੀ ਕਾਰਵਾਈ ਤੇਜ਼ ਕਰ ਦਿੱਤੀ ਹੈ, ਜੋ ਨਾਗਰਿਕਤਾ ਸੋਧ ਕਨੂੰਨ ਵਿਰੁੱਧ ਸੰਘਰਸ਼ ਕਰ ਰਹੇ ਹਨ।

ਇਹਨਾਂ ਦਮਨਕਾਰੀ ਕਨੂੰਨਾਂ ਦੀ ਘੋਰ ਦੁਰਵਰਤੋਂ ਹਰ ਵਰਗ ਦੇ ਲੋਕਾਂ ਵਿਰੁੱਧ ਬੇਰਹਿਮੀ ਨਾਲ਼ ਹੋ ਰਹੀ ਹੈ ਜਿਨਾਂ ਵਿੱਚ ਕਥਿਤ ਤੌਰ 'ਤੇ ਗਾਂ ਤਸਕਰ, ਪਾਕਿਸਤਾਨ ਕ੍ਰਿਕਟ ਟੀਮ ਦੀ ਜਿੱਤ 'ਤੇ ਉਹਨਾਂ ਦੀ ਪ੍ਰਸ਼ੰਸਾ ਕਰਨ ਵਾਲ਼ੇ, ਜਨ ਗਨ ਮਨ ਜਾਂ ਭਾਰਤ ਮਾਤਾ ਕੀ ਜਯ ਦਾ ਜਾਪ ਕਰਨ ਤੋਂ ਇਨਕਾਰ ਕਰਨ ਵਾਲ਼ਿਆਂ ਤੋਂ ਲੈ ਕੇ ਧਾਰਾ 370 ਨੂੰ ਰੱਦ ਕਰਨ, ਨਾਗਰਿਕਤਾ ਸੋਧ ਕਨੂੰਨ ਅਤੇ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਅਲੋਚਨਾ ਕਰਨ ਵਾਲ਼ੇ ਸ਼ਾਮਲ ਹਨ। ਅਪ੍ਰੈਲ 2020 ਤੋਂ 'ਦੇਸ਼ ਧ੍ਰੋਹ ਤੇ ਯੂ.ਏ.ਪੀ.ਏ' ਕਾਨੂੰਨਾਂ ਤਹਿਤ ਕੇਸਾਂ ਵਿੱਚ ਵਾਧਾ ਹੋਇਆ ਹੈ ਤੇ ਸਰਕਾਰਾਂ ਦੇ ਨਿਸ਼ਾਨੇ ਤੇ ਰਹੇ ਹਨ ਮੋਦੀ ਹਕੂਮਤ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਲੇ ਕਾਰਕੁੰਨ। ਦਿੱਲੀ ਪੁਲੀਸ ਨੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਤੋਂ ਮੀਰਾਨ ਹੈਦਰ ਤੇ ਸਫ਼ੂਰਾ ਜਰਗਰ ਤੇ ਜੇਐਨਯੂ ਦੇ ਉਮਰ ਖਾਲਿਦ ਨੂੰ ਯੂ.ਏ.ਪੀ.ਏ. ਤਹਿਤ ਦਿੱਲੀ ਵਿੱਚ ਫ਼ਿਰਕੂ ਝੜਪਾਂ ਦੇ ਮਾਮਲੇ ਵਿਚ ਦਰਜ ਕੇਸਾਂ ਵਿੱਚ ਸ਼ਾਮਲ ਕੀਤਾ ਹੈ। ਖਾਲਿਦ ਤੋਂ ਬਾਅਦ ਜਾਮੀਆ ਮਿਲੀਆ ਇਸਲਾਮੀਆ ਐਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਸ਼ਿਫ਼ਾ-ਉਰ-ਰਹਿਮਾਨ ਤੇ ਜੇ.ਐੱਨ.ਯੂ. ਦੇ ਇਕ ਹੋਰ ਪੀ.ਐੱਚ.ਡੀ. ਵਿਦਵਾਨ ਸ਼ਰਜੀਲ ਇਮਾਮ ਨੂੰ ਵੀ ਯੂ.ਏ.ਪੀ.ਏ. ਤਹਿਤ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ ਹੈ।

ਇੱਕ ਹੋਰ ਵਿਦਿਆਰਥਣ ਗਲੀਫ਼ਸ਼ਾ, ਯੂ.ਏ.ਪੀ.ਏ. ਤਹਿਤ ਪਿਛਲੇ ਕੁਝ ਹਫ਼ਤਿਆਂ ਤੋਂ ਨਵੀਂ ਦਿੱਲੀ ਦੀ ਤਿਹਾੜ ਜੇਲ ਵਿੱਚ ਬੰਦ ਹੈ। ਉਸ ਦੀ ਨਜ਼ਰਬੰਦੀ ਦਿੱਲੀ ਵਿੱਚ ਫ਼ਿਰਕੂ ਝੜਪਾਂ ਦੇ ਸਬੰਧ ਵਿੱਚ ਗ੍ਰਿਫਤਾਰੀਆਂ ਦੀ ਇੱਕ ਲੜੀ ਦਾ ਹਿੱਸਾ ਹੈ। ਇਸੇ ਲੜੀ ਤਹਿਤ ਪਿੰਜਰਾ ਤੋੜ ਸੰਸਥਾ ਨਾਲ ਸਬੰਧਿਤ ਦੋ ਵਿਦਿਆਰਥਣਾਂ ਨੂੰ ਵੀ ਯੂ.ਏ.ਪੀ.ਏ. ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਸੇ ਤਰਾਂ ਤਿੰਨ ਕਸ਼ਮੀਰੀ ਪੱਤਰਕਾਰ- ਹਿੰਦੂ ਅਖ਼ਬਾਰ ਦੇ ਪੀਰਜ਼ਾਦਾ ਆਸ਼ਿਕ, ਸੁਤੰਤਰ ਪੱਤਰਕਾਰ ਗੌਹਰ ਗਿਲਾਨੀ ਅਤੇ ਫੋਟੋ ਪੱਤਰਕਾਰ ਮਸਰਤ ਜ਼ਹਿਰਾ ਵਿਰੁੱਧ ਦਮਨਕਾਰੀ ਕਨੂੰਨਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਦੋਵਾਂ ਮਾਮਲਿਆਂ ਵਿੱਚ ਕੁਝ ਸਾਂਝੀਆਂ ਕੜੀਆਂ ਹਨ। ਜੰਮੂ-ਕਸ਼ਮੀਰ ਤੇ ਦਿੱਲੀ ਪੁਲੀਸ ਸਿੱਧੇ ਰੂਪ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਕੰਟਰੋਲ ਹੇਠ ਹੈ। ਦੂਜਾ ਪਹਿਲੂ ਸਾਰੀਆਂ ਐੱਫ.ਆਈ.ਆਰ. ਦਾ ਸਮਾਂ ਲਗਭਗ ਇੱਕੋ ਹੀ ਹੈ ਤੇ ਤੀਜੀ ਗੱਲ ਇਹ ਹੈ ਕਿ ਸਾਰੇ ਗ੍ਰਿਫਤਾਰ ਵਿਅਕਤੀ ਮੁਸਲਮਾਨ ਹਨ।

14 ਅਪ੍ਰੈਲ ਨੂੰ ਦੋ ਨਾਗਰਿਕ ਅਧਿਕਾਰਾਂ ਦੇ ਕਾਰਕੁੰਨ ਗੌਤਮ ਨਵਲੱਖਾ ਤੇ ਅਨੰਦ ਤੇਲਤੂੰਬੜੇ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਐੱਨ.ਆਈ.ਏ. ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਉਹਨਾਂ ਉੱਤੇ 1 ਜਨਵਰੀ 2018 ਨੂੰ ਭੀਮਾ-ਕੋਰੇਗਾਓਂ ਪਿੰਡ ਵਿਖੇ ਹਿੰਸਾ ਭੜਕਾਉਣ ਲਈ ਯੂ.ਏ.ਪੀ.ਏ. ਤਹਿਤ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਸੱਤ ਕਾਰਕੁੰਨ ਪਹਿਲਾਂ ਹੀ ਪੂਨਾ ਪੁਲੀਸ ਦੁਆਰਾ ਗ੍ਰਿਫ਼ਤਾਰ ਕੀਤੇ ਗਏ ਹਨ।

ਇਹਨਾਂ ਕੇਸਾਂ ਤੋਂ ਇਲਾਵਾ, ਪੰਜਾਬ ਪੁਲੀਸ ਨੇ ਗੁਰਪਤਵੰਤ ਸਿੰਘ ਪੰਨੂ ਤੇ ਉਸ ਦੀ ਐੱਨ.ਜੀ.ਓ. 'ਸਿੱਖਸ ਫਾਰ ਜਸਟਿਸ' ਵਿਰੁੱਧ ਯੂ.ਏ.ਪੀ.ਏ. ਅਧੀਨ ਕਈ ਮੁਕੱਦਮੇ ਦਰਜ ਕੀਤੇ ਹਨ। ਰੈਫਰੈਂਡਮ 2020 ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਨਾਂ ਹੇਠ ਪੰਜਾਬ ਪੁਲਿਸ ਨੇ ਯੂ.ਏ.ਪੀ.ਏ. ਅਧੀਨ ਕਈ ਨੌਜਵਾਨਾਂ ਨੂੰ ਪਿਛਲੇ ਸਮਿਆਂ ਅੰਦਰ ਗ੍ਰਿਫਤਾਰ ਵੀ ਕੀਤਾ ਹੈ।

ਬ੍ਰਿਟਿਸ਼ ਕਾਲ ਦੌਰਾਨ ਦੇਸ਼ ਧ੍ਰੋਹ ਕਾਨੂੰਨ : ਬੀ.ਜੀ. ਤਿਲਕ ਨੂੰ 1897 ਤੇ 1908 ਵਿੱਚ ਦੋ ਵਾਰ ਦੇਸ਼ ਧ੍ਰੋਹ ਅਧੀਨ ਸਰਕਾਰ ਵਿਰੁੱਧ ਬਗ਼ਾਵਤ ਫੈਲਾਉਣ ਲਈ ਮੁਕੱਦਮਾ ਚਲਾਇਆ ਗਿਆ ਤੇ ਦੋਸ਼ੀ ਠਹਿਰਾਇਆ ਗਿਆ। ਮੌਲਾਨਾ ਮੁਹੰਮਦ ਅਲੀ, ਮੌਲਾਨਾ ਸ਼ੌਕਤ ਅਲੀ ਅਤੇ ਸ਼ੰਕਰਾਚਾਰੀਆ ਵਿਰੁੱਧ ਕਰਾਚੀ ਵਿਖੇ 1921 ਵਿੱਚ ਸਾਂਝੇ ਤੌਰ 'ਤੇ ਮੁਕੱਦਮਾ ਚਲਾਇਆ ਗਿਆ ਸੀ। 1922 ਵਿੱਚ, ਮੋਹਨ ਦਾਸ ਗਾਂਧੀ 'ਤੇ ਇਸੇ ਧਾਰਾ ਅਧੀਨ ਕੇਸ ਚਲਾਇਆ ਗਿਆ। ਗਾਂਧੀ ਨੇ ਸੈਕਸ਼ਨ 124-ਏ ਨੂੰ 'ਭਾਰਤੀ ਦੰਡਾਵਲੀ ਦੇ ਰਾਜਨੀਤਿਕ ਭਾਗਾਂ ਵਿੱਚੋਂ ਰਾਜਕੁਮਾਰ' ਦੱਸਿਆ ਸੀ। 1929 ਵਿੱਚ ਗਾਂਧੀ ਨੇ ਧਾਰਾ 124-ਏ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਇਸ ਕਨੂੰਨ ਵਿਰੁੱਧ ਦੇਸ਼ ਵਿਆਪੀ ਅੰਦੋਲਨ ਦੀ ਕਾਲ ਦਿੱਤੀ ਸੀ। ਭਾਰਤੀ ਲੋਕ ਜੋ ਗਾਂਧੀ ਨੂੰ 'ਪਿਤਾ' ਦਾ ਸਤਿਕਾਰ ਦੇਂਦੇ ਹਨ, ਉਹ 70 ਸਾਲ ਬੀਤ ਜਾਣ ਦੇ ਬਾਵਜੂਦ ਵੀ ਗਾਂਧੀ ਦੇ ਦੇਸ਼-ਧ੍ਰੋਹ ਕਾਨੂੰਨ ਬਾਰੇ ਕਹੇ 'ਬਚਨਾਂ' ਉੱਤੇ ਅਮਲ ਨਹੀਂ ਕਰ ਸਕੇ।

### ਟਾਡਾ-ਪੋਟਾ ਅਤੇ ਫਿਰ ਯੂ.ਏ.ਪੀ.ਏ.

1870 ਵਿੱਚ ਭਾਰਤੀ ਦੰਡਾਵਲੀ ਵਿੱਚ ਬਗ਼ਾਵਤ ਦੇ ਕਠੋਰ ਕਨੂੰਨ ਨੂੰ ਬਸਤੀਵਾਦੀ ਦਬਦਬਾ ਤੇ ਦਹਿਸ਼ਤ ਦੇ ਸਾਧਨ ਵਜੋਂ ਘੜੇ ਜਾਣ ਤੋਂ ਸੌ ਸਾਲ ਬਾਅਦ- ਆਜ਼ਾਦ ਭਾਰਤ ਵਿੱਚ ਤਮਾਮ ਸਰਕਾਰਾਂ ਅਸਹਿਮਤੀ ਨੂੰ ਠੱਲ ਪਾਉਣ ਤੇ ਬਾਗ਼ੀ ਸੁਰਾਂ ਨੂੰ ਨੱਪਣ ਲਈ ਇਸ ਦੀ ਦੁਰਵਰਤੋਂ ਪੂਰੀ ਸਖਤੀ ਨਾਲ਼ ਕਰਦੀਆਂ ਆ ਰਹੀਆਂ ਹਨ। 2004 ਵਿੱਚ ਅੱਤਵਾਦ ਰੋਕੂ ਐਕਟ (ਪੋਟਾ) ਦੀ ਦੁਰਵਰਤੋਂ ਵਿਰੁੱਧ ਜਨਤਕ ਰੋਸ ਅੱਗੇ ਝੁਕਦਿਆਂ, ਸਰਕਾਰ ਨੇ ਇਸ ਨੂੰ ਤਾਂ ਰੱਦ ਕਰ ਦਿੱਤਾ, ਪ੍ਰੰਤੂ ਵੱਡੇ ਪੱਧਰ 'ਤੇ ਉਸੇ ਸਮੇਂ ਗ਼ੈਰ-ਕਨੂੰਨੀ ਗਤੀਵਿਧੀਆਂ ਰੋਕੂ ਐਕਟ 1967 ਵਿੱਚ ਸੋਧ ਕਰਕੇ ਇਸ ਨੂੰ ਹੋਰ ਵਧੇਰੇ ਸਖ਼ਤ ਬਣਾਇਆ ਗਿਆ। 2008 ਅਤੇ 2012 ਵਿੱਚ ਸੋਧਾਂ ਤੋਂ ਬਾਅਦ ਯੂ.ਏ.ਪੀ.ਏ. ਨੂੰ ਟਾਡਾ ਤੇ ਪੋਟਾ ਦੇ ਬਦਲਵੇਂ ਅਵਤਾਰ ਵਜੋਂ ਪੇਸ਼ ਕੀਤਾ ਗਿਆ। ਯੂਏਪੀਏ 2019 ਵਿੱਚ ਹੋਈਆਂ ਸੋਧਾਂ ਨੇ ਅੱਤਵਾਦ ਨੂੰ ਰੋਕਣ ਦੀ ਆੜ ਹੇਠ ਸੱਤਾਧਾਰੀ ਸਰਕਾਰ ਨੂੰ ਵਿਚਾਰਾਂ ਦੇ ਹੱਕ ਉੱਤੇ ਪਬੰਦੀਆਂ ਲਗਾਉਣ ਦੀ ਤਾਕਤ ਦਿੱਤੀ ਜੋ ਲੋਕਤੰਤਰੀ ਸਮਾਜ ਲਈ ਘਾਤਕ ਹੈ। ਐਕਟ ਦੀ ਧਾਰਾ 35 ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਿਸੇ ਵਿਅਕਤੀ ਨੂੰ 'ਅੱਤਵਾਦੀ' ਕਰਾਰ ਦੇ ਕੇ ਉਸ ਦੇ ਸਵੈਮਾਨ ਨੂੰ ਸੱਟ ਮਾਰਦੀ ਹੈ। ਸੁਪਰੀਮ ਕੋਰਟ ਨੇ ਕਈ ਵਾਰ ਸਪਸ਼ਟ ਕੀਤਾ ਹੈ ਕਿ 'ਅਸਹਿਮਤੀ ਦੇਸ਼ ਧ੍ਰੋਹ ਨਹੀਂ ਹੈ', ਜਦ ਕਿ ਸਰਕਾਰਾਂ ਤੇ ਪੁਲੀਸ ਦੋਵੇਂ ਹੀ ਉੱਚ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਉਸ ਦੀ ਅਸਲ ਭਾਵਨਾ ਅਨੁਸਾਰ ਕਾਰਜ ਨਹੀਂ ਕਰ ਰਹੀਆਂ ਹਨ। 2019 ਵਿੱਚ ਹੋਈਆਂ ਸੋਧਾਂ ਤਹਿਤ ਹੀ ਯੂ.ਏ.ਪੀ.ਏ. ਅਧੀਨ ਜਥੇਬੰਦੀਆਂ ਦੇ ਨਾਲ-ਨਾਲ 'ਵਿਅਕਤੀ ਵਿਸ਼ੇਸ਼' ਨੂੰ ਵੀ 'ਅਤਿਵਾਦੀ' ਐਲਾਨਿਆ ਜਾ ਸਕਦਾ ਹੈ।

ਕੀ ਕਾਲੇ ਕਨੂੰਨਾਂ ਦਾ ਕੋਈ ਇਲਾਜ਼ ਹੈ? ਕੀ ਇਹਨਾਂ ਨੂੰ ਰੱਦ ਕੀਤਾ ਜਾਵੇਗਾ? ਭਾਰਤ ਵੱਖੋ ਵੱਖਰੇ ਖਿਆਲਾਂ ਦੇ ਲੋਕਾਂ ਖ਼ਿਲਾਫ਼ ਦੇਸ਼ ਧ੍ਰੋਹ ਦੇ ਦੋਸ਼ ਉਸ ਵੇਲੇ ਮੜ ਰਿਹਾ ਹੈ ਜਦੋਂ ਬਹੁਤ ਸਾਰੇ ਜਮਹੂਰੀ ਪਸੰਦ ਮੁਲਕ ਜਿਵੇਂ ਕਿ ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਵਿੱਚ ਜਾਂ ਤਾਂ ਇਸ ਖ਼ੌਫ਼ਨਾਕ ਕਨੂੰਨ ਨੂੰ ਖਾਰਜ ਕਰ ਦਿੱਤਾ ਗਿਆ ਹੈ ਜਾਂ ਫਿਰ ਇਸ ਦੀ ਵਰਤੋਂ ਨਾ ਦੇ ਬਰਾਬਰ ਹੀ ਹੈ।

ਭਾਰਤ ਵਿੱਚ ਪੁਲੀਸ, ਰਾਜਨੇਤਾ ਤੇ ਸਰਕਾਰ, ਸੁਪਰੀਮ ਕੋਰਟ ਦੀ ਇਸ ਵਿਆਖਿਆ ਨੂੰ ਭੁੱਲ ਗਏ ਹਨ ਕਿ ਕੇਵਲ ਨਾਅਰੇ ਲਾਉਣਾ ਜਾਂ ਆਪਣੇ ਵੱਖਰੇ ਵਿਚਾਰਾਂ ਨੂੰ ਪ੍ਰਗਟਾਉਣਾ 'ਦੇਸ਼ ਧ੍ਰੋਹ' ਨਹੀਂ ਹੈ। 1962 ਦੇ ਕੇਦਾਰ ਨਾਥ ਬਨਾਮ ਬਿਹਾਰ ਰਾਜ ਦੇ ਮਾਮਲੇ ਵਿੱਚ ਇਕ ਮਹੱਤਵਪੂਰਨ ਫ਼ੈਸਲੇ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਹਰ ਨਾਗਰਿਕ ਨੂੰ ਸਰਕਾਰ ਜਾਂ ਉਸ ਦੇ ਫ਼ੈਸਲਿਆਂ ਦੀ ਅਲੋਚਨਾ ਕਰਨ ਦੇ ਪੂਰੇ ਅਧਿਕਾਰ ਹਨ ਜੇਕਰ ਉਹ ਲੋਕਾਂ ਨੂੰ ਸਰਕਾਰ ਖ਼ਿਲਾਫ਼ ਹਿੰਸਾ ਲਈ ਭੜਕਾਉਂਦਾ ਨਹੀਂ। 1995 ਵਿੱਚ ਪੰਜਾਬ ਸਰਕਾਰ ਬਨਾਮ ਬਲਵੰਤ ਸਿੰਘ ਕੇਸ ਵਿੱਚ, ਸੁਪਰੀਮ ਕੋਰਟ ਦੇ ਸਪਸ਼ਟ ਆਰਡਰ ਸਨ: 'ਦੋ ਵਿਅਕਤੀਆਂ ਵੱਲੋਂ ਕਈ ਵਾਰ ਖ਼ਾਲਿਸਤਾਨ ਜ਼ਿੰਦਾਬਾਦ ਜਾਂ ਰਾਜ ਕਰੇਗਾ ਖ਼ਾਲਸਾ ਦੇ ਨਾਅਰੇ ਲਾਉਣਾ ਸਰਕਾਰ ਨੂੰ ਕੋਈ ਖ਼ਤਰਾ ਪੈਦਾ ਨਹੀਂ ਕਰਦਾ'। ਬਦਕਿਸਮਤੀ ਨਾਲ਼, ਪੁਲੀਸ ਅਤੇ ਇਥੋਂ ਤਕ ਕਿ ਹੇਠਲੀ ਅਦਾਲਤ ਵੀ ਅਕਸਰ ਸੁਪਰੀਮ ਕੋਰਟ ਦੁਆਰਾ ਨਿਰਧਾਰਤ ਲਾਈਨ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੀਆਂ ਹਨ। ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੇ ਕਈ ਵਾਰ ਪੁਲੀਸ ਵੱਲੋਂ 124-ਏ ਤਹਿਤ ਦਰਜ ਐੱਫ.ਆਈ.ਆਰ. ਨੂੰ ਰੱਦ ਕਰਦਿਆਂ ਪੁਲੀਸ ਨੂੰ ਝਾੜਾਂ ਪਾਈਆਂ ਹਨ। ਦਰਬਾਰ ਸਾਹਿਬ 'ਤੇ ਫੌਜ ਦੇ ਹਮਲੇ ਵਿਰੁੱਧ ਘੱਲੂਘਾਰਾ ਮਾਰਚ ਕਰਨ ਲਈ ਜੂਨ 2005 ਵਿੱਚ ਦਲ ਖਾਲਸਾ ਦੇ 22 ਮੈਂਬਰਾਂ ਖ਼ਿਲਾਫ਼ ਅੰਮ੍ਰਿਤਸਰ ਪੁਲੀਸ ਦੁਆਰਾ 124-ਏ ਤਹਿਤ ਦਰਜ ਕੀਤੀ ਗਈ ਐੱਫ.ਆਈ.ਆਰ. ਨੂੰ ਵੀ ਹਾਈ ਕੋਰਟ ਨੇ ਅਕਤੂਬਰ 2012 ਵਿੱਚ ਖਾਰਜ ਕਰ ਦਿੱਤਾ ਅਤੇ ਪੁਲੀਸ ਦੀ ਖਿਚਾਈ ਕੀਤੀ ਸੀ।

ਸਤੰਬਰ 2012 ਵਿੱਚ, ਦੋ ਸਿੱਖ-ਰਾਸ਼ਟਰਵਾਦੀ ਨੇਤਾਵਾਂ ਕੁਲਬੀਰ ਸਿੰਘ (ਬੜਾ ਪਿੰਡ) ਤੇ ਦਲਜੀਤ ਸਿੰਘ ਬਿੱਟੂ 'ਤੇ ਯੂ.ਏ.ਪੀ.ਏ. ਤਹਿਤ ਪੰਜਾਬ ਵਿੱਚ ਦੋ ਵੱਖ-ਵੱਖ ਮਾਮਲਿਆਂ ਵਿੱਚ ਦੇਸ਼-ਧ੍ਰੋਹ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਗਿਆ ਸੀ। ਦੋਵਾਂ ਨੂੰ ਕ੍ਰਮਵਾਰ ਸਤੰਬਰ 2014 ਤੇ ਮਈ 2016 ਵਿੱਚ ਅਦਾਲਤ ਨੇ ਬਰੀ ਕਰ ਦਿੱਤਾ ਸੀ। ਜਦਕਿ ਪੁਲੀਸ ਦਾ ਮਨੋਰਥ ਉਹਨਾਂ ਨੂੰ ਸੁਤੰਤਰ ਤੇ ਵੱਖਰੇ ਵਿਚਾਰ ਰੱਖਣ ਲਈ ਸਬਕ ਸਿਖਾਉਣ ਲਈ ਲੰਮਾ ਸਮਾਂ ਜੇਲ ਵਿੱਚ ਰੱਖਣਾ ਸੀ। ਦੇਸ਼ ਧ੍ਰੋਹ ਕਨੂੰਨ ਨੂੰ ਰੱਦ ਕਰਨ ਅਤੇ ਯੂ.ਏ.ਪੀ.ਏ. ਦੇ ਦਮਨਕਾਰੀ ਧਾਰਾਵਾਂ ਵਿੱਚ ਸੋਧ ਕਰਨ ਸਬੰਧੀ ਵੱਖ-ਵੱਖ ਪਾਸਿਆਂ ਤੋਂ ਜ਼ੋਰਦਾਰ ਢੰਗ ਨਾਲ਼ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਚੁੱਕੀਆਂ ਹਨ। ਐਮਨੈਸਟੀ ਇੰਟਰਨੈਸ਼ਨਲ ਤੋਂ ਲੈ ਕੇ ਸਿਵਲ ਸੁਸਾਇਟੀ ਅਤੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਕੰਮ ਕਰ ਰਹੇ ਅਕਾਦਮਿਕਾਂ, ਪੱਤਰਕਾਰਾਂ ਤੇ ਸੰਪਾਦਕਾਂ ਤਕ, ਸਾਰਿਆਂ ਨੇ ਸਰਬ-ਸੰਮਤੀ ਨਾਲ਼ ਭਾਰਤ ਸਰਕਾਰ ਵੱਲੋਂ ਕਸ਼ਮੀਰੀ ਪੱਤਰਕਾਰਾਂ ਤੇ ਸੀ.ਏ.ਏ. ਵਿਰੋਧੀ ਪ੍ਰਦਰਸ਼ਨਕਾਰੀਆਂ ਦੀਆਂ 'ਬਦਲਾਖੋਰੀ ਨੀਤੀ' ਤਹਿਤ ਕੀਤੀਆਂ ਗ੍ਰਿਫਤਾਰੀਆਂ ਦੀ ਨਿਖੇਧੀ ਕੀਤੀ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਹਾਲ ਹੀ ਵਿੱਚ ਹੋਈਆਂ ਗ੍ਰਿਫਤਾਰੀ ਨੂੰ ਭਾਰਤੀ ਅਧਿਕਾਰੀਆਂ ਵੱਲੋਂ ਵਿਰੋਧ ਪ੍ਰਦਰਸ਼ਨ ਨੂੰ ਅਪਰਾਧੀਕਰਨ ਦੀ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਕਰਾਰ ਦਿੱਤਾ ਹੈ।

ਬਾਕੀ ਸਫ਼ਾ 31 'ਤੇ

# ਗਹਿਲੋਤ ਸਰਕਾਰ ਨੂੰ ਨੁਕਸਾਨ ਨਾ ਪਹੁੰਚਾ ਸਕਿਆ ਪਾਇਲਟ ਧੜਾ

**✪ ਭਾਜਪਾ 6 ਮਹੀਨਿਆਂ ਤੋਂ ਸਾਡੀ ਸਰਕਾਰ ਨੂੰ ਪਾਇਲਟ ਦੀ ਮਦਦ ਨਾਲ ਅਸਥਿਰ ਕਰਨ ਦੀ ਸਾਜ਼ਿਸ਼ ਰਚਦੀ ਆ ਰਹੀ ਸੀ—ਗਹਿਲੋਤ ✪ ਸ਼ਿਵ ਸੈਨਾ ਵੱਲੋਂ ਭਾਜਪਾ ਦੀ ਵਿਰੋਧਤਾ ✪ ਸਚਿਨ ਪਾਇਲਟ ਨੂੰ ਸੂਬੇ ਦੇ ਉੱਪ-ਮੁੱਖ ਮੰਤਰੀ ਦੇ ਅਹੁਦੇ ਅਤੇ ਸੂਬਾ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਹਟਾਇਆ**

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਕਾਂਗਰਸੀ ਨੇਤਾਵਾਂ ਵਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ 13 ਜੁਲਾਈ ਨੂੰ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਰਿਹਾਇਸ਼ 'ਤੇ ਹੋਈ ਵਿਧਾਇਕ ਦਲ ਦੀ ਬੈਠਕ ਵਿਚ ਸਚਿਨ ਪਾਇਲਟ ਨਹੀਂ ਪਹੁੰਚੇ। ਉਥੇ ਗਹਿਲੋਤ ਦੇ ਨਾਲ ਲੱਗਭਗ 97 ਵਿਧਾਇਕ ਸਨ। ਗਹਿਲੋਤ ਨੇ ਬੈਠਕ ਤੋਂ ਬਾਅਦ ਜੇਤੂ ਅੰਦਾਜ਼ ਦਿਖਾਇਆ, ਜਿਸ ਨੂੰ ਉਨਾਂ ਦੇ ਸ਼ਕਤੀ ਪ੍ਰਦਰਸ਼ਨ ਦੇ ਤੌਰ 'ਤੇ ਦੇਖਿਆ ਗਿਆ ਅਤੇ ਕਾਂਗਰਸ ਨੇ ਦਾਅਵਾ ਕੀਤਾ ਕਿ ਗਹਿਲੋਤ ਸਰਕਾਰ ਨੂੰ ਕੋਈ ਖਤਰਾ ਨਹੀਂ ਹੈ। ਉਸੇ ਦਿਨ ਬੈਠਕ ਤੋਂ ਬਾਅਦ ਗਹਿਲੋਤ ਨੇ ਆਪਣੇ ਸਮਰਥਕ ਵਿਧਾਇਕਾਂ ਨੂੰ ਆਪਣੀ ਰਿਹਾਇਸ਼ ਤੋਂ ਸਿੱਧੇ ਇਕ ਰਿਜ਼ਾਰਟ ਵਿਚ ਸ਼ਿਫਟ ਕਰਵਾ ਦਿੱਤਾ। ਉਧਰ ਪਾਇਲਟ ਧੜੇ ਵਲੋਂ 13 ਜੁਲਾਈ ਨੂੰ ਦੇਰ ਰਾਤ ਜਾਰੀ ਇਕ ਵੀਡੀਓ ਵਿਚ 15-16 ਵਿਧਾਇਕ ਬੈਠੇ ਦਿਖਾਈ ਦਿੱਤੇ, ਜਿਨਾਂ ਨੂੰ ਪਾਇਲਟ ਸਮਰਥਕ ਦੱਸਿਆ ਗਿਆ ਪਰ ਇਹ ਨਹੀਂ ਦੱਸਿਆ ਗਿਆ ਕਿ ਇਹ ਤਸਵੀਰਾਂ ਕਿੱਥੋਂ ਦੀਆਂ ਹਨ। ਵੀਡੀਓ ਵਿਚ ਸਚਿਨ ਪਾਇਲਟ ਵੀ ਨਜ਼ਰ ਨਹੀਂ ਆ ਰਹੇ ਸਨ। ਸਚਿਨ ਪਾਇਲਟ ਨੇ ਲੱਗਭਗ 30 ਵਿਧਾਇਕਾਂ ਦਾ ਸਮਰਥਨ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਸੀ ਪਰ ਉਨਾਂ ਵਲੋਂ ਇਸ ਦਾ ਕੋਈ ਪ੍ਰਮਾਣ ਨਹੀਂ ਦਿੱਤਾ ਗਿਆ ਪਰ ਉਹ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਗਹਿਲੋਤ ਸਰਕਾਰ ਬਹੁਮਤ ਗੁਆ ਚੁੱਕੀ ਹੈ। 14 ਜੁਲਾਈ ਨੂੰ ਇਕ ਵਾਰ ਫਿਰ ਕਾਂਗਰਸ ਵਿਧਾਇਕ ਦਲ ਦੀ ਬੈਠਕ ਵਿਚ ਨਾ ਆਉਣ ਵਾਲੇ ਸਚਿਨ ਪਾਇਲਟ ਤੇ ਉਨਾਂ ਦੇ ਸਾਥੀਆਂ ਦੇ ਵਿਰੁੱਧ ਸਖਤ ਰੁਖ਼ ਅਪਣਾਇਆ ਗਿਆ ਅਤੇ ਕਾਂਗਰਸ ਦੇ ਬੁਲਾਰੇ ਰਣਦੀਪ ਸੂਰਜੇਵਾਲਾ ਦੇ ਅਨੁਸਾਰ ਸਚਿਨ ਪਾਇਲਟ ਨੂੰ ਸੂਬੇ ਦੇ ਉੱਪ-ਮੁੱਖ ਮੰਤਰੀ ਦੇ ਅਹੁਦੇ ਅਤੇ ਸੂਬਾ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਹੀ ਨਹੀਂ, ਪਾਇਲਟ ਦੇ ਨਾਲ ਜਾਣ ਵਾਲੇ ਦੋ ਮੰਤਰੀਆਂ ਵਿਸ਼ਵੇਂਦਰ ਸਿੰਘ ਤੇ ਰਮੇਸ਼ ਮੀਣਾ ਤੋਂ ਇਲਾਵਾ ਰਾਜਸਥਾਨ ਯੂਥ ਕਾਂਗਰਸ ਦੇ ਪ੍ਰਧਾਨ ਮੁਕੇਸ਼ ਭਾਕਰ, ਰਾਜਸਥਾਨ ਪ੍ਰਦੇਸ਼ ਕਾਂਗਰਸ ਸੇਵਾ ਦਲ ਦੇ ਪ੍ਰਧਾਨ ਰਾਕੇਸ਼ ਪਾਰੀਕ ਤੇ ਦੋ ਹੋਰ ਵਿਧਾਇਕਾਂ ਨੂੰ ਵੀ ਉਨਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ। ਮੁਕੇਸ਼ ਭਾਕਰ ਨੇ 13 ਜੁਲਾਈ ਨੂੰ ਗਹਿਲੋਤ 'ਤੇ ਨਿਸ਼ਾਨਾ ਲਾਉਂਦੇ ਹੋਏ ਟਵੀਟ ਕੀਤਾ ਸੀ ਕਿ, "ਸਾਨੂੰ ਗਹਿਲੋਤ ਦੀ ਗੁਲਾਮੀ ਮਨਜ਼ੂਰ ਨਹੀਂ। ਅਸੂਲਾਂ 'ਤੇ ਸੇਕ ਲੱਗੇ ਤਾਂ ਟਕਰਾਉਣਾ ਜ਼ਰੂਰੀ ਹੈ। ਕਾਂਗਰਸ ਵਿਚ ਨਿਸ਼ਚਾ ਦਾ ਮਤਲਬ ਅਸ਼ੋਕ ਗਹਿਲੋਤ ਦੀ ਗੁਲਾਮੀ। ਉਹ ਸਾਨੂੰ ਮਨਜ਼ੂਰ ਨਹੀਂ।"



ਸਿਆਸੀ ਹਲਕਿਆਂ ਵਿਚ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਕਾਂਗਰਸ ਨੇ ਸਿਰਫ ਸਚਿਨ ਸਮਰਥਕ ਤਿੰਨ ਮੰਤਰੀਆਂ ਤੇ ਦੋ ਵਿਧਾਇਕਾਂ ਨੂੰ ਹੀ ਹਟਾਇਆ ਹੈ, ਜਦਕਿ ਸਚਿਨ ਸਮਰਥਕ ਬਾਕੀ ਵਿਧਾਇਕਾਂ 'ਤੇ ਹੱਥ ਨਹੀਂ ਪਾਇਆ। ਉਪ-ਮੁੱਖ ਮੰਤਰੀ ਦੇ ਅਹੁਦੇ ਅਤੇ ਸੂਬਾ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਆਪਣੀ ਪਹਿਲੀ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਸਚਿਨ ਪਾਇਲਟ ਨੇ ਟਵੀਟ ਕੀਤਾ, "ਸੱਚ ਨੂੰ ਪ੍ਰੇਸ਼ਾਨ ਕੀਤਾ ਜਾ ਸਕਦਾ ਹੈ, ਹਰਾਇਆ ਨਹੀਂ।"
ਇਸ ਦੇ ਨਾਲ ਹੀ ਉਨਾਂ ਨੇ ਆਪਣੇ ਟਵਿਟਰ ਪ੍ਰੋਫਾਈਲ ਤੋਂ 'ਉਪ-ਮੁੱਖ ਮੰਤਰੀ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ' ਦਾ ਵਰਣਨ ਵੀ ਹਟਾ ਦਿੱਤਾ ਹੈ। ਇਸੇ ਦਰਮਿਆਨ ਅਸ਼ੋਕ ਗਹਿਲੋਤ ਨੇ ਦੋਸ਼ ਲਾਇਆ ਹੈ ਕਿ ਭਾਜਪਾ 6 ਮਹੀਨਿਆਂ ਤੋਂ ਉਨਾਂ ਦੀ ਸਰਕਾਰ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਰਚਦੀ ਆ ਰਹੀ ਸੀ ਅਤੇ ਸਚਿਨ ਪਾਇਲਟ ਇਸ ਵਿਚ ਸ਼ਾਮਲ ਸਨ। ਸਚਿਨ ਪਾਇਲਟ ਦੀ ਅਗਵਾਈ ਵਿਚ ਕਾਂਗਰਸ ਵਿਚ ਹੋਈ ਇਸ ਬਗਾਵਤ ਵਿਚ ਭਾਰਤੀ ਜਨਤਾ ਪਾਰਟੀ ਇਕ ਮੌਕਾ ਲੱਭ ਰਹੀ ਹੈ। ਭਾਜਪਾ ਨੇਤਾ ਓਮ ਮਾਥੁਰ ਨੇ ਤਾਂ ਬਿਆਨ ਵੀ ਜਾਰੀ ਕਰ ਦਿੱਤਾ ਹੈ ਕਿ, "ਸਚਿਨ ਪਾਇਲਟ ਦੇ ਲਈ ਭਾਜਪਾ ਦੇ ਦਰਵਾਜ਼ੇ ਖੁੱਲੇ ਹਨ।" ਓਧਰ ਭਾਜਪਾ ਦੀ ਸਾਬਕਾ ਸਹਿਯੋਗੀ ਰਹੀ ਸ਼ਿਵ ਸੈਨਾ ਨੇ ਰਾਜਸਥਾਨ ਦੇ ਸਿਆਸੀ ਸੰਕਟ ਲਈ ਭਾਜਪਾ ਲੀਡਰਸ਼ਿਪ ਦੀ ਆਲੋਚਨਾ ਕੀਤੀ ਹੈ। ਸ਼ਿਵ ਸੈਨਾ ਨੇ ਆਪਣੇ ਮੁੱਖ ਪੱਤਰ 'ਸਾਮਨਾ' ਵਿਚ ਲਿਖਿਆ ਹੈ ਕਿ, "ਰਾਜਗ ਦੀ ਭਾਈਵਾਲ ਪਾਰਟੀ ਕਾਂਗਰਸ ਸ਼ਾਸਿਤ ਸੂਬੇ ਵਿਚ ਆਪਣੇ ਵਿਰੋਧੀਆਂ ਨੂੰ ਅਸਥਿਰ ਕਰਨ ਦਾ ਕੰਮ ਕਰ ਰਹੀ ਹੈ ਅਤੇ ਵਿਧਾਇਕਾਂ ਦੀ ਖਰੀਦੋ-ਫਰੋਖਤ ਨੂੰ ਉਤਸ਼ਾਹਿਤ ਕਰ ਰਹੀ ਹੈ। ਰੇਗਿਸਤਾਨ ਵਿਚ ਸਿਆਸੀ ਦੰਗੇ ਨਾਲ ਤੂਫਾਨ ਪੈਦਾ ਕਰ ਕੇ ਭਾਜਪਾ ਕੀ ਹਾਸਲ ਕਰਨਾ ਚਾਹੁੰਦੀ ਹੈ? ਅਜਿਹੇ ਕਦਮ ਦੇਸ਼ ਦੇ ਸੰਸਦੀ ਲੋਕਤੰਤਰ ਨੂੰ ਰੇਗਿਸਤਾਨ ਵਿਚ ਬਦਲ ਦੇਣਗੇ।"
ਇਸ ਸਮੇਂ ਜਦਕਿ ਦੇਸ਼ ਇਕ ਪਾਸੇ ਚੀਨ ਅਤੇ ਹੋਰ ਗੁਆਂਢੀ ਦੇਸ਼ਾਂ ਤੋਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਤੇ ਦੂਜੇ ਪਾਸੇ ਦੇਸ਼ ਵਿਚ ਕੋਰੋਨਾ ਮਹਾਮਾਰੀ ਅਤੇ ਹੋਰ ਕੁਦਰਤੀ ਆਫਤਾਂ ਦਾ ਪ੍ਰਕੋਪ ਜਾਰੀ ਹੈ, ਅਜਿਹੀ ਹਾਲਤ ਵਿਚ ਆਪਣੇ ਸਾਰੇ ਮਤਭੇਦ ਭੁੱਲ ਇਕਜੁੱਟ ਹੋ ਕੇ ਦੇਸ਼ ਨੂੰ ਦਰਪੇਸ਼ ਇਨਾਂ ਸੰਕਟਾਂ ਦਾ ਸਾਹਮਣਾ ਕਰਨ ਦੀ ਲੋੜ ਹੈ, ਨਾ ਕਿ ਆਪਸ ਵਿਚ ਕਲੇਸ਼ ਅਤੇ ਇਕ-ਦੂਸਰੇ ਵਿਰੁੱਧ ਸਾਜ਼ਿਸ਼ ਰਚਣ ਦੀ। ਅਜਿਹਾ ਕਰਨਾ ਲੋਕਤੰਤਰ ਲਈ ਖਤਰਨਾਕ ਸਿੱਧ ਹੋਵੇਗਾ।

## ਰਾਜਸਥਾਨ: ਸਚਿਨ ਪਾਇਲਟ ਨੇ ਆਤਮ-ਸਮਰਪਣ ਕਿਉਂ ਕੀਤਾ ?



ਮਾਰਕੰਡੇ ਕਾਟਜੂ

200 ਮੈਂਬਰੀ ਵਿਧਾਨ ਸਭਾ ਵਿੱਚ ਸਚਿਨ ਪਾਇਲਟ ਨੇ ਸ਼ੁਰੂ ਵਿੱਚ 107 ਕਾਂਗਰਸੀ ਵਿਧਾਇਕਾਂ ਵਿੱਚੋਂ 30 ਦੇ ਸਮਰਥਨ ਦਾ ਦਾਅਵਾ ਕੀਤਾ ਪਰ ਬਾਅਦ ਵਿੱਚ ਪਤਾ ਲੱਗਿਆ ਕਿ ਉਹ ਸਿਰਫ 19 ਸਨ। ਆਜ਼ਾਦ ਉਮੀਦਵਾਰਾਂ ਦੇ ਸਮਰਥਨ ਨਾਲ, ਅਸ਼ੋਕ ਗਹਿਲੋਤ ਦੀ ਸੱਤਾ ਹੁਣ ਘੱਟੋ ਘੱਟ ਸੁਰੱਖਿਅਤ ਹੈ। ਭਾਜਪਾ ਦੀ ਮਦਦ ਨਾਲ ਮੁੱਖ ਮੰਤਰੀ ਬਣਨ ਲਈ ਪਾਇਲਟ ਦੀ ਸਾਜ਼ਿਸ਼ ਅਸਫਲ ਰਹੀ। ਪਾਇਲਟ ਦਾ ਕਹਿਣਾ ਹੈ ਕਿ ਉਸ ਉਤੇ ਝੂਠੇ ਇਲਜਾਮ ਲਗਾਏ ਜਾ ਰਹੇ ਹਨ ਕਿ ਉਹ ਭਾਜਪਾ ਦੀ ਮਦਦ ਨਾਲ ਇਹ ਸਭ ਕਰ ਰਿਹਾ ਸੀ। ਉਸ ਦਾ ਕਹਿਣਾ ਹੈ ਕਿ ਉਸਨੇ ਭਾਜਪਾ ਨੂੰ ਹਰਾਉਣ ਲਈ ਸਖਤ ਮਿਹਨਤ ਕੀਤੀ ਹੈ, ਇਸ ਲਈ ਉਹ ਫਿਰ ਭਾਜਪਾ ਵਿੱਚ ਸ਼ਾਮਲ ਹੋਣਾ ਕਿਉਂ ਚਾਹੇਗਾ? ਪਾਇਲਟ ਤੇ ਉਸ ਦੇ 18 ਹਮਾਇਤੀ, ਸਪੀਕਰ ਦੁਆਰਾ ਉਨਾਂ ਨੂੰ ਰਾਜਸਥਾਨ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਯੋਗ ਕਰਾਰ ਦੇ ਸਕਦੇ ਹਨ। ਸੰਵਿਧਾਨ ਦੀ 10 ਵੀਂ ਧਾਰਾ ਦੇ ਤਹਿਤ ਰਾਜਸਥਾਨ ਵਿਧਾਨ ਸਭਾ ਦੇ ਸਪੀਕਰ ਦਾ ਕੋਈ ਮੈਂਬਰ ਸਪੀਕਰ ਦੁਆਰਾ ਆਯੋਗ ਐਲਾਨਿਆ ਜਾ ਸਕਦਾ ਹੈ। ਜੇਕਰ ਉਹ ਆਪਣੀ ਇੱਛਾ ਨਾਲ ਆਪਣੀ ਸਿਆਸੀ ਪਾਰਟੀ ਦੀ ਮੈਂਬਰਸ਼ਿਪ ਛੱਡ ਦਿੰਦਾ ਹੈ ਜਾਂ ਉਹ ਆਪਣੇ ਰਾਜਨੀਤਕ ਦਲ ਦੁਆਰਾ ਕੀਤੇ ਗਏ ਹੁਕਮ ਦੇ ਵਿਰੁਧ ਵੋਟ ਦਿੰਦਾ ਹੈ ਜਾਂ ਸਦਨ ਵਿਚ ਵੋਟ ਪਾਉਣ ਤੋਂ ਪ੍ਰਹੇਜ਼ ਕਰਦਾ ਹੈ। ਰਵੀ ਨਾਇਕ ਬਨਾਮ ਯੂਨੀਅਨ ਆਫ਼ ਇੰਡੀਆ (1994) ਅਤੇ ਰਾਜਿੰਦਰ ਸਿੰਘ ਰਾਣਾ ਬਨਾਮ ਸਵਾਮੀ ਪ੍ਰਸਾਦ ਮੌਰੀਆ (2007) ਵਿੱਚ, ਸੁਪਰੀਮ ਕੋਰਟ ਨੇ ਕਿਹਾ ਕਿ 'ਸਵੈ-ਇੱਛਾ ਨਾਲ ਇਕ ਸਿਆਸੀ ਪਾਰਟੀ ਦੀ ਮੈਂਬਰਸ਼ਿਪ ਛੱਡਣੀ' ਤੇ ਰਸਮੀ ਤੌਰ 'ਤੇ ਇਕ ਸਿਆਸੀ ਪਾਰਟੀ ਤੋਂ ਅਸਤੀਫਾ ਦੇਣਾ, ਦੋਵੇਂ ਹੀ ਸਮਾਨਾਰਥੀ ਨਹੀ ਹਨ। ਕਿਸੇ ਵਿਅਕਤੀ ਦੇ ਵਿਹਾਰ ਦੁਆਰਾ ਇਹ ਮੰਨਿਆ ਜਾ ਸਕਦਾ ਹੈ ਕਿ ਉਸਨੇ ਪਾਰਟੀ ਦੀ ਮੈਂਬਰਸ਼ਿਪ ਛੱਡ ਦਿੱਤੀ ਹੈ। ਰਾਣਾ ਦੇ ਮਾਮਲੇ ਵਿੱਚ ਸੰਵਿਧਾਨਕ ਬੈਂਚ ਦੇ ਫੈਸਲੇ ਵਿੱਚ, ਯੂਪੀ ਵਿੱਚ ਸੱਤਾਧਾਰੀ ਬਸਪਾ ਦੇ ਕੁਝ ਵਿਧਾਇਕ ਤੇ ਵਿਰੋਧੀ ਸਮਾਜਵਾਦੀ ਪਾਰਟੀ ਦੇ ਕੁਝ ਮੈਂਬਰ ਰਾਜ ਗਵਰਨਰ ਕੋਲ ਗਏ ਤੇ ਉਨਾਂ ਨੇ ਸਰਕਾਰ ਬਣਾਉਣ ਦੇ ਲਈ ਸਮਾਜਵਾਦੀ ਪਾਰਟੀ ਨੂੰ ਸੱਦਾ ਦੇਣ ਲਈ ਕਿਹਾ। ਹਾਲਾਂਕਿ ਬਸਪਾ ਦੇ ਵਿਧਾਇਕਾਂ ਨੇ ਆਪਣੀ ਪਾਰਟੀ ਤੋਂ ਅਸਤੀਫਾ ਨਹੀਂ ਦਿੱਤਾ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਉਨਾਂ ਦਾ ਵਿਵਹਾਰ ਸਪਸ਼ਟ ਸੀ ਕਿ ਉਨਾਂ ਨੇ ਬਸਪਾ ਦੀ ਮੈਂਬਰਸ਼ਿਪ ਛੱਡ ਦਿੱਤੀ ਸੀ। ਇਸ ਕਾਨੂੰਨੀ ਸਥਿਤੀ ਦੇ ਕਾਰਨ ਇਹ ਸੰਭਵ ਹੈ ਕਿ ਪਾਇਲਟ ਤੇ ਉਸਦਾ ਸਮਰਥਨ ਕਰਨ ਵਾਲੇ 18 ਵਿਧਾਇਕਾਂ ਨੇ ਕਾਨੂੰਨੀ ਸਲਾਹ ਲਈ ਹੋਵੇਗੀ ਕਿ ਭਾਵੇਂ ਉਸਨੇ ਰਸਮੀ ਤੌਰ 'ਤੇ ਕਾਂਗਰਸ ਤੋਂ ਅਸਤੀਫਾ ਨਹੀਂ ਦਿੱਤਾ ਪਰ ਅਜਿਹੀਆਂ ਹਰਕਤਾਂ ਕੀਤੀਆਂ ਜਿਸ ਦੇ ਨਤੀਜੇ ਵਜੋਂ ਉਨਾਂ ਨੂੰ ਕਾਂਗਰਸ ਛੱਡਣੀ ਪੈ ਸਕਦੀ ਹੈ। ਜਿਵੇਂ ਕਿ ਦੋ ਵਾਰ ਕਾਂਗਰਸ ਦੇ ਵਿਧਾਇਕਾਂ ਦੀਆਂ ਮੀਟਿੰਗਾਂ ਵਿਚ ਵਿਧਾਇਕਾਂ ਨੂੰ ਸ਼ਾਮਲ ਹੋਣ ਦੀ ਹਦਾਇਤ ਦਿੱਤੀ ਗਈ ਸੀ, ਪਰ ਦੋ ਵਾਰ ਪਾਇਲਟ ਧੜਾ ਸ਼ਾਮਲ ਨਹੀਂ ਹੋਇਆ। 10 ਵੀਂ ਧਾਰਾ ਦੇ ਤਹਿਤ, ਇਸ ਅਯੋਗਤਾ ਦੇ ਸਵਾਲ 'ਤੇ ਫੈਸਲਾ ਸਦਨ ਦੇ ਸਪੀਕਰ 'ਤੇ ਨਿਰਭਰ ਕਰਦਾ ਹੈ, ਨਾ ਕਿ ਅਦਾਲਤ ਉੱਪਰ। ਹਾਲਾਂਕਿ ਸਪੀਕਰ ਦੇ ਉਸ ਦੇ ਫੈਸਲੇ ਤੋਂ ਬਾਅਦ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ)। ਅਜਿਹਾ ਲੱਗਦਾ ਹੈ ਕਿ ਪਾਇਲਟ ਅਤੇ ਉਸਦੇ ਸਮਰਥਕ ਇਸ ਪ੍ਰਸਥਿਤੀਆਂ ਤੋਂ ਆਪਣੀ ਦੁਰਦਸ਼ਾ ਤੋਂ ਬਾਅਦ ਸਮਝ ਗਏ ਹਨ। ਪਰ ਖਤਰਾ ਟਲਿਆ ਨਹੀਂ।

## ਰਾਜਸਥਾਨ ਵਿਚ ਭਾਜਪਾ ਨੇ ਕੀਤਾ ਲੋਕਤੰਤਰ ਦਾ ਘਾਣ



- ਯੋਗੇਂਦਰ ਯਾਦਵ

ਰਾਜਸਥਾਨ ਵਿਚ ਚੱਲ ਰਹੇ ਸੱਤਾ ਦੇ ਦੰਗਲ ਵਿਚ ਭਾਵੇਂ ਕੁਰਸੀ ਕਿਸੇ ਦੇ ਹੱਥ ਵੀ ਲੱਗੇ, ਪਰ ਲੋਕਤੰਤਰ ਹਾਰੇਗਾ। ਇਕ ਮਹਾਂਮਾਰੀ ਦੇ ਚਲਦਿਆਂ ਸੂਬੇ ਦੇ ਦੋ ਉੱਘੇ ਆਗੂਆਂ ਨੂੰ ਜਨਤਾ ਦੀ ਨਹੀਂ, ਸਿਰਫ ਤੇ ਸਿਰਫ ਆਪਣੀ ਕੁਰਸੀ, ਆਪਣੇ ਹਿਤਾਂ ਦੀ ਚਿੰਤਾ ਹੈ। ਸਿਆਸਤ ਹੁਣ ਸੱਤਾ ਭੋਗਣ ਤੱਕ ਹੀ ਸਿਮਟ ਗਈ ਹੈ। ਇਸ ਕੌਮੀ ਸਿਆਸਤ ਦੀ ਨੰਗੀ ਖੇਡ ਦਾ ਇਹ ਇਕਮਾਤਰ ਨਮੂਨਾ ਨਹੀਂ ਹੈ। ਕੁਝ ਹੀ ਦਿਨ ਪਹਿਲਾਂ ਮਣੀਪੁਰ ਵਿਚ ਠੀਕ ਅਜਿਹੀ ਖੇਡ ਖੇਡੀ ਗਈ ਸੀ ਜਦੋਂ ਭਾਜਪਾ ਦੇ ਸਹਿਯੋਗੀ ਐਨ.ਪੀ.ਪੀ. ਦੇ ਮੰਤਰੀਆਂ ਨੇ ਆਪਣੇ ਮਾਣ-ਸਨਮਾਨ ਦਾ ਮੁੱਦਾ ਉਠਾ ਕੇ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਸੀ। ਉਸ ਤੋਂ ਪਹਿਲਾਂ ਮਹਾਰਾਸ਼ਟਰ ਵਿਚ ਭਾਜਪਾ ਦੀ ਕਾਂਗਰਸ-ਐਨ.ਸੀ.ਪੀ.-ਸ਼ਿਵ ਸੈਨਾ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਸ਼ਰਦ ਪਵਾਰ ਨੇ ਨਾਕਾਮ ਕਰ ਦਿੱਤੀ ਸੀ। ਮਾਰਚ ਦੇ ਮਹੀਨੇ ਜਦੋਂ ਸਾਰਾ ਦੇਸ਼ ਤਾਲਾਬੰਦੀ ਦੀ ਚਿੰਤਾ ਵਿਚ ਸੀ, ਉਦੋਂ ਭਾਜਪਾ ਹਾਈ ਕਮਾਨ ਦਾ ਧਿਆਨ ਮੱਧ ਪ੍ਰਦੇਸ਼ ਵਿਚ ਸਿੰਧੀਆ ਨਾਲ ਮਿਲ ਕੇ ਕਾਂਗਰਸ ਦੀ ਸਰਕਾਰ ਡੇਗਣ 'ਤੇ ਕੇਂਦਰਿਤ ਸੀ। ਇਸੇ ਦੌਰਾਨ ਗੁਜਰਾਤ ਵਿਚ ਰਾਜ ਸਭਾ ਚੋਣ ਵਿਚ ਵਿਧਾਇਕਾਂ ਨੂੰ ਤੋੜਨ ਦੀ ਖੇਡ ਖੇਡੀ ਗਈ। ਦਿੱਲੀ ਅਤੇ ਉੱਤਰ ਪ੍ਰਦੇਸ਼ ਵਿਚ ਪੁਲਿਸ ਇਸ ਸੰਕਟ ਦਾ ਫਾਇਦਾ ਉਠਾ ਕੇ ਵਿਰੋਧੀਆਂ ਨੂੰ ਠਿਕਾਣੇ ਲਗਾਉਣ ਵਿਚ ਜੁਟੀ ਹੋਈ ਹੈ। ਬਿਹਾਰ ਵਿਚ ਚੋਣਾਂ ਦੀ ਖੇਡ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਈ ਹੈ। ਜਿਥੇ ਰਾਸ਼ਨ ਨਹੀਂ ਪਹੁੰਚ ਸਕਦਾ, ਉਥੇ ਟੀ.ਵੀ. ਲਗਾ ਕੇ ਭਾਸ਼ਨ ਪਹੁੰਚਾਇਆ ਜਾ ਰਿਹਾ ਹੈ। ਇਸ ਮਹਾਂਮਾਰੀ ਦੇ ਦੌਰ ਵਿਚ ਹਰ ਕੋਈ ਹੱਥ ਧੋ ਰਿਹਾ ਹੈ। ਇਧਰ ਲੋਕ ਨੌਕਰੀ ਜਾਂ ਜਾਨ ਤੋਂ ਹੱਥ ਧੋ ਰਹੇ ਹਨ, ਉਧਰ ਸਰਕਾਰਾਂ ਜ਼ਿੰਮੇਵਾਰੀ ਤੋਂ ਹੱਥ ਧੋ ਰਹੀਆਂ ਹਨ। ਵਿਰੋਧੀ ਧਿਰ ਬਦਲ ਦੇਣ ਦੀ ਬਜਾਏ ਸਿਰਫ ਵਿਰੋਧ ਕਰਕੇ ਹੀ ਸੰਤੁਸ਼ਟ ਹੈ। ਲਗਦਾ ਹੈ ਮਹਾਂਮਾਰੀ ਨਾਲ ਜਨਤਾ ਖ਼ੁਦ ਹੀ ਲੜੇਗੀ, ਚੀਨ ਨਾਲ ਬਿਨਾਂ ਹਥਿਆਰਾਂ ਤੋਂ ਫ਼ੌਜੀ ਲੜਨਗੇ, ਪਾਰਟੀਆਂ ਸਿਰਫ ਚੋਣਾਂ ਲੜਨਗੀਆਂ, ਇਕ-ਦੂਜੇ ਨਾਲ ਲੜਨਗੀਆਂ। ਸਿਆਸਤ ਵਿਚ ਸਿਰਫ ਰਾਜ ਦੀ ਲਾਲਸਾ ਰਹਿ ਗਈ ਹੈ। ਇਹ ਸਿਰਫ ਸਿਆਸਤ ਅਤੇ ਸਿਆਸਤਦਾਨਾਂ ਦੇ ਅਕਸ ਦਾ ਸੰਕਟ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਲੋਕਾਂ ਦਾ ਸਿਆਸਤ ਤੋਂ ਭਰੋਸਾ ਉੱਠ ਜਾਂਦਾ ਹੈ, ਉਦੋਂ-ਉਦੋਂ ਲੋਕਤੰਤਰ 'ਤੇ ਕਬਜ਼ਾ ਕਰਨਾ ਆਸਾਨ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਅੱਜ ਦੇਸ਼ ਨੂੰ ਇਸ ਵੱਡੇ ਸੰਕਟ ਦਾ ਸਾਹਮਣਾ ਕਰਨ ਲਈ ਇਕ ਨਵੀਂ ਕਿਸਮ ਦੀ ਪਹਿਲ ਦੀ ਜ਼ਰੂਰਤ ਹੈ, ਜਿਸ ਨੂੰ ਜੈ ਪ੍ਰਕਾਸ਼ ਨਾਰਾਇਣ ਨੇ ਕਦੇ ਲੋਕਨੀਤੀ ਦਾ ਨਾਮ ਦਿੱਤਾ ਸੀ। ਅੱਜ ਸੱਤਾ ਕਰਮ ਨੂੰ ਰਚਨਾ ਅਤੇ ਸੰਘਰਸ਼ ਨਾਲ ਜੋੜਨ ਦੀ ਲੋੜ ਹੈ। ਸੱਤਾ ਦੇ ਵਿਰੋਧ ਦੀ ਬਜਾਏ ਅੱਜ ਦੇਸ਼ ਬਚਾਉਣ ਦੀ ਰਾਜਨੀਤੀ ਕਰਨ ਦੀ ਲੋੜ ਹੈ। ਰਾਜਨੀਤੀ ਦੇ ਇਕਾਂਗੀ ਸੱਤਾਯੋਗ ਤੋਂ ਬਾਹਰ ਨਿਕਲ ਕੇ ਕ੍ਰਾਂਤੀਯੋਗ, ਸਹਿਯੋਗ, ਗਿਆਨਯੋਗ ਅਤੇ ਧਿਆਨ ਯੋਗ ਦੀ ਸਾਧਨਾ ਕਰਨੀ ਚਾਹੀਦੀ ਹੈ। ਤਦੇ ਦੇਸ਼ ਇਸ ਸੰਕਟ ਤੋਂ ਨਿਜਾਤ ਪਾ ਕੇ ਲੋਕਤੰਤਰਿਕ ਬਣਿਆ ਰਹਿ ਸਕਦਾ ਹੈ।

**Homeopathicvibes**

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
**Harminder Singh Gill** D.H.M.S;B.C.I.H
(Ex Homeopathic Medical officer Punjab Govt.)

# ਸੁਖਦੇਵ ਸਿੰਘ ਢੀਂਡਸਾ ਦੀਆਂ ਸਰਗਰਮੀਆਂ ਕਾਰਨ ਸਿਆਸੀ ਹਲਕਿਆਂ 'ਚ ਹਲਚਲ

**✪ ਬਾਦਲ ਦੇ ਖੇਮੇ 'ਚ ਘਬਰਾਹਟ ਛਿੜੀ ✪ ਸੰਗਰੂਰ ਬਣਿਆ ਅਕਾਲੀ ਸਰਗਰਮੀਆਂ ਦਾ ਕੇਂਦਰ ✪ ਭਾਜਪਾ 'ਚ ਵੀ ਸਰਗਰਮੀਆਂ ਤੇਜ਼**

**✪ ਪੰਜਾਬ ਕਾਂਗਰਸ ਦੀ ਇੰਚਾਰਜ ਬਣ ਸਕਦੀ ਏ ਪ੍ਰਿਯੰਕਾ ਗਾਂਧੀ ✪ ਕੈਪਟਨ ਤੇ ਸਿੱਧੂ ਦੀ ਰੇਸ ਲੱਗੀ**

**- ਪਰਗਟ ਸਿੰਘ ਜੰਡਿਆਲਾ ਗੁਰੂ**

ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਅਕਾਲੀ ਸਿਆਸਤ ਦੀਆਂ ਮੋਹਰੀ ਸਫ਼ਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਕੇਂਦਰੀ ਕੈਬਨਿਟ ਵਜ਼ੀਰ ਸਮੇਤ ਰਾਜ ਸਭਾ ਮੈਂਬਰ ਸਮੇਤ ਕਈ ਵੱਡੇ ਤੇ ਵੱਕਾਰੀ ਰੁਤਬਿਆਂ 'ਤੇ ਭੂਮਿਕਾ ਨਿਭਾਉਂਦੇ ਆ ਰਹੇ ਸੁਖਦੇਵ ਸਿੰਘ ਢੀਂਡਸਾ ਵਲੋਂ ਭਾਵੇਂ ਦੋ ਵਰੇ ਪਹਿਲਾਂ ਆਪਣੀ ਖ਼ਰਾਬ ਸਿਹਤ ਦੇ ਹਵਾਲੇ ਨਾਲ ਸਰਗਰਮ ਰਾਜਨੀਤੀ ਤੋਂ ਲਾਂਭੇ ਹੋਣ ਦਾ ਐਲਾਨ ਕੀਤਾ ਗਿਆ ਸੀ ਪਰ 7 ਜੁਲਾਈ ਦੇ ਲੁਧਿਆਣਾ ਸੰਮੇਲਨ ਵਿਚ ਨਵੇਂ ਸ਼੍ਰੋਮਣੀ ਅਕਾਲੀ ਦਲ ਦਾ ਐਲਾਨ ਕਰਕੇ ਪ੍ਰਧਾਨ ਚੁਣੇ ਗਏ। ਇਸ ਕਾਰਨ ਪੰਜਾਬ ਵਿਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਉੱਥੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਸੰਕਟ ਵਿਚ ਫਸੇ ਹੋਣ ਕਾਰਨ ਬਾਦਲ ਪਰਿਵਾਰ ਵਿਚ ਘਬਰਾਹਟ ਪਾਈ ਜਾ ਰਹੀ ਹੈ ਤੇ ਦੂਸਰਾ ਢੀਂਡਸਾ ਵੀ ਬਾਦਲ ਖੇਮੇ ਵਿਚ ਸੰਨ ਲਾਉਣ ਦੀ ਤਿਆਰੀ ਵਿਚ ਹਨ। ਇਸੇ ਵਰੇ 23 ਫਰਵਰੀ ਨੂੰ ਸੰਗਰੂਰ ਵਿਖੇ ਵਿਸ਼ਾਲ ਰੈਲੀ ਕਰਕੇ ਬਾਦਲਾਂ ਖ਼ਿਲਾਫ਼ ਜੰਗ ਦਾ ਐਲਾਨ ਕਰਨ ਵਾਲੇ ਢੀਂਡਸਾ ਵਲੋਂ ਵਿੱਢੀਆਂ ਸਰਗਰਮੀਆਂ ਨੂੰ ਪੰਜਾਬ ਦੀਆਂ ਪੰਥਕ ਧਿਰਾਂ ਵਲੋਂ ਵੱਡਾ ਹੁੰਗਾਰਾ ਮਿਲਿਆਂ ਹੈ। ਘਰ ਬੈਠੇ ਅਕਾਲੀ ਵਰਕਰ ਢੀਂਡਸਾ ਨਾਲ ਜੁੜ ਰਹੇ ਹਨ। ਢੀਂਡਸਾ ਦੀਆਂ ਸਿਆਸੀ ਸਰਗਰਮੀਆਂ ਕਾਰਨ ਸਭ ਤੋਂ ਵੱਡੀ ਚਿੰਤਾ ਸੰਗਰੂਰ ਤੇ ਬਰਨਾਲਾ ਨਾਲ ਸਬੰਧਿਤ ਉਨਾਂ ਅਕਾਲੀ ਆਗੂਆਂ ਵਿਚ ਪਾਈ ਜਾ ਰਹੀ ਹੈ ਜਿਹੜੇ ਇਮਤਿਹਾਨ ਦੀ ਘੜੀ ਢੀਂਡਸਾ ਦਾ ਸਾਥ ਛੱਡ ਕੇ ਬਾਦਲ ਦਲ ਨਾਲ ਜਾ ਖੜੇ ਸਨ। ਸਿਆਸੀ ਮਾਹਿਰ ਦੱਸਦੇ ਹਨ ਕਿ ਹਾਲ ਦੀ ਘੜੀ ਢੀਂਡਸਾ ਦੀਆਂ ਸਰਗਰਮੀਆਂ ਦਾ ਪੰਜਾਬ ਤੇ ਦੇਸ਼ ਦੀ ਅਕਾਲੀ ਤੇ ਪੰਥਕ ਸਿਆਸਤ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਭਵਿੱਖਬਾਣੀ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ, ਪਰ ਏਨਾ ਜ਼ਰੂਰ ਹੈ ਕਿ ਉਹ ਬਾਦਲ ਦਲ ਨੂੰ ਵੱਡਾ ਨੁਕਸਾਨ ਪਹੁੰਚਾਉਣਗੇ। ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਰਹੂਮ ਸੁਰਜੀਤ ਸਿੰਘ ਬਰਨਾਲਾ ਦੇ ਨੇੜਲੇ ਸਾਥੀ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਨੂੰ ਪਾਰਟੀ ਦਾ ਜਨਰਲ ਸਕੱਤਰ ਤੇ ਕੋਰ ਕਮੇਟੀ ਦਾ ਮੈਂਬਰ ਬਣਾ ਕੇ ਢੀਂਡਸਾ ਦਾ ਰਾਹ ਰੋਕਣ ਲਈ ਮੈਦਾਨ ਵਿਚ ਉਤਾਰ ਰੱਖਿਆ ਹੈ। ਵਰਨਣਯੋਗ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਮੌਤ ਤੋਂ ਬਾਅਦ 1985 ਵਿਚ ਮੁੱਖ ਮੰਤਰੀ ਬਣੇ ਸੁਰਜੀਤ ਸਿੰਘ ਬਰਨਾਲਾ ਵਲੋਂ ਪੇਸ਼ਕਸ਼ ਕੀਤੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੀ ਕੁਰਸੀ ਨੂੰ ਠੋਕਰ ਮਾਰ ਕੇ ਪ੍ਰਕਾਸ਼ ਸਿੰਘ ਬਾਦਲ ਦਾ ਸਾਥ ਦੇਣ ਵਾਲੇ ਢੀਂਡਸਾ ਨੇ ਦਹਾਕਿਆਂ ਤੱਕ ਬਰਨਾਲਾ ਧੜੇ ਨਾਲ ਸਖ਼ਤ ਜੰਗ ਲੜੀ ਹੈ।

ਇਸ ਅੰਤਰ ਪਾਰਟੀ ਸੰਘਰਸ਼ ਵਿਚ ਭਾਵੇਂ ਢੀਂਡਸਾ ਬਰਨਾਲਾ ਧੜੇ ਨੂੰ ਪੰਜਾਬ ਦੀ ਸਿਆਸਤ ਦੇ ਹਾਸ਼ੀਏ 'ਤੇ ਧੱਕਣ ਵਿਚ ਸਫਲ ਰਹੇ ਅਤੇ ਬਰਨਾਲਾ ਧੜੇ ਨੂੰ ਪਹਿਲਾਂ ਲੌਂਗੋਵਾਲ ਅਕਾਲੀ ਦਲ ਅਤੇ ਫਿਰ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਣ ਵਰਗੇ ਫ਼ੈਸਲੇ ਲੈਣ ਦੇ ਗੈਰ ਸਿਧਾਂਤਕ ਫੈਸਲੇ ਕਰਨੇ ਪਏ। ਅੱਜ ਬਰਨਾਲਾ ਧੜੇ ਦੇ ਆਗੂ ਕਾਂਗਰਸ ਪਾਰਟੀ ਨੂੰ ਛੱਡ ਕੇ ਮੁੜ ਬਾਦਲ ਅਕਾਲੀ ਦਲ ਵਿਚ ਸਰਗਰਮ ਹਨ। ਢੀਂਡਸਾ ਵਲੋਂ ਵੱਖਰਾ ਅਕਾਲੀ ਦਲ ਬਣਾ ਲੈਣ ਪਿੱਛੋਂ ਬਰਨਾਲਾ ਧੜੇ ਨੂੰ ਆਸ ਹੈ ਕਿ ਉਹ ਬਲਦੇਵ ਸਿੰਘ ਮਾਨ ਨੂੰ ਮਿਲੇ ਪਾਰਟੀ ਰੁਤਬਿਆਂ ਦੇ ਸਹਾਰੇ ਮੁੜ ਸੰਗਰੂਰ ਤੇ ਬਰਨਾਲਾ ਦਾ ਸਿਆਸੀ ਮੈਦਾਨ ਸੰਭਾਲ ਸਕਦੇ ਹਨ। ਬਾਦਲ ਦਲ ਨੂੰ ਤਸੱਲੀ ਭਰਿਆ ਭਰੋਸਾ ਹੈ ਕਿ ਢੀਂਡਸਾ ਦੇ ਵੱਖ ਹੋਣ ਪਿੱਛੋਂ ਦੋਵੇਂ ਜ਼ਿਲਿਆਂ ਵਿਚ ਸਾਰੇ 10 ਵਿਧਾਨ ਸਭਾ ਹਲਕਿਆਂ ਵਿਚੋਂ 9 ਹਲਕਿਆਂ ਦੇ ਪਾਰਟੀ ਇੰਚਾਰਜ ਅੱਜ ਵੀ ਉਨਾਂ ਨਾਲ ਖੜੇ ਹਨ ਪਰ ਢੀਂਡਸਾ ਵਲੋਂ ਸ਼ੁਰੂ ਕੀਤੀ ਨਵੀਂ ਸਿਆਸੀ ਪਾਰੀ ਦੀ ਧਮਕ ਨਾਲ ਹਲਕਿਆਂ ਦੀਆਂ ਅਕਾਲੀ ਸਫ਼ਾਂ ਅੰਦਰ ਪੈਦਾ ਹੋਈ ਬੇਚੈਨੀ ਬਾਦਲ ਦਲ ਨੂੰ ਪ੍ਰੇਸ਼ਾਨ ਜ਼ਰੂਰ ਕਰ ਰਹੀ ਹੈ। ਇਸ ਦਾ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਭਾਜਪਾ ਵੀ ਸਿੱਖ ਪੰਥ ਵਿਚੋਂ ਆਪਣੀ ਰਾਜਨੀਤਕ ਥਾਂ ਗੁਆ ਚੁੱਕੇ ਬਾਦਲ ਦਲ ਦੀ ਥਾਂ ਢੀਂਡਸਾ ਨੂੰ ਮਜ਼ਬੂਤ ਦੇਖਣਾ ਚਾਹੁੰਦੀ ਹੈ।

ਪਿਛਲੀ ਵਿਧਾਨ ਸਭਾ ਚੋਣ ਵਿਚ ਦੋਵੇਂ ਜ਼ਿਲਿਆਂ ਦੇ 10 ਵਿਧਾਨ ਸਭਾ ਹਲਕਿਆਂ ਵਿਚੋਂ ਬਾਦਲ ਦਲ ਦੇ ਉਮੀਦਵਾਰ ਵਜੋਂ ਪਰਮਿੰਦਰ ਸਿੰਘ ਢੀਂਡਸਾ ਹੀ ਹਲਕਾ ਲਹਿਰਾ ਤੋਂ ਜਿੱਤ ਪ੍ਰਾਪਤ ਕਰ ਸਕੇ ਸਨ। ਜਾਣਕਾਰੀ ਮੁਤਾਬਿਕ ਬਾਦਲ ਦਲ ਵਲੋਂ ਹਲਕਾ ਲਹਿਰਾ ਤੋਂ ਨਵੇਂ ਪਾਰਟੀ ਇੰਚਾਰਜ ਦੀ ਭਾਲ ਲਈ ਸ਼ੁਰੂ ਕੀਤੇ ਯਤਨਾਂ ਤਹਿਤ ਬਾਦਲ ਪਰਿਵਾਰ ਦੇ ਕਰੀਬੀ ਇਕ ਸਾਬਕਾ ਅਧਿਕਾਰੀ ਦੇ ਨਾਲ ਨਾਲ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਦਾ ਨਾਂ ਵੀ ਪ੍ਰਮੁੱਖਤਾ ਨਾਲ ਲਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਬਾਦਲ ਦਲ ਲਈ ਬਰਨਾਲਾ ਧੜੇ ਦੇ ਦੋ ਅਹਿਮ ਆਗੂਆਂ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਤੇ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੂੰ ਵਿਧਾਨ ਸਭਾ ਟਿਕਟਾਂ ਵੇਲੇ 'ਐਡਜਸਟ' ਕਰਨਾ ਜਿੱਥੇ ਇਕ ਵੱਡੀ ਸਮੱਸਿਆ ਬਣੀ ਹੋਈ ਹੈ, ਉੱਥੇ ਇਹ ਸਵਾਲ ਵੀ ਪਾਰਟੀ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ ਕਿ ਲਹਿਰੇ ਤੋਂ ਬਾਅਦ ਸੰਗਰੂਰ, ਸੁਨਾਮ ਤੇ ਧੂਰੀ ਹਲਕਿਆਂ ਵਿਚੋਂ ਉਹ ਕਿਹੜੇ ਦੋ ਹਲਕੇ ਹੋਣਗੇ ਜਿੱਥੋਂ ਮਾਨ ਤੇ ਬਰਨਾਲਾ ਨੂੰ ਟਿਕਟ ਦਿੱਤੀ ਜਾਵੇਗੀ। ਸੂਤਰਾਂ ਮੁਤਾਬਿਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਰੁਤਬੇ ਪੱਖੋਂ ਅਜਿਹੇ ਵੱਡੇ ਆਗੂ ਹਨ ਜਿਨਾਂ ਤੋਂ ਬਗੈਰ ਸੁਨਾਮ ਹਲਕੇ ਤੋਂ ਕਿਸੇ ਵੀ ਹੋਰ ਆਗੂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਬਾਦਲ ਦਲ ਲਹਿਰਾ ਤੋਂ ਪਰਮਿੰਦਰ ਸਿੰਘ ਢੀਂਡਸਾ ਦੇ ਮੁਕਾਬਲੇ ਬਲਦੇਵ ਸਿੰਘ ਮਾਨ ਨੂੰ ਹਲਕਾ ਇੰਚਾਰਜ ਲਗਾ ਕੇ ਪੰਜਾਬ ਭਰ ਅੰਦਰ ਬਣੀ ਢੀਂਡਸਾ ਬਨਾਮ ਬਾਦਲ ਲੜਾਈ ਨੂੰ ਢੀਂਡਸਾ ਬਨਾਮ ਬਰਨਾਲਾ ਬਣਾਉਣ ਦਾ ਰਿਸਕ ਨਹੀਂ ਲੈਣਾ ਚਾਹੁੰਦਾ। ਜਦਕਿ ਢੀਂਡਸਾ ਧੜੇ ਵਲੋਂ ਜ਼ਿਲੇ ਦੇ ਸਿਆਸੀ ਦੰਗਲ ਨੂੰ ਢੀਂਡਸਾ ਬਨਾਮ ਬਰਨਾਲਾ ਬਣਾ ਕੇ 35 ਵਰਿਆਂ ਤੋਂ ਚੱਲ ਰਹੀ ਆਪਣੀ ਜੇਤੂ ਜੰਗ ਨੂੰ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਲਈ ਸਰਗਰਮ ਹਨ। ਢੀਂਡਸਾ ਧੜਾ ਉਡੀਕੋ ਤੇ ਵੇਖੋ ਦੀ ਨੀਤੀ 'ਤੇ ਚਲਦਿਆਂ ਬਲਦੇਵ ਸਿੰਘ ਮਾਨ ਤੇ ਬਰਨਾਲਾ ਪਰਿਵਾਰ ਲਈ ਬਾਦਲ ਦਲ ਵਲੋਂ ਲਾਟ ਕੀਤੇ ਜਾਣ ਵਾਲੇ ਸਿਆਸੀ ਖੇਤਰਾਂ ਉੱਪਰ ਤਿੱਖੀ ਨਜ਼ਰ ਰੱਖੀ ਬੈਠਾ ਹੈ। ਬਰਨਾਲਾ ਪਰਿਵਾਰ ਵਲੋਂ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਦੇ ਨਾਲ ਉਨਾਂ ਦੀ ਧਰਮ ਪਤਨੀ ਬੀਬੀ ਹਰਪ੍ਰੀਤ ਕੌਰ ਬਰਨਾਲਾ ਤੇ ਪੁੱਤਰ ਐਡਵੋਕੇਟ ਸਿਮਰਪ੍ਰਤਾਪ ਸਿੰਘ ਬਰਨਾਲਾ ਨੇ ਵਰਿਆਂ ਤੋਂ ਵਿਧਾਨ ਸਭਾ ਹਲਕਾ ਧੂਰੀ ਦੇ ਪਿੰਡ ਕੱਕੜਵਾਲ ਵਿਖੇ ਆਪਣੀ ਪੱਕੀ ਰਿਹਾਇਸ਼ ਤੋਂ ਹਲਕੇ ਅੰਦਰ ਸਿਆਸੀ ਸਰਗਰਮੀਆਂ ਜਾਰੀ ਰੱਖੀਆਂ ਹੋਈਆਂ ਹਨ। ਹਾਲਾਂਕਿ ਬਾਦਲ ਦਲ ਨੇ ਪ੍ਰੀਤ ਕੰਬਾਈਨ ਨਾਭਾ ਦੇ ਮਾਲਕ ਹਰੀ ਸਿੰਘ ਨੂੰ ਧੂਰੀ ਹਲਕੇ ਦਾ ਇੰਚਾਰਜ ਲਗਾਇਆ ਹੋਇਆ ਹੈ। ਸੂਤਰਾਂ ਮੁਤਾਬਿਕ ਢੀਂਡਸਾ ਨੇ ਜ਼ਿਲਾ ਸੰਗਰੂਰ ਤੇ ਬਰਨਾਲਾ ਦੀ ਕਮਾਨ ਆਪਣੇ ਸਪੁੱਤਰ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਹੱਥ ਦੇ ਕੇ ਖ਼ੁਦ ਸਮੁੱਚੇ ਪੰਜਾਬ ਤੇ ਦਿੱਲੀ ਦਾ ਪਿੜ ਸੰਭਾਲ ਲਿਆ ਹੈ। ਦੱਸਿਆ ਜਾਂਦਾ ਹੈ ਕਿ ਢੀਂਡਸਾ ਵਲੋਂ ਬਹੁਤ ਜਲਦੀ ਪਾਰਟੀ ਦੇ ਜਥੇਬੰਦਕ ਢਾਂਚੇ ਗਠਨ ਕਰਕੇ ਪੰਥਕ ਦਿੱਖ ਵਾਲੇ ਆਗੂਆਂ ਨੂੰ ਬਾਕਾਇਦਾ ਜ਼ਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ। ਸੁਖਦੇਵ ਸਿੰਘ ਢੀਂਡਸਾ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਸਿਖ ਸਟੂਡੈਂਟਸ ਫੈਡਰੇਸ਼ਨ ਦੇ ਆਗੂਆਂ, ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ, ਰਵੀਇੰਦਰ ਸਿੰਘ, ਮਨਜੀਤ ਸਿੰਘ ਜੀਕੇ ਨਾਲ ਮੀਟਿੰਗਾਂ ਕਰ ਚੁੱਕੇ ਹਨ। ਬਾਦਲ ਦਲ ਨੂੰ ਚਾਰੇ ਪਾਸੇ ਘੇਰਨ ਦੇ ਲਈ ਸੁਖਦੇਵ ਸਿੰਘ ਢੀਂਡਸਾ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ।

**ਬਾਦਲਾਂ ਖਿਲਾਫ਼ ਭਾਜਪਾ ਦੀ ਯੋਜਨਾਬੰਦੀ**

ਭਾਜਪਾ 'ਕਾਂਗਰਸ ਮੁਕਤ' ਭਾਰਤ ਦੇ ਆਪਣੇ ਏਜੰਡੇ 'ਤੇ ਚੱਲ ਰਹੀ ਹੈ, ਜੋ ਅਸਲ ਵਿਚ ਇਕ ਪਾਰਟੀ 'ਲੋਕਰਾਜ' ਵੱਲ ਵਧਦੇ ਕਦਮਾਂ ਦੀ ਆਹਟ ਹੈ। ਸੂਤਰਾਂ ਅਨੁਸਾਰ ਵਿਧਾਨ ਸਭਾ ਚੋਣਾਂ ਵਿਚ ਕਰੀਬ ਡੇਢ ਸਾਲ ਹੀ ਬਾਕੀ ਹੈ ਤਾਂ ਭਾਜਪਾ ਪੰਜਾਬ ਵਿਚ ਵੀ ਅੰਦਰ ਖਾਤੇ ਕੈਪਟਨ ਦੇ ਵਿਰੋਧੀ ਕਾਂਗਰਸੀ ਆਗੂਆਂ ਨਾਲ ਤਾਲਮੇਲ ਬਿਠਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕੈਪਟਨ ਵਿਰੋਧੀ ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਭਾਜਪਾ ਵਿਸ਼ੇਸ਼ ਮਹੱਤਤਾ ਦੇ ਰਹੀ ਹੈ।

ਸੂਤਰਾਂ ਅਨੁਸਾਰ ਭਾਜਪਾ ਨੇ 2022 ਵਿਚ ਪੰਜਾਬ ਵਿਚ ਕਾਂਗਰਸ ਨੂੰ ਦੁਬਾਰਾ ਸੱਤਾ ਵਿਚ ਆਉਣ ਤੋਂ ਰੋਕਣ ਦਾ ਨਿਸ਼ਾਨਾ ਤਾਂ ਮਿਥ ਲਿਆ ਹੈ ਪਰ ਇਸ ਬਾਰੇ ਆਪਣੀ ਰਣਨੀਤੀ ਨੂੰ ਅਜੇ ਤੱਕ ਕੋਈ ਅੰਤਿਮ ਰੂਪ ਨਹੀਂ ਦਿੱਤਾ। ਅਜੇ ਤਾਂ ਇਹ ਵੀ ਸਪੱਸ਼ਟ ਨਹੀਂ ਕਿ 2022 ਵਿਚ ਭਾਜਪਾ ਪੰਜਾਬ ਵਿਚ ਇਕੱਲਿਆਂ ਚੋਣ ਲੜੇਗੀ, ਅਕਾਲੀ ਦਲ ਬਾਦਲ ਨਾਲ ਆਪਣਾ ਸਮਝੌਤਾ ਜਾਰੀ ਰੱਖੇਗੀ ਜਾਂ ਅਕਾਲੀ ਦਲ (ਡੈਮੋਕ੍ਰੇਟਿਕ) ਨਾਲ ਕੋਈ ਚੋਣ ਸਮਝੌਤਾ ਕਰੇਗੀ।

ਸੂਤਰਾਂ ਤੋਂ ਪਤਾ ਲੱਗਾ ਹੈ ਕਿ ਭਾਜਪਾ ਚੋਣਾਂ ਤੋਂ ਪਹਿਲਾਂ ਹਰਿਆਣਾ ਵਾਲੀ ਰਣਨੀਤੀ ਦੁਹਰਾਉਂਦਿਆਂ ਕਾਂਗਰਸ ਦੇ ਉਨਾਂ ਵਿਧਾਇਕਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰੇਗੀ ਜਿਨਾਂ ਦਾ ਆਪਣਾ ਨਿੱਜੀ ਆਧਾਰ ਮਜ਼ਬੂਤ ਹੈ। ਭਾਜਪਾ ਇਸ ਗੱਲ 'ਤੇ ਵੀ ਨਿਗਾਹਾ ਰੱਖ ਰਹੀ ਹੈ ਕਿ ਆਉਂਦੀਆਂ ਚੋਣਾਂ ਵਿਚ ਕਾਂਗਰਸ ਕੈਪਟਨ ਨੂੰ ਅੱਗੇ ਕਰਦੀ ਹੈ ਜਾਂ ਨਵਜੋਤ ਸਿੰਘ ਸਿੱਧੂ ਨੂੰ ਅਗਵਾਈ ਸੌਂਪਦੀ ਹੈ। ਜੇਕਰ ਕਾਂਗਰਸ ਸਿੱਧੂ ਨੂੰ ਅੱਗੇ ਕਰਦੀ ਹੈ ਤਾਂ ਕੈਪਟਨ ਬਾਗੀ ਰੁਖ ਅਪਨਾ ਸਕਦੇ ਹਨ। ਗ਼ੌਰਤਲਬ ਹੈ ਕਿ 17 ਮਈ, 2020 ਨੂੰ ਖ਼ਬਰ ਏਜੰਸੀ ਆਈ.ਏ.ਐਨ.ਐਸ. ਦੇ ਹਵਾਲੇ ਨਾਲ ਖ਼ਬਰ ਛਪੀ ਸੀ ਕਿ ਕੈਪਟਨ ਅਮਰਿੰਦਰ ਸਿੰਘ 2015 ਵਿਚ ਇਕ ਵਾਰ ਭਾਜਪਾ ਵਿਚ ਸ਼ਾਮਿਲ ਹੋਣ ਬਾਰੇ ਸੋਚ ਰਹੇ ਸਨ। ਉਨਾਂ ਦੀ ਟੀਮ ਨਵੀਂ ਪਾਰਟੀ ਬਣਾਉਣ 'ਤੇ ਵੀ ਵਿਚਾਰ ਕਰ ਰਹੀ ਸੀ। ਇਥੇ ਗ਼ੌਰਤਲਬ ਹੈ ਕਿ 17 ਮਈ, 2020 ਦੀ ਰਾਤ ਨੂੰ 9 ਵਜ ਕੇ 39 ਮਿੰਟ 'ਤੇ ਕੈਪਟਨ ਨੇ ਬਾਕਾਇਦਾ ਟਵੀਟ ਕਰਕੇ ਭਾਜਪਾ ਵਿਚ ਜਾਣ ਦੀ ਗੱਲ ਸੋਚਣ ਦਾ ਖੰਡਨ ਕੀਤਾ ਸੀ। ਸੋ, ਇਨਾਂ ਹਾਲਤਾਂ ਵਿਚ ਜੇਕਰ ਕਾਂਗਰਸ ਹਾਈ ਕਮਾਨ ਇਸ ਵਾਰ ਕੈਪਟਨ ਅਮਰਿੰਦਰ ਸਿੰਘ ਨੂੰ ਚੋਣਾਂ ਵਿਚ ਫਿਰ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨਦੀ ਤਾਂ ਕੀ ਉਹ ਫਿਰ ਆਪਣੀ ਪਾਰਟੀ ਬਣਾ ਸਕਦੇ ਹਨ ? ਅਤੇ ਜੇ ਅਜਿਹੀ ਨੌਬਤ ਆਉਂਦੀ ਹੈ ਤਾਂ ਕੀ ਭਾਜਪਾ ਉਨਾਂ ਨਾਲ ਸਮਝੌਤਾ ਕਰਨ ਬਾਰੇ ਸੋਚ ਸਕਦੀ ਹੈ ? ਇਹ ਸੁਆਲ ਸਮੇਂ ਦੀ ਕੁੱਖ ਵਿਚ ਹਨ।

ਦੂਸਰੇ ਪਾਸੇ ਪੰਜਾਬ ਵਿਚ ਕਾਂਗਰਸ ਦੀ ਹਾਲਤ ਬਹੁਤ ਨਿਘਰੀ ਹੋਈ ਹੈ। ਬੇਸ਼ੱਕ ਸੁਨੀਲ ਜਾਖੜ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਤੇ ਉਹ ਬਿਆਨਬਾਜ਼ੀ ਵੀ ਚੰਗੀ ਕਰ ਰਹੇ ਹਨ ਪਰ ਪਾਰਟੀ 'ਤੇ ਅਮਲੀ ਕਬਜ਼ਾ ਕੈਪਟਨ ਅਮਰਿੰਦਰ ਸਿੰਘ ਦਾ ਹੀ ਹੈ। ਉਨਾਂ ਦੇ ਖ਼ਾਸ ਵਿਸ਼ਵਾਸਪਾਤਰ ਕੈਪਟਨ ਸੰਦੀਪ ਸੰਧੂ ਹੀ ਅਮਲੀ ਰੂਪ ਵਿਚ ਕਾਂਗਰਸ ਦਾ ਕੰਮਕਾਰ ਸੰਭਾਲਦੇ ਦਿਖਾਈ ਦਿੰਦੇ ਹਨ।

ਬਾਕੀ ਸਫ਼ਾ 31 'ਤੇ

# ਬਲਾਤਕਾਰਾਂ ਤੇ ਅਪਰਾਧਾਂ 'ਚ ਫਸੇ ਭਾਰਤ ਦੇ ਪਖੰਡੀ ਬਾਬੇ

**✪ ਡੇਰਿਆਂ ਨੂੰ ਪਖੰਡੀ ਬਾਬਿਆਂ ਤੋਂ ਆਜ਼ਾਦ ਕਰਵਾਇਆ ਜਾਵੇ ✪ ਕਈ ਬਾਬੇ ਫਸੇ ਹਨ ਬਲਾਤਕਾਰਾਂ ਦੇ ਕੇਸ 'ਚ**

**- ਸੁਰਿੰਦਰਪਾਲ ਸਿੰਘ ਗੋਲਡੀ**

ਭਾਰਤ ਵਿਚ ਬਹੁਤ ਸਾਰੇ ਪਖੰਡੀ ਬਾਬੇ ਹਨ, ਜੋ ਬੀਬੀਆਂ ਦੀਆਂ ਇੱਜ਼ਤਾਂ ਰੋਲਦੇ ਹਨ, ਲੋਕਾਂ ਨੂੰ ਲੁੱਟਦੇ ਹਨ, ਨਸ਼ੇ ਵੰਡਦੇ ਹਨ ਤੇ ਕਾਲੇ ਧਨ ਦੀ ਸਪਲਾਈ ਵਿਦੇਸ਼ਾਂ ਤੋਂ ਕਰਦੇ ਹਨ। ਇਸ ਤੋਂ ਇਲਾਵਾ ਇਨਾਂ ਦਾ ਗੱਠਜੋੜ ਰਾਜਨੀਤੀਵਾਨਾਂ ਤੇ ਅਫ਼ਸਰਸ਼ਾਹੀ ਨਾਲ ਹੁੰਦਾ ਹੈ। ਇਨਾਂ ਕੋਲੇ ਬਹੁਤ ਵੱਡੇ ਗੁੰਡੇ ਗਿਰੋਹ ਹੁੰਦੇ ਹਨ ਤੇ ਆਪ ਮਾਫੀਆ ਡਾਨ ਵਰਗੇ ਹੁੰਦੇ ਹਨ। ਸਿਆਸਤਦਾਨਾਂ ਦੇ ਇਸਾਰੇ 'ਤੇ ਇਹ ਦੰਗੇ ਵੀ ਕਰਵਾਉਂਦੇ ਹਨ। ਸਾਧ ਰਾਮ ਰਹੀਮ ਦੀ ਉਦਾਹਰਣ ਤੁਹਾਡੇ ਸਾਹਮਣੇ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਆਸਾਰਾਮ ਬਾਪੂ, ਫਲਾਹਾਰੀ ਬਾਬਾ ਅਤੇ ਸੰਤ ਜੈਨ ਆਚਾਰੀਆ ਸ਼ਾਂਤੀ ਸਾਗਰ ਆਦਿ ਨੂੰ ਜਿਸਮਾਨੀ ਸ਼ੋਸ਼ਣ ਅਤੇ ਹੋਰ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਸਾਰੇ ਜੇਲ ਵਿਚ ਹਨ। ਪਖੰਡੀ ਬਾਬਿਆਂ ਦੀ ਉਪਜ ਲਗਾਤਾਰ ਹੋ ਰਹੀ ਹੈ। ਕੁਝ ਅਜਿਹੀਆਂ ਨਵੀਆਂ ਘਟਨਾਵਾਂ ਹੇਠਾਂ ਦਰਜ ਹਨ :

➢ 07 ਮਈ ਨੂੰ ਰਾਜਸਥਾਨ ਵਿਚ ਬਾੜਮੇਰ ਜ਼ਿਲੇ ਦੇ ਧੌਰੀਮੰਨਾ ਇਲਾਕੇ ਵਿਚ ਇਕ ਔਰਤ ਦਾ ਬਲੱਡ ਪ੍ਰੈਸ਼ਰ ਠੀਕ ਕਰਨ ਦੇ ਬਹਾਨੇ ਚਾਕੂ ਦੀ ਨੋਕ 'ਤੇ ਉਸ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਪੁਲਸ ਨੇ ਇਕ ਬਾਬੇ ਨੂੰ ਗ੍ਰਿਫਤਾਰ ਕੀਤਾ।

➢ 24 ਜੂਨ ਨੂੰ ਗੁਜਰਾਤ ਦੇ ਅਮਰੇਲੀ ਵਿਚ ਪੁਲਸ ਨੇ ਇਕ ਆਸ਼ਰਮ ਦੇ 3 ਸਾਧੂਆਂ ਨੂੰ ਇਕ ਔਰਤ ਨਾਲ 7 ਵਾਰ ਬਲਾਤਕਾਰ ਕਰਨ, ਉਸ ਦਾ ਵੀਡੀਓ ਬਣਾਉਣ ਤੇ ਸੋਸ਼ਲ ਮੀਡੀਆ 'ਤੇ ਜਾਰੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ।

➢ 28 ਜੂਨ ਨੂੰ ਗੁਜਰਾਤ ਵਿਚ 'ਇਡਰ ਪਾਵਾਪੁਰ ਜਲ ਮੰਦਰ' ਦੇ ਸਾਧੂਆਂ ਨੇ 76 ਸਾਲਾਂ ਦੇ ਰਾਜਾ ਸਾਹਿਬ ਰਾਜਤਿਲਕ ਸਾਗਰ (ਰਾਜਾ ਮਹਾਰਾਜ) ਤੇ 55 ਸਾਲਾ ਕਲਿਆਣ ਸਾਗਰ ਨੂੰ ਜੈਨ ਸਮਾਜ ਦੇ ਟਰੱਸਟੀਆਂ ਦੀ ਸ਼ਿਕਾਇਤ 'ਤੇ ਪੁਲਸ ਨੇ ਗ੍ਰਿਫਤਾਰ ਕਰ ਲਿਆ। ਇਨਾਂ ਦੋਵਾਂ 'ਤੇ ਸੂਰਤ ਦੀ ਇਕ ਔਰਤ ਚੇਲੀ ਨਾਲ ਕਈ ਮਹੀਨੇ ਪਹਿਲਾਂ ਬਲਾਤਕਾਰ ਕਰਨ ਦਾ ਦੋਸ਼ ਹੈ। ਉਨਾਂ ਤੋਂ ਇਲਾਵਾ ਧਰਮ ਕੀਰਤੀ ਸਾਗਰ 'ਤੇ ਵੀ ਵਿਭਚਾਰ ਦਾ ਦੋਸ਼ ਲੱਗਾ ਹੈ।

➢ 9 ਜੁਲਾਈ ਨੂੰ ਛੱਤੀਸਗੜ ਦੇ ਰਾਏਪੁਰ ਵਿਚ 'ਲਾਰਡ ਬੁੱਧਾ ਫਾਊਂਡੇਸ਼ਨ' ਦੇ ਨਾਂ ਨਾਲ ਐੱਨ. ਜੀ. ਓ. ਚਲਾਉਣ ਵਾਲੇ ਇਕ ਸਾਧੂ ਨੂੰ ਉਸੇ ਦੀ ਐੱਨ. ਜੀ. ਓ. ਵਿਚ ਕੰਮ ਕਰਨ ਵਾਲੀ ਇਕ ਔਰਤ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ।

➢ 17 ਜੁਲਾਈ ਨੂੰ ਗੁਜਰਾਤ ਦੇ ਕੱਛ ਜ਼ਿਲੇ ਵਿਚ ਇਕ ਮਦਰੱਸਾ ਅਧਿਆਪਕ 'ਮੌਲਾਨਾ ਸ਼ਮਸਦੀਨ ਹਾਜ਼ੀ ਸੁਲੇਮਾਨ ਜਟ' ਨੂੰ ਮਦਰੱਸੇ ਵਿਚ ਹੀ ਪੜਨ ਵਾਲੀ ਇਕ ਵਿਦਿਆਰਥਣ ਨੂੰ ਜਾਨ ਤੋਂ ਮਾਰਨ ਅਤੇ ਉਸ ਦਾ ਵੀਡੀਓ ਲੀਕ ਕਰਨ ਦੀ ਧਮਕੀ ਦੇ ਕੇ 4 ਸਾਲ ਤਕ ਉਸ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ।

ਇਹ ਤਾਂ ਧਰਮ ਸਮਾਜ ਨਾਲ ਜੁੜੇ ਲੋਕਾਂ ਵਲੋਂ ਆਸਥਾ ਦੇ ਨਾਂ 'ਤੇ ਔਰਤਾਂ ਦੇ ਸੈਕਸ ਸ਼ੋਸ਼ਣ ਦੀਆਂ ਕੁਝ ਉਦਾਹਰਣਾਂ ਮਾਤਰ ਹਨ, ਜਦਕਿ ਇਸ ਤੋਂ ਇਲਾਵਾ ਵੀ ਇਸ ਤਰਾਂ ਦੇ ਅਪਰਾਧ ਅਖੌਤੀ ਧਰਮ ਗੁਰੂ ਨਾਰੀ ਜਾਤੀ ਦੇ ਵਿਰੁੱਧ ਕਰਦੇ ਆ ਰਹੇ ਹਨ। ਇਸੇ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਵਿਚ ਦਾਇਰ ਇਕ ਲੋਕਹਿੱਤ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਅਜਿਹੇ ਫਰਜ਼ੀ ਬਾਬਿਆਂ ਵਲੋਂ ਚਲਾਏ ਜਾ ਰਹੇ ਆਸ਼ਰਮਾਂ, ਅਖਾੜਿਆਂ ਅਤੇ ਅਧਿਆਤਮਕ ਕੇਂਦਰਾਂ ਵਿਚ ਸੈਂਕੜੇ ਔਰਤਾਂ ਫਸੀਆਂ ਹੋਈਆਂ ਹਨ। ਅਜਿਹੇ ਆਸ਼ਰਮਾਂ ਵਿਚ ਧਨ-ਦੌਲਤ ਦੀ ਖੇਡ ਤੇ ਅਪਰਾਧਿਕ ਸਰਗਰਮੀਆਂ ਦਾ ਵਰਣਨ ਕਰਦੇ ਹੋਏ ਅਦਾਲਤ ਨੂੰ ਬੇਨਤੀ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਨੂੰ ਅਜਿਹੇ ਡੇਰਿਆਂ ਨੂੰ ਬੰਦ ਕਰਵਾਉਣ ਦੇ ਹੁਕਮ ਦਿੱਤੇ ਜਾਣ।

ਤੇਲੰਗਾਨਾ ਦੇ ਸਿਕੰਦਰਾਬਾਦ ਨਿਵਾਸੀ ਰਿੱਟਕਰਤਾ 'ਡੁੰਪਾਲਾ ਰਾਮਾਰੈੱਡੀ' ਨੇ 'ਅਖਿਲ ਭਾਰਤੀਆ ਅਖਾੜਾ ਪ੍ਰੀਸ਼ਦ' ਵੱਲੋਂ 17 ਬਾਬਿਆਂ ਨੂੰ ਢੌਂਗੀ ਐਲਾਨਣ ਦਾ ਵਰਣਨ ਕਰਦੇ ਹੋਏ ਕਿਹਾ ਹੈ ਕਿ, "ਬੇਸ਼ੱਕ ਅਜਿਹੇ ਬਾਬਿਆਂ ਦੇ ਵਿਰੁੱਧ ਬਹੁਤ ਗੰਭੀਰ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ ਪਰ ਉਨਾਂ ਦੇ ਆਸ਼ਰਮ ਅਜੇ ਵੀ ਉਨਾਂ ਦੇ ਕਰੀਬੀ ਸਹਿਯੋਗੀਆਂ ਦੀ ਮਦਦ ਨਾਲ ਚਲਾਏ ਜਾ ਰਹੇ ਹਨ, ਇਸ ਲਈ ਅਜਿਹੇ ਆਸ਼ਰਮਾਂ ਨੂੰ ਵੀ ਬੰਦ ਕਰਵਾਇਆ ਜਾਵੇ।"

ਇਸ ਦੇ ਨਾਲ ਹੀ ਰਿੱਟ ਵਿਚ ਦੇਸ਼ ਵਿਚ ਆਸ਼ਰਮ ਤੇ ਹੋਰ ਅਧਿਆਤਮਕ ਸੰਸਥਾਵਾਂ ਦੀ ਸਥਾਪਨਾ ਬਾਰੇ ਦਿਸ਼ਾ-ਨਿਰਦੇਸ਼ ਤੈਅ ਕਰਨ ਦਾ ਹੁਕਮ ਦੇਣ ਦੀ ਬੇਨਤੀ ਵੀ ਕੀਤੀ ਗਈ ਹੈ। ਰਿੱਟ ਕਰਤਾ ਨੇ ਇਹ ਵੀ ਕਿਹਾ ਹੈ ਕਿ ਜੁਲਾਈ 2015 ਵਿਚ ਵਿਦੇਸ਼ ਤੋਂ ਡਾਕਟਰ ਦੀ ਪੜਾਈ ਕਰਕੇ ਪਰਤੀ ਉਸ ਦੀ ਧੀ ਦਿੱਲੀ ਵਿਚ ਇਕ ਫਰਜ਼ੀ ਬਾਬਾ ਵੀਰੇਂਦਰ ਦੀਕਸ਼ਿਤ ਦੇ ਚੁੰਗਲ ਵਿਚ ਫਸ ਗਈ ਤੇ 5 ਸਾਲਾਂ ਤੋਂ ਦਿੱਲੀ ਦੇ ਰੋਹਿਣੀ ਇਲਾਕੇ ਵਿਚ ਬਣੇ 'ਅਧਿਆਤਮ ਵਿਦਿਆਲਿਆ ਆਸ਼ਰਮ' ਵਿਚ ਰਹਿ ਰਹੀ ਹੈ।

ਇਹ ਬਾਬਾ ਬਲਾਤਕਾਰ ਦੇ ਦੋਸ਼ ਵਿਚ 3 ਸਾਲ ਤੋਂ ਫਰਾਰ ਚੱਲ ਰਿਹਾ ਹੈ। ਰਿੱਟਕਰਤਾ ਨੇ ਇਸ ਆਸ਼ਰਮ ਵਿਚ ਰਹਿ ਰਹੀਆਂ ਘੱਟ ਤੋਂ ਘੱਟ 170 ਔਰਤਾਂ ਨੂੰ ਮੁਕਤ ਕਰਵਾਉਣ ਦੀ ਮੰਗ ਕੀਤੀ ਹੈ। ਇਸ ਰਿੱਟ 'ਤੇ ਸੁਣਵਾਈ ਕਰਦਿਆਂ ਚੀਫ ਜਸਟਿਸ ਐੱਸ. ਏ. ਬੋਬੜੇ ਦੀ ਅਗਵਾਈ ਵਾਲੀ ਬੈਂਚ ਨੇ ਕੇਂਦਰ ਸਰਕਾਰ ਦੀ ਪ੍ਰਤੀਨਿਧਤਾ ਕਰ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਹੈ ਕਿ ਜੇਕਰ ਰਿੱਟਕਰਤਾ ਦੇ ਅਨੁਸਾਰ 'ਅਖਾੜਾ ਪ੍ਰੀਸ਼ਦ' ਨੇ ਦੇਸ਼ ਵਿਚ 17 ਆਸ਼ਰਮਾਂ ਦੇ ਬੋਗਸ ਹੋਣ ਦੀ ਗੱਲ ਕਹੀ ਹੈ ਤਾਂ ਇਹ ਗੰਭੀਰ ਸਵਾਲ ਖੜੇ ਕਰਦੀ ਹੈ। ਇਸ ਲਈ ਉਹ ਇਸ ਮਾਮਲੇ ਵਿਚ ਕੇਂਦਰ ਸਰਕਾਰ ਤੋਂ ਰਾਇ ਲੈ ਕੇ ਅਦਾਲਤ ਨੂੰ ਦੱਸਣ ਕਿ ਸਰਕਾਰ ਇਸ ਮਾਮਲੇ ਵਿਚ ਕੀ ਕਰ ਸਕਦੀ ਹੈ।

ਸੋ ਅਖੌਤੀ ਬਾਬੇ, ਜਿੱਥੇ ਸਮਾਜ ਲਈ ਘਾਤਕ ਹਨ, ਉੱਥੇ ਭਾਰਤੀ ਲੋਕਤੰਤਰ ਲਈ ਵੀ ਘਾਤਕ ਹੈ, ਕਿਉਂਕਿ ਇਹ ਆਪਣੇ ਸ਼ਰਧਾਲੂਆਂ ਰਾਹੀਂ ਅਪਰਾਧੀ ਸਿਆਸਤਦਾਨਾਂ ਨੂੰ ਜਿਤਾਉਂਦੇ ਹਨ।

# ਹਾਗੀਆ ਸੋਫੀਆ ਮਸਜਿਦ ਤੋਂ ਲੈ ਕੇ ਅਯੁੱਧਿਆ ਤੱਕ ਫਾਸ਼ੀਵਾਦੀ ਰਾਸ਼ਟਰਵਾਦ

## ਇਸਤਾਂਬੁਲ ਵਿਚ 1500 ਸਾਲ ਪੁਰਾਣੇ ਇਕ ਚਰਚ ਹਾਗੀਆ ਸੋਫੀਆ ਨੂੰ ਮਸਜਿਦ ਐਲਾਨਿਆ, ਕੈਥੋਲਿਕ ਧਰਮ ਦੇ ਪੋਪ ਨੇ ਪ੍ਰਗਟਾਇਆ ਅਫਸੋਸ ਅਰਬ ਦਾ ਕਾਫੀ ਖੇਤਰ ਕਟੜਵਾਦੀ ਇਸਲਾਮੀ ਰਾਸ਼ਟਰਵਾਦ ਤੋਂ ਹੋ ਰਿਹਾ ਏ ਮੁਕਤ

**- ਰਜਿੰਦਰ ਸਿੰਘ**



ਇਸਤਾਂਬੁਲ ਵਿਚ 1500 ਸਾਲ ਪੁਰਾਣੇ ਇਕ ਚਰਚ ਹਾਗੀਆ ਸੋਫੀਆ ਨੂੰ ਮਸਜਿਦ ਐਲਾਨ ਕੀਤੇ ਜਾਣ ਅਤੇ ਉੱਥੇ ਨਮਾਜ਼ ਪੜਨ ਦੀਆਂ ਤਿਆਰੀਆਂ ਕਾਰਨ ਤੁਰਕੀ ਦੁਨੀਆ ਭਰ ਵਿਚ ਖ਼ਬਰਾਂ ਵਿਚ ਹੈ। ਤੁਰਕੀ ਦੇ ਰਾਸ਼ਟਰਪਤੀ ਅਰਦੋਗਨ ਨੇ ਚਰਚ ਨੂੰ ਮਸਜਿਦ ਐਲਾਨਣ ਦਾ ਕੰਮ ਇਸ ਲਈ ਕੀਤਾ ਤਾਂ ਜੋ ਉਹ ਇਸਲਾਮੀ ਜਗਤ ਵਿਚ ਖ਼ੁਦ ਨੂੰ ਮੁਸਲਮਾਨਾਂ ਦੇ ਹਿੱਤ ਚਿੰਤਕ ਦੇ ਰੂਪ ਵਿਚ ਪੇਸ਼ ਕਰ ਸਕਣ ਅਤੇ ਇਸ ਮਾਮਲੇ ਵਿਚ ਤੁਰਕੀ ਨੂੰ ਸਾਊਦੀ ਅਰਬ ਤੋਂ ਅੱਗੇ ਦਿਖਾ ਸਕਣ। ਹਾਗੀਆ ਸੋਫੀਆ ਬੀਤੇ ਕਈ ਦਹਾਕਿਆਂ ਤੋਂ ਇਕ ਅਜਾਇਬਘਰ ਦੇ ਰੂਪ ਵਿਚ ਪ੍ਰਵਾਨਤ ਸੀ ਅਤੇ ਉਹ ਤੁਰਕੀ ਦਾ ਸਭ ਤੋਂ ਵੱਡਾ ਸੈਰ-ਸਪਾਟਾ ਕੇਂਦਰ ਸੀ। ਉਸ ਨੂੰ ਮਸਜਿਦ ਕਰਾਰ ਦੇਣ ਦੇ ਫ਼ੈਸਲੇ ਦੀ ਦੁਨੀਆ ਭਰ ਵਿਚ ਨੁਕਤਾਚੀਨੀ ਹੋਈ ਹੈ ਪਰ ਅਰਦੋਗਨ ਦੀ ਸਿਹਤ 'ਤੇ ਕੋਈ ਅਸਰ ਨਹੀਂ। ਜਦ ਤੁਰਕੀ ਇਸਲਾਮੀ ਕੱਟੜਤਾ ਦੇ ਖ਼ਤਰਨਾਕ ਰਾਹ 'ਤੇ ਤੁਰ ਰਿਹਾ ਹੈ, ਉਦੋਂ ਖ਼ਬਰ ਆਈ ਹੈ ਕਿ ਤਮਾਮ ਅਰਬ ਦੇਸ਼ਾਂ ਵਿਚ ਔਰਤਾਂ ਲਈ ਸਭ ਤੋਂ ਚੰਗੀ ਸਥਿਤੀ ਸਾਊਦੀ ਅਰਬ ਵਿਚ ਹੈ। ਆਪਣੇ-ਆਪ ਵਿਚ ਇਹ ਖ਼ਬਰ ਛੋਟੀ ਹੈ ਪਰ ਕੁਝ ਅਰਸੇ ਤੋਂ ਸਾਊਦੀ ਅਰਬ ਵਿਚ ਹੋ ਰਹੀਆਂ ਨਿਰੰਤਰ ਤਬਦੀਲੀਆਂ ਦਾ ਇਕ ਅੰਗ ਹੋਣ ਕਾਰਨ ਮਹੱਤਵਪੂਰਨ ਹੈ। ਉੱਥੇ ਦੀ ਮਜ਼ਹਬੀ ਪੁਲਿਸ ਦੇ ਅਧਿਕਾਰ ਘੱਟ ਕਰਨੇ, ਕੋੜੇ ਮਾਰਨ ਦੀ ਸਜ਼ਾ ਖ਼ਤਮ ਕਰਨੀ, ਔਰਤਾਂ ਨੂੰ ਕਾਰ ਚਲਾਉਣ ਦੀ ਆਗਿਆ ਦੇਣੀ, ਸੰਗੀਤ ਦੇ ਜਨਤਕ ਪ੍ਰੋਗਰਾਮ ਸ਼ੁਰੂ ਕਰਨੇ, ਯੋਗਾ-ਅਭਿਆਸ ਨੂੰ ਖੇਡ-ਕੁੱਦ ਦੇ ਰੂਪ ਵਿਚ ਮਨਜ਼ੂਰੀ ਦੇਣਾ ਜ਼ਿਕਰਯੋਗ ਬਦਲਾਅ ਦੇ ਸੂਚਕ ਹਨ। ਸਾਊਦੀ ਸੱਤਾ ਦੇ ਕਦਮਾਂ ਪਿੱਛੇ ਇਕ ਚੰਗੀ ਸੋਚ ਦਿਖਾਈ ਦੇ ਰਹੀ ਹੈ। ਸਾਊਦੀ ਹੁਕਮਰਾਨ ਹੌਲੀ-ਹੌਲੀ ਕਟੜਵਾਦੀ ਇਸਲਾਮੀ ਕਾਇਦਿਆਂ ਤੋਂ ਹਟ ਰਹੇ ਹਨ। ਖ਼ਾਸ ਤੌਰ 'ਤੇ ਸੰਸਕ੍ਰਿਤੀ, ਇਤਿਹਾਸ, ਅਰਥਤੰਤਰ ਅਤੇ ਕੌਮਾਂਤਰੀ ਸੰਬੰਧ ਦੇ ਖੇਤਰਾਂ ਵਿਚ ਇਸਲਾਮੀ ਨਿਰਦੇਸ਼ਾਂ ਤੋਂ ਬਿਲਕੁਲ ਉਲਟ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਅਜਿਹੇ ਬਦਲਾਅ ਕਰਦੇ ਹੋਏ ਇਸਲਾਮ ਦਾ ਕੋਈ ਹਵਾਲਾ ਵੀ ਨਹੀਂ ਦਿੱਤਾ ਜਾ ਰਿਹਾ ਹੈ। ਤੁਰਕੀ ਵਿਚ ਹਾਗੀਆ ਸੋਫੀਆ ਅਜਾਇਬ ਘਰ ਨੂੰ ਦੁਬਾਰਾ ਮਸਜਿਦ ਬਣਾਉਣ ਦੇ ਫੈਸਲੇ ਨੂੰ ਲੈ ਕੇ ਕੈਥੋਲਿਕ ਧਰਮ ਦੇ ਪੋਪ ਨੇ ਇਸ ਸੰਬੰਧੀ ਅਫਸੋਸ ਪ੍ਰਗਟਾਇਆ ਹੈ। ਇਹ ਅਜਾਇਬ ਘਰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸਾਈਟਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਲਈ ਇਤਿਹਾਸਕਾਰ ਇਸ ਫੈਸਲੇ ਦਾ ਵਿਰੋਧ ਕਰ ਰਹੇ ਹਨ। ਭਾਰਤ ਵਿਚ ਫਾਸ਼ੀਵਾਦੀ ਤੇ ਫਿਰਕੂ ਵਿਚਾਰਾਂ ਵਾਲੇ ਲੋਕ ਅਚਾਨਕ ਅਜਾਇਬ ਘਰ ਨੂੰ ਬਚਾਉਣ ਲਈ ਬਿਆਨਬਾਜ਼ੀ ਕਰ ਰਹੇ ਹਨ ਤੇ ਉਹ ਆਧੁਨਿਕ ਤੁਰਕੀ ਦੇ ਇਤਿਹਾਸ ਦਾ ਹਵਾਲਾ ਦੇ ਰਹੇ ਹਨ ਕਿ ਉਥੋਂ ਦੀ ਸੁਪਰੀਮ ਕੋਰਟ ਦਾ ਫੈਸਲਾ ਗਲਤ ਹੈ। ਜੇ ਉਹ ਅਜਾਇਬ ਘਰ ਮਸਜਿਦ ਵਿੱਚ ਤਬਦੀਲ ਹੋ ਜਾਂਦਾ ਹੈ, ਤਾਂ ਇਹ ਖਤਰਨਾਕ ਹੋਵੇਗਾ, ਪਰ ਉਨਾਂ ਦੇ ਮਾਪਦੰਡ ਭਾਰਤ ਲਈ ਵੱਖਰੇ ਹਨ। ਇਸ ਫੈਸਲੇ ਤੋਂ ਬਾਅਦ ਭਾਰਤ ਵਿਚ ਧਰਮ ਨਿਰਪੱਖਤਾ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਦੋ ਧੜਿਆਂ ਵਿਚ ਵੰਡੇ ਗਏ ਹਨ। ਭਾਰਤ ਵਿਚ ਧਰਮ ਨਿਰਪੱਖਤਾ ਨਾਲ ਸੰਬੰਧਿਤ ਇਕ ਧੜਾ ਕਹਿ ਰਿਹਾ ਹੈ ਕਿ ਜਿਵੇਂ ਮੁਸਲਮਾਨਾਂ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਭਾਰਤ ਵਿਚ ਮਸਜਿਦ ਦੀ ਥਾਂ ਮੰਦਰ ਬਣਾਉਣ ਦੇ ਫੈਸਲੇ ਨੂੰ ਸਵੀਕਾਰ ਕਰ ਲਿਆ ਤਾਂ ਇਸੇ ਤਰਾਂ ਤੁਰਕੀ ਵਿਚ ਵੀ ਸੁਪਰੀਮ ਕੋਰਟ ਨੇ ਮਸਜਿਦ ਦੇ ਹੱਕ ਵਿਚ ਜੋ ਫੈਸਲਾ ਸੁਣਾਇਆ ਹੈ, ਉਸ ਨੂੰ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਪਰ ਭਾਰਤ ਵਿਚ ਧਰਮ ਨਿਰਪੱਖਤਾ ਨਾਲ ਸੰਬੰਧਿਤ ਦੂਸਰਾ ਧੜਾ ਕਹਿ ਰਿਹਾ ਹੈ ਕਿ ਇਹ ਗਲਤ ਪਰੰਪਰਾ ਹੈ। ਇਸਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਸ ਤਰਾਂ, ਕਿਸੇ ਵੀ ਦੇਸ਼ ਵਿਚ ਹਾਕਮ ਜਮਾਤ ਕਿਸੇ ਵੀ ਧਾਰਮਿਕ ਵਿਰਾਸਤ ਨੂੰ ਬਦਲ ਦੇਵੇਗੀ। ਇਸਦੇ ਲਈ, ਸੰਯੁਕਤ ਰਾਸ਼ਟਰ ਨੂੰ ਇੱਕ ਨੀਤੀ ਘੜਨ ਦੀ ਲੋੜ ਹੈ।

ਮੁਸਲਿਮ ਬਹੁਗਿਣਤੀ ਆਬਾਦੀ ਵਾਲੇ ਮੁਲਕਾਂ ਵਿਚੋਂ ਤੁਰਕੀ ਇਕੋ ਇਕ ਦੇਸ਼ ਹੈ, ਜਿਸ ਨੇ ਆਧੁਨਿਕਤਾ ਨੂੰ ਸਭ ਤੋਂ ਪਹਿਲਾਂ ਅਪਨਾਇਆ ਹੈ। ਪਰ ਜਦੋਂ ਇੱਥੋਂ ਦੇ ਮੌਜੂਦਾ ਰਾਸ਼ਟਰਪਤੀ ਰਜਬ ਤਇਅਬ ਅਰਦੁਆਨ ਨੇ ਐਲਾਨ ਕੀਤਾ ਕਿ ਇਸਤਾਂਬੁਲ ਵਿੱਚ ਹਾਜੀਆ ਸੋਫੀਆ ਅਜਾਇਬ ਘਰ ਨੂੰ ਦੁਬਾਰਾ ਮਸਜਿਦ ਵਿੱਚ ਤਬਦੀਲ ਕੀਤਾ ਜਾਵੇਗਾ, ਤਾਂ ਪੂਰੀ ਦੁਨੀਆ ਤੋਂ ਹੈਰਾਨ ਹੋਣਾ ਸੁਭਾਵਿਕ ਹੈ। ਦਰਅਸਲ, 532 ਈ. ਵਿਚ, ਰੋਮਨ ਕੈਥੋਲਿਕ ਰਾਜੇ ਨੇ ਹਾਗੀਆ ਸੋਫੀਆ ਨੂੰ ਇਕ ਚਰਚ ਵਜੋਂ ਬਣਾਇਆ, ਪਰ 1453 ਈ: ਦੌਰਾਨ ਜਦ ਓਟੋਮੈਨ ਸਾਮਰਾਜ ਦੇ ਮਹਿਮਤ (ਦੂਜੇ) ਨੇ ਇਸ ਇਲਾਕੇ ਨੂੰ ਜਿੱਤ ਲਿਆ, ਤਾਂ ਇਸ ਚਰਚ ਨੂੰ ਮਸਜਿਦ ਵਿਚ ਬਦਲ ਦਿੱਤਾ। ਜਦੋਂ ਕਮਾਲ ਅਤਾਤੁਰਕ ਅਰਥਾਤ ਮੁਸਤਫਾ ਕਮਾਲ ਪਾਸ਼ਾ ਨੇ 1923 ਦੌਰਾਨ ਤੁਰਕੀ ਦੀ ਵਾਗਡੋਰ ਸੰਭਾਲੀ ਤਾਂ ਉਸਨੇ ਤੁਰਕੀ ਨੂੰ ਇਕ ਆਧੁਨਿਕ ਤੇ ਧਰਮ ਨਿਰਪੱਖ ਦੇਸ਼ ਬਣਾਉਣ ਦਾ ਵਾਅਦਾ ਕੀਤਾ। ਉਸ ਨੇ ਕਈ ਕੱਟੜਪੰਥੀ ਰਵਾਇਤਾਂ ਨੂੰ ਬਦਲ ਕੇ ਪੂਰੇ ਤੁਰਕੀ ਦਾ ਚਿਹਰਾ ਬਦਲ ਦਿੱਤਾ। ਇਹ ਮੁਸਤਫਾ ਕਮਲ ਪਾਸ਼ਾ ਸੀ ਜਿਸ ਨੇ ਹਾਗੀਆ ਸੋਫੀਆ ਨੂੰ ਧਰਮ ਨਿਰਪੱਖ ਅਜਾਇਬ ਘਰ, ਵਿੱਚ ਬਦਲ ਦਿੱਤਾ ਤਾਂ ਜੋ ਤੁਰਕੀ ਨੂੰ ਬਹੁਲਤਾਵਾਦੀ ਸਭਿਆਚਾਰ ਵਜੋਂ ਵੇਖਿਆ ਜਾਵੇ। ਇਸ ਦਾ ਤੁਰਕੀ ਵਿਚ ਰਹਿਣ ਵਾਲੀ ਗਰੀਕ ਆਰਥੋਡਾਕਸ ਅਬਾਦੀ ਨੇ ਵੀ ਸਵਾਗਤ ਕੀਤਾ, ਕਿਉਂਕਿ ਇਸ ਚਰਚ ਦੇ ਮੂਲ ਕਸਟੋਡੀਅਨ ਇੱਥੋਂ ਦੇ ਬਚੇ ਹੋਏ ਯੂਨਾਨੀ ਲੋਕ ਸਨ। ਹੁਣ ਅਰਦੁਆਨ ਨੇ ਉਸ ਇਤਿਹਾਸ ਨੂੰ ਉਲਟਾ ਦਿੱਤਾ ਹੈ। ਤੁਰਕੀ ਵਿੱਚ ਅਰਦੁਆਨ ਵਿਰੁੱਧ ਮਾਹੌਲ ਬਣਾਇਆ ਜਾ ਰਿਹਾ ਹੈ। ਅਰਦੁਆਨ ਦੀ ਅਗਵਾਈ ਵਾਲੀ ਸੱਤਾਧਾਰੀ ਜਸਟਿਸ ਐਂਡ ਡਿਵੈਲਪਮੈਂਟ ਪਾਰਟੀ ਸਾਲ 2018 ਤੋਂ ਲਗਾਤਾਰ ਕਮਜ਼ੋਰ ਹੋ ਰਹੀ ਹੈ। ਪੂਰੀ ਦੁਨੀਆਂ ਵਿਚ ਕੱਟੜਤਾ ਵਧਣ ਕਾਰਨ ਤੁਰਕੀ 'ਤੇ ਵੀ ਪ੍ਰਭਾਵ ਪਿਆ ਹੈ। ਇੱਕ ਵਿਕਸਤ ਦੇਸ਼ ਹੋਣ ਦੇ ਬਾਵਜੂਦ ਤੁਰਕੀ ਵਿੱਚ ਸਥਿਤੀ ਉਥੋਂ ਦੀ ਸਰਕਾਰ ਦੇ ਕੰਟਰੋਲ ਤੋਂ ਬਾਹਰ ਜਾ ਰਹੀ ਹੈ। ਵਿਦੇਸ਼ੀ ਨਿਵੇਸ਼ਕ ਤੁਰਕੀ ਛੱਡ ਰਹੇ ਹਨ। ਕੋਵਿਡ -19 ਕਾਰਨ ਤੁਰਕੀ ਦੀ ਪੂਰੀ ਆਰਥਿਕਤਾ ਪ੍ਰਭਾਵਿਤ ਹੋਈ ਹੈ। ਜਨਵਰੀ ਤੋਂ ਅਪ੍ਰੈਲ 2020 ਤੱਕ, ਤੁਰਕੀ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ 25 ਬਿਲੀਅਨ ਡਾਲਰ ਦੀ ਕਮੀ ਆਈ ਹੈ। ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਪੂਰੀ ਤਰਾਂ ਰੁਕ ਗਿਆ ਹੈ। ਉਥੇ ਬੇਰੁਜ਼ਗਾਰੀ ਵੀ ਵੱਧ ਰਹੀ ਹੈ। ਅਜਿਹੀ ਸਥਿਤੀ ਵਿਚ ਅਰਦੁਆਨ ਨੇ ਉਸੇ ਧਰਮ ਦੀ ਵਰਤੋਂ ਕੀਤੀ ਜੋ ਅਕਸਰ ਬਹੁਤ ਸਾਰੇ ਸ਼ਾਸਕ ਆਪਣੀ ਜਨਤਾ ਦਾ ਧਿਆਨ ਮੋੜਨ ਲਈ ਧਾਰਮਿਕ ਭਾਵਨਾਵਾਂ ਭੜਕਾ ਕੇ ਆਪਣੀ ਸੱਤਾ ਸੁਰੱਖਿਅਤ ਰੱਖਦੇ ਹਨ।

ਜੇਕਰ ਇਸ ਸਾਰੇ ਕਾਂਡ ਦੀ ਭਾਰਤ ਵਿਚ ਬਾਬਰੀ ਮਸਜਿਦ ਕਾਂਡ ਨਾਲ ਤੁਲਨਾ ਕਰੀਏ ਤਾਂ ਕੋਈ ਵੀ ਗੱਲ ਵੱਖਰੀ ਦਿਖਾਈ ਨਹੀਂ ਦਿੰਦੀ। ਭਾਰਤ ਵਿਚ ਮੁਸਲਮਾਨਾਂ ਨਾਲ ਬਾਬਰੀ ਮਸਜਿਦ ਬਾਰੇ ਅਨਿਆਂ ਹੋਇਆ ਹੈ। ਜਦੋਂ ਭਾਰਤ ਸੁਤੰਤਰ ਹੋਇਆ, ਸੰਵਿਧਾਨ ਦੀ ਖਰੜਾ ਕਮੇਟੀ ਦੇ ਚੇਅਰਮੈਨ, ਬਾਬਾ ਸਾਹਿਬ ਅੰਬੇਦਕਰ ਨੇ ਸੰਵਿਧਾਨ ਨੂੰ ਪੇਸ਼ ਕੀਤਾ, ਜਿਸ ਦੀ ਸਮੁੱਚੀ ਵਿਚਾਰਧਾਰਾ ਧਰਮ ਨਿਰਪੱਖ ਸੀ। ਡਾਕਟਰ ਅੰਬਾਡਕਰ ਭਾਰਤ ਦੇ ਬਹੁਲਵਾਦੀ ਸਭਿਆਚਾਰ ਤੋਂ ਡੂੰਘਾ ਜਾਣੂ ਸੀ ਤੇ ਉਹ ਭਾਰਤ ਨੂੰ ਹਿੰਦੂ ਰਾਸ਼ਟਰ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਹੁਣ ਅਜੋਕੇ ਰਾਸ਼ਟਰਵਾਦੀ ਭਾਜਪਾ ਵਾਲੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ। ਡਾਕਟਰ ਅੰਬੇਡਕਰ ਨੇ ਇਹ ਵੀ ਕਿਹਾ ਸੀ ਕਿ ਜੇਕਰ ਹਿੰਦੂ ਰਾਸ਼ਟਰ ਬਣਿਆ ਤਾਂ ਸਾਰੇ ਭਾਰਤੀਆਂ ਲਈ ਰਹਿਣਾ ਔਖਾ ਹੋ ਜਾਵੇਗਾ। ਭਾਰਤ ਨੇ ਡਾਕਟਰ ਅੰਬੇਡਕਰ ਦੀ ਅਗਵਾਈ ਵਿਚ ਬਣੀ ਸੰਵਿਧਾਨਕ ਕਮੇਟੀ ਦੇ ਰਚੇ ਧਰਮ ਨਿਰਪੱਖ ਸੰਵਿਧਾਨ ਨੂੰ ਸਵੀਕਾਰ ਕੀਤਾ ਸੀ ਕਿ ਭਾਰਤ ਆਪਣੀ ਬਹੁਲਤਾਵਾਦੀ ਸਭਿਆਚਾਰ ਵਿੱਚ ਵਿਸ਼ਵਾਸ਼ ਰਖੇਗਾ ਤੇ ਹਰ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਨੂੰ ਆਜ਼ਾਦੀ ਦਿੱਤੀ ਜਾਵੇਗੀ।

ਇਤਿਹਾਸ ਗਵਾਹ ਹੈ ਕਿ ਅਯੁੱਧਿਆ ਵਿੱਚ ਬਾਬਰੀ ਮਸਜਿਦ 1527 ਦੌਰਾਨ ਮੁਗਲ ਬਾਦਸ਼ਾਹ ਬਾਬਰ ਦੇ ਕਮਾਂਡਰ ਮੀਰ ਬਕੀ ਨੇ ਬਣਾਈ ਸੀ। 800 ਸਾਲ ਦੇ ਰਾਜ ਤੋਂ ਬਾਅਦ ਜਦੋਂ ਮੁਗਲ ਸਲਤਨਤ ਦਾ ਅੰਤ ਹੋਇਆ ਤੇ ਉਸ ਤੋਂ ਬਾਅਦ ਬ੍ਰਿਟਿਸ਼ ਨੇ ਇੱਥੇ ਤਕਰੀਬਨ ਦੋ ਸੌ ਸਾਲ ਰਾਜ ਕੀਤਾ, ਤਾਂ ਹਿੰਦੂ ਮਹਾਂਸਭਾ ਨੇ ਕਦੇ ਵੀ ਅਯੁੱਧਿਆ ਵਿੱਚ ਰਾਮ ਦੇ ਜਨਮ ਸਥਾਨ ਦਾ ਮੁੱਦਾ ਨਹੀਂ ਉਠਾਇਆ। ਪਰ 22 ਦਸੰਬਰ 1949 ਦੌਰਾਨ ਕੁਝ ਮੂਰਤੀਆਂ ਬਾਬਰੀ ਮਸਜਿਦ ਵਿੱਚ ਰੱਖੀਆਂ ਗਈਆਂ ਸਨ। ਇਸ ਵਿਕਾਸ ਦੇ ਪਿੱਛੇ ਹਿੰਦੂ ਮਹਾਂਸਭਾ ਦੀ ਭੂਮਿਕਾ ਸੀ। ਨਿਊਯਾਰਕ ਟਾਈਮਜ਼ ਵਿਚ 22 ਦਸੰਬਰ 1991 ਨੂੰ ਪ੍ਰਕਾਸ਼ਿਤ ਇਕ ਰਿਪੋਰਟ ਵਿਚ ਰਾਮਚੰਦਰ ਦਾਸ ਪਰਮਹੰਸ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਮੈਂ ਉਹ ਵਿਅਕਤੀ ਸੀ ਜਿਸ ਨੇ ਬਾਬਰੀ ਮਸਜਿਦ ਦੇ ਅੰਦਰ ਮੂਰਤੀਆਂ ਰੱਖੀਆਂ ਸਨ। ਹਾਰਪਰ ਕੋਲਿਨਜ਼ ਦੁਆਰਾ ਪ੍ਰਕਾਸ਼ਤ ਕ੍ਰਿਸ਼ਨਾ ਝਾਅ ਤੇ ਧਰੇਂਦਰ ਕੇ ਝਾਅ ਦੀ ਪ੍ਰਕਾਸ਼ਤ ਕਿਤਾਬ ਅਯੁੱਧਿਆ: ਕਾਲੀ ਰਾਤ ਇਸ ਘਟਨਾ ਵਿਚ ਜ਼ਿਕਰ ਵੀ ਕੀਤਾ ਗਿਆ ਹੈ। ਬਾਅਦ ਵਿਚ ਬਾਬਰੀ ਮਸਜਿਦ ਬਨਾਮ ਰਾਮ ਮੰਦਰ ਇਕ ਰਾਜਨੀਤਕ ਮੁੱਦਾ ਬਣ ਗਿਆ। ਹਿੰਦੂ ਮਹਾਸਭਾ ਤੋਂ ਬਾਅਦ ਜਨ ਸੰਘ ਤੇ ਫਿਰ ਆਰ ਐਸ ਐਸ-ਬੀਜੇਪੀ ਇਸ ਮੁੱਦੇ ਨੂੰ ਭੜਕਾਉਂਦੇ ਰਹੇ। ਅਦਾਲਤ ਵਿੱਚ ਕੇਸ ਚਲਦਾ ਰਿਹਾ। ਇਸ ਦੌਰਾਨ 6 ਦਸੰਬਰ 1992 ਨੂੰ ਬਾਬਰੀ ਮਸਜਿਦ ਤਹਿਸ ਨਹਿਸ ਕਰ ਦਿੱਤੀ ਗਈ। ਸਾਲ 2014 ਦੌਰਾਨ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਸਰਕਾਰ ਨੇ ਇੱਕ ਚੁਣਾਵੀ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਭਾਜਪਾ ਆਪਣੇ ਰਾਜ ਦੌਰਾਨ ਅਯੁੱਧਿਆ ਵਿੱਚ ਰਾਮ ਮੰਦਰ ਬਣਾਏਗੀ। 9 ਨਵੰਬਰ 2019 ਦੌਰਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਅਯੁੱਧਿਆ ਵਿੱਚ ਵਿਵਾਦਤ ਜਗਾ 'ਤੇ ਰਾਮ ਮੰਦਰ ਬਣਾਉਣ ਦਾ ਆਦੇਸ਼ ਦਿੱਤਾ ਸੀ। ਹੁਣੇ ਜਿਹੇ ਰੰਜਨ ਗੋਗੋਈ ਭਾਜਪਾ ਸ਼ਾਸਿਤ ਅਸਾਮ ਤੋਂ ਰਾਜ ਸਭਾ ਦੇ ਮੈਂਬਰ ਬਣੇ ਹਨ। ਕਿਹਾ ਜਾਂਦਾ ਹੈ ਕਿ ਆਰ ਐਸ ਐਸ ਨੇ ਰੰਜਨ ਗੰਗੋਈ ਨੂੰ ਰਾਜ ਸਭਾ ਦਾ ਮੈਂਬਰ ਭਾਜਪਾ ਵੱਲੋਂ ਬਣਵਾਇਆ ਹੈ।

ਜੇਕਰ ਡਾਕਟਰ ਅੰਬੇਡਕਰ ਦੇ ਧਰਮ ਨਿਰਪੱਖ ਸੰਵਿਧਾਨ ਨੂੰ ਲਾਗੂ ਕਰਨ ਤੋਂ ਬਾਅਦ, ਉਸ ਸਮੇਂ ਦੌਰਾਨ ਕੇਂਦਰ ਸਰਕਾਰ ਇਹ ਫੈਸਲਾ ਕਰ ਲੈਂਦੀ ਕਿ 1947 ਵਿਚ ਭਾਰਤ ਦੇ ਸਾਰੇ ਧਾਰਮਿਕ ਸਥਾਨਾਂ ਦੀ ਸਥਿਤੀ ਜਿਉਂ ਦੀ ਤਿਉਂ ਰਹੇਗੀ ਤਾਂ ਬਾਬਰੀ ਮਸਜਿਦ ਵਰਗੇ ਸੰਕਟ ਪੈਦਾ ਨਹੀਂ ਸੀ ਹੋਣੇ। ਪਰ ਪੰਡਤ ਨਹਿਰੂ ਨੇ ਪ੍ਰਧਾਨ ਮੰਤਰੀ ਬਣ ਕੇ 1949 ਤੋਂ ਭਾਰਤੀ ਸੰਵਿਧਾਨ ਦਾ ਕਿਰਦਾਰ ਹੀ ਬਦਲਣਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਉਸ ਨੇ ਗੁਜਰਾਤ ਵਿਚ ਸੋਮਨਾਥ ਸਮੇਤ ਦੇਸ਼ ਦੇ ਕਈ ਮੰਦਰਾਂ ਦੇ ਨਵੀਨੀਕਰਨ ਲਈ ਟਰੱਸਟ ਵੀ ਬਣਾਏ। ਪੰਡਿਤ ਨਹਿਰੂ ਨੇ ਦੇਸ਼ ਦੀ ਵਾਗਡੋਰ ਸੰਭਾਲ ਲਈ। ਇੰਦਰਾ ਤੋਂ ਬਾਅਦ ਉਸ ਦੇ ਪੋਤੇ ਰਾਜੀਵ ਗਾਂਧੀ ਨੇ ਵੀ ਇੱਕ ਗਲਤੀ ਦੁਹਰਾਈ। ਉਸਨੇ ਜਨਵਰੀ 1986 ਵਿਚ ਅਯੁੱਧਿਆ ਵਿਚ ਵਿਵਾਦਪੂਰਨ ਜਗਾ ਦਾ ਤਾਲਾ ਖੋਲਿਆ ਤੇ ਉਥੇ ਪੂਜਾ ਆਰੰਭ ਕੀਤੀ। ਇਸ ਤੋਂ ਬਾਅਦ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਰਵਾ ਕੇ ਇਸ ਫਾਸ਼ੀਵਾਦੀ ਇਤਿਹਾਸ ਨੂੰ ਅੱਗੇ ਵਧਾਇਆ ਤੇ ਘੱਟ ਗਿਣਤੀਆਂ ਨੂੰ ਅਸੁਰੱਖਿਅਤ ਕਰ ਦਿੱਤਾ। ਭਾਰਤ ਵਿਚ ਮੋਦੀ ਰਾਜ ਦੇ ਦੌਰਾਨ ਮੁਸਲਮਾਨਾਂ 'ਤੇ ਹਮਲੇ ਇਸ ਤੋਂ ਪਹਿਲਾਂ ਗੁਜਰਾਤ ਵਿਚ ਮੁਸਲਮਾਨਾਂ ਵਿਰੁਧ ਹਿੰਸਾ ਨਹਿਰੂ ਰਾਜਨੀਤੀ ਦਾ ਹੀ ਪ੍ਰਤਾਪ ਹੈ। ਹਾਲਾਂਕਿ, ਬਾਬਰੀ ਮਸਜਿਦ ਦੀ ਥਾਂ 'ਤੇ ਰਾਮ ਮੰਦਰ ਬਣਾਉਣ ਦਾ ਸੁਪਰੀਮ ਕੋਰਟ ਦਾ ਫੈਸਲਾ ਸਹੀ ਨਹੀਂ ਹੈ, ਕਿਉਂਕਿ ਇਹ ਭਾਰਤੀ ਸੰਵਿਧਾਨ ਦੀ ਸੋਚ ਦੇ ਉਲਟ ਹੈ। ਕੋਈ ਵੀ ਫੈਸਲਾ ਬਹੁਗਿਣਤੀ ਦੀ ਸੋਚ ਦੇ ਆਧਾਰ 'ਤੇ ਨਹੀਂ ਹੋ ਸਕਦਾ। ਇਸ ਫਾਸ਼ੀਵਾਦੀ ਨੀਤੀਆਂ ਕਾਰਨ ਭਾਰਤ ਫਾਸ਼ੀਵਾਦੀ ਵੱਲ ਵਧ ਰਿਹਾ ਹੈ, ਇਸ ਨੂੰ ਰੋਕਣ ਦੀ ਲੋੜ ਹੈ।

ਇਹੀ ਹੁਣ ਤੁਰਕੀ ਵਿਚ ਵਾਪਰਿਆ ਹੈ। ਰਾਸ਼ਟਰਪਤੀ ਅਰਦੁਆਨ ਨੇ ਸੁਪਰੀਮ ਕੋਰਟ ਨੇ ਅਜਿਹੇ ਫੈਸਲੇ ਦੀ ਪੁਸ਼ਟੀ ਕੀਤੀ, ਜਿਸ ਨੇ ਮੁਸਤਫਾ ਕਮਲ ਪਾਸ਼ਾ ਦੁਆਰਾ ਬਣਾਇਆ ਸੰਵਿਧਾਨ, ਜਿਸ ਨੂੰ ਤੁਰਕੀ ਨੇ ਅਪਣਾਇਆ ਸੀ, ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਅਜਾਇਬ ਘਰ ਨੂੰ ਮਸਜਿਦ ਵਿੱਚ ਬਦਲਣ ਦਾ ਫੈਸਲਾ ਕਿਸੇ ਵੀ ਤਰਾਂ ਯੋਗ ਨਹੀਂ ਹੈ। ਹਾਗੀਆ ਸੋਫੀਆ ਅਜਾਇਬ ਘਰ ਵੈਸੇ ਵੀ ਵਿਸ਼ਵ ਵਿਰਾਸਤ ਸਥਾਨ ਹੈ, ਇਸ ਲਈ ਇਸ ਨੂੰ ਧਾਰਮਿਕ ਸਥਾਨ ਵਿੱਚ ਤਬਦੀਲ ਕਰਨਾ ਗਲਤ ਹੈ।

ਇਹ ਮਹੱਤਵਪੂਰਨ ਹੈ ਕਿ ਹਾਲੀਆ ਪਰਿਵਰਤਨਾਂ 'ਤੇ ਸਾਊਦੀ ਸਮਾਜ ਦਾ ਰੁਖ਼ ਹਾਂ-ਪੱਖੀ ਹੈ। ਇਸ ਦਾ ਇਕ ਕਾਰਨ ਉੱਥੇ ਦੀ 65 ਫ਼ੀਸਦੀ ਆਬਾਦੀ ਦਾ ਨੌਜਵਾਨ ਹੋਣਾ ਹੈ ਜੋ ਬਦਲਾਅ ਦੀ ਸਮਰਥਕ ਹੈ। ਨੌਜਵਾਨ ਮੁੱਲੇ-ਮੌਲਵੀਆਂ ਦੇ ਸਖ਼ਤ ਕੰਟਰੋਲ ਵਾਲੇ ਖ਼ੁਸ਼ਕ ਮਾਹੌਲ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਉਹ ਦੁਨੀਆ ਦੇ ਦੂਜੇ ਖੁੱਲ੍ਹੇ, ਆਜ਼ਾਦ ਅਤੇ ਸਾਧਨ-ਸੰਪੰਨ ਸਮਾਜਾਂ ਦੀ ਜੀਵਨ-ਸ਼ੈਲੀ ਪਸੰਦ ਕਰ ਰਹੇ ਹਨ। ਇਸ ਭਾਵਨਾ ਦੇ ਵਿਕਾਸ ਵਿਚ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਵੱਡਾ ਯੋਗਦਾਨ ਹੈ। ਨਵੀਆਂ ਸਾਊਦੀ ਨੀਤੀਆਂ ਵਿਚ ਮੁੱਖ ਹੈ ਵਿਸ਼ਵ ਪੱਧਰੀ ਇਸਲਾਮੀ ਚੜਤ ਦੇ ਪ੍ਰਚਾਰ ਦਾ ਝੰਡਾ ਛੱਡਣਾ। ਇਹ ਬੀਤੇ ਛੇ ਦਹਾਕੇ ਤੋਂ ਸਾਊਦੀ ਅਰਬ ਦੀ ਨੀਤੀ ਸੀ। ਹੁਣ ਉਸ ਦੇ ਬਦਲੇ ਸਾਊਦੀ ਰਾਸ਼ਟਰਵਾਦ ਨੂੰ ਚੁੱਕਿਆ ਜਾ ਰਿਹਾ ਹੈ। ਲੋਕਾਂ ਨੂੰ ਦੇਸ਼ ਭਗਤੀ ਦੀ ਅਪੀਲ ਕੀਤੀ ਜਾ ਰਹੀ ਹੈ। ਦੂਸਰੇ ਯੂਰਪ-ਅਮਰੀਕਾ ਵਰਗੇ ਮੁਕਾਬਲੇਬਾਜ਼ ਅਰਥਤੰਤਰ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਸਰਕਾਰੀ ਕੰਪਨੀਆਂ ਨੂੰ ਕੌਮਾਂਤਰੀ ਬਾਜ਼ਾਰ ਵਿਚ ਵੇਚ ਕੇ ਉਨਾਂ ਨੂੰ ਹੋਰ ਕੰਪਨੀਆਂ ਦੀ ਤਰਾਂ ਮੁਕਾਬਲੇਬਾਜ਼ੀ ਵਾਲੇ ਨਿਯਮਾਂ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਸਾਊਦੀ ਅਰਬ ਵਿਚ ਮੁਹੰਮਦ ਇਬਨ ਅਬਦੁਲ ਵਹਾਬ (1703-1792) ਦੀ ਵਿਰਾਸਤ ਤੋਂ ਵੀ ਪੱਲਾ ਝਾੜਿਆ ਜਾ ਰਿਹਾ ਹੈ। ਇਨਾਂ ਦੇ ਨਾਂ ਸਦਕਾ ਹੀ ਦੁਨੀਆ ਵਿਚ ਵਹਾਬੀ ਇਸਲਾਮ ਬਦਨਾਮ ਹੋਇਆ। ਪਹਿਲਾਂ ਸਾਊਦੀ ਨੀਤੀਆਂ ਵਿਚ ਵਹਾਬੀ ਮਤ ਨੂੰ ਪੂਰੀ ਦੁਨੀਆ ਵਿਚ ਫੈਲਾਉਣ ਦੀ ਨਿਸ਼ਠਾ ਜ਼ਾਹਰ ਹੁੰਦੀ ਸੀ। ਹੁਣ ਉਸ ਦੀ ਅਣਦੇਖੀ ਕੀਤੀ ਜਾ ਰਹੀ ਹੈ। ਹੁਣ ਸਾਊਦੀ ਅਰਬ ਵਿਚ ਸਿਨੇਮਾ, ਕੰਸਟਰਟ ਆਦਿ ਕਰਵਾਏ ਜਾ ਰਹੇ ਹਨ। ਜਦਕਿ ਇਸਲਾਮ ਵਿਚ ਸੰਗੀਤ, ਨ੍ਰਿਤ, ਚਿੱਤਰ ਆਦਿ ਦੀ ਮਨਾਹੀ ਹੈ। ਇਨਾਂ ਤਬਦੀਲੀਆਂ ਦੇ ਪਿੱਛੇ ਸਾਊਦੀ ਅਰਬ ਨੂੰ ਯੂਰਪੀ ਮੁਲਕਾਂ ਵਰਗਾ ਦਿਲਖਿੱਚਵਾਂ, ਆਮ ਦੇਸ਼ ਬਣਾਉਣ ਦੀ ਇੱਛਾ ਹੈ ਤਾਂ ਜੋ ਉੱਥੇ ਵਿਦੇਸ਼ੀ ਨਿਵੇਸ਼ਕ, ਕੰਪਨੀਆਂ ਅਤੇ ਸੈਰ-ਸਪਾਟਾ ਆ ਸਕਣ।

ਇਸ ਲਈ ਕਟੜਵਾਦੀ ਇਸਲਾਮੀ ਗੱਲਾਂ ਹੌਲੀ-ਹੌਲੀ ਛੱਡੀਆਂ ਜਾ ਰਹੀਆਂ ਹਨ। ਇਹ ਸਿਲਸਿਲਾ ਕੋਰੋਨਾ ਸੰਕਟ ਦੇ ਸਮੇਂ ਵੀ ਕਾਇਮ ਹੈ। ਸਾਊਦੀ ਸ਼ਾਸਕ ਪ੍ਰਿੰਸ ਸਲਮਾਨ ਦੁਨੀਆ ਵਿਚ ਸਿਆਸੀ ਇਸਲਾਮ ਦੇ ਬਰਾਮਦਕਾਰ ਵਾਲਾ ਸਾਊਦੀ ਅਰਬ ਦਾ ਅਕਸ ਬਦਲਣਾ ਚਾਹੁੰਦੇ ਹਨ। ਉਹ ਇਸਲਾਮ ਦੇ ਕਈ ਕਟੜਵਾਦੀ ਨਿਰਦੇਸ਼ ਛੱਡਣ ਦੀ ਮੁਦਰਾ ਵਿਚ ਦਿਖਾਈ ਦੇ ਰਹੇ ਹਨ। ਇਹ ਰਾਸ਼ਟਰ ਤੇ ਮਜ਼ਹਬ ਦਾ ਮਾਮਲਾ ਬਿਲਕੁਲ ਅਲੱਗ-ਅਲੱਗ ਕਰਨ ਵਾਲੀ ਦਿਸ਼ਾ ਹੈ ਜੋ ਸਦੀਆਂ ਪਹਿਲਾਂ ਯੂਰਪ ਵਿਚ ਹੋਇਆ ਸੀ। ਜਦ ਚਰਚ ਦੀ ਪਕੜ ਤੋਂ ਮੁਕਤ ਹੋ ਕੇ ਯੂਰਪੀ ਦੇਸ਼ ਸੈਕੂਲਰ ਸਟੇਟ ਬਣ ਗਏ। ਉਦੋਂ ਉਨਾਂ ਤਰੱਕੀ ਕੀਤੀ। ਸਾਊਦੀ ਦੇ ਉਸੇ ਦਿਸ਼ਾ ਵੱਲ ਜਾਣ ਦੇ ਸੰਕੇਤ ਹਨ। ਨਵੀਆਂ ਨੀਤੀਆਂ ਨੂੰ ਨੌਜਵਾਨਾਂ ਦੇ ਸਮਰਥਨ ਕਾਰਨ ਸਰਕਾਰੀ ਇਮਾਮਾਂ ਨੇ ਇਨਾਂ ਨੀਤੀਆਂ ਦੇ ਪੱਖ ਵਿਚ ਫਤਵੇ ਦਿੱਤੇ ਹਨ। ਕੁਝ ਵੱਡੇ ਸਾਊਦੀ ਇਮਾਮ ਖੁੱਲ ਕੇ ਯਹੂਦੀਆਂ ਪ੍ਰਤੀ ਦੋਸਤੀ ਦੀ ਵਕਾਲਤ ਕਰ ਰਹੇ ਹਨ। ਸਾਊਦੀ ਅਰਬ ਵਿਚ ਹੋ ਰਿਹਾ ਬਦਲਾਅ ਦੁਨੀਆ ਭਰ ਦੇ ਵਿਵੇਕਸ਼ੀਲ ਮੁਸਲਮਾਨਾਂ ਲਈ ਵਿਚਾਰਨਯੋਗ ਹੈ।

# ਮਾਮਲਾ ਭਗਤ ਰਵਿਦਾਸ ਜੀ ਦੇ ਨਾਮ ਤੇ ਬਣਾਈਆਂ ਲਾਵਾਂ ਦਾ

## ਗੁਰਬਾਣੀ ਦੀ ਮੌਲਕਿਤਾ ਨਾਲ ਛੇੜਛਾੜ, ਸਿੱਖ ਅਤੇ ਦਲਿਤ ਸਮਾਜ ਦੇ ਗੂੜੇ ਰਿਸ਼ਤੇ ਨੂੰ ਤਾਰ ਤਾਰ ਕਰਨ ਦੀ ਸਾਜਿਸ਼



- ਬਘੇਲ ਸਿੰਘ ਧਾਲੀਵਾਲ
99142-58142

ਸਿੱਖ ਧਰਮ ਦੀ ਵਿਚਾਰਧਾਰਾ,ਸਿੱਖ ਧਰਮ ਦੇ ਸੰਸਕਾਰ ਅਤੇ ਜੀਵਨ ਫਲਸਫਾ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਅਕਾਲ ਪੁਰਖ ਦੀ ਉਸਤਤ,ਸਰਬ ਸਾਂਝੀਵਾਲਤਾ ਅਤੇ ਕਿਰਤ ਸੱਭਿਆਚਾਰ ਦੀ ਜੁੱਗ ਪਲਟਾਊ ਵਿਚਾਰਧਾਰਾ ਗੁਰਬਾਣੀ ਦਾ ਕੇਂਦਰ ਬਿੰਦੂ ਰਹੇ। ਗੁਰੂ ਨਾਨਕ ਸਾਹਿਬ ਨੇ ਜਿਸ ਮਿਸ਼ਨ ਨੂੰ ਚਲਾਇਆ,ਉਸ ਦੀ ਪੂਰਤੀ ਲਈ ਸਾਰੇ ਗੁਰੂ ਸਾਹਿਬਾਨਾਂ ਨੇ ਨਾਨਕ ਦੀ ਜੋਤ ਵਜੋਂ ਕੰਮ ਕੀਤਾ। ਜਿੱਥੋਂ ਗੁਰੂ ਨਾਨਕ ਸਹਿਬ ਆਪਣੇ ਮਿਸ਼ਨ ਨੂੰ ਛਡ ਕੇ ਗਏ,ਉਸ ਤੋ ਅੱਗੇ ਉਸ ਮਿਸ਼ਨ ਤੇ ਗੁਰੂ ਅੰਗਦ ਸਾਹਿਬ ਨੇ ਆਪਣੀ ਸੇਵਾ ਆਰੰਭ ਕੀਤੀ ਅਤੇ ਉਸ ਤੋ ਅੱਗੇ ਗੁਰੂ ਅਮਰਦਾਸ ਸਾਹਿਬ ਨੇ ਨਾਨਕ ਸਾਹਿਬ ਦੇ ਮਿਸ਼ਨ ਨੂੰ ਸੰਪੂਰਨਤਾ ਵੱਲ ਤੋਰਿਆ, ਇਸ ਤਰਾਂ ਹੀ ਅਗਲੇ ਗੁਰੂ ਸਾਹਿਬਾਨਾਂ ਨੇ ਆਪਣੇ ਹਿੱਸੇ ਆਈ ਅਲੌਕਿਕ ਸੇਵਾ ਨੂੰ ਦ੍ਰਿੜਤਾ ਨਾਲ ਅੱਗੇ ਤੋਰਿਆ।। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।' ਵਾਲੇ ਮੁੱਖ ਸਿਧਾਂਤ ਤੇ ਹੀ ਪਹਿਰਾ ਨਹੀ ਦਿੱਤਾ,ਬਲਕਿ ਨਾ ਹਮ ਹਿੰਦੂ ਨ ਮੁਸਲਮਾਨ।। ਦਾ ਇਲਾਹੀ ਹੋਕਾ ਦੇਕੇ ਗੁਰਬਾਣੀ ਨੂੰ ਜਾਤਾਂ,ਧਰਮਾਂ, ਫਿਰਕਿਆਂ ਦੀ ਵਲਗਣ ਚੋ ਬਾਹਰ ਰੱਖਿਆ ਹੈ।ਪੰਜਵੇਂ ਗੁਰੂ ਸਾਹਿਬ ਨੇ ਹਰ ਇੱਕ ਉਹ ਸਖਸ਼ੀਅਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਰਤੀਬਵਾਰ ਸਤਿਕਾਰਤ ਸਥਾਨ ਦਿੱਤਾ ਹੈ, ਜਿਹੜਾ ਇਸ ਨਿਆਰੇ ਪੰਥ ਦੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੇ ਕਬੀਰ ਦੀ ਬਾਣੀ ਹੈ ਤਾਂ ਫਰੀਦ ਜੀ ਦਾ ਵੀ ਓਨਾ ਉੱਚਾ ਹੀ ਸਥਾਨ ਹੈ, ਭਗਤ ਰਵਿਦਾਸ ਜੀ,ਨਾਮਦੇਵ ਜੀ ਅਤੇ ਭਗਤ ਧੰਨਾ ਜੀ ਵੀ ਬਰਾਬਰ ਸੁਭਾਏਮਾਨ ਹਨ,ਸੋ ਏਸੇ ਤਰਾਂ ਬਹੁਤ ਸਾਰੇ ਸੰਤਾਂ,ਭਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਰਾਬਰਤਾ ਵਾਲਾ ਸਥਾਨ ਦੇ ਕੇ ਨਿਵਾਜਿਆ ਗਿਆ,ਜਿੰਨਾਂ ਨੇ ਲੋਕਾਈ ਦੇ ਦੁਖ ਦਰਦਾਂ ਨੂੰ ਮਹਿਸੂਸ ਕਰਕੇ ਆਪਣੇ ਆਪਣੇ ਸਮੇ ਵਿਚ ਕੋਈ ਪਾਇਦਾਰ ਰਚਨਾ ਦੀ ਸਿਰਜਨਾ ਕੀਤੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਕਰਦਿਆਂ ਗੁਰੂ ਅਰਜਨ ਸਾਹਿਬ ਨੇ ਬਾਣੀ ਦੇ ਰਚੇਤਾ,ਰਾਗਾਂ ਅਤੇ ਛੰਦਾਂ ਬੰਦੀ ਦੀ ਤਰਤੀਬ ਦਾ ਐਸੀ ਸੂਝ ਬੂਝ ਨਾਲ ਖਿਆਲ ਰੱਖਿਆ ਹੈ ਕਿ ਗੁਰਬਾਣੀ ਦੇ ਕਿਸੇ ਵੀ ਸਬਦ ਨਾਲ ਛੇੜਛਾੜ ਕਰਨੀ ਅਸੰਭਵ ਬਣਾ ਦਿੱਤੀ ਗਈ ਹੈ। ਗੁਰੂ ਅਰਜਨ ਸਾਹਿਬ ਦੀ ਇਸ ਉੱਚੀ ਸੁੱਚੀ ਤੇ ਦੂਰ ਦ੍ਰਿਸਟੀ ਦਾ ਹੀ ਨਤੀਜਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂਆਂ,ਸੰਤਾਂ,ਭਗਤਾਂ ਦੀ ਬਾਣੀ ਸਰਬ ਸਾਂਝੀ ਗੁਰਬਾਣੀ ਹੋ ਨਿਬੜੀ,ਜਿਹੜੀ ਜਾਤਾਂ ਪਾਤਾਂ,ਊਚ ਨੀਚ ਅਤੇ ਧਰਮਾਂ ਫਿਰਕਿਆਂ ਤੋ ਉੱਪਰ ਉੱਠ ਕੇ ਸਮੁੱਚੀ ਲੋਕਾਈ ਦਾ ਮਾਰਗ ਦਰਸ਼ਨ ਕਰਦੀ ਹੈ। ਦਸਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੀ ਰੌਸ਼ਨੀ ਵਿੱਚ ਨਾਨਕ ਸਾਹਿਬ ਦੇ ਇਸ ਨਿਆਰੇ ਪੰਥ ਨੂੰ ਸੰਪੂਰਨਤਾ ਦੀ ਬਖ਼ਸ਼ਿਸ਼ ਕਰਦਿਆਂ ਖਾਲਸਾ ਪੰਥ ਦੀ ਸਿਰਜਨਾ ਕਰਕੇ ਊਚ ਨੀਚ ਦਾ ਪਾੜਾ ਮੁਕੰਮਲ ਤੌਰ ਤੇ ਮਿਟਾ ਦਿੱਤਾ। ਉਹਨਾਂ ਨਪੀੜੇ ਲਿਤਾੜੇ ਤੇ ਮੰਨੂਵਾਦ ਦੀ ਭਾਸ਼ਾ ਵਿੱਚ ਜਿੰਨਾਂ ਨੂੰ ਨੀਵੀਆਂ ਜਾਤਾਂ ਕਹਿਕੇ ਦੁਰਕਾਰਿਆ ਜਾਂਦਾ ਸੀ,ਉਹਨਾਂ ਨੂੰ ਦਸਵੇਂ ਨਾਨਕ ਨੇ ਸਿਰਦਾਰੀਆਂ ਬਖ਼ਸ਼ ਕੇ ਗੁਰਬਾਣੀ ਦੇ ਕਥਨ ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ ਨੂੰ ਅੱਖਰ ਅੱਖਰ ਸੱਚ ਕਰ ਦਿਖਾਇਆ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਜਿੱਥੇ ਸਮੁੱਚੀ ਮਾਨਵਤਾ ਲਈ ਹਮੇਸ਼ਾ ਮਾਰਗ ਦਰਸ਼ਨ ਬਣੀ ਰਹਿਣ ਦੇ ਸਮਰੱਥ ਹੈ,ਓਥੇ ਗੁਰਬਾਣੀ ਅੰਦਰ ਮਨੁੱਖ ਦੇ ਜਨਮ ਤੋ ਲੈ ਕੇ ਮਰਨ ਤੱਕ, ਭਾਵ ਪੂਰੇ ਜੀਵਨ ਦੀ ਜਿਉਣ ਜਾਚ ਵੀ ਮਿਲਦੀ ਹੈ,ਜਿਹੜੀ ਮਨੁੱਖ ਨੂੰ ਉਸ ਪਰਮਾਤਮਾ ਦੇ ਭੈਅ ਚ ਰਹਿ ਕੇ ਜਿੰਦਗੀ ਦੇ ਸਾਰੇ ਕਾਰ ਵਿਹਾਰ ਕਰਨ ਦੀ ਜੁਗਤ ਦੱਸਦੀ ਹੈ।ਭਾਵ ਕਿ ਜਿੰਦਗੀ ਦੇ ਹਰ ਮੋੜ ਤੇ ਗੁਰਬਾਣੀ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਹੈ। ਪਿਛਲੇ ਦਿਨਾਂ ਤੋ ਇੱਕ ਵੀਡੀਓ ਸ਼ੋਸ਼ਲ ਮੀਡੀਏ ਤੇ ਘੁੰਮ ਰਹੀ ਹੈ,ਜਿਸ ਵਿੱਚ ਸਿੱਖੀ ਰਹੁ ਰੀਤਾਂ ਦੀ ਨਕਲ ਕਰਕੇ ਬਣਾਈਆਂ ਲਾਵਾਂ ਨਾਲ ਵਿਆਹ ਹੁੰਦਾ ਦਿਖਾਇਆ ਗਿਆ ਹੈ।ਇਸ ਵੀਡੀਓ ਵਿੱਚ ਵਿਆਹ ਸੰਪੂਰਨ ਕਰਵਾ ਰਹੇ ਕੁੱਝ ਵਿਅਕਤੀਆਂ ਵੱਲੋਂ ਲਾਵਾਂ ਦੇ ਪਾਠ ਦੀ ਨਕਲ ਕਰਕੇ ਭਗਤ ਰਵਿਦਾਸ ਜੀ ਦੇ ਨਾਮ ਤੇ ਲਾਵਾਂ ਦਾ ਪਾਠ ਕੀਤਾ ਜਾ ਰਿਹਾ ਹੈ, ਜਿਸ ਨੇ ਨਾਨਕ ਪੰਥ ਨੂੰ ਚਿੰਤਤ ਕੀਤਾ ਹੈ। ਸਭ ਤੋ ਪਹਿਲਾਂ ਇਸ ਗੱਲ ਨੂੰ ਗੰਭੀਰਤਾ ਨਾਲ ਵਿਚਾਰਨਾ ਹੋਵੇਗਾ ਕਿ ਕੀ ਕੋਈ ਗੁਰਬਾਣੀ ਦੀਆਂ ਪੰਗਤੀਆਂ ਜਾਂ ਗੁਰਬਾਣੀ ਦੇ ਸਬਦ ਨਾਲ ਛੇੜਛਾੜ ਕਰ ਸਕਦਾ ਹੈ, ਅਤੇ ਇਹ ਵੀ ਵਿਚਾਰਨਾ ਤੇ ਸਮਝਣਾ ਹੋਵੇਗਾ ਕਿ ਗੁਰੂ ਗਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਰਚੇਤਿਆਂ ਦਾ ਸਿੱਖ ਪੰਥ ਵਿਚ ਰੁਤਬਾ ਕੀ ਹੈ। ਸਭ ਤੋ ਪਹਿਲਾਂ ਇਹ ਦੱਸਣਾ ਵੀ ਜਰੂਰੀ ਹੈ ਕਿ ਕਿਸੇ ਨੂੰ ਕੋਈ ਅਧਿਕਾਰ ਨਹੀ ਕਿ ਗੁਰਬਾਣੀ ਨਾਲ ਛੇੜਛਾੜ ਕਰੇ,ਗੁਰਬਾਣੀ ਦੀ ਮੌਲਿਕਤਾ ਨੂੰ ਢਾਹ ਲਾਵੇ, ਦੂਜਾ ਇਹ ਕਿ ਕੋਈ ਵੀ ਹੱਦ ਦਰਜੇ ਤੋ ਨੀਂਵੇ ਪੱਧਰ ਦੀ ਨਕਲੀ ਤੁਕਬੰਦੀ ਕਿਸੇ ਵੀ ਗੁਰੂ,ਭਗਤ ਜਾਂ ਸੰਤ ਮਹਾਂਪੁਰਸ ਦਾ ਨਾਮ ਵਰਤ ਕੇ ਨਹੀ ਕੀਤੀ ਜਾ ਸਕਦੀ, ਇਹ ਉਸ ਮਹਾਂਨ ਭਗਤ ਦਾ ਅਪਮਾਨ ਕੀਤਾ ਗਿਆ ਹੈ,ਜਿਸ ਨੂੰ ਨਾਨਕ ਪੰਥ ਕਦੇ ਵੀ ਬਰਦਾਸ਼ਤ ਨਹੀ ਕਰ ਸਕਦਾ,ਕਿਉਕਿ ਭਗਤ ਰਵਿਦਾਸ ਜੀ ਨੂੰ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਤਿਕਾਰਤ ਸਥਾਨ ਦਿੱਤਾ ਹੋਇਆ ਹੈ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੁਸ਼ੋਭਿਤ ਸਾਰੇ ਹੀ ਸੰਤ,ਭਗਤ ਅਤੇ ਗੁਰੂ ਸਾਹਿਬਾਨਾਂ ਤੇ ਹੱਕ ਉਹਨਾਂ ਨਾਨਕ ਨਾਮ ਲੇਵਾ ਸੰਗਤ ਦਾ ਹੈ,ਜਿਹੜੀਆਂ ਗੁਰੂ ਗ੍ਰੰਥ ਸਾਹਿਬ ਨੂੰ ਅਪਣਾ ਗੁਰੂ ਮੰਨਦੀਆਂ ਹਨ ਤੇ ਸਿੱਖ ਧਰਮ ਦਾ ਹਿੱਸਾ ਹਨ।ਇਸ ਦੀ ਪਹਿਰੇਦਾਰੀ ਸਮੁੱਚੇ ਖਾਲਸਾ ਪੰਥ ਦੇ ਕੋਲ ਹੈ,ਇਸ ਲਈ ਭਗਤ ਰਵਿਦਾਸ ਸਾਹਿਬ ਕਿਸੇ ਇੱਕ ਜਾਤੀ,ਕਿਸੇ ਵਿਸ਼ੇਸ਼ ਵਰਗ ਦੇ ਨਹੀ ਬਲਕਿ ਹੁਣ ਉਹ ਸਿੱਖ ਪੰਥ ਦੇ ਓਨੇ ਹੀ ਸਤਿਕਾਰਤ ਭਗਤ ਹਨ,ਜਿੰਨੇ ਗੁਰੂ ਸਹਿਬਾਨ ਜਾਂ ਹੋਰ ਸੰਤ,ਭਗਤ ਹਨ।ਜੇਕਰ ਸਿੱਖੀ ਵਿੱਚ ਅਨੰਦ ਕਾਰਜ ਦੀ ਮਹੱਤਤਾ ਦੀ ਗੱਲ ਕੀਤੀ ਜਾਵੇ ਤਾਂ,ਸਭ ਤੋ ਪਹਿਲਾਂ ਇੱਥੇ ਹੋਰ ਧਰਮਾਂ ਦੇ ਮੁਕਾਬਲੇ ਇਹ ਸਪੱਸਟ ਅੰਤਰ ਹੈ ਕਿ ਸਿੱਖੀ ਵਿੱਚ ਵਿਆਹ ਨਹੀ ਬਲਕਿ ਅਨੰਦ ਕਾਰਜ ਹੁੰਦੇ ਹਨ।ਅਨੰਦ ਸੰਸਕਾਰ ਵਿੱਚ ਇਹ ਵਾਰ ਵਾਰ ਦ੍ਰਿੜ ਕਰਵਾਇਆ ਗਿਆ ਹੈ ਕਿ ਆਪਸ ਵਿੱਚ ਕੋਈ ਭੇਦ ਭਾਵ ਨਹੀਂ, ਕੋਈ ਝਗੜਾ ਨਹੀਂ, ਕੋਈ ਵੱਡਾ ਛੋਟਾ ਨਹੀਂ। ਇੱਕ ਸੋਚ ਤੇ ਇੱਕ ਵਿਚਾਰਧਾਰਾ ਦੇ ਧਾਰਨੀ ਹੋਣਾ ਤੇ ਉਸ ਪਤੀ ਰੂਪੀ ਅਕਾਲ ਪੁਰਖ ਦੀ ਰਜਾ ਚ ਰਹਿਣਾ ਹੀ ਜੀਵ ਇਸਤਰੀ ਲਈ ਅਸਲੀ ਅਨੰਦ ਦੀ ਅਵਸਥਾ ਹੈ, ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ਭਾਵ ਜਦੋਂ, ਇਹ ਦੋਵੇਂ ਸਰੀਰ ਪਤੀ ਪਤਨੀ ਦੇ ਤੌਰ ਤੇ, ਇੱਕ ਵਿਚਾਰਧਾਰਾ ਨਾਲ ਸਮਾਜ ਵਿੱਚ ਵਿਚਰਦੇ ਹਨ, ਤਾਂ ਇੱਕ ਸਫਲ ਪਰਿਵਾਰ ਪੈਦਾ ਹੁੰਦਾ ਹੈ, ਗੁਰਸਿੱਖ ਦੇ ਵਿਆਹ ਨੇ ਦੁਨਿਆਵੀ ਰਿਸ਼ਤੇ, ਲੋਕਾਚਾਰੀ ਜਾਂ ਰਵਾਇਤਾਂ ਤੱਕ ਸੀਮਿਤ ਨਹੀਂ ਰਹਿਣਾਂ ਹੈ, ਉਸ ਨੇ ਗੁਰਮਤਿ ਦੇ ਮਾਰਗ ਤੇ ਚਲ ਕੇ ਅਕਾਲ ਪੁਰਖੁ ਨਾਲ ਸਦੀਵੀ ਸੰਬੰਧ ਕਾਇਮ ਕਰਨਾ ਹੈ ਤੇ ਅਸਲ ਅਨੰਦ ਦੀ ਅਵਸਥਾ ਤਕ ਪਹੁੰਚਣਾ ਹੈ।ਕਿਉਂਕਿ ਹੋਰ ਧਰਮਾਂ ਚ ਵਿਆਹ ਇੱਕ ਸਮਝੌਤਾ ਹੀ ਸਮਝਿਆ ਜਾਂਦਾ ਹੈ,ਜਿਹੜਾ ਕਿਸੇ ਸਮੇ ਵੀ ਤੋੜਿਆ ਜਾ ਸਕਦਾ ਹੈ,ਪਰ ਸਿੱਖ ਸੰਸਕਾਰ ਅਜਿਹਾ ਕਰਨ ਦੀ ਇਜਾਜਤ ਨਹੀ ਦਿੰਦੇ।

ਜਿਸ ਤਰਾਂ ਇਹ ਚਾਰੇ ਲਾਵਾਂ ਤਿਆਰ ਕੀਤੀਆਂ ਗਈਆਂ ਹਨ,ਉਹ ਸਪੱਸਟ ਦਰਸਾਉਂਦੀਆਂ ਹਨ ਕਿ ਇਹ ਕਿਸੇ ਸ਼ਾਤਰ ਦਿਮਾਗ ਦੀ ਕਾਢ ਹੈ,ਨਹੀ ਨਕਲ ਕਰਨ ਦੀ ਕੋਈ ਜਰੂਰਤ ਨਹੀਂ ਸੀ, ਬਲਕਿ ਗਰੀਬ ਦਾਸੀਆਂ ਵਾਂਗ ਆਪਣੇ ਗਰੰਥ ਵਿੱਚੋਂ ਹੀ ਬਾਣੀ ਦੀਆਂ ਕੁੱਝ ਪੰਗਤੀਆਂ ਲੈ ਕੇ ਵਿਆਹ ਅਤੇ ਅੰਤਮ ਰਸਮਾਂ ਮੁਕੱਰਰ ਕਰ ਲਈਆਂ ਜਾ ਸਕਦੀਆਂ ਸਨ, ਪ੍ਰੰਤੂ ਇੱਥੇ ਅਜਿਹਾ ਨਹੀ ਕੀਤਾ ਗਿਆ,ਕਿਉਕਿ ਅਜਿਹਾ ਕਰਨ ਪਿੱਛੇ ਜੋ ਮਨਸਾ ਹੈ,ਉਹ ਬੇਹੱਦ ਹੀ ਮੰਦ ਭਾਵਨਾ ਵਾਲੀ ਹੈ, ਜਿਸ ਨੂੰ ਸਮਝਣ ਦੀ ਲੋੜ ਹੈ। ਇਹ ਨਾ ਹੋਵੇ ਕਿ ਇਹ ਨਕਲੀ ਲਾਵਾਂ ਦੋਵੇਂ ਸਮਾਜਾਂ ਵਿਚ ਐਸੀ ਦਰਾੜ ਪੈਦਾ ਕਰ ਦੇਣ,ਜਿਸਨੂੰ ਭਰ ਸਕਣਾ ਸੰਭਵ ਹੀ ਨਾ ਰਹੇ। ਇਹ ਸਿੱਖ ਸਮਾਜ ਅਤੇ ਦਲਿਤ ਸਮਾਜ ਦੀ ਬਹੁਤ ਵੱਡੀ ਤਰਾਸਦੀ ਹੀ ਕਹੀ ਜਾਵੇਗੀ ਕਿ ਇਹਨਾਂ ਦੋਨਾਂ ਨੇ ਹੀ ਇਹ ਕਦੇ ਵੀ ਸਮਝਣ ਦੀ ਸਾਇਦ ਕੋਸ਼ਿਸ਼ ਨਹੀ ਕੀਤੀ ਕਿ ਸਾਡੇ ਹਿਤ ਸਾਂਝੇ ਹਨ ਸਾਡਾ ਮਿਸ਼ਨ ਸਾਂਝਾ ਹੈ,ਸਾਡੀਆਂ ਸਮੱਸਿਆਵਾਂ ਸਾਂਝੀਆਂ ਹਨ ਅਤੇ ਵਿਚਾਰਧਾਰਾ ਵੀ ਇੱਕੋ ਹੈ, ਸਭ ਤੋ ਅਹਿਮ ਗੱਲ ਕਿ ਦੋਨਾਂ ਦਾ ਦੁਸ਼ਮਣ ਵੀ ਸਾਂਝਾ ਹੈ। ,ਫਿਰ ਵੀ ਅਸੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਤੋ ਦੂਰ ਕਿਉਂ ਹਾਂ। ਇਹ ਸਮਝਣ ਤੋ ਦੋਨੋ ਹੀ ਧਿਰਾਂ ਅਸਮਰੱਥ ਹਨ ਕਿ ਦੁਸ਼ਮਣ ਤਾਕਤਾਂ ਦੋਨਾਂ ਧਿਰਾਂ ਨੂੰ ਆਪਸ ਵਿੱਚ ਲੜਾਕੇ ਅਪਣੇ ਮਨਸੂਬਿਆਂ ਵਿ ਸਫਲ ਹੋ ਰਹੀਆਂ ਹਨ। ਦਲਿਤ ਸਮਾਜ ਅਤੇ ਸਿੱਖ ਸਮਾਜ ਇਹ ਸਮਝਣ ਵਿੱਚ ਵੀ ਅਜੇ ਤੱਕ ਨਾਕਾਮ ਹਨ ਕਿ ਉਹਨਾਂ ਦਾ ਆਪਸੀ ਰਿਸ਼ਤਾ ਸਕੇ ਭਰਾਵਾਂ ਵਰਗਾ ਹੈ,ਜਿਸ ਰਿਸ਼ਤੇ ਨੂੰ ਦੁਸ਼ਮਣ ਤਾਕਤਾਂ ਬੜੀ ਸ਼ਾਤਰਤਾ ਦੇ ਨਾਲ ਇੱਕ ਦੂਜੇ ਦੇ ਖਿਲਾਫ ਵਰਤ ਕੇ ਤਾਰ ਤਾਰ ਕਰਨਾ ਚਾਹੁੰਦੀਆਂ ਹਨ।ਭਗਤ ਸ੍ਰੀ ਰਵਿਦਾਸ ਜੀ ਦਾ ਨਾਮ ਬਰਤ ਕੇ ਬਣਾਈਆਂ ਲਾਵਾਂ ਵੀ ਉਹਨਾਂ ਤਾਕਤਾਂ ਦੀ ਸਾਜਿਸ਼ ਹੈ, ਜਿਸ ਦਾ ਖਮਿਆਜਾ ਦਲਿਤ ਸਮਾਜ ਦੇ ਉਹਨਾਂ ਪਿਛਲੱਗ ਲੋਕਾਂ ਨੂੰ ਭੁਗਤਣਾ ਪਵੇਗਾ,ਜਿੰਨਾਂ ਨੇ ਉਹਨਾਂ ਤਾਕਤਾਂ ਦੇ ਹੱਥਠੋਕੇ ਬਣ ਕੇ ਇਹ ਅਪਰਾਧ ਕੀਤਾ ਹੈ,ਜਿਹੜੀਆਂ ਸਿੱਖਾਂ ਅਤੇ ਸਿੱਖ ਸਮਾਜ ਦੇ ਅਤੁੱਟ ਅੰਗ ਦਲਿਤ ਸਮਾਜ ਨੂੰ ਵੰਡਣਾ ਚਾਹੁੰਦੀਆਂ ਹਨ,ਤਾਂ ਕਿ ਇਹ ਦੱਬੇ ਕੁਚਲਿਆਂ ਦਾ ਨਿਆਰਾ ਪੰਥ ਤਾਕਤਵਰ ਨਾ ਹੋ ਸਕੇ। ਮਤੇ ਨਾਨਕ ਸਾਹਿਬ ਦੇ ਕਿਰਤੀ ਸਿੱਖ ਮੁੜ ਇਕੱਠੇ ਹੋਕੇ ਤਖਤਾਂ ਨੂੰ ਵਖਤ ਨਾ ਪਾ ਦੇਣ,ਇਹੋ ਕਾਰਨ ਹੈ ਕਿ ਮੰਨੂਵਾਦੀ ਤਾਕਤਾਂ ਵੱਲੋਂ ਜਾਤੀ ਵਾਦੀ ਰੰਗਤ ਨਾਲ ਦੁਨੀਆਂ ਦੀ ਅਗਵਾਈ ਦੇਣ ਦੇ ਸਮਰੱਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮਾਣਿਕਤਾ ਅਤੇ ਮੌਲਿਕਤਾ ਨੂੰ ਢਾਹ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਚੰਗਾ ਹੋਵੇ ਜੇਕਰ ਸਮਾ ਰਹਿੰਦੇ ਸਿੱਖ ਅਤੇ ਦਲਿਤ ਸਮਾਜ ਨੂੰ ਇਹਨਾਂ ਸਾਜਿਸ਼ਾਂ ਦੀ ਸਮਝ ਪੈ ਜਾਵੇ,ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ ਮਰਯਾਦਾ ਅਤੇ ਮੌਲਿਕਤਾ ਨਾਲ ਖਿਲਵਾੜ ਕਰਨ ਵਾਲੀਆਂ ਤਾਕਤਾਂ ਆਪਣੇ ਭੈੜੇ ਇਰਾਦਿਆਂ ਵਿਚ ਕਾਮਯਾਬ ਨਾ ਹੋ ਸਕਣ।

# ਵਿਗਿਆਨ ਨੂੰ ਮਿੱਥ ਦੀ ਜਗਾ ਰੱਖ ਦੇਣਾ ਗਲਤ



- ਰੋਮਿਲਾ ਥਾਪਰ
(ਇਤਿਹਾਸਕਾਰ)

ਕੁਝ ਲੋਕ ਵਿਸ਼ਵਾਸ਼ ਕਰਦੇ ਹਨ ਕਿ ਪੁਰਾਤਨ ਭਾਰਤੀਆਂ ਨੂੰ ਆਧੁਨਿਕ ਖੋਜਾਂ ਬਾਰੇ ਜਾਣਕਾਰੀ ਸੀ, ਕਿਉਂਕਿ ਇਸ ਨੂੰ ਸਹੀ ਠਹਿਰਾਉਣ ਵਾਲਾ ਕੋਈ ਵੀ ਵਿਗਿਆਨਿਕ ਪ੍ਰਮਾਣ ਨਹੀਂ ਹੈ, ਇਸ ਲਈ ਇਸ ਸੰਭਾਵਨਾ ਨੂੰ ਸਾਹਮਣੇ ਰੱਖਕੇ ਇਨਾਂ ਜ਼ਰੂਰ ਸਮਝਿਆ ਜਾ ਸਕਦਾ ਹੈ ਕਿ ਹੋ ਸਕਦਾ ਹੈ ਕਿ ਪੰਜ ਹਜ਼ਾਰ ਸਾਲ ਪਹਿਲਾਂ ਵੀ ਇਸਦੇ ਲਈ ਜ਼ਰੂਰ ਗਿਆਨ ਮੌਜੂਦ ਰਿਹਾ ਹੋਵੇ, ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ ਜਾਂ ਅਸੀਂ ਗਿਆਨ ਦੀ ਮੌਜੂਦਗੀ ਨੂੰ ਪੂਰੀ ਤਰਾਂ ਖਾਰਿਜ ਨਹੀਂ ਕਰ ਸਕਦੇ। ਇਸ ਲਈ ਅਸੀਂ ਸੋਚਿਆ ਕਿ ਇਸ ਦ੍ਰਿਸ਼ਟੀਕੋਣ ਦੀ ਪੜਤਾਲ ਕਰਨਾ ਉਪਯੋਗੀ ਹੋ ਸਕਦਾ ਹੈ।

ਮਿੱਥ-ਸ਼ਾਸਤਰ ਇਨਾਂ ਅਰਥਾਂ ਵਿਚ ਜਾਦੂਈ ਯਥਾਰਥਵਾਦ ਹੈ ਕਿ ਮਿੱਥ-ਸ਼ਾਸਤਰ ਦੇ ਤਾਣੇ-ਬਾਣੇ ਵਿਚ ਕੁਝ ਯਥਾਰਥਵਾਦ ਹੈ ਤੇ ਬਹੁਤ ਕੁਝ ਜਾਦੂ, ਜਿਸ ਨੂੰ ਪਾਰਲੌਕਿਕ ਚੀਜਾਂ ਤੇ ਅਲੌਕਿਕ ਸ਼ਕਤੀਆਂ ਵਾਲੀ ਦੰਤ-ਕਥਾਵਾਂ ਵਿਚ ਮਿਲਾ ਕੇ ਬੁਣਿਆ ਗਿਆ ਹੈ। ਮਿਥਕ ਮਾਨਵ ਵਿਵਹਾਰ, ਦੁਵਿਧਾਵਾਂ, ਮਨੋਵਿਰਤੀਆਂ ਤੇ ਵਿਰੋਧਾਭਾਸਾਂ ਦੇ ਚਰਮ ਨੂੰ ਵੀ ਦਰਸਾਉਂਦਾ ਹੈ। ਇਨਾਂ ਕਥਾਵਾਂ ਵਿਚੋਂ ਕਲਪਨਾ ਨੂੰ ਕੱਢ ਦੇਈਏ ਤਾਂ ਇਹ ਨੀਰਸ ਪ੍ਰਵਚਨ ਬਣ ਕੇ ਰਹਿ ਜਾਣਗੀਆਂ। ਹੁਣ ਸਾਡੇ ਕੋਲ ਭਰਪੂਰ ਕਲਪਨਾ ਹੈ ਜਿਸ ਵਿਚ ਜ਼ਹਾਜ ਹਨ, ਕਈ ਸਿਰ ਹਨ ਅਤੇ ਕਈ ਹੱਥ ਹਨ ਭਾਵ ਸਾਰੇ ਤਰਾਂ ਦੇ ਯੰਤਰ ਅਤੇ ਜੂਗਾੜ ਹਨ ਜਿਸ ਨਾਲ ਸਾਈ-ਫਾਈ ਜਾਂ ਹਾਈ-ਫਾਈ ਉਪਕਰਨ ਹੋਣ ਦਾ ਦਾਅਵਾ ਕੀਤਾ ਜਾ ਸਕਦਾ ਹੈ, ਜਿਨਾਂ ਸਾਰਿਆਂ ਦੀ ਖੋਜ਼ ਪੌਰਾਣਿਕ ਅਤੀਤ ਵਿਚ ਪਈ ਉਪਜਾਊ ਕਲਪਨਾਸ਼ੀਲਤਾ ਨਾਲ ਹੋਈ ਹੈ। ਇਸ ਮਾਮਲੇ ਵਿਚ ਅਸੀਂ ਅਜਿਹੇ ਦੂਜੇ ਸਮਾਜਾਂ ਤੋਂ ਬਿਲਕੁਲ ਅਲੱਗ ਨਹੀਂ ਹਾਂ ਜਿਨਾਂ ਦਾ ਅਤੀਤ ਕਾਫ਼ੀ ਪ੍ਰਾਚੀਨ ਰਿਹਾ ਹੈ। ਕੀ ਇਸ ਦੇ ਆਧਾਰ ਉੱਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਆਧੁਨਿਕ ਖੋਜਾਂ ਉਸ ਅਤੀਤ ਕਾਲ ਵਿਚ ਵੀ ਮੌਜੂਦ ਸਨ? ਇਹ ਸਾਨੂੰ ਕਲਪਨਾ ਦੀ ਉੱਚੀ ਉਡਾਣ ਉੱਤੇ ਇਸ ਵਿਸ਼ਵਾਸ਼ ਵੱਲ ਲੈ ਜਾਂਦਾ ਹੈ ਕਿ ਇਹ ਸਭ ਚੀਜਾਂ ਜਿਨਾਂ ਦੀ ਉਸ ਦੌਰ ਵਿਚ ਕਲਪਨਾ ਕੀਤੀ ਗਈ ਸੀ, ਵਾਸਤਵ ਵਿਚ ਅਤੀਤ ਦੀਆਂ ਭੌਤਿਕ ਖੋਜਾਂ ਦਾ ਹਿੱਸਾ ਸੀ ਅਤੇ ਜਦੋਂ ਮਿੱਥਕ ਲੋਕਾਂ ਦੀ ਆਸਥਾ ਵਿਚ ਸ਼ਾਮਿਲ ਹੋ ਜਾਂਦੇ ਹਨ ਤਾਂ ਮਿੱਥ-ਸ਼ਾਸਤਰ ਦੇ ਨਾਲ ਘੁਲ-ਮਿਲ ਜਾਂਦਾ ਹੈ। ਨਿਰਸੰਦੇਹ, ਕਲਪਨਾ ਇੱਕ ਸ਼ਕਤੀਸ਼ਾਲੀ ਰਚਨਾਤਮਕ ਸ਼ਕਤੀ ਰਹੀ ਹੈ ਅਤੇ ਅੱਗੇ ਵੀ ਰਹੇਗੀ ਅਤੇ ਸਾਡੇ ਕੋਲ ਅੱਜ ਅਜਿਹੇ ਮਿੱਥਕ ਹਨ ਜਿਨਾਂ ਵਿਚ ਸਾਡੇ ਅੱਜ ਦੇ ਦੌਰ ਦੀ ਕਲਪਨਾ ਸ਼ਾਮਿਲ ਹੈ। ਜੇਕਰ ਅਸੀਂ ਜੂਲਸ ਵਰਨ ਜਾਂ ਆਰਥਰ ਸੀ. ਕਲਾਰਕ ਨੂੰ ਪੜੀਏ, ਤਾਂ ਉਹ ਸਾਨੂੰ ਪੁਲਾੜੀ ਸੈਰ ਯੁਗ ਵਿਚ ਲੈ ਜਾਂਦਾ ਹੈ, ਭਾਵੇਂ ਉਹ ਪੁਲਾੜ ਪੂਰੀ ਤਰਾਂ ਭਿੰਨ ਹੋਵੇ, ਜਾਂ ਅਸੀਂ ਜਾੱਰਜ ਆਰਵੇਲ ਦੀ ਰਚਨਾ 1984 ਨੂੰ ਹੀ ਲੈਂਦੇ ਹਾਂ, ਉਹ ਰੋਬੋਟ ਅਤੇ ਕੰਪਿਊਟ ਨੁਮਾ ਲੋਕਾਂ ਵਾਲੀ ਇੱਕ ਅਜਿਹੀ ਸਰਵਸੱਤਾਵਾਦੀ ਯੁਗ ਵਿਚ ਲੈ ਜਾਂਦਾ ਹੈ ਜੋ ਸਾਡੇ ਉੱਤੇ ਕਾਬਜ਼ ਹਨ ਅਤੇ ਸਾਡੇ ਉੱਤੇ ਰਾਜ ਕਰ ਰਹੇ ਹਨ। ਅਜਿਹੀ ਕਲਪਨਾ ਕਦੇ-ਕਦੇ ਭਵਿੱਖ ਸੂਚਕ ਰੂਪ ਧਾਰਨ ਕਰ ਲੈਂਦੀ ਹੈ। ਪਰ ਇਸ ਵਿਚ ਵੱਡਾ ਅੰਤਰ ਹੈ। ਇਹ ਕਲਪਨਾ ਕਦੇ ਵਾਸਤਵਿਕਤਾ ਦੇ ਨਾਲ ਇੱਕ ਅਜਿਹਾ ਸੰਬੰਧ ਕਾਇਮ ਕਰਦੀ ਹੈ ਜਿਸਦਾ ਮਕਸਦ ਭਵਿੱਖ-ਮੁਖੀ ਹੁੰਦਾ ਹੈ, ਜਦਕਿ ਅੱਜ ਦੇ ਭਾਰਤ ਵਿਚ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਸਾਡੇ ਅਤੀਤ ਦੀ ਕਿਸੇ ਵਾਸਤਵਿਕਤਾ ਨਾਲ ਜੁੜਦੀ ਹੈ। ਅਜਿਹੇ ਵਿਚ ਇਸ ਨੂੰ ਕਿੱਥੇ ਸਥਾਨ ਦਿੱਤਾ ਜਾਵੇ- ਭਵਿੱਖ ਵਿਚ ਜਾਂ ਅਤੀਤ ਵਿਚ? ਪੌਰਾਣਿਕ ਕਥਾਂਵਾਂ ਨੂੰ ਪੌਰਾਣਿਕ ਕਥਾਂਵਾਂ ਦੇ ਰੂਪ ਵਿਚ ਹੀ ਪੜਿਆ ਜਾਣਾ ਚਾਹੀਦਾ ਹੈ। ਮਿਸਰ, ਯੂਨਾਨ, ਭਾਰਤ, ਚੀਨ ਅਤੇ ਹੋਰ ਦੇਸ਼ਾਂ ਦੇ ਪ੍ਰਾਚੀਨ ਮਿੱਥ ਨਿਰਮਾਤਾਵਾਂ ਨੇ ਮਿੱਥਕ ਦੀ ਕਲਪਨਾ ਈਸ਼ਵਰ ਤੇ ਅਲੌਕਿਕ ਸ਼ਕਤੀ ਨਾਲ ਮਿਲਾਉਦੇ ਹੋਏ ਕੀਤੀ ਸੀ, ਇਸ ਲਈ ਸ਼ਾਇਦ ਇਤਿਹਾਸ ਜਾਂ ਵਿਗਿਆਨ ਦੇ ਨਾਲ ਇਨਾਂ ਨੂੰ ਨਾ ਉਲਝਾਣਾ ਹੀ ਉਚਿਤ ਹੈ। ਮਿੱਥਕ ਪੁਰਾਣੀ ਦੰਤਕਥਾਵਾਂ ਹਨ ਜਦ ਕਿ ਇਤਿਹਾਸ ਅਜਿਹੀ ਘਟਨਾ ਹੈ ਜਿਸ ਦੇ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਹ ਵਾਪਰੀਆਂ ਹੋਈਆਂ, ਜਿਨਾਂ ਦਾ ਹਿੱਸਾ ਵਿਗਿਆਨ ਵੀ ਹੈ। ਵਿਗਿਆਨ ਨੂੰ ਮਿੱਥ ਦੀ ਜਗਾ ਰੱਖ ਦੇਣਾ ਗਲਤ ਹੈ ਬਲਕਿ ਇਸ ਨੂੰ ਯੱਕੜਪੁਣਾ ਵੀ ਕਿਹਾ ਜਾ ਸਕਦਾ ਹੈ।

ਜਿਵੇਂ ਕਿ ਪਿਛਲੇ ਦਿਨੀਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟਿੱਪਣੀ ਤੋਂ ਜਾਹਿਰ ਹੁੰਦਾ ਹੈ ਜਿਸ ਵਿਚ ਉਨਾਂ ਨੇ ਪ੍ਰਾਚੀਨ ਪੌਰਾਣਿਕ ਕਥਾਵਾਂ ਨੂੰ ਸਮਕਾਲੀ ਵਿਗਿਆਨ ਨਾਲ ਜੋੜਦੇ ਹੋਏ ਇਹ ਦਾਅਵਾ ਕੀਤਾ ਸੀ ਕਿ ਅੱਜ ਦੀਆਂ ਖੋਜਾਂ ਸਾਡੇ ਪ੍ਰਾਚੀਨ ਕਾਲ ਵਿਚ ਪਹਿਲਾਂ ਹੀ ਭੌਤਿਕ ਰੂਪ ਵਿਚ ਖੋਜੀਆਂ ਜਾ ਚੁੱਕੀਆਂ ਸਨ।

**ਮਿੱਥਕ ਪੁਰਾਣੀ ਦੰਤਕਥਾਵਾਂ ਹਨ ਜਦ ਕਿ ਇਤਿਹਾਸ ਅਜਿਹੀ ਘਟਨਾ ਹੈ ਜਿਸ ਦੇ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਹ ਵਾਪਰੀਆਂ ਹੋਈਆਂ, ਜਿਨਾਂ ਦਾ ਹਿੱਸਾ ਵਿਗਿਆਨ ਵੀ ਹੈ। ਵਿਗਿਆਨ ਨੂੰ ਮਿੱਥ ਦੀ ਜਗਾ ਰੱਖ ਦੇਣਾ ਗਲਤ ਹੈ ਬਲਕਿ ਇਸ ਨੂੰ ਯੱਕੜਪੁਣਾ ਵੀ ਕਿਹਾ ਜਾ ਸਕਦਾ ਹੈ। ਜਿਵੇਂ ਕਿ ਪਿਛਲੇ ਦਿਨੀਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟਿੱਪਣੀ ਤੋਂ ਜਾਹਿਰ ਹੁੰਦਾ ਹੈ ਜਿਸ ਵਿਚ ਉਨਾਂ ਨੇ ਪ੍ਰਾਚੀਨ ਪੌਰਾਣਿਕ ਕਥਾਵਾਂ ਨੂੰ ਸਮਕਾਲੀ ਵਿਗਿਆਨ ਨਾਲ ਜੋੜਦੇ ਹੋਏ ਇਹ ਦਾਅਵਾ ਕੀਤਾ ਸੀ ਕਿ ਅੱਜ ਦੀਆਂ ਖੋਜਾਂ ਸਾਡੇ ਪ੍ਰਾਚੀਨ ਕਾਲ ਵਿਚ ਪਹਿਲਾਂ ਹੀ ਭੌਤਿਕ ਰੂਪ ਵਿਚ ਖੋਜੀਆਂ ਜਾ ਚੁੱਕੀਆਂ ਸਨ।**

# ਰਾਜਮੋਹਨ ਗਾਂਧੀ ਦਾ ਪੰਜਾਬ



**- ਡਾ. ਹਰਪਾਲ ਸਿੰਘ ਪੰਨੂ**

1977 ਵਿਚ ਜਨਤਾ ਪਾਰਟੀ ਦੀ ਕੇਂਦਰ ਵਿਚ ਸਰਕਾਰ ਬਣੀ, ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਤੇ ਅਟਲ ਬਿਹਾਰੀ ਬਾਜਪਾਈ ਵਿਦੇਸ਼ ਮੰਤਰੀ। ਬਾਜਪਾਈ ਜੀ ਨੇ ਸਰਹੱਦਾਂ ਦਾ ਮਸਲਾ ਹੱਲ ਕਰਨ ਲਈ ਜਿਹੜਾ ਚੀਨ ਜਾਣ ਦਾ ਸਦਭਾਵਨਾ ਦੌਰਾ ਕੀਤਾ, ਪੱਤਰਕਾਰਾਂ ਦੇ ਵਫਦ ਵਿਚ ਰਾਜਮੋਹਨ ਗਾਂਧੀ ਸ਼ਾਮਲ ਸਨ। ਵਾਪਸ ਆ ਕੇ ਉਨਾਂ ਨੇ ਅੰਗਰੇਜ਼ੀ ਟ੍ਰਿਬਿਊਨ ਵਿਚ ਇਸ ਦੌਰੇ ਬਾਰੇ ਭਾਰਤੀਆਂ ਅਤੇ ਵਿਦੇਸ਼ੀਆਂ ਨੂੰ ਜਾਣੂ ਕਰਵਾਇਆ। ਉਦੋਂ ਮੈਨੂੰ ਪਤਾ ਲੱਗਾ ਕਿ ਰਾਜ, ਮਹਾਤਮਾ ਗਾਂਧੀ ਦਾ ਪੋਤਾ ਹੈ ਤੇ ਉਸਦੀ ਨਿਰਪੱਖ, ਗੰਭੀਰ, ਡੂੰਘੀ ਲਿਖਤ ਨੇ ਇਸ ਕਦਰ ਪ੍ਰਭਾਵਿਤ ਕੀਤਾ ਕਿ ਮੈਂ ਉਸਦਾ ਸਥਾਈ ਪਾਠਕ ਹੋ ਗਿਆ।

ਚੀਨ ਦੌਰੇ ਬਾਰੇ ਉਸਦੀਆਂ ਲਿਖੀਆਂ ਦੋ ਘਟਨਾਵਾਂ ਮੈਨੂੰ ਯਾਦ ਹਨ। ਚੀਨ ਦੇ ਵਿਦੇਸ਼ ਮੰਤਰੀ ਦੀ ਕਾਰ ਵਿਚ ਸਫ਼ਰ ਕਰਦਿਆਂ ਰਾਜਮੋਹਨ ਨੇ ਕੰਧਾਂ ਉੱਪਰ ਲੱਗੇ ਮਲਟੀਨੈਸ਼ਨਲ ਕੰਪਨੀਆਂ ਦੇ ਹੋਰਡਿੰਗਜ਼ ਦਿਖਾਉਂਦਿਆਂ ਮੰਤਰੀ ਨੂੰ ਪੁੱਛਿਆ, ਚੀਨ ਕਮਿਊਨਿਸਟ ਦੇਸ ਹੈ, ਫਿਰ ਇਹ ਮਲਟੀਨੈਸ਼ਨਲ ਕੰਪਨੀਆਂ ਇੱਥੇ ਕਿਵੇਂ ਆ ਉੱਤਰੀਆਂ? ਖੱਬੇ ਪੱਖੀ ਦੇਸ ਵਿਚ ਅਜਿਹਾ ਅਜੀਬ ਲਗਦਾ ਹੈ।" ਮੰਤਰੀ ਨੇ ਜਵਾਬ ਦਿੱਤਾ, ਅਸਲੀ ਕਮਿਊਨਿਸਟ ਉਹ ਹੁੰਦਾ ਹੈ, ਜਿਹੜਾ ਕਾਰ ਚਲਾਉਂਦਿਆਂ ਇੰਡੀਕੇਟਰ ਖੱਬੇ ਮੁੜਨ ਦਾ ਦੇ ਕੇ ਤੇਜੀ ਨਾਲ ਸੱਜੇ ਪਾਸੇ ਮੋੜ ਕੱਟ ਜਾਏ" ਜਦੋਂ ਨਕਸ਼ਾ ਵਿਛਾ ਕੇ ਹੱਦਾਂ ਬਾਬਤ ਵਿਚਾਰ ਵਟਾਂਦਰਾ ਸ਼ੁਰੂ ਹੋਇਆ ਤਾਂ ਬਾਜਪਾਈ ਨੇ ਤਿੱਬਤ, ਲੇਹ ਅਤੇ ਲੱਦਾਖ ਦੇ ਇਲਾਕਿਆਂ ਉੱਪਰ ਉਂਗਲ ਫੇਰਦਿਆਂ ਕਿਹਾ, "ਇਹ ਇਲਾਕੇ ਸਾਡੇ ਸਨ, ਇਨਾਂ ਉੱਪਰ ਤੁਹਾਡਾ ਕਬਜ਼ਾ ਨਾਜਾਇਜ਼ ਹੈ।" ਚੀਨੀ ਵਿਦੇਸ਼ ਮੰਤਰੀ ਨੇ ਕਿਹਾ, "ਨਹੀਂ। ਇਹ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤੇ ਸਨ ਹਿੰਦੁਸਤਾਨ ਨੇ ਨਹੀਂ। ਉਦੋਂ ਸਰਕਾਰ ਖਾਲਸਾ ਸੀ ਤੇ ਪੰਜਾਬ ਵੱਖਰਾ ਦੇਸ ਸੀ, ਹਿੰਦੁਸਤਾਨ ਵੱਖਰਾ। ਜਦੋਂ ਕਦੀ ਸਰਕਾਰ ਖਾਲਸਾ ਗੱਲਬਾਤ ਕਰੇਗੀ, ਅਸੀਂ ਸੁਣਾਂਗੇ, ਤੁਹਾਡੇ ਨਾਲ ਗੱਲ ਨਹੀਂ ਹੋ ਸਕਦੀ।"

ਐਤਵਾਰ 20 ਅਕਤੂਬਰ, 2013 ਨੂੰ ਖਬਰ ਪੜੀ ਕਿ ਰਾਜਮੋਹਨ ਨੇ ਅੰਗਰੇਜ਼ੀ ਵਿਚ ਪੰਜਾਬ ਦਾ ਇਤਿਹਾਸ ਲਿਖਿਆ ਹੈ, ਨਾਮ ਹੈ: ਪੰਜਾਬ: ਏ ਹਿਸਟਰੀ ਫਰਾਮ ਔਰੰਗਜ਼ੇਬ ਟੂ ਮਾਊਂਟਬੈਟਨ। ਮੈਂ ਸੋਮਵਾਰ ਨੂੰ ਬੁੱਕਸੈੱਲਰ ਕੋਲ ਗਿਆ ਕਿ ਮੇਰੇ ਲਈ ਇਹ ਕਿਤਾਬ ਮੰਗਵਾ ਦਿਉ। ਬੁੱਕਸੈੱਲਰ ਨੇ ਤੁਰੰਤ ਮੇਰੇ ਹੱਥ ਕਿਤਾਬ ਫੜਾ ਦਿੱਤੀ, ਜਿਸਦਾ ਪਾਠ ਕਰ ਲਿਆ। ਗੁਜਰਾਤੀ ਲੇਖਕ ਪੰਜਾਬ ਦਾ ਇਤਿਹਾਸ ਲਿਖੇਗਾ, ਉਹ ਵੀ ਸ਼ਾਨਦਾਰ ਇਤਿਹਾਸ, ਮੈਂ ਸੋਚਣ ਲੱਗਾ - ਜੇ ਭਲਾ ਮੈਨੂੰ ਕੋਈ ਗੁਜਰਾਤ ਦਾ ਇਤਿਹਾਸ ਲਿਖਣ ਲਈ ਕਹੇ ਤਾਂ ਮੇਰਾ ਕੀ ਬਣੇ? ਮੇਰੀ ਤਾਂ ਪੰਜਾਬ ਦੇ ਇਤਿਹਾਸ ਉੱਪਰ ਉਨੀ ਪਕੜ ਨਹੀਂ ਹੈ,ਜਿੰਨੀ ਰਾਜਮੋਹਨ ਦੀ।

ਇਸ ਕਿਤਾਬ ਵਿਚਲਾ ਪੰਜਾਬ ਮੁਗਲ ਪੰਜਾਬ ਹੈ ਤੇ ਬਾਦ ਵਿਚ ਉਹੀ ਅੰਗਰੇਜ਼ੀ ਪੰਜਾਬ ਕਹਾਇਆ ਜਿਸ ਦੀਆਂ ਹੱਦਾਂ ਦਿੱਲੀ ਤੋਂ ਪੇਸ਼ਾਵਰ ਤੱਕ ਸਨ। ਦਿੱਲੀ ਪੰਜਾਬ ਦਾ ਇਕ ਜ਼ਿਲਾ ਸੀ ਜੋ ਅੰਬਾਲਾ ਡਿਵੀਜ਼ਨ ਵਿਚ ਪੈਂਦਾ ਸੀ। ਪਾਠਕ ਇਕ ਤਸਵੀਰ ਯਾਦ ਕਰਨ, 15 ਅਗਸਤ 1947, ਪੰ. ਜਵਾਹਰ ਲਾਲ ਨਹਿਰੂ ਦਿੱਲੀ ਲਾਲ ਕਿਲੇ ਉੱਪਰ ਪਹਿਲੀ ਵਾਰ ਤਿਰੰਗਾ ਝੰਡਾ ਲਹਿਰਾ ਰਹੇ ਹਨ। ਉਨਾਂ ਨਾਲ ਖਲੋਤੇ ਹਨ ਡਾ. ਮਹਿੰਦਰ ਸਿੰਘ ਰੰਧਾਵਾ। ਰੰਧਾਵਾ ਸਾਹਿਬ ਉਦੋਂ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ।

ਕਿਤਾਬ ਲਿਖਣ ਵਾਸਤੇ ਕੀਤੀ ਮਿਹਨਤ, ਪੜਨ ਤੋਂ ਬਾਦ ਪਤਾ ਲੱਗੇਗੀ। 432 ਪੰਨੇ ਦਸ ਅਧਿਆਇਆਂ ਵਿਚ ਵੰਡੇ ਹਨ ਤੇ ਕੁੱਲ 942 ਹਵਾਲੇ ਦਿੱਤੇ ਹਨ। ਪੁਰਾਣੇ ਅਤੇ ਨਵੇਂ ਇਤਿਹਾਸਕਾਰਾਂ ਦੀ ਸਮੱਗਰੀ ਦਾ ਸਰਵੇਖਣ ਹੈ, 1947 ਤੋਂ ਪਿੱਛੋਂ ਪਾਕਿਸਤਾਨੀ ਇਤਿਹਾਸਕਾਰਾਂ ਵਲੋਂ ਲਿਖਿਆ ਪੰਜਾਬ ਦਾ ਇਤਿਹਾਸ ਪੜਿਆ ਹੈ, ਇੰਟਰਵਿਊਜ਼ ਕੀਤੀਆਂ ਹਨ, ਲਾਹੌਰ ਆਰਕਾਈਵਜ਼ ਤੋਂ ਲੈ ਕੇ ਲੰਡਨ ਆਰਕਾਈਵਜ਼ ਤਕ ਖਰੜੇ ਵਾਚੇ ਹਨ। ਲਾਹੌਰ ਆਰਕਾਈਵਜ਼ ਵਿੱਚੋਂ ਕਾਂਗੜਾ ਸ਼ੈਲੀ ਵਿਚ ਚਿਤਰੀ ਸੂਬੇਦਾਰ ਅਦੀਨਾ ਬੇਗ ਦੀ ਪੇਂਟਿੰਗ ਦੀ ਫੋਟੋ ਲੈ ਆਂਦੀ ਹੈ। ਇਹ ਉਹੀ ਅਦੀਨਾ ਬੇਗ ਹੈ ਜਿਹੜਾ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜੀਆ ਨਾਲ ਕਦੀ ਟਕਰਾਉਂਦਾ ਸੀ ਕਦੀ ਰਾਜ਼ੀਨਾਵੇਂ ਕਰਦਾ ਹੁੰਦਾ ਸੀ।

ਪਹਿਲੇ ਅਧਿਆਇ ਦਾ ਸਿਰਲੇਖ ਹੈ - ਪੰਜਾਬ ਦਾ ਇਤਿਹਾਸ ਕਿਉਂ? ਅਗਸਤ 2012 ਨੂੰ ਓਕ ਕਰੀਕ ਗੁਰਦਵਾਰੇ (ਅਮਰੀਕਾ) ਵਿਚ ਇਕ ਗੋਰੇ ਨੇ ਦਾਖਲ ਹੋਣ ਸਾਰ ਅੰਧਾਧੁੰਦ ਫਾਇਰਿੰਗ ਕਰਕੇ ਛੇ ਮਾਸੂਮ ਸਿੱਖਾਂ ਦੀ ਹੱਤਿਆ ਕਰ ਦਿੱਤੀ ਤਾਂ 18 ਸਾਲ ਦੀ ਹਰਪ੍ਰੀਤ ਕੌਰ ਨੇ ਇਕ ਵੱਡਾ ਬੈਨਰ ਅਮਰੀਕਾ ਦੀਆਂ ਕੰਧਾਂ ਤੇ ਚਿਪਕਾਇਆ ਤੇ ਲਿਖਿਆ - "ਮੈਂ ਸਿੱਖ ਹਾਂ, ਕਿਰਪਾ ਕਰਕੇ ਮੈਨੂੰ ਨਫ਼ਰਤ ਨਾ ਕਰੋ।" ਰਾਜਮੋਹਨ ਦਾ ਕਹਿਣਾ ਹੈ ਕਿ ਕਿਤਾਬ ਲਿਖਣ ਦਾ ਮਨੋਰਥ ਪੰਜਾਬੀਆਂ ਨੂੰ ਜਾਨਣਾ ਸੀ। ਲੇਖਕ ਬੜੇ ਦਿਲਚਸਪ ਸਵਾਲ ਕਰਦਾ ਹੈ - ਪੁਰਾਣੇ ਵੱਡੇ ਪੰਜਾਬ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਸੀ ਪਰ ਇਸ ਉੱਤੇ ਹਕੂਮਤ ਬਾਹਰੋਂ ਆਏ ਲੋਧੀ, ਮੁਗਲ ਅਤੇ ਪਠਾਣ ਕਰਦੇ ਰਹੇ। ਬਹੁਤ ਘੱਟ ਗਿਣਤੀ ਦੇ 8% ਸਿੱਖਾਂ ਨੇ ਪੰਜਾਬ ਉੱਪਰ ਕਬਜ਼ਾ ਕਰ ਲਿਆ ਤੇ ਮੁਸਲਮਾਨ ਪ੍ਰਛਾਵੇਂ ਵਾਂਗ ਉਨਾਂ ਨਾਲ ਚਲਦੇ ਰਹੇ। ਪੰਜਾਬੀ ਮੁਸਲਮਾਨਾਂ ਦਾ ਕਦੀ ਦਿਲ ਨਾ ਕੀਤਾ ਕਿ ਆਪਣੇ ਮੁਲਕ ਤੇ ਆਪ ਰਾਜ ਕਰੀਏ? ਮਹਾਰਾਜਾ ਰਣਜੀਤ ਸਿੰਘ ਪਹਿਲਾ ਪੰਜਾਬੀ ਹੈ, ਜਿਹੜਾ ਪੰਜਾਬ ਤੇ ਰਾਜ ਕਰਨ ਲੱਗਾ। ਕਮਾਲ ਇਹ ਕਿ ਜਿਨਾਹ ਪੰਜਾਬੀ ਨਹੀਂ ਸੀ, ਉਹ ਬੰਬੇ ਵਿਚ ਰਹਿੰਦਾ ਸੀ ਤੇ ਉਸਦੀ ਮੁਸਲਿਮ ਲੀਗ ਦਾ ਅਸਰ ਸਾਰੇ ਹਿੰਦੁਸਤਾਨ ਵਿਚ ਸੀ ਪਰ ਪੰਜਾਬ ਵਿਚ ਨਹੀਂ। ਪੰਜਾਬ ਵਿਚ ਯੂਨੀਅਨਿਸਟ ਪਾਰਟੀ ਤਾਕਤਵਰ ਸੀ ਤੇ ਕਿਸਾਨੀ ਹਿਤਾਂ ਦੀ ਰਖਵਾਲੀ ਕਰਦੀ ਸੀ। ਇਸ ਪਾਰਟੀ ਨੇ ਨਹੀਂ, ਜਿਨਾਹ ਦੀ ਮੁਸਲਿਮ ਲੀਗ ਨੇ ਪਾਕਿਸਤਾਨ ਦੀ ਮੰਗ ਕੀਤੀ ਤੇ ਉਸਦੇ ਨਕਸ਼ੇ ਵਿਚ ਦਿੱਲੀ ਸ਼ਾਮਲ ਸੀ। ਉਸਦੀ ਦਲੀਲ ਸੀ: ਸਮੁੰਦਰ ਕਿਨਾਰੇ ਕਰਾਚੀ ਤੋਂ ਲੈ ਕੇ ਦਿੱਲੀ ਤੱਕ ਦੀ ਕੁੱਲ ਜਨਗਣਨਾ ਕਰੋ, ਮੁਸਲਮਾਨ ਬਹੁਗਿਣਤੀ ਵਿਚ ਹਨ ਤੇ ਸਾਡਾ ਵੱਡੇ ਪੰਜਾਬ ਉੱਪਰ ਪੂਰਾ ਹੱਕ ਹੈ। ਪੰਜਾਬੀ ਮੁਸਲਮਾਨ, ਗੈਰ ਪੰਜਾਬੀ ਲੀਡਰ ਜਿਨਾਹ ਦੇ ਮਗਰ ਲੱਗ ਤੁਰਿਆ। ਜਿਨਾਹ ਦੀ ਮੁਸਲਿਮ ਲੀਗ ਅਤੇ ਮਹਾਤਮਾ ਗਾਂਧੀ ਦੀ ਕਾਂਗਰਸ ਪੰਜਾਬ ਦੀ ਵੰਡ ਦੇ ਸਖ਼ਤ ਖਿਲਾਫ ਸਨ। ਇਹ ਤਾਂ ਇੱਥੋਂ ਦੇ ਸਿੱਖਾਂ ਅਤੇ ਹਿੰਦੂਆਂ ਨੇ ਰੌਲਾ ਪਾਇਆ ਕਿ ਜਾਂ ਤਾਂ ਪਾਕਿਸਤਾਨ ਬਣੇ ਹੀ ਨਾ, ਜੇ ਬਣੇ ਤਦ ਪੰਜਾਬ ਦਾ ਬਟਵਾਰਾ ਕਰਕੇ ਸਾਨੂੰ ਬਚਾਉ ਕਿਉਂਕਿ ਅਸੀਂ ਘੱਟ ਗਿਣਤੀ ਵਿਚ ਰਹਿ ਜਾਵਾਂਗੇ। ਪੰਜਾਬੀ ਹਿੰਦੂ ਸਿੱਖਾਂ ਨੂੰ ਬਚਾਉਣ ਵਾਸਤੇ ਕਾਂਗਰਸ ਪਾਰਟੀ ਨੇ ਪੰਜਾਬ ਦਾ ਬਟਵਾਰਾ ਕਰਨ ਦਾ ਮਤਾ ਪਾਸ ਕਰ ਦਿੱਤਾ। ਵੰਡ ਤੋਂ ਬਾਦ ਪਾਕਿਸਤਾਨ ਦੇ ਪੰਜਾਬੀਆਂ ਨੇ ਕਿਹਾ - ਪੰਜਾਬੀ ਨਹੀਂ ਸਾਡੀ ਮਾਤਭਾਸ਼ਾ ਉਰਦੂ ਹੈ ਜਿਹੜੀ ਵਧੀਕ ਨਫੀਸ, ਵਧੀਕ ਅਦਬ ਵਾਲੀ ਬੋਲੀ ਹੈ, ਭਾਰਤੀ ਪੰਜਾਬੀ ਹਿੰਦੂਆਂ ਨੇ ਕਿਹਾ- ਸਾਡੀ ਬੋਲੀ ਪੰਜਾਬੀ ਨਹੀਂ, ਹਿੰਦੀ ਹੈ। ਪੰਜਾਬੀ ਕੇਵਲ ਸਿੱਖਾਂ ਦੀ ਬੋਲੀ ਰਹਿ ਗਈ ਜਿਸ ਕਾਰਨ ਵੱਡਾ ਪੰਜਾਬ ਸੁੰਗੜ ਕੇ ਵਰਤਮਾਨ ਪੰਜਾਬੀ ਸੂਬਾ ਰਹਿ ਗਿਆ।

ਰਾਜਮੋਹਨ ਆਪਣੀ ਗੱਲ ਸਿੱਧੀ ਔਰੰਗਜ਼ੇਬ ਦੇ ਪੰਜਾਬ ਤੋਂ ਨਹੀਂ ਕਰਦਾ, ਸੰਖੇਪ ਵਿਚ ਉਹ ਹੜੱਪਾ ਸਿੰਧ ਘਾਟੀ ਤੋਂ ਤੁਰਦਾ ਹੋਇਆ ਸਿਕੰਦਰ ਦੇ ਹਮਲਿਆਂ ਦੀ, ਮੌਰੀਆ, ਗੁਪਤਾ ਹਕੂਮਤਾਂ ਦੀ, ਕਨਿਸ਼ਕ ਅਤੇ ਹਰਸ਼ ਦੇ ਪੰਜਾਬ ਦੀ ਝਲਕ ਦਿਖਾਉਂਦਾ ਹੈ, ਅੱਠਵੀਂ ਸਦੀ ਦੇ ਅਰੰਭ ਵਿਚ ਹੀ ਸਿੰਧ ਪਾਰ ਕਰਕੇ ਅਰਬਾਂ ਨੇ ਮੁਲਤਾਨ ਕਾਬੂ ਕਰ ਲਿਆ ਸੀ ਪਰ ਲੰਮੀ ਅਉਧ ਦੀ ਹਕੂਮਤ ਅਜੇ ਸੰਭਵ ਨਾ ਹੋਈ। ਜਿਹਲਮ ਦੇ ਪੱਛਮ ਵਿਚ 25 ਮੀਲ ਦੂਰ ਗੋਰਖ ਨਾਥ ਦਾ 3200 ਫੁੱਟ ਉੱਚੀ ਪਹਾੜੀ ਉੱਪਰ ਟਿੱਲਾ ਹੈ ਜਿਹੜਾ ਦਸਵੀਂ ਸਦੀ ਵਿਚ ਨਾਥਾਂ ਜੋਗੀਆਂ ਦਾ ਵੱਡਾ ਕੇਂਦਰ ਸੀ। ਪੰਜਾਬ ਦੇ ਕਈ ਕਬੀਲੇ ਜਿਵੇਂ ਗੱਖੜ, ਖੋਖਰ, ਸਿਆਲ ਅਤੇ ਭੱਟੀ ਜੰਗਬਾਜ਼ ਸਨ, ਮਹਿਮੂਦ ਗਜ਼ਨਵੀ ਵਿਰੁੱਧ ਟੱਕਰ ਲਈ ਪਰ ਪੈਰ ਉੱਖੜ ਗਏ। ਖ਼ੈਬਰ ਪਾਰ ਕਰਕੇ ਗਜ਼ਨਵੀ ਨੇ 1021 ਵਿਚ ਲਾਹੌਰ ਜਿੱਤ ਲਿਆ। ਅਰਾਈਂ, ਅਵਾਂਣ, ਜੱਟ, ਕੰਬੋਜ, ਰਾਜਪੂਤ ਅਤੇ ਸੈਣੀ ਵਾਹੀਕਾਰ ਸਨ, ਗੁੱਜਰ ਤੇ ਰੰਘੜ ਪਸ਼ੂ ਪਾਲਕ, ਅਰੋੜੇ, ਬਾਣੀਏ, ਖੱਤਰੀ ਵਪਾਰੀ ਅਤੇ ਸ਼ੂਦਰ ਨੌਕਰਾਂ ਵਜੋਂ ਕੰਮ ਕਰਦੇ ਸਨ। ਰਾਜਮੋਹਨ ਦੇਖ ਰਿਹਾ ਹੈ ਕਿ ਦੁਨੀਆਂ ਭਰ ਦੇ ਮੁਸਲਮਾਨ ਆਪਣੇ ਨਾਵਾਂ ਨਾਲ ਅਲੀ, ਮੁਹੰਮਦ, ਕੁਰੈਸ਼, ਸੱਯਦ ਆਦਿਕ ਵਿਸ਼ੇਸ਼ਣ ਨੱਥੀ ਕਰਕੇ ਸਾਬਤ ਕਰਦੇ ਹਨ ਕਿ ਉਹ ਵੱਡੇ ਖਾਨਦਾਨਾਂ ਦੇ ਵਾਰਸ ਹਨ। ਪੰਜਾਬੀ ਮੁਸਲਮਾਨ ਇਨਾਂ ਵਿਸ਼ੇਸ਼ਣਾਂ ਦੀ ਥਾਂ ਆਪਣੇ ਨਾਵਾਂ ਨਾਲ ਟਿਵਾਣੇ, ਰੰਧਾਵੇ, ਕੰਬੋਜ, ਭੱਟੀ ਆਦਿਕ ਲਫ਼ਜ਼ ਲਾਉਂਦੇ ਹਨ ਕਿਉਂਕਿ ਉਨਾਂ ਲਈ ਜੱਟ ਹੋਣਾ ਹੀ ਮਾਣ ਵਾਲੀ ਗੱਲ ਹੈ, ਹੋਰ ਪਦਵੀ ਦੀ ਕੀ ਲੋੜ? ਇਹ ਵੀ ਰਾਜਮੋਹਨ ਤੋਂ ਪਤਾ ਲੱਗਾ ਕਿ ਸ਼ੇਰਸ਼ਾਹ ਸੂਰੀ ਮਾਰਗ ਲਾਹੌਰ ਤੱਕ ਸੀ, ਇਸ ਨੂੰ ਬਾਦ ਵਿਚ ਅਕਬਰ ਨੇ ਪੇਸ਼ਾਵਰ ਤੱਕ ਵਧਾਇਆ। ਅਕਬਰ ਦੀ ਮੌਤ ਤੋਂ ਪੰਜ ਸਾਲ ਬਾਦ ਜਦੋਂ ਅਲਿਜ਼ਾਬੇਥ ਪਹਿਲੀ, ਮਹਾਰਾਣੀ ਨੇ ਵਪਾਰੀਆਂ ਦੀ ਇਕ ਟੋਲੀ ਨੂੰ ਭਾਰਤ ਨਾਲ ਵਪਾਰ ਕਰਨ ਦੀ ਆਗਿਆ ਦਿੱਤੀ, ਜਿਸ ਦਾ ਨਾਮ ਈਸਟ ਇੰਡੀਆ ਕੰਪਨੀ ਰੱਖਿਆ, ਉਦੋਂ ਕੌਣ ਜਾਣਦਾ ਸੀ ਇਹ ਕੰਪਨੀ ਵਪਾਰ ਦੇ ਨਾਲ-ਨਾਲ ਹਕੂਮਤ ਵੀ ਕਰੇਗੀ?



ਪਹਿਲੋਂ ਬਾਬਾ ਫਰੀਦ ਨੇ ਫਿਰ ਗੁਰੂ ਨਾਨਕ ਦੇਵ ਨੇ ਪੰਜਾਬੀਆਂ ਨੂੰ ਕਿਹਾ ਕਿ ਮੁਸਲਮਾਨ ਅਤੇ ਹਿੰਦੂ, ਮਨੁੱਖ ਹੋਣ ਦਾ ਸੁਖ ਤੇ ਦੁੱਖ ਇੱਕੋ ਤਰਾਂ ਹੰਢਾਉਂਦੇ ਹਨ, ਫਿਰ ਇਨਾਂ ਵਿਚ ਫਰਕ ਕਿਉਂ? ਸ਼ਾਹਜਹਾਨ ਵੇਲੇ ਸੂਬਾ ਲਾਹੌਰ ਦੇ 28 ਹਜ਼ਾਰ ਪਿੰਡ ਸਨ। ਦਾਰਾ ਸ਼ਿਕੋਹ ਉਦੋਂ ਪੰਜਾਬ ਦਾ ਸੂਬੇਦਾਰ ਸੀ ਜਦੋਂ ਸ਼ਾਹਜਹਾਨ ਪਿਤਾ ਨੂੰ ਕੈਦ ਕਰਕੇ ਔਰੰਗਜ਼ੇਬ ਨੇ ਹਕੂਮਤ ਸੰਭਾਲੀ। ਭਰਾ ਦਾਰੇ ਦਾ ਸਿਰ ਕੱਟ ਕੇ ਔਰੰਗਜ਼ੇਬ ਅੱਗੇ ਸ਼ਨਾਖਤ ਵਾਸਤੇ ਪੇਸ਼ ਕੀਤਾ ਗਿਆ। ਔਰੰਗਜ਼ੇਬ ਨੇ ਜਦੋਂ ਚੰਗੀ ਤਰਾਂ ਪਛਾਣ ਲਿਆ ਕਿ ਇਹ ਮੇਰਾ ਭਰਾ ਦਾਰਾ ਹੀ ਹੈ, ਹੰਝੂ ਵਹਾਏ। ਦੂਜਾ ਭਰਾ ਸ਼ੁਜਾਅ ਬੰਗਾਲ ਦਾ ਸੂਬੇਦਾਰ ਸੀ, ਉਸ ਨੂੰ ਕਤਲ ਕੀਤਾ ਗਿਆ। ਰੰਘਰੇਟਿਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਅੱਗੇ ਮਾਖੋਵਾਲ ਵਿਖੇ ਅਰਪਣ ਕੀਤਾ। ਖੂਨ ਦੀ ਵਿਆਪਕ ਹਨੇਰੀ ਚੱਲ ਰਹੀ ਸੀ, ਜਿਸ ਨੇ ਛੋਟੇ ਸਾਹਿਬਜ਼ਾਦਿਆਂ ਤੱਕ ਅਨੇਕਾਂ ਬਲੀਆਂ ਲੈਣੀਆਂ ਸਨ। ਪੰਜਾਬ ਦੇ ਮੁਸਲਮਾਨਾਂ ਨੂੰ ਪਾਵਰ ਦੇਣ ਦੀ ਥਾਂ ਤੁਰਕ, ਈਰਾਨੀ ਜਾਂ ਪਠਾਣ ਸੂਬੇਦਾਰ ਤੈਨਾਤ ਕੀਤੇ ਜਾਂਦੇ, ਮੁਗਲ ਸਰਕਾਰ ਨੇ ਪੰਜਾਬੀਆਂ ਨੂੰ ਕਾਬਲ ਨਹੀਂ ਸਮਝਿਆ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਵਿਰੁੱਧ ਜਦੋਂ ਦਿੱਲੀ, ਲਾਹੌਰ ਜਾਂ ਸਰਹਿੰਦ ਵਲੋਂ ਸਖਤੀ ਕੀਤੀ ਜਾਂਦੀ, ਪੰਜਾਬੀ ਮੁਸਲਮਾਨਾਂ ਦੇ ਦਿਲਾਂ ਵਿਚ ਸਿੱਖਾਂ ਲਈ ਹਮਦਰਦੀ ਹੁੰਦੀ। ਬੰਦਾ ਸਿੰਘ, ਜੋ ਪਹਿਲੋਂ ਮਾਧੋਦਾਸ ਰਾਜਪੂਤ ਸੀ, ਨੇ ਸ਼ਿਵਾ ਜੀ ਦੀ ਬਹਾਦਰੀ ਦੀਆਂ ਸਾਖੀਆਂ ਸੁਣੀਆਂ ਸਨ, ਜਦੋਂ ਗੁਰੂ ਗੋਬਿੰਦ ਸਿੰਘ ਨਾਲ ਮਿਲਾਪ ਹੋਇਆ ਤਦ ਉਸਨੇ ਪੰਜਾਬ ਵਿੱਚੋਂ ਜ਼ੁਲਮ ਖਤਮ ਕਰਨ ਵਾਸਤੇ ਗੁਰੂ ਜੀ ਦੀ ਅਸੀਸ ਪ੍ਰਾਪਤ ਕੀਤੀ। ਉਹ ਬੈਰਾਗੀ ਤੋਂ ਬਾਦਸ਼ਾਹ ਹੋ ਗਿਆ। ਗੁਰੂ ਜੀ ਨੇ ਔਰੰਗਜ਼ੇਬ ਦੀ ਮੌਤ ਬਾਦ ਤਾਜਪੋਸ਼ੀ ਵਾਸਤੇ ਬਹਾਦਰ ਸ਼ਾਹ ਦੀ ਮਦਦ ਕਰਨ ਦਾ ਫੈਸਲਾ ਕੀਤਾ ਤੇ ਦੱਖਣ ਵਿਚ ਉਸਦੇ ਭਰਾ ਕਾਮ ਬਖ਼ਸ਼ ਦੀ ਬਗਾਵਤ ਦਬਾਉਣ ਵਾਸਤੇ ਨਾਲ ਗਏ। ਜ਼ਖ਼ਮੀ ਕਾਮ ਬਖ਼ਸ਼ ਨੂੰ ਜਦੋਂ ਤਾਜ ਪਹਿਨੀ ਬੈਠੇ ਬਹਾਦਰ ਸ਼ਾਹ ਸਾਹਮਣੇ ਪੇਸ਼ ਕੀਤਾ ਗਿਆ ਤਾਂ ਬਾਦਸ਼ਾਹ ਨੇ ਕਿਹਾ - ਕਾਮਬਖ਼ਸ਼, ਮੈਂ ਤੈਨੂੰ ਇਸ ਹਾਲਤ ਵਿਚ ਦੇਖਣ ਦਾ ਇਛੁਕ ਨਹੀਂ ਸਾਂ। ਕਾਮ ਬਖ਼ਸ਼ ਨੇ ਸਿੰਘਾਸਣ ਤੇ ਬੈਠੇ ਆਪਣੇ ਭਰਾ ਨੂੰ ਕਿਹਾ - ਮੈਂ ਵੀ ਤੈਨੂੰ ਇਸ ਰੂਪ ਵਿਚ ਦੇਖਣ ਦਾ ਇਛੁਕ ਨਹੀਂ ਸਾਂ।

ਖਾਫੀ ਖਾਨ ਬੰਦਾ ਸਿੰਘ ਦੇ ਦੌਰ ਨੂੰ ਵਿਸਥਾਰ ਨਾਲ ਬਿਆਨਦਾ ਹੈ। ਰਾਜਮੋਹਨ ਸੋਚਦਾ ਹੈ - ਰਾਜਪੂਤ ਖਾਨਦਾਨਾਂ ਨੂੰ ਮੁਗਲਾਂ ਦੀ ਹਕੂਮਤ ਵਿਰੁੱਧ ਬੰਦਾ ਸਿੰਘ ਦਾ ਸਾਥ ਦੇਣਾ ਚਾਹੀਦਾ ਸੀ, ਕਿਉਂ ਨਹੀਂ ਦਿੱਤਾ? ਹਿੰਦੂਆਂ ਨੂੰ ਹਿੰਦੂ ਧਰਮ ਬਚਾਉਣ ਦੀ ਚਿੰਤਾ ਹੋਣੀ ਚਾਹੀਦੀ ਸੀ। ਸਿੱਖ ਗੁਰੀਲੇ ਢੰਗ ਤਰੀਕਿਆਂ ਨਾਲ ਅਬਦਾਲੀ ਦੀ ਫੌਜ ਨਾਲ ਟਕਰਾਉਂਦੇ ਕਿਉਂਕਿ ਆਹਮੋ ਸਾਹਮਣੇ ਯੁੱਧ ਕਰਨ ਜੋਗੀ ਅਜੇ ਗਿਣਤੀ ਨਹੀਂ ਸੀ। ਅਬਦਾਲੀ ਨੇ ਟਿੱਪਣੀ ਦਿੱਤੀ - ਇਹ ਤਾਂ ਚੋਰਾਂ ਵਾਂਗ ਹੱਲੇ ਕਰਦੇ ਹਨ। ਜਦੋਂ ਅਬਦਾਲੀ ਨੂੰ ਪੰਜਾਬੀ ਮੁਸਲਮਾਨਾਂ ਨੇ ਸਮਝਾਇਆ ਕਿ ਇਨਾਂ ਤੋਂ ਲਗਾਨ ਵਸੂਲ ਕਰ ਲਿਆ ਕਰੋ, ਲਾਹੌਰ ਇਨਾਂ ਦੇ ਹਵਾਲੇ ਕਿਉਂ ਨਹੀਂ ਕਰ ਦਿੰਦੇ? ਲਹਿਣਾ ਸਿੰਘ ਭੰਗੀ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਹੋਇਆ ਸੀ ਜਦੋਂ ਅਬਦਾਲੀ ਨੇ ਉਸ ਨੂੰ ਸੂਬੇਦਾਰੀ ਦੀ ਪੇਸ਼ਕਸ਼ ਕੀਤੀ ਤੇ ਖੁਸ਼ਕ ਮੇਵੇ ਭੇਜੇ। ਮੇਵੇ ਲੈਣ ਤੋਂ ਇਨਕਾਰ ਕਰਕੇ ਲਹਿਣਾ ਸਿੰਘ ਨੇ ਆਪਣੇ ਬੋਝੇ ਵਿੱਚੋਂ ਛੋਲਿਆਂ ਦੀ ਮੁੱਠ ਏਲਚੀ ਨੂੰ ਦਿੰਦਿਆਂ ਕਿਹਾ - ਸਾਡੀ ਗਰੀਬ ਜ਼ਿਮੀਦਾਰਾਂ ਦੀ ਇਹੋ ਖੁਰਾਕ ਠੀਕ ਹੈ। ਅਬਦਾਲੀ ਨੂੰ ਦੱਸ ਦਿਉ। ਬਹੁਤ ਘੱਟ ਗਿਣਤੀ ਹੋਣ ਦੇ ਬਾਵਜੂਦ ਬਾਬਾ ਬੰਦਾ ਸਿੰਘ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ, ਸਿੱਖਾਂ ਨੂੰ ਪੱਕਾ ਵਿਸ਼ਵਾਸ ਸੀ ਕਿ ਉਹ ਵੱਡੇ ਖੇਤਰ ਵਿਚ ਰਾਜ ਕਰਨਗੇ, ਉਨਾਂ ਦੇ ਨਿਸ਼ਾਨ ਸਾਹਿਬ ਲਹਿਰਾਉਂਦੇ ਰਹਿਣਗੇ। ਇਸੇ ਦੌਰ ਵਿਚ 1760 ਤੋਂ 1790 ਤੱਕ ਦੱਖਣ ਵਿਚ ਮੁਸਲਮਾਨਾਂ ਦੀ ਸਿੱਖਾਂ ਵਾਂਗ ਘੱਟ ਗਿਣਤੀ ਸੀ ਪਰ ਹੈਦਰ ਅਲੀ ਤੇ ਉਸਦਾ ਬੇਟਾ ਟੀਪੂ ਸੁਲਤਾਨ ਬਹੁਗਿਣਤੀ ਹਿੰਦੂਆਂ ਵਿਚ ਹਕੂਮਤ ਕਾਇਮ ਕਰਕੇ ਅੰਗਰੇਜ਼ਾਂ ਵਿਰੁੱਧ ਕਿਰਪਾਨ ਖੜਕਾ ਰਹੇ ਸਨ।

ਰਾਜਮੋਹਨ, ਵਾਰਿਸ ਦੀ ਹੀਰ ਦੇ ਕਿੱਸੇ ਦਾ ਜ਼ਿਕਰ ਕਰਦਿਆਂ ਆਖਦਾ ਹੈ, ਇਸ ਦੌਰ ਦੀ ਇਸ ਲਿਖਤ ਨੂੰ ਕੁੜੀ ਮੁੰਡੇ ਦਾ ਰੋਮਾਂਸ ਕਹੋ ਜਾਂ ਰੂਹ ਤੇ ਜਿਸਮ ਦਾ ਰੂਹਾਨੀ ਸੰਵਾਦ, ਇਸ ਵਿਚ ਵਰਣਨ ਕੀਤਾ ਹੋਇਆ ਰੁਦਨ ਅਠਾਰਵੀਂ ਸਦੀ ਦੇ ਪੰਜਾਬ ਦਾ ਵਿਰਲਾਪ ਹੈ। ਕਤਲੋਗਾਰਤ, ਲੁੱਟਖੋਹ, ਜਬਰ ਜਨਾਹ ਦਾ ਦੌਰ, ਘਰ ਘਰ ਵੈਣ। ਕੌਣ ਕਿੱਥੇ ਮਾਰਿਆ ਜਾਏਗਾ, ਕੋਈ ਪਤਾ ਨਹੀਂ। ਸਾਰੇ ਪੰਜਾਬੀਆਂ ਵਿਚ ਇਸ ਕਿੱਸੇ ਦੇ ਹਰਮਨ ਪਿਆਰਾ ਹੋਣ ਦਾ ਇਹੀ ਕਾਰਨ ਹੈ ਕਿ ਇਸ ਵਿਚਲੀ ਵੇਦਨਾ ਪੰਜਾਬੀ ਦਿਲ ਦਾ ਸੰਤਾਪ ਹੈ। ਹੀਰ ਅਤੇ ਰਾਂਝੇ ਦੇ ਵਿਛੋੜੇ ਵਰਗਾ ਵਿਜੋਗ ਹਰ ਪੰਜਾਬੀ ਭੋਗ ਰਿਹਾ ਸੀ। ਵਾਰਿਸ ਦਾ ਪੰਜਾਬ ਸਾਂਝੇ ਸਭਿਆਚਾਰ ਨੂੰ ਰੂਪਮਾਨ ਕਰਦਾ ਹੈ ਜਿਸ ਵਿਚ ਕੁੜੀ ਹੋਣ ਦੇ ਬਾਵਜੂਦ ਹੀਰ, ਕਾਜ਼ੀ ਵਿਰੁੱਧ ਬਗਾਵਤ ਕਰਦੀ ਹੈ, ਜਿਸ ਵਿਚ ਰਾਂਝਾ, ਇਕ ਮੁਸਲਮਾਨ, ਬਾਲਨਾਥ ਦੇ ਟਿੱਲੇ ਤੋਂ ਜੋਗ ਲੈਣ ਜਾਂਦਾ ਹੈ। ਜਦੋਂ ਤੇਜ਼ ਰਫਤਾਰ ਘੋੜਸਵਾਰ ਕਿਰਪਾਨਾਂ ਵਾਹ ਰਹੇ ਹਨ, ਕਿਧਰੇ ਦੂਰ ਪਿੰਡ ਦੀ ਸੱਥ ਵਿਚ ਹੀਰ ਗਾਈ ਜਾ ਰਹੀ ਹੈ। ਅਹਿਮਦਸ਼ਾਹ ਅਬਦਾਲੀ ਦਾ ਬੇਟਾ ਤਿਮਰਸ਼ਾਹ ਅਫਗਾਨਿਸਤਾਨ ਦਾ ਬਾਦਸ਼ਾਹ ਸੀ। ਦਿੱਲੀ ਦੇ ਤਖ਼ਤ ਉੱਪਰ ਉਸਦਾ ਸਾਲਾ ਸ਼ਾਹ ਆਲਮ ਦੂਜਾ ਸੀ। ਤੈਮੂਰ ਨੂੰ ਖਬਰ ਮਿਲੀ ਕਿ ਰੋਹੇਲਾ ਵਜ਼ੀਰ ਗੁਲਾਮ ਕਾਦਿਰ ਨੇ ਸ਼ਾਹ ਆਲਮ ਨੂੰ ਗ੍ਰਿਫਤਾਰ ਕਰਕੇ ਅੱਖਾਂ ਕੱਢ ਦਿੱਤੀਆਂ ਹਨ। ਰਿਸ਼ਤੇਦਾਰ ਦੀ ਮਦਦ ਵਾਸਤੇ ਸੈਨਾ ਲੈ ਕੇ ਉਹ ਪਹਾੜੋਂ ਉੱਤਰਿਆ ਤਾਂ ਸਿੱਖਾਂ ਨੇ ਰਸਤਾ ਰੋਕ ਲਿਆ। ਤਿਮਰਸ਼ਾਹ ਨੇ ਅੰਗਰੇਜ਼ਾਂ ਵੱਲ ਖ਼ਤ ਭੇਜਦਿਆਂ ਸ਼ਾਹ ਆਲਮ ਨੂੰ ਬਚਾਉਣ ਦੀ ਫਰਿਆਦ ਕੀਤੀ ਤੇ ਕਾਬਲ ਵਾਪਸ ਪਰਤ ਗਿਆ। 19 ਸਾਲ ਦੇ ਰਣਜੀਤ ਸਿੰਘ ਨੇ 1799 ਵਿਚ ਲਾਹੌਰ ਦੇ ਕਿਲੇ ਉੱਪਰ ਨਿਸ਼ਾਨ ਸਾਹਿਬ ਲਹਿਰਾ ਦਿੱਤਾ ਪਰ ਮਹਾਰਾਜੇ ਦਾ ਖਿਤਾਬ 1801 ਵਿਚ ਪ੍ਰਾਪਤ ਹੋਇਆ, ਜਦੋਂ ਉਸਦਾ ਕਬਜ਼ਾ ਅੰਮ੍ਰਿਤਸਰ ਉੱਤੇ ਹੋ ਗਿਆ। ਬਾਬਾ ਸਾਹਿਬ ਸਿੰਘ ਬੇਦੀ ਨੇ ਰਾਜ ਤਿਲਕ ਲਾਇਆ। ਰਣਜੀਤ ਸਿੰਘ ਸ਼ਾਹਜ਼ਮਾਨ ਨੂੰ ਵੰਗਾਰਿਆ ਕਰਦਾ ਸੀ, "ਅਹਿਮਦਸ਼ਾਹ ਅਬਦਾਲੀ ਦੇ ਪੋਤਰਿਆ, ਪਹਾੜਾਂ ਤੋਂ ਹੇਠਾਂ ਉੱਤਰ ਤੇ ਚੜਤ ਸਿੰਘ ਦੇ ਪੋਤਰੇ ਨਾਲ ਕਿਰਪਾਨ ਮੇਚ।" ਕਿਸੇ ਨੂੰ ਯਕੀਨ ਨਹੀਂ ਸੀ ਅਜਿਹਾ ਸਮਾਂ ਵੀ ਆਏਗਾ ਜਦੋਂ ਸਰਕਾਰ ਖਾਲਸਾ ਦੀ ਸੈਨਾ ਨਿਸ਼ਾਨ ਸਾਹਿਬ ਦੀ ਅਗਵਾਈ ਅੰਦਰ ਕਾਬਲ ਸ਼ਹਿਰ ਵਿਚ ਮਾਰਚ ਕਰੇਗੀ।

(ਚਲਦਾ...)

# ਖਤਰਨਾਕ ਕਾਨੂੰਨ ਯੂਏਪੀਏ ਵਰਤਿਆ ਜਾ ਰਿਹਾ ਏ ਸਿੱਖ ਨੌਜਵਾਨਾਂ ਦੇ ਖਿਲਾਫ਼

*✪ 2020 ਖਾਲਿਸਤਾਨੀ ਲਹਿਰ ਨੂੰ ਦਬਾਉਣ ਲਈ ਸਰਕਾਰ ਨੇ ਸਰਗਰਮੀਆਂ ਕੀਤੀਆਂ ਤੇਜ਼*
*✪ 20 ਦੇ ਕਰੀਬ ਸਿੱਖ ਨੌਜਵਾਨਾਂ 'ਤੇ ਕੀਤੇ ਗਏ ਨੇ ਯੂਏਪੀਏ ਅਧੀਨ ਕੇਸ ਦਰਜ*
*✪ ਬਸਪਾ, ਖਹਿਰਾ, ਗਾਂਧੀ ਤੇ ਦਲ ਖਾਲਸਾ ਕਾਲੇ ਕਾਨੂੰਨਾਂ ਦੇ ਵਿਰੋਧ 'ਚ ਡਟੇ*
*✪ ਕਈ ਸਿੱਖ ਨੌਜਵਾਨ ਪੁਲੀਸ ਤਸ਼ੱਦਦ ਕਾਰਨ ਸਦਮੇ 'ਚ ✪ ਕਾਂਗਰਸ ਤੇ ਭਾਜਪਾ ਘੱਟ ਗਿਣਤੀਆਂ ਵਿਰੁਧ ਵਰਤਦੀ ਰਹੀ ਏ ਕਾਲੇ ਕਾਨੂੰਨ*

**- ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਭਾਰਤ ਨੇ ਸਭ ਤੋਂ ਖਤਰਨਾਕ ਅੱਤਵਾਦ ਰੋਕੂ ਕਾਨੂੰਨ ਯੂਏਪੀਏ ਸਿੱਖ ਨੌਜਵਾਨਾਂ ਦੇ ਖਿਲਾਫ਼ 2020 ਖਾਲਿਸਤਾਨੀ ਲਹਿਰ ਨੂੰ ਦਬਾਉਣ ਲਈ ਵਰਤਿਆ ਹੈ। 20 ਦੇ ਕਰੀਬ ਸਿੱਖ ਨੌਜਵਾਨ ਇਸ ਕਾਲੇ ਕਾਨੂੰਨ ਦੀ ਲਪੇਟ ਵਿਚ ਆ ਗਏ ਹਨ। ਪੰਜਾਬ ਅੰਦਰ ਸੰਨ ਅੱਸੀ ਦੇ ਦਹਾਕੇ ਤੋਂ ਸ਼ੁਰੂ ਹੋਏ ਸੰਤਾਪ ਦੇ ਦੌਰ ਦਾ ਦਰਦ ਪੰਜਾਬੀਆਂ ਨੇ ਲੰਮਾ ਸਮਾਂ ਪਿੰਡੇ ਹੰਡਾਇਆ ਸੀ ਤੇ ਅਜੇ ਤੱਕ ਦਮਨ ਚੱਕਰ ਚਲ ਰਿਹਾ ਹੈ। ਪੰਜਾਬ ਅੰਦਰ ਅੱਜ ਫਿਰ ਖਾਲਿਸਤਾਨ 2020 ਦੇ ਨਾਮ 'ਤੇ ਬੇਦੋਸ਼ੇ ਸਿੱਖ ਨੌਜਵਾਨਾਂ ਦੀ ਫੜੋ-ਫੜੀ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਸੁਆਲ ਇਹ ਉਠਦਾ ਹੈ ਕਿ ਗ਼ਰੀਬੀ ਵਿਚ ਜ਼ਿੰਦਗੀ ਜਿਊ ਰਹੇ ਪਰਿਵਾਰਾਂ ਨਾਲ ਸਬੰਧਤ ਨੌਜਵਾਨ ਕਿਵੇਂ ਹਿੰਸਾ ਦੇ ਰਾਹ 'ਤੇ ਜਾ ਸਕਦੇ ਹਨ।

ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਆਖਦੇ ਹਨ ਕਿ ਇਹ ਵਿਵਸਥਾ ਕੁਦਰਤੀ ਨਿਆਂ ਦੇ ਵਿਰੁੱਧ ਹੈ, ਜਿਥੇ ਕਿਸੇ ਵਿਅਕਤੀ ਨੂੰ ਬਿਨਾ ਮੁਕੱਦਮੇ ਦੇ ਜੇਲ ਵਿੱਚ ਰੱਖਿਆ ਜਾਂਦਾ ਹੈ। ਸੰਵਿਧਾਨਕ ਅਧਿਕਾਰਾਂ ਅਨੁਸਾਰ ਕਿਸੇ ਵਿਅਕਤੀ ਦਾ ਪੱਖ ਸੁਣੇ ਬਗੈਰ ਕਿਸੇ ਵਿਅਕਤੀ ਨੂੰ ਚਾਰਜਸ਼ੀਟ ਕਰਕੇ ਜੇਲ ਵਿੱਚ ਪਾਉਣਾ ਗਲਤ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਜਿਨਾਂ ਨੂੰ ਵੀ ਆਪਣੀ ਰਾਜਨੀਤੀ ਲਈ ਕੋਈ ਖ਼ਤਰਾ ਸਮਝਦੀ ਹੈ, ਇਸ ਕਾਲੇ ਕਾਨੂੰਨ ਤਹਿਤ ਪੰਜਾਬ ਵਿਚ ਗ੍ਰਿਫ਼ਤਾਰ ਕਰ ਰਹੀ ਹੈ। ਉਨਾਂ ਦਾ ਕਹਿਣਾ ਹੈ ਕਿ ਇਹ ਪੰਜਾਬ ਵਿਚ ਸਿੱਖਾਂ ਤੇ ਦਲਿਤਾਂ ਦੇ ਵਿਰੁਧ ਵਰਤਿਆ ਜਾ ਰਿਹਾ ਹੈ। ਇਸ ਦੀ ਬਸਪਾ ਵਿਰੋਧਤਾ ਕਰਦੀ ਹੈ। ਉਨਾਂ ਕਿਹਾ ਕਿ ਇਹ ਏਨਾ ਖਤਰਨਾਕ ਕਾਨੂੰਨ ਹੈ ਕਿ ਇਸ ਕਾਨੂੰਨ ਦੇ ਤਹਿਤ ਦੋਸ਼ੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹ ਸਾਬਤ ਕਰੇ ਕਿ ਉਹ ਅਪਰਾਧੀ ਨਹੀਂ ਹੈ। ਯਾਨੀ ਰਾਜ ਅੱਤਵਾਦੀ ਨੂੰ ਚਾਰਜ ਕਰੇਗਾ ਪਰ ਉਸ ਵਿਅਕਤੀ ਨੂੰ ਅੱਤਵਾਦ ਦੇ ਦੋਸ਼ ਤੋਂ ਛੁਟਕਾਰਾ ਪਾਉਣ ਲਈ ਸਬੂਤ 'ਆਪ' ਮੁਹੱਈਆ ਕਰਾਉਣੇ ਪੈਣਗੇ।

ਸਰਕਾਰ ਨੂੰ ਇਸ ਕਾਨੂੰਨ ਦੇ ਜ਼ਰੀਏ ਅਜਿਹੀ ਸ਼ਕਤੀ ਮਿਲੀ ਹੈ ਕਿ ਉਹ ਕਿਸੇ ਵੀ ਕਿਸਮ ਦੀ ਅਸਹਿਮਤੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਸਕਦੀ ਹੈ ਅਤੇ ਉਹ ਵਿਅਕਤੀ ਸਾਰੀ ਉਮਰ ਉਸ ਤੋਂ ਬਰੀ ਹੋਣ ਦੀ ਕੋਸ਼ਿਸ਼ ਕਰਦਾ ਰਹੇਗਾ। ਮਾਨਸਾ ਜ਼ਿਲੇ ਨਾਲ ਸਬੰਧਤ ਗੁਰਤੇਜ ਸਿੰਘ ਨਾਮ ਦਾ ਸਖ਼ਸ਼ ਜੋ ਤਿੰਨ ਬੱਚਿਆਂ ਦਾ ਪਿਤਾ ਹੈ, ਗੁਰਤੇਜ ਸਿੰਘ ਦੇ ਤਿੰਨੇ ਬੱਚੇ 8 ਤੋਂ 12 ਸਾਲ ਦੀ ਉਮਰ ਦੇ ਹਨ। ਗੁਰਤੇਜ ਸਿੰਘ ਦੀ ਪਤਨੀ ਭਿਆਨਕ ਬਿਮਾਰੀ ਕਾਰਨ ਬੈਡ 'ਤੇ ਹੈ। ਜਿਸ ਸਮੇਂ ਪੁਲਿਸ ਨੇ ਗੁਰਤੇਜ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਉਹ ਪਤਨੀ ਦੇ ਇਲਾਜ ਲਈ ਹਸਪਤਾਲ ਵਿਚ ਮੌਜੂਦ ਸੀ। ਪੀੜਤ ਦੀ ਪਤਨੀ ਮੁਤਾਬਕ ਗੁਰਤੇਜ ਸਿੰਘ ਨੂੰ ਉਸ ਦੇ ਇਲਾਜ ਲਈ ਪੈਸਾ-ਧੇਲਾ ਵੀ ਦੇਣ ਨਹੀਂ ਦਿਤਾ ਗਿਆ। ਗੁਰਤੇਜ ਸਿੰਘ ਦੇ ਲੜਕੇ ਨੇ ਪੁਲਿਸ ਵਾਲਿਆਂ ਨੂੰ ਪਿਤਾ ਦੀਆਂ ਬਾਹਾਂ ਮਰੋੜ ਕੇ ਧੱਕੇ ਨਾਲ ਗੱਡੀ ਵਿਚ ਪਾ ਕੇ ਲਿਜਾਂਦੇ




ਵੇਖਿਆ ਹੈ। ਪੀੜਤ ਦੀ ਘਰਵਾਲੀ ਮੁਤਾਬਕ ਉਸ ਦਾ ਪਤੀ ਕਿਸੇ ਵੀ ਤਰਾਂ ਦੀ ਅਤਿਵਾਦੀ ਗਤੀਵਿਧੀ ਵਿਚ ਸ਼ਾਮਲ ਨਹੀਂ ਸੀ। ਪਤਨੀ ਮੁਤਾਬਕ ਉਨਾਂ ਨੂੰ ਸਿਰਫ਼ ਸਿੱਖ ਹੋਣ ਕਾਰਨ ਹੀ ਨਿਸ਼ਾਨਾ ਬਣਾਇਆ ਗਿਆ ਹੈ। ਪਰਿਵਾਰ ਕੋਲ ਇਸ ਸਮੇਂ ਕਮਾਈ ਦਾ ਕੋਈ ਵੀ ਵਸੀਲਾ ਮੌਜੂਦ ਨਹੀਂ ਹੈ। ਇਸ ਪਰਿਵਾਰ ਦਾ ਗੁਜ਼ਾਰਾ ਲੋਕਾਂ ਵਲੋਂ ਤਰਸ ਦੇ ਆਧਾਰ 'ਤੇ ਕੀਤੀ ਜਾਂਦੀ ਮਦਦ ਨਾਲ ਹੋ ਰਿਹਾ ਹੈ। ਪਰਿਵਾਰ ਵਿਚ ਪੀੜਤ ਦੀ ਪਤਨੀ ਤੋਂ ਇਲਾਵਾ ਪਿਤਾ ਗੰਭੀਰ ਬਿਮਾਰੀ ਕਾਰਨ ਮੰਜੇ 'ਤੇ ਪਏ ਹਨ। ਗੁਰਤੇਜ ਸਿੰਘ ਦੇ ਜੇਲ ਜਾਣ ਬਾਅਦ ਇਹ ਪੂਰਾ ਪਰਿਵਾਰ ਗ਼ਰੀਬੀ ਦੀ ਹਾਲਤ ਵਿਚ ਲਾਵਾਰਸ ਹੈ।

ਇਸੇ ਤਰਾਂ 28 ਜੂਨ ਦੌਰਾਨ ਅੰਮ੍ਰਿਤਸਰ ਜ਼ਿਲੇ ਦੇ ਇਕ ਹੋਰ 18 ਸਾਲਾ ਨੌਜਵਾਨ ਜਸਪ੍ਰੀਤ ਸਿੰਘ ਨੂੰ ਪੁਲਿਸ ਨੇ ਯੂਏਪੀਏ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਜੇਲ ਅੰਦਰ ਸੁੱਟ ਦਿਤਾ ਹੈ। ਇਸ ਨੌਜਵਾਨ ਨੂੰ 16 ਦਿਨਾਂ ਤਕ ਹਿਰਾਸਤ ਵਿਚ ਰੱਖ ਦੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਜਸਪ੍ਰੀਤ ਸਿੰਘ ਦੇ ਪਿਤਾ ਪੁਲਵਿੰਦਰ ਸਿੰਘ ਵਾਸੀ ਪੰਡ ਬੋੜੇਵਾਲ ਅਫ਼ਗਾਨਾ ਜ਼ਿਲਾ ਅੰਮ੍ਰਿਤਸਰ ਮੁਤਾਬਕ ਪੁੱਤਰ ਨੂੰ ਛੁਡਾਉਣ ਲਈ ਉਸ ਨੂੰ 50 ਹਜ਼ਾਰ ਤਕ ਦਾ ਖ਼ਰਚਾ ਕਰਨਾ ਪਿਆ ਹੈ। ਪੁਲਵਿੰਦਰ ਸਿੰਘ ਮੁਤਾਬਕ ਪੁਲਿਸ ਨੇ ਜਸਪ੍ਰੀਤ ਸਿੰਘ ਨੂੰ ਚੁੱਕਣ ਵੇਲੇ ਕਿਹਾ ਸੀ ਕਿ ਜਸਪ੍ਰੀਤ ਨੇ ਕਿਸੇ ਕੁੜੀ ਨੂੰ ਫ਼ੋਨ 'ਤੇ ਛੇੜਿਆ ਹੈ, ਜਿਸ ਸਬੰਧੀ ਪੁਛਗਿੱਛ ਕਰਨੀ ਹੈ। ਪਿਤਾ ਮੁਤਾਬਕ ਉਨਾਂ ਨੇ ਜਸਪ੍ਰੀਤ ਨੂੰ 28 ਤਰੀਕ ਨੂੰ ਪੁਲਿਸ ਸਾਹਮਣੇ ਖੁਦ ਜਾ ਕੇ ਪੇਸ਼ ਕੀਤਾ ਸੀ। ਪਰਿਵਾਰ ਨੂੰ ਇਕ ਤਰੀਕ ਦੇ ਅਖ਼ਬਾਰ ਵਿਚੋਂ ਪਤਾ ਚੱਲਿਆ ਕਿ ਨੌਜਵਾਨ ਖਿਲਾਫ਼ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧਾਂ ਦੇ ਦੋਸ਼ ਹੇਠ ਪਰਚਾ ਦਰਜ ਹੋਇਆ ਹੈ। ਇਸ ਨੌਜਵਾਨ ਨੂੰ ਪੁਲਿਸ ਨੇ 16 ਦਿਨਾਂ ਬਾਅਦ ਰਿਹਾਅ ਕਰ ਦਿਤਾ ਹੈ। ਇਸ ਨੌਜਵਾਨ ਨੂੰ ਪੰਜ ਦਿਨ ਤਕ ਹਸਪਤਾਲ ਵਿਚ ਦਾਖ਼ਲ ਰੱਖਣਾ ਪਿਆ। ਇਹ ਨੌਜਵਾਨ ਅਜੇ ਵੀ ਸਦਮੇ ਵਿਚ ਹੈ।

ਇਸੇ ਤਰਾਂ ਸਮਾਣਾ ਪੁਲੀਸ ਨੇ ਪਿੰਡ ਸੇਹਰਾ ਵਾਸੀ 24 ਸਾਲਾ ਸੁਖਚੈਨ ਸਿੰਘ ਨਾਂ ਦੇ ਇਕ ਹੋਰ ਦਲਿਤ ਨੌਜਵਾਨ ਨੂੰ ਯੂਪੀਏ ਲਗਾ ਕੇ ਗ੍ਰਿਫ਼ਤਾਰ ਕੀਤਾ ਹੈ। ਇਹ ਦਲਿਤ ਪਰਿਵਾਰ ਅਤਿ ਗ਼ਰੀਬ ਹੈ। ਇਸ ਦਾ ਕੋਈ ਅਪਰਾਧੀ ਪਿਛੋਕੜ ਵੀ ਨਹੀਂ ਹੈ। ਇਸ ਘਰ ਦੇ ਹਾਲਾਤ ਵੇਖ ਕੇ ਅਜਿਹਾ ਕਤਈ ਹੀ ਨਹੀਂ ਲੱਗਦਾ ਕਿ ਸੁਖਚੈਨ ਅਤਿਵਾਦੀ ਗਤੀਵਿਧੀਆਂ ਵਿਚ ਸ਼ਾਮਲ ਹੋ ਸਕਦਾ ਹੈ। ਕੇਵਲ ਤਿੰਨ ਮਰਲਿਆਂ ਦੇ ਇਸ ਘਰ ਅੰਦਰ ਤਿੰਨ ਪਰਿਵਾਰ ਰਹਿੰਦੇ ਹਨ। ਇਸ ਨੌਜਵਾਨ ਦੇ ਹੱਕ ਵਿਚ ਪਿੰਡ ਤੋਂ ਇਲਾਵਾ ਨੇੜਲੇ ਇਲਾਕਿਆਂ ਦੇ ਵੱਡੀ ਗਿਣਤੀ ਲੋਕਾਂ ਨੇ ਇਕਮਤ ਹੋ ਕੇ ਦਸਿਆ ਕਿ ਇਹ ਨੌਜਵਾਨ ਇਸੇ ਤਰਾਂ ਦੀ ਕਿਸੇ ਵੀ ਗਤੀਵਿਧੀ ਵਿਚ ਸ਼ਾਮਲ ਨਹੀਂ ਹੋ ਸਕਦਾ।

ਇਸੇ ਤਰਾਂ ਇਕ ਲਵਪ੍ਰੀਤ ਸਿੰਘ ਨਾਂ ਦੇ ਨੌਜਵਾਨ ਨੂੰ ਵੀ ਪੁਲਿਸ ਯੂਏਪੀਏ ਤਹਿਤ ਗਿਫ਼ਤਾਰ ਕੇ ਲੈ ਗਈ ਹੈ। ਇਹ ਨੌਜਵਾਨ ਦਿੱਲੀ ਦੇ ਸ਼ਾਹੀਨ ਬਾਗ ਵਿਚ ਲੱਗੇ ਲੰਗਰ ਦੀ ਸੇਵਾ ਲਈ ਪਹੁੰਚਿਆ ਸੀ। ਇਸ ਸਿੱਖ ਨੌਜਵਾਨ 'ਤੇ ਵੀ ਦਿੱਲੀ ਪੁਲਿਸ ਨੇ ਯੂਏਪੀਏ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਜੇਲ ਅੰਦਰ ਸੁਟ ਦਿਤਾ ਹੈ। ਲਵਪ੍ਰੀਤ ਪਿੰਡ ਸਮਾਨਾ ਵਿਖੇ ਇਕ ਸੀਸੀਟੀਵੀ ਕੈਮਰਿਆਂ ਦੀ ਦੁਕਾਨ 'ਤੇ ਕੰਮ ਕਰਦਾ ਸੀ। ਇਹ ਇਕ ਆਮ ਜਿਹੇ ਗ਼ਰੀਬ ਸਿੱਖ ਪਰਵਾਰ ਦਾ ਲੜਕਾ ਹੈ। ਜਦਕਿ ਦਿੱਲੀ ਪੁਲਿਸ ਲਵਪ੍ਰੀਤ ਕੋਲੋਂ ਇਕ ਪਿਸਤੌਲ ਅਤੇ ਕਾਰਤੂਸ ਬਰਾਮਦ ਹੋਣ ਦਾ ਦਾਅਵਾ ਕਰ ਰਹੀ ਹੈ।

ਬੁਲਢਾਂਡਾ ਦੇ ਪਿੰਡ ਚਾਣਕ ਦਾ ਅੰਮ੍ਰਿਤਪਾਲ ਸਿੰਘ ਨੂੰ ਵੀ ਪੁਲਿਸ ਨੇ ਯੂਏਪੀਏ ਤਹਿਤ ਗ੍ਰਿਫ਼ਤਾਰ ਕਰ ਕੇ ਜੇਲ ਅੰਦਰ ਸੁਟ ਦਿਤਾ ਹੈ। ਇਹ ਦਲਿਤ ਨੌਜਵਾਨ ਵੀ ਅਤਿ ਗ਼ਰੀਬ ਪਰਵਾਰ ਨਾਲ ਸਬੰਧਿਤ ਹੈ। ਅੰਮ੍ਰਿਤਪਾਲ ਦਾ ਵਿਆਹ 8 ਜੂਨ ਨੂੰ ਹੋਇਆ ਸੀ। ਇਹ ਪਰਿਵਾਰ ਦਿਹਾੜੀ ਦੱਪਾ ਕਰ ਕੇ ਗੁਜ਼ਾਰਾ ਕਰਦਾ ਹੈ। ਅੰਮ੍ਰਿਤਪਾਲ ਦਾ ਪਿਤਾ, ਭਰਾ ਤੇ ਉਹ ਖੁਦ ਖੇਤਾਂ ਵਿਚ ਦਿਹਾੜੀ ਕਰ ਕੇ ਗੁਜ਼ਾਰਾ ਚਲਾਉਂਦੇ ਹਨ। ਜਦਕਿ ਮਾਂ ਘਰ ਅੰਦਰ ਕੱਪੜੇ ਸਿਉ ਕੇ ਕੁੱਝ ਪੈਸੇ ਕਮਾ ਲੈਂਦੀ ਹੈ। ਇਸ ਪਰਿਵਾਰ ਨੇ ਕੱਚਾ ਮਕਾਨ ਅਜੇ ਹੁਣੇ-ਹੁਣੇ ਹੀ ਸੈਂਟਰ ਗੌਰਮਿੰਟ ਦੀ ਸਕੀਮ ਤਹਿਤ ਕਰਜ਼ਾ ਲੈ ਕੇ ਬਣਾਇਆ ਹੈ। ਇਹ ਨੌਜਵਾਨ ਹੁਣ ਪਟਿਆਲਾ ਜੇਲ ਅੰਦਰ ਬੰਦ ਹੈ। ਲੜਕੇ ਦੀ ਮਾਂ ਮੁਤਾਬਕ ਉਹ ਜੇਲ ਵਿਚ ਮੁਲਾਕਾਤ ਲਈ ਗਏ ਸਨ ਜਿੱਥੇ ਨੌਜਵਾਨ ਨੇ ਦਸਿਆ ਕਿ ਬੋਹਾ ਪੁਲਿਸ ਨੇ ਉਸ ਨੂੰ ਕਰੰਟ ਲਾ ਕੇ ਤਸ਼ੱਦਦ ਕੀਤਾ ਹੈ।

ਪੀੜਤ ਦੀ ਮਾਤਾ ਮੁਤਾਬਕ ਉਨਾਂ ਦੇ ਪਰਵਾਰ ਦੇ ਖ਼ਾਲਿਸਤਾਨੀਆਂ ਨਾਲ ਸਬੰਧਿਤ ਕਿਸੇ ਵੀ ਕੀਮਤ 'ਤੇ ਨਹੀਂ ਹੋ ਸਕਦੇ। ਕਿਉਂਕਿ ਉਨਾਂ ਦਾ ਲੜਕਾ ਤਾਂ ਬੀੜੀ ਜਰਦੇ ਦਾ ਇਸਤੇਮਾਲ ਵੀ ਕਰਦਾ ਹੈ ਅਤੇ ਉਨਾਂ ਦੇ ਖਾਲਿਸਤਾਨੀਆਂ ਨਾਲ ਕਿਸੇ ਵੀ ਤਰਾਂ ਦਾ ਕੋਈ ਸਬੰਧ ਨਹੀਂ ਹੈ।

ਹਲਕੇ ਭੁਲੱਥ ਤੋਂ 65 ਸਾਲਾ ਬਜ਼ੁਰਗ ਜੁਗਿੰਦਰ ਸਿੰਘ ਗੁੱਜਰ ਜੋ ਇਟਲੀ ਤੋਂ ਆਏ ਸਨ ਉਨਾਂ ਨੂੰ ਇਸੇ ਕਾਲੇ ਕਾਨੂੰਨ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਜੁਗਿੰਦਰ ਸਿੰਘ ਗੁੱਜਰ ਬਿਲਕੁੱਲ ਅਨਪੜ ਵਿਅਕਤੀ ਹਨ ਅਤੇ ਉਨਾਂ 'ਤੇ ਅੱਜ ਤੱਕ ਕੋਈ ਪਰਚਾ ਨਹੀਂ ਹੋਇਆ। ਜੁਗਿੰਦਰ ਸਿੰਘ ਦਿਲ ਦੇ ਮਰੀਜ਼ ਹਨ।

## ਕੀ ਹੈ ਯੂਏਪੀਏ

ਅੱਤਵਾਦੀ ਸਰਗਰਮੀਆਂ ਨੂੰ ਰੋਕਣ ਲਈ ਕਾਨੂੰਨ (ਯੂ. ਏ. ਪੀ. ਏ.) ਅਜਿਹਾ ਕਾਲਾ ਕਾਨੂੰਨ ਹੈ ਜੋ ਕਿ ਸਰਕਾਰ ਨੂੰ ਲੋਕਾਂ ਨੂੰ ਬਿਨਾਂ ਕਿਸੇ ਦੋਸ਼ ਦੇ ਤੇ ਆਮ ਤੌਰ 'ਤੇ ਕੋਈ ਅਪਰਾਧ ਹੋਣ ਤੋਂ ਪਹਿਲਾਂ ਹੀ ਜੇਲ ਵਿਚ ਸੁੱਟਣ ਦੀ ਵੱਡੀ ਤਾਕਤ ਦਿੰਦਾ ਹੈ। ਉਹ ਲੋਕਾਂ ਲਈ ਜ਼ਮਾਨਤ ਲੈਣਾ ਮੁਸ਼ਕਲ ਬਣਾ ਦਿੰਦਾ ਹੈ ਤੇ ਅਜਿਹੇ ਕਾਨੂੰਨ ਪੁਲਸ ਨੂੰ ਬਹੁਤ ਸ਼ਕਤੀ ਦਿੰਦੇ ਹਨ। ਇਸ ਕਾਨੂੰਨ ਤਹਿਤ ਅਧਿਕਾਰੀਆਂ ਨੂੰ ਮਨਮਾਨੇ ਢੰਗ ਨਾਲ਼ ਜਥੇਬੰਦੀਆਂ 'ਤੇ ਪਾਬੰਦੀਆਂ ਲਗਾਉਣ ਦੀ ਛੋਟ ਮਿਲੀ ਹੋਈ ਹੈ।

ਇਸ ਵਿਚ "ਦਹਿਸ਼ਤਗਰਦੀ" ਤੇ "ਗ਼ੈਰਕਨੂੰਨੀ" ਦੀ ਪਰਿਭਾਸ਼ਾ ਇਸ ਢੰਗ ਨਾਲ਼ ਹੀ ਦਿੱਤੀ ਗਈ ਹੈ ਜਿਸ ਨਾਲ਼ ਯਥਾਸਥਿਤੀ ਨੂੰ ਚੁਣੌਤੀ ਦੇਣ ਵਾਲ਼ੇ ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਨੂੰ ਇਸ ਦੇ ਦਾਇਰੇ ਵਿਚ ਲਿਆ ਕੇ ਤਸੀਹੇ ਦਿੱਤੇ ਜਾ ਸਕਦੇ ਹਨ।

ਯਾਦ ਰਹੇ ਕਿ ਪੰਜਾਬ ਵਿਚ ਖਾੜਕੂ ਸੰਘਰਸ਼ ਦੌਰਾਨ ਕਾਂਗਰਸ ਨੇ ਅੱਤਵਾਦ ਅਤੇ ਭੰਨ-ਤੋੜ ਸਰਗਰਮੀਆਂ

## ਯੂਏਪੀਏ ਕਾਨੂੰਨ ਤਹਿਤ ਸਿੱਖ ਨੌਜਵਾਨ ਨੇ ਕੀਤੀ ਆਤਮ-ਹੱਤਿਆ

### ✪ ਸਸਕਾਰ ਮੌਕੇ ਉਸ ਦੇ ਗੁਪਤ ਅੰਗਾਂ 'ਤੇ ਤਸ਼ੱਦਦ ਦੇ ਨਿਸ਼ਾਨ ਦੇਖੇ ਗਏ

**ਸੰਗਰੂਰ/ਏ.ਟੀ.ਨਿਊਜ਼:** ਜ਼ਿਲਾ ਸੰਗਰੂਰ ਦੇ ਪਿੰਡ ਰੱਤਾਖੇੜਾ ਦੇ 22 ਸਾਲਾ ਅੰਮ੍ਰਿਤਧਾਰੀ ਨੌਜਵਾਨ ਲਵਪ੍ਰੀਤ ਸਿੰਘ ਦੀ 13 ਜੁਲਾਈ ਨੂੰ ਚੰਡੀਗੜ ਵਿਖੇ ਕੇਂਦਰੀ ਜਾਂਚ ਏਜੰਸੀ ਵਲੋਂ ਕੀਤੀ ਪੁੱਛਗਿੱਛ ਤੋਂ ਬਾਅਦ ਉਸ ਵਲੋਂ ਇਕ ਗੁਰਦੁਆਰਾ ਸਾਹਿਬ ਵਿਖੇ ਕੀਤੀ ਖ਼ੁਦਕੁਸ਼ੀ ਦਾ ਮਾਮਲਾ ਪੂਰੀ ਤਰਾਂ ਗਰਮਾ ਗਿਆ ਹੈ ਤੇ ਪਰਿਵਾਰ ਇਸ ਸਾਰੇ ਘਟਨਾਕ੍ਰਮ ਦੀ ਨਿਰਪੱਖ ਜਾਂਚ ਦੇ ਨਾਲ-ਨਾਲ 50 ਲੱਖ ਰੁਪਏ ਮੁਆਵਜ਼ੇ ਦੀ ਮੰਗ ਵੀ ਕਰ ਰਿਹਾ ਹੈ। ਇਸ ਮੰਗ ਨੂੰ ਲੈ ਕੇ ਪੀੜਤ ਪਰਿਵਾਰ ਜ਼ਿਲਾ ਪੁਲਿਸ ਮੁਖੀ ਸੰਗਰੂਰ ਨੂੰ ਵੀ ਮਿਲਿਆ ਹੈ। ਪੀੜਤ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਆਏ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਮਾਮਲੇ ਦੀ ਜਾਂਚ ਹਾਈਕੋਰਟ ਦੇ ਸਿਟਿੰਗ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ। ਉਸ ਤੋਂ ਬਾਅਦ ਪੀੜਤ ਪਰਿਵਾਰ ਦੇ ਘਰ ਦੁੱਖ ਦਾ ਪ੍ਰਗਟਾਵਾ ਕਰਨ ਲਈ ਆਏ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ, ਵਿਧਾਇਕ ਪਿਰਮਲ ਸਿੰਘ ਤੇ ਵਿਧਾਇਕ ਜਗਦੇਵ ਸਿੰਘ ਕਮਾਲੂ ਪੀੜਤ ਪਰਿਵਾਰ ਨੂੰ ਨਾਲ ਲੈ ਕੇ ਜ਼ਿਲਾ ਪੁਲਿਸ ਮੁਖੀ ਸੰਗਰੂਰ ਡਾ. ਸੰਦੀਪ ਨੂੰ ਸੰਗਰੂਰ ਵਿਖੇ ਮਿਲੇ ਤੇ ਮੰਗ ਕੀਤੀ ਕਿ ਸਾਰੇ ਮਾਮਲੇ ਦੀ ਜੁਡੀਸ਼ੀਅਲ ਜਾਂਚ ਕਰਵਾਈ ਜਾਵੇ ਤੇ ਪਰਿਵਾਰ ਨੂੰ 50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਜਿਥੇ ਖਹਿਰਾ ਨੇ ਇਸ ਘਟਨਾ ਨੂੰ ਪੰਜਾਬ ਵਿਚ ਫਿਰ ਤੋਂ ਸਰਕਾਰੀ ਅੱਤਵਾਦ ਦੀ ਸ਼ੁਰੂਆਤ ਦੱਸਿਆ ਉੱਥੇ ਪਰਿਵਾਰ ਨੇ ਖ਼ੁਦਕੁਸ਼ੀ ਦੀ ਕਹਾਣੀ 'ਤੇ ਸ਼ੱਕ ਜ਼ਾਹਿਰ ਕੀਤਾ ਹੈ, ਕਿਉਂਕਿ ਸਸਕਾਰ ਮੌਕੇ ਉਸ ਦੇ ਗੁਪਤ ਅੰਗਾਂ 'ਤੇ ਤਸ਼ੱਦਦ ਦੇ ਨਿਸ਼ਾਨ ਦੇਖੇ ਗਏ ਸਨ। ਉਨਾਂ ਕਿਹਾ ਕਿ ਕਾਂਗਰਸ ਹਾਈਕਮਾਨ ਯੂਏਪੀਏ ਦਾ ਵਿਰੋਧ ਕਰਦੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਇਸ ਨੂੰ ਪੰਜਾਬ ਵਿੱਚ ਲਾਗੂ ਕਰ ਰਹੇ ਹਨ। ਉਨਾਂ ਕਿਹਾ ਪਿਛਲੇ ਦਿਨਾਂ ਦੌਰਾਨ ਪੰਜਾਬ ਵਿੱਚ ਯੂਏਪੀਏ ਤਹਿਤ 16 ਐੱਫਆਈਆਰ ਦਰਜ ਕੀਤੀਆਂ ਗਈਆਂ ਹਨ ਜਿਸਦੀ ਉਹ ਘੋਖ ਕਰ ਚੁੱਕੇ ਹਨ ਤੇ ਜ਼ਿਆਦਾਤਰ ਨੌਜਵਾਨ ਦਲਿਤ ਹਨ।



**ਕੀ ਹੈ ਮਾਮਲਾ** 22 ਸਾਲਾ ਅੰਮ੍ਰਿਤਧਾਰੀ ਨੌਜਵਾਨ ਜਿਸ ਦਾ ਦੋ ਕੁ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ ਜ਼ਿਲਾ ਬਰਨਾਲਾ ਦੇ ਪਿੰਡ ਸਹਿਜੜਾ ਵਿਖੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਵਜੋਂ ਕੰਮ ਕਰਦਾ ਸੀ। ਪਿੰਡ ਦੀ ਪੰਚਾਇਤ ਅਤੇ ਪਰਿਵਾਰਕ ਮੈਂਬਰਾਂ ਅਨੁਸਾਰ ਉਹ ਇਕ ਨੇਕ ਇਨਸਾਨ ਸੀ ਤੇ ਕਿਸੇ ਵੀ ਅਪਰਾਧਿਕ ਸਰਗਰਮੀ ਵਿਚ ਸ਼ਾਮਲ ਨਹੀਂ ਸੀ। ਪਰ ਪਿੰਡ ਦੇ ੩ਲੋਕ ਤੇ ਪਰਿਵਾਰ ਮੈਂਬਰ ਉਸ ਸਮੇਂ ਹੈਰਾਨ ਹੋ ਗਏ ਜਦ ਉਸ ਨੂੰ ਕੇਂਦਰੀ ਜਾਂਚ ਏਜੰਸੀ ਵਲੋਂ ਲਹਿਰਾ ਪੁਲਿਸ ਥਾਣਾ ਰਾਹੀਂ ਸੰਮਨ ਆ ਗਏ ਕਿ ਪੁਲਿਸ ਥਾਣਾ ਸੁਲਤਾਨਵਿੰਡ ਜ਼ਿਲਾ ਅੰਮ੍ਰਿਤਸਰ ਵਿਖੇ ਦਰਜ ਇਕ ਮਾਮਲੇ ਦੇ ਸਬੰਧ ਵਿਚ 13 ਜੁਲਾਈ ਨੂੰ ਚੰਡੀਗੜ ਵਿਖੇ ਉਸ ਤੋਂ ਪੁੱਛਗਿੱਛ ਕੀਤੀ ਜਾਣੀ ਹੈ। ਲਵਪ੍ਰੀਤ ਸਿੰਘ 13 ਜੁਲਾਈ ਨੂੰ ਇਕੱਲਾ ਹੀ ਚੰਡੀਗੜ ਵਿਖੇ ਸਵੇਰੇ ਏਜੰਸੀ ਦੇ ਦਫ਼ਤਰ ਪਹੁੰਚ ਗਿਆ। ਹੋਈ ਪੁੱਛਗਿੱਛ ਤੋਂ ਬਾਅਦ ਸ਼ਾਮ ਨੂੰ ਉਸ ਦਾ ਮੋਬਾਈਲ ਫ਼ੋਨ ਬੰਦ ਹੋ ਗਿਆ ਤੇ 14 ਜੁਲਾਈ ਦੀ ਸਵੇਰ ਨੂੰ ਪਿੰਡ ਸੁਨੇਹਾ ਮਿਲਿਆ ਕਿ ਉਸ ਨੇ ਮੋਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਦੇ ਇਕ ਕਮਰੇ ਵਿਚ ਫਾਹਾ ਲੈ ਕੇ ਆਤਮ-ਹੱਤਿਆ ਕਰ ਲਈ ਹੈ। **ਬਾਕੀ ਸਫ਼ਾ 31 'ਤੇ**

# ਲੋਕਾਂ ਦੀ ਨਿੱਜਤਾ ਤੇ ਅਜ਼ਾਦੀ ਦੇ ਵਿਰੁਧ ਏ ਯੂਏਪੀਏ ਕਾਨੂੰਨ: ਐਡਵੋਕੇਟ ਬੈਂਸ

ਹਾਈਕੋਰਟ ਦੇ ਵਕੀਲ ਐਡਵੋਕੇਟ ਰਾਜਵਿੰਦਰ ਬੈਂਸ ਨੇ ਕਿਹਾ ਕਿ ਯੂਏਪੀਏ ਕਾਨੂੰਨ ਲੋਕਾਂ ਦੀ ਨਿੱਜਤਾ ਅਤੇ ਆਜ਼ਾਦੀ ਵਿਚ ਦਖਲ ਦਿੰਦਾ ਹੈ, ਜੋ ਕਿਸੇ ਵਿਅਕਤੀ ਦੀ ਨਿੱਜਤਾ ਜਾਂ ਘਰ ਵਿਚ ਮਨਮਾਨੇ ਜਾਂ ਗੈਰ-ਕਾਨੂੰਨੀ ਦਖਲ ਦੇ ਵਿਰੁੱਧ ਮਿਲੀ ਸੁਰੱਖਿਆ ਦੇ ਪ੍ਰਬੰਧਾਂ ਦੀ ਉਲੰਘਣਾ ਕਰਦਾ ਹੈ। ਇਹ ਕਾਨੂੰਨ ਪੁਲਸ ਅਧਿਕਾਰੀਆਂ ਦੀ ਨਿੱਜੀ ਜਾਣਕਾਰੀ ਦੇ ਆਧਾਰ ’ਤੇ ਨਿਆਇਕ ਅਧਿਕਾਰੀਆਂ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਛਾਣਬੀਣ, ਜ਼ਬਤੀ ਤੇ ਗ੍ਰਿਫਤਾਰੀ ਦੀ ਇਜਾਜ਼ਤ ਦਿੰਦਾ ਹੈ। ਉਨਾਂ ਕਿਹਾ ਕਿ ਕਿਸੇ ਵੇਲੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦਾਂਬਰਮ ਨੇ ਯੂਏਪੀਏ ਸੋਧ ਦਾ ਵਿਰੋਧ ਕੀਤਾ ਸੀ ਤੇ ਕਿਹਾ ਸੀ ਕਿ ਇਹ ਖਤਰਨਾਕ ਕਾਨੂੰਨ ਹੈ, ਕਿਉਂਕਿ ਇਸ ਵਿਚ ਸੂਬੇ ਨੂੰ ਕਿਸੇ ਵਿਅਕਤੀ ਨੂੰ ਅੱਤਵਾਦੀ ਕਹਿਣ ਦਾ ਅਧਿਕਾਰ ਦਿੱਤਾ ਗਿਆ ਹੈ। ਲੋਕਤੰਤਰ ਵਿਚ ਅਜਿਹੇ ਕਾਨੂੰਨ ਨਹੀਂ ਹੋਣੇ ਚਾਹੀਦੇ, ਜੋ ਇਸ ਨੂੰ ਆਪਣੇ ਨਾਗਰਿਕਾਂ ਦੀ ਦਿੱਖ ਖਰਾਬ ਕਰਨ ਦੀ ਇਜਾਜ਼ਤ ਦਿੰਦੇ ਹੋਣ। ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਆਖਦੇ ਹਨ ਕਿ ਇਸ ਕਾਲੇ ਕਾਨੂੰਨ ਦੀ ਵਰਤੋਂ ਸਰਕਾਰ ਵਲੋਂ ਅਸਹਿਮਤੀ ਭਰੀਆਂ ਆਵਾਜ਼ਾਂ ਤੇ ਘੱਟ ਗਿਣਤੀਆਂ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ। ਯੂਏਪੀਏ ਦੀ ਧਾਰਨਾ ਤੇ ਲੋਕਾਂ ਨੂੰ ਬਿਨਾਂ ਦੋਸ਼ੀ ਸਿੱਧ ਕਰਨ ਦੇ ਅੱਤਵਾਦੀ ਮੰਨਣਾ ਸ਼ੁਰੂ ਕਰਨ ਦਾ ਫੈਸਲਾ ਮਨੁੱਖੀ ਅਜ਼ਾਦੀ, ਕਾਨੂੰਨ ਤੇ ਨਿਆਂ ਦੇ ਸਿਧਾਂਤਾਂ ਦੇ ਵਿਰੁੱਧ ਹੈ। ਭਾਰਤ ਦਾ ਸੰਵਿਧਾਨ ਦੀ ਧਾਰਾ 21 ਅਨੁਸਾਰ ਰਾਜ ਨਾਗਰਿਕਾਂ ਦੀ ਸੁਰੱਖਿਆ ਲਈ ਕੰਮ ਕਰੇਗਾ ਪਰ ਸੁਰੱਖਿਆ ਦੇ ਪਰਦੇ ਹੇਠ ਸਰਕਾਰ ਅਜਿਹੇ ਕਦਮ ਨਹੀਂ ਚੁੱਕੇਗੀ ਜੋ ਵਿਅਕਤੀ ਦੇ ਅਧਿਕਾਰ ਖੋਹ ਲਵੇ। ਪਰ ਕਾਂਗਰਸ ਤੇ ਭਾਜਪਾ ਦੋਹਾਂ ਨੇ ਕਾਲੇ ਕਾਨੂੰਨ ਲਾਗੂ ਕਰਕੇ ਮਨੁੱਖੀ ਅਜ਼ਾਦੀ ਖੋਹੀ ਹੈ। ਇਸ ਦੀ ਤਾਜ਼ਾ ਉਦਾਹਰਣ ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਸੋਧ ਬਿੱਲ, 2019 (ਯੂ.ਏ.ਪੀ.ਏ) ਹੈ। ਇਸ ਦੇ ਤਹਿਤ ਹੀ ਪੰਜਾਬ ਵਿਚ ਹੁਣ ਦਮਨ ਚੱਕਰ ਚਲਾਇਆ ਜਾ ਰਿਹਾ ਹੈ।




(ਰੋਕੂ) ਕਾਨੂੰਨ ਬਣਾਇਆ, ਜਿਸ ਨੂੰ ‘ਟਾਡਾ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਕਾਨੂੰਨ ਲਗਭਗ ਇਕ ਦਹਾਕੇ ਤਕ ਹੋਂਦ ਵਿਚ ਰਿਹਾ ਤੇ ਇਸ ਦੇ ਤਹਿਤ ਹਜ਼ਾਰਾਂ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਜੇਲ ਵਿਚ ਸੁੱਟਿਆ ਗਿਆ, ਜਿਸ ਵਿਚ ਜ਼ਿਆਦਾਤਰ ਮੁਸਲਿਮ ਤੇ ਸਿੱਖ ਸਨ। ਇਸ ਕਾਨੂੰਨ ਦੀ ਸਜ਼ਾ ਦਰ 1 ਫੀਸਦੀ ਰਹੀ, ਜਿਸ ਦਾ ਅਰਥ ਇਹ ਹੋਇਆ ਕਿ ਜੇਲ ਵਿਚ ਸੁੱਟੇ ਗਏ 100 ਵਿਚੋਂ 99 ਲੋਕ ਨਿਰਦੋਸ਼ ਸਨ।

ਇਹ ਬਹੁਤ ਸਖਤ ਅਤੇ ਅਨਿਆਂ ਭਰਿਆ ਕਾਨੂੰਨ ਸੀ ਅਤੇ ਇਸ ਦਾ ਭਾਰੀ ਵਿਰੋਧ ਹੋਣ ਕਰਕੇ ਇਸ ਨੂੰ ਖਤਮ ਕਰ ਦਿੱਤਾ ਗਿਆ। ਫਿਰ ਇਸ ਦੇ ਬਦਲੇ ਅੱਤਵਾਦ ਰੋਕੂ ਕਾਨੂੰਨ ‘ਪੋਟਾ’ ਲਿਆਂਦਾ ਗਿਆ, ਜੋ 2002 ਵਿਚ ਬਣਿਆ। ਇਹ ਕਾਨੂੰਨ ਵੀ ਅੱਤਵਾਦ ਨਾਲ ਨਜਿੱਠਣ ਲਈ ਇਕ ਸਖਤ ਕਾਨੂੰਨ ਦੇ ਰੂਪ ਵਿਚ ਲਿਆਂਦਾ ਗਿਆ ਸੀ, ਜਿਵੇਂ ਕਿ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਨੇ ਕਿਹਾ ਸੀ ਕਿ ‘ਪੋਟਾ’ ਦੇ ਤਹਿਤ 4349 ਮਾਮਲੇ ਦਰਜ ਕੀਤੇ ਗਏ ਸਨ ਅਤੇ ਕੁਲ 1031 ਲੋਕਾਂ ’ਤੇ ਅੱਤਵਾਦ ਦਾ ਦੋਸ਼ ਲਾਇਆ ਗਿਆ ਸੀ। ਇਨਾਂ ਵਿਚੋਂ ਸਰਕਾਰ ਸਿਰਫ 13 ਲੋਕਾਂ ਨੂੰ ਹੀ ਸਜ਼ਾ ਦਿਵਾ ਸਕੀ। ਇਸ ਦਾ ਅਰਥ ਇਹ ਹੋਇਆ ਕਿ ‘ਪੋਟਾ’ ਕਿਸੇ ਨੂੰ ਸਜ਼ਾ ਦਿਵਾਉਣ ਦੇ ਮਾਮਲੇ ਵਿਚ ‘ਟਾਡਾ’ ਤੋਂ ਵੀ ਘਟੀਆ ਕਾਨੂੰਨ ਸੀ। ਉਸ ਸਮੇਂ ਦੇ ਗ੍ਰਹਿ ਮੰਤਰੀ ਅਡਵਾਨੀ ਨੇ ਮਹਿਸੂਸ ਕੀਤਾ ਕਿ ਇਸ ਦੀ ਦੁਰਵਰਤੋਂ ਹੋ ਰਹੀ ਹੈ ਤੇ ਇਸ ਲਈ ਇਸ ਨੂੰ ਭੰਗ ਕਰ ਦਿੱਤਾ ਗਿਆ। ਯੂ. ਏ. ਪੀ. ਏ. ਦੀ ਸੋਧ ਵਿਚ ਹੁਣ ਸਰਕਾਰ ਨੂੰ ਇਹ ਸ਼ਕਤੀ ਦਿੱਤੀ ਗਈ ਹੈ ਕਿ ਉਹ ਲੋਕਾਂ ਨੂੰ ‘ਅੱਤਵਾਦੀ’ ਐਲਾਨ ਸਕਦੀ ਹੈ। ਅਸਲ ਵਿਚ ਇਹ ਕਾਨੂੰਨ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੈ। 2006 ਵਿਚ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਅਪੀਲ ਵਿਚ ਕਿਹਾ ਗਿਆ ਸੀ ਕਿ ਕਿਸੇ ਅਪਰਾਧ ਨੂੰ ‘ਅੱਤਵਾਦੀ ਕਾਰਵਾਈ’ ਦੱਸਣ ਲਈ ਉਸ ਵਿਚ ਹੇਠ ਲਿਖੀਆਂ ਗੱਲਾਂ ਨਾਲੋ-ਨਾਲ ਹੋਣੀਆਂ ਚਾਹੀਦੀਆਂ ਹਨ : ਘਟਨਾ ਵਿਚ ਵਰਤੇ ਗਏ ਸਾਧਨ ਘਾਤਕ ਹੋਣੇ ਚਾਹੀਦੇ ਹਨ; ਘਟਨਾ ਦੇ ਪਿੱਛੇ ਦਾ ਮਕਸਦ ਲੋਕਾਂ ਵਿਚ ਡਰ ਫੈਲਾਉਣਾ ਜਾਂ ਸਰਕਾਰ ਜਾਂ ਕੌਮਾਂਤਰੀ ਸੰਗਠਨ ਨੂੰ ਕੋਈ ਕੰਮ ਕਰਨ ਲਈ ਮਜਬੂਰ ਕਰਨਾ ਜਾਂ ਕੁਝ ਕਰਨ ਤੋਂ ਰੋਕਣਾ ਅਤੇ ਇਸ ਦਾ ਮਕਸਦ ਕਿਸੇ ਵਿਚਾਰਕ ਟੀਚੇ ਨੂੰ ਅੱਗੇ ਵਧਾਉਣਾ ਹੋਵੇ। ਯੂ. ਏ. ਪੀ. ਏ. ਕਿਸੇ ‘ਅੱਤਵਾਦੀ ਘਟਨਾ’ ਦੀ ਅਸਪੱਸ਼ਟ ਪਰਿਭਾਸ਼ਾ ਪੇਸ਼ ਕਰਦਾ ਹੈ, ਜਿਸ ਵਿਚ ਕਿਸੇ ਵਿਅਕਤੀ ਦੀ ਮੌਤ ਜਾਂ ਜ਼ਖ਼ਮੀ ਹੋਣਾ, ਜਾਇਦਾਦ ਨੂੰ ਨੁਕਸਾਨ ਜਾਂ ਕਿਸੇ ਸਰਕਾਰੀ ਅਧਿਕਾਰੀ ਨੂੰ ਅਪਰਾਧਿਕ ਸ਼ਕਤੀ ਦੇ ਸਾਧਨਾਂ ਨਾਲ ਡਰਾਉਣਾ ਤੇ ਸਰਕਾਰ ਜਾਂ ਕਿਸੇ ਵਿਅਕਤੀ ਨੂੰ ਕੋਈ ਕੰਮ ਕਰਨ ਲਈ ਮਜਬੂਰ ਕਰਨਾ ਜਾਂ ਰੋਕਣਾ ਸ਼ਾਮਿਲ ਹੈ। ਇਸ ਵਿਚ ਅਜਿਹੀ ਕਾਰਵਾਈ ਵੀ ਸ਼ਾਮਿਲ ਹੈ, ਜੋ ‘ਸੰਭਾਵਿਤ ਖਤਰੇ ਵਿਚ ਪਾਉਂਦੀ ਹੋਵੇ’ ਜਾਂ ‘ਜਿਸ ਨਾਲ ਲੋਕਾਂ ਵਿਚ ਦਹਿਸ਼ਤ ਫੈਲਣ ਦੀ ਸੰਭਾਵਨਾ ਹੋਵੇ’। ਇਸ ਨਾਲ ਸਰਕਾਰ ਨੂੰ ਕੋਈ ਵੀ ਗਤੀਵਿਧੀ ਹੋਣ ਤੋਂ ਪਹਿਲਾਂ ਹੀ ਕਿਸੇ ਆਮ ਨਾਗਰਿਕ ਨੂੰ ਅੱਤਵਾਦੀ ਕਹਿਣ ਦੀ ਅਨਕੰਟਰੋਲਡ ਸ਼ਕਤੀ ਮਿਲਦੀ ਹੈ।

## ਕਿਵੇਂ ਲਿਆਂਦੇ ਗਏ ਕਾਲੇ ਕਾਨੂੰਨ

ਸਾਲ 1962 ਵਿਚ, ਚੀਨ ਨਾਲ ਲੜਾਈ ਤੋਂ ਬਾਅਦ, ਤਾਮਿਲਨਾਡੂ ਤੋਂ ਤਾਮਿਲ ਅੱਸਮਿਤਾ ਦੇ ਨਾਮ ’ਤੇ ਭਾਰਤ ਤੋਂ ਵੱਖ ਹੋਣ ਦੀ ਮੰਗ ਕੀਤੀ ਗਈ ਸੀ। ਇਸ ਲਈ, ਸੰਸਦ ਨੇ 1967 ਵਿਚ ਪਹਿਲੀ ਵਾਰ ਦੇਸ਼ ਦੀ ਪ੍ਰਭੂਸੱਤਾ ਤੇ ਅਖੰਡਤਾ ਦੀ ਰਾਖੀ ਦੇ ਨਾਂ ’ਤੇ ਯੂ.ਏ.ਪੀ.ਏ ਐਕਟ ਲਾਗੂ ਕੀਤਾ। ਇਸ ਤਰਾਂ ਇਸ ਕਾਨੂੰਨ ਦੇ ਤਹਿਤ ਭਾਰਤ ਸਰਕਾਰ ਕਿਸੇ ਵੀ ਸੰਗਠਨ ਨੂੰ ਭਾਰਤ ਨਾਲੋਂ ਤੋੜਨ ਦੀ ਕੋਸ਼ਿਸ਼ ’ਤੇ ਪਾਬੰਦੀ ਲਗਾ ਸਕਦੀ ਹੈ। ਇਹ ਕਾਨੂੰਨ ਗ਼ੈਰਕਾਨੂੰਨੀ ਜਥੇਬੰਦੀਆਂ ਨੂੰ ਰੋਕਣ ਦੇ ਉਦੇਸ਼ ਨਾਲ ਲਿਆਂਦਾ ਗਿਆ ਸੀ। ਇਸ ਤੋਂ ਬਾਅਦ 2004, 2008 ਅਤੇ 2013 ਸਾਲਾਂ ਵਿੱਚ ਇਸ ਕਾਨੂੰਨ ਵਿੱਚ ਸੋਧ ਕੀਤੀ ਗਈ ਸੀ।

ਇਨਾਂ ਸੋਧਾਂ ਤੋਂ ਬਾਅਦ ਇਸ ਕਾਨੂੰਨ ਵਿਚ ‘ਅੱਤਵਾਦੀ ਐਕਟ’, ‘ਅੱਤਵਾਦੀ ਗੈਂਗ’ ਅਤੇ ਅੱਤਵਾਦੀ ਸੰਗਠਨ ਵਰਗੇ ਸ਼ਬਦ ਸ਼ਾਮਲ ਕੀਤੇ ਗਏ ਸਨ।

ਦਰਅਸਲ ਜੋ ਹੋਇਆ ਉਹ ਇਹ ਸੀ ਕਿ ਇਸ ਦੌਰਾਨ ਪੋਟਾ ਤੇ ਟਾਡਾ ਵਰਗੇ ਕਾਨੂੰਨ ਅੱਤਵਾਦ ਨੂੰ ਰੋਕਣ ਲਈ ਆਏ ਸਨ। ਇਹ ਕਾਨੂੰਨ ਉਨਾਂ ਦੇ ਸੁਭਾਅ ਵਿਚ ਬਹੁਤ ਜ਼ਾਲਮਾਨਾ ਸਨ। ਇਸ ਲਈ ਬਾਅਦ ਵਿਚ ਇਹ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਤੇ ਇਸ ਨਾਲ ਜੁੜੇ ਅੱਤਵਾਦੀ ਕਾਰਵਾਈ ਦੀ ਵਿਆਖਿਆ ਨੂੰ ਯੂਏਪੀਏ ਦੇ ਗੈਰ-ਕਾਨੂੰਨੀ ਸ਼ਬਦ ਵਿੱਚ ਸ਼ਾਮਲ ਕੀਤਾ ਗਿਆ ਸੀ। ਅਸਲ ਵਿਚ ਇਹ ਕਾਨੂੰਨ ਮਨੁਖੀ ਆਜ਼ਾਦੀ ਦੇ ਵਿਰੁਧ ਹੈ। ਇਸੇ ਕਾਨੂੰਨ ਦੇ ਤਹਿਤ ਸਟੇਟ ਆਪਣੇ ਵਿਰੋਧ ਅਤੇ ਅਸਹਿਮਤੀ ਨਾਲ ਜੁੜੀਆਂ ਹਰ ਤਰਾਂ ਦੀਆਂ ਗਤੀਵਿਧੀਆਂ ਅਤੇ ਸੰਗਠਨਾਂ ਨੂੰ ਸ਼ਾਮਲ ਕਰ ਸਕਦੀ ਹੈ। ਪਿਛਲੇ ਸਾਲ ਭੀਮ ਕੋਰੇਗਾਓਂ ਕਾਂਡ ਨਾਲ ਜੁੜੇ ਮੁੱਦੇ ’ਤੇ ਵੀ ਇਸੇ ਕਾਨੂੰਨ ਅਧੀਨ ਪੰਜ ਮਨੁੱਖੀ ਅਧਿਕਾਰ ਕਾਰਕੁਨਾਂ ਦੇ ਕਾਰਜਾਂ ਨੂੰ ਗੈਰਕਾਨੂੰਨੀ ਮੰਨਦਿਆਂ ਗ੍ਰਿਫਤਾਰ ਕੀਤਾ ਗਿਆ ਸੀ।

# ਆਦਿਵਾਸੀਆਂ, ਦਲਿਤਾਂ, ਸਿੱਖਾਂ, ਮੁਸਲਮਾਨਾਂ ਖਿਲਾਫ਼ ਵਰਤਿਆ ਜਾ ਰਿਹਾ ਏ ਯੂਏਪੀਏ ਕਾਨੂੰਨ: ਮੰਝਪੁਰ



ਮਨੁੱਖੀ ਅਧਿਕਾਰਾਂ ਨਾਲ ਜੁੜੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦਾ ਕਹਿਣਾ ਹੈ ਕਿ ਇਹ ਪਹਿਲਾ ਕਾਨੂੰਨ ਹੈ ਜਿਸ ਤਹਿਤ ਗੈਰ ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਇਕ ਵਿਅਕਤੀ ਨੂੰ ਅੱਤਵਾਦੀ ਐਲਾਨਣ ਦਾ ਅਧਿਕਾਰ ਦਿੱਤਾ ਗਿਆ ਹੈ, ਜਿਸ ਵਿਅਕਤੀ ਖਿਲਾਫ ਪਹਿਲਾਂ ਕੋਈ ਕੇਸ ਦਰਜ ਨਹੀਂ ਹੋਇਆ ਜਾਂ ਪਹਿਲਾਂ ਕੋਈ ਜੁਰਮ ਨਹੀਂ ਕੀਤਾ। ਸਟੇਟ ਵਲੋਂ ਇਹ ਫੈਸਲਾ ਕਰਨਾ ਕੁਦਰਤੀ ਨਿਆਂ ਦੇ ਵਿਰੁੱਧ ਹੈ ਕਿ ਕੋਈ ਅੱਤਵਾਦੀ ਹੈ ਜਾਂ ਨਹੀਂ। ਇਸ ਕਾਨੂੰਨ ਅਨੁਸਾਰ ਬਿਨਾਂ ਕਿਸੇ ਮੁਕੱਦਮੇ ਦੇ ਜੇਲ ਵਿਚ ਰੱਖਿਆ ਜਾਣਾ ਮਨੁੱਖੀ ਅਧਿਕਾਰਾਂ ਤੇ ਸੰਵਿਧਾਨ ਦੀ ਉਲੰਘਣਾ ਹੈ। ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਆਦਿਵਾਸੀਆਂ, ਦਲਿਤਾਂ, ਸਿੱਖਾਂ, ਮੁਸਲਮਾਨਾਂ, ਪੱਛੜੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਅਤੇ ਪੱਛੜੇ ਖੇਤਰਾਂ ਵਿੱਚ ਕੰਮ ਕਰਨ ਵਾਲਿਆਂ ’ਤੇ ਯੂਏਪੀਏ ਅਧੀਨ ਕੇਸ ਦਰਜ ਕੀਤੇ ਗਏ ਹਨ। ਇਹ ਕਾਨੂੰਨ ਭਾਰਤੀ ਸੰਘਵਾਦ ਦੇ ਸਿਧਾਂਤ ਤੋਂ ਦੂਰ ਜਾ ਰਿਹਾ ਹੈ। ਕੇਂਦਰ ਸਰਕਾਰ ਰਾਜਾਂ ਨੂੰ ਕੰਟਰੋਲ ਕਰਨ ਵਿਚ ਇਸ ਦੀ ਵਰਤੋਂ ਕਰ ਰਹੀ ਹੈ। ਪਹਿਲਾਂ ਰਾਜ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਨੂੰ ਕਿਸੇ ਸੰਗਠਨ ਉੱਤੇ ਪਾਬੰਦੀ ਲਗਾਉਣ ਅਤੇ ਉਸਦੀ ਜਾਇਦਾਦ ਜ਼ਬਤ ਕਰਨ ਜਾਂ ਕਿਸੇ ਵਿਅਕਤੀ ਦੀ ਗ੍ਰਿਫਤਾਰੀ ਦਾ ਫੈਸਲਾ ਲੈਣ ਦਾ ਅਧਿਕਾਰ ਸੀ, ਪਰ ਹੁਣ ਇਹ ਅਧਿਕਾਰ ਰਾਸ਼ਟਰੀ ਜਾਂਚ ਏਜੰਸੀ ਦੇ ਅਧੀਨ ਕੰਮ ਕਰ ਰਹੇ ਡਾਇਰੈਕਟਰ ਜਨਰਲ ਰੈਂਕ ਦੇ ਅਧਿਕਾਰੀ ਨੂੰ ਦਿੱਤਾ ਗਿਆ ਹੈ। ਭਾਵ ਰਾਜ ਦੇ ਅਧਿਕਾਰਾਂ ਵਿਚ ਕੇਂਦਰ ਦੀ ਸਿੱਧੀ ਦਖਲਅੰਦਾਜ਼ੀ ਹੋ ਗਈ ਹੈ।

# ਕਾਲੇ ਕਾਨੂੰਨਾਂ ਤਹਿਤ ਸਿੱਖਾਂ ’ਤੇ ਤਸ਼ੱਦਦ ਬੰਦ ਕਰੋ: ਜਥੇਦਾਰ ਅਕਾਲ ਤਖ਼ਤ



ਅਕਾਲ ਤਖ਼ਤ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਯੂ ਏ ਪੀ ਏ ਕਾਨੂੰਨ ਤਹਿਤ ਪੰਜਾਬ ਵਿੱਚ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦੀ ਨਿੰਦਾ ਕੀਤੀ। ਉਨਾਂ ਕਿਹਾ ਜਿੱਥੇ ਇਕ ਪਾਸੇ ਹੋਰ ਸੂਬਿਆਂ ਵਿਚ ਕਾਂਗਰਸ ਇਸ ਕਾਨੂੰਨ ਦਾ ਵਿਰੋਧ ਕਰ ਰਹੀ ਹੈ, ਉੱਥੇ ਹੀ ਇਸ ਦੇ ਉਲਟ ਪੰਜਾਬ ਦੀ ਕਾਂਗਰਸ ਸਰਕਾਰ ਇਸੇ ਕਾਨੂੰਨ ਤਹਿਤ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ ਜਿਸ ਨਾਲ ਕਾਂਗਰਸ ਦਾ ਦੋਗਲਾ ਚਿਹਰਾ ਸਾਹਮਣੇ ਆ ਰਿਹਾ ਹੈ। ਉਨਾਂ ਕਿਹਾ ਦੇਸ਼ ਵਿਚ ਕਾਲੇ ਕਾਨੂੰਨ ਬਣਾਏ ਜਾ ਰਹੇ ਨੇ ਤੇ ਉਨਾਂ ਦੇ ਵਾਰਿਸਾਂ ਵੱਲੋਂ ਬਣਾਏ ਜਾ ਰਹੇ ਨੇ ਜਿਹੜੇ 1947 ਤੋਂ ਪਹਿਲਾਂ ਕਾਲੇ ਕਾਨੂੰਨਾਂ ਦਾ ਵਿਰੋਧ ਕਰਦੇ ਸਨ ਤੇ ਇਹ ਬਿਲਕੁਲ ਵੀ ਬਰਦਾਸ਼ਤ ਕਰਨ ਯੋਗ ਨਹੀਂ ਹੈ। ਉਨਾਂ ਕਿਹਾ ਕਿ ਜੇਕਰ ਕੋਈ ਨੌਜਵਾਨ ਸੋਸ਼ਲ ਮੀਡੀਆ ’ਤੇ ਵੀਡੀਓ ਸ਼ੇਅਰ ਕਰਦਾ ਹੈ ਜਾਂ ਲਾਈਕ ਕਰਦਾ ਹੈ ਤਾਂ ਉਸਨੂੰ ਫੜ ਕੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਕਈਆਂ ’ਤੇ ਪਰਚੇ ਦਰਜ ਕੀਤੇ ਹਨ ਜੋ ਸਰਾਸਰ ਗਲਤ ਅਤੇ ਨਾਜਾਇਜ਼ ਹੈ।



# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ 'ਤੇ ਕਾਂਗਰਸ ਸੁਖਬੀਰ ਨੂੰ ਘੇਰਨ ਲੱਗੀ

- *ਕਾਂਗਰਸ ਤੇ ਆਪ ਪਾਰਟੀ ਨੇ ਜਥੇਦਾਰ ਅਕਾਲ ਤਖ਼ਤ ਤੋਂ ਸੁਖਬੀਰ ਬਾਦਲ ਨੂੰ ਪੰਥ ਵਿਚੋਂ ਛੇਕਣ ਦੀ ਕੀਤੀ ਮੰਗ*
- *ਡੇਰਾ ਪ੍ਰੇਮੀ ਨੇ ਸਿੱਟ ਦੀ ਜਾਂਚ 'ਤੇ ਅੰਤਰਿਮ ਰੋਕ ਲਗਾਉਣ ਲਈ ਦਾਇਰ ਕੀਤੀ ਅਰਜ਼ੀ*
- *ਪੰਥਕ ਧਿਰਾਂ ਦੇ ਵਕੀਲ ਅਦਾਲਤ 'ਚ ਪਹੁੰਚੇ*

**ਚੰਡੀਗੜ/ਏ.ਟੀ.ਨਿਊਜ਼ :** ਸਾਲ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਚੋਣਾਂ ਵਿੱਚ ਕਾਂਗਰਸ ਆਪਣੀ ਮੁੱਖ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਖਿਲਾਫ ਇੱਕ ਵਾਰ ਮੁੜ ਬੇਅਦਬੀ ਤੇ ਗੋਲੀ ਕਾਂਡ ਨੂੰ ਮੁੱਖ ਮੁੱਦਾ ਬਣਾਉਣ ਜਾ ਰਹੀ ਹੈ। ਸੱਤਾਧਿਰ ਕਾਂਗਰਸ ਨੇ ਇਸ ਦੀ ਤਿਆਰੀ ਹੁਣ ਤੋਂ ਹੀ ਵਿੱਢ ਦਿੱਤੀ ਹੈ। ਇਸ ਲਈ ਕਾਂਗਰਸ ਨੇ ਇੱਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਤਰਕੀਬ ਬਣਾਈ ਹੈ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਅਜਿਹਾ ਕਰਕੇ ਜਿੱਥੇ ਆਪਣੇ ਕਾਰਜਕਾਲ ਦੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰੇਗੀ, ਉੱਥੇ ਹੀ ਪੰਥਕ ਵੋਟ ਬੈਂਕ ਦੀ ਹਮਦਰਦੀ ਹਾਸਲ ਕਰਨਾ ਚਾਹੇਗੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੈਪਟਨ ਸਰਕਾਰ ਜਨਤਾ ਦੀਆਂ ਉਮੀਦਾਂ 'ਤੇ ਖਰੀ ਨਹੀਂ ਉੱਤਰੀ। ਇਸ ਲਈ ਕਾਂਗਰਸ ਵਿਕਾਸ ਜਾਂ ਆਪਣੇ ਕੰਮਾਂ ਦੀ ਬਜਾਏ ਬੇਅਦਬੀ ਤੇ ਗੋਲੀ ਕਾਂਡ ਨੂੰ ਮੁੱਖ ਮੁੱਦਾ ਬਣਾ ਤੇ ਵਿਰੋਧੀਆਂ ਨੂੰ ਪਸਤ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਲਈ ਅਗਲੇ ਸਮੇਂ ਵਿੱਚ ਕਾਂਗਰਸ ਸਰਕਾਰ ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਤੇਜ਼ੀ ਨਾਲ ਸਿਰੇ ਚਾੜ ਕੇ ਸਿੱਖ ਨੂੰ ਨਿਆਂ ਦੇਣ ਦੀ ਕੋਸ਼ਿਸ਼ ਕਰੇਗੀ। ਇਸ ਦੇ ਨਾਲ ਹੀ ਇਸ ਮਾਮਲੇ ਵਿੱਚ ਅਕਾਲੀ ਦਲ ਦੇ ਰੋਲ ਨੂੰ ਉਭਾਰ ਨੇ ਵਿਰੋਧੀ ਧਿਰ ਦੇ ਪੈਰ ਉਖਾੜਨ ਦੀ ਕੋਸ਼ਿਸ਼ ਵੀ ਕੀਤੀ ਜਾਏਗੀ। ਇਹ ਸਭ ਪਿਛਲੇ ਦਿਨਾਂ ਦੀ ਕਾਰਵਾਈ ਤੋਂ ਸਪਸ਼ਟ ਹੈ। ਇਸ ਲਈ ਕਾਂਗਰਸ ਨੇ ਡੇਰਾ ਸੌਦਾ ਦੇ ਵੋਟ ਬੈਂਕ ਨੂੰ ਵੀ ਦਾਅ 'ਤੇ ਲਾ ਦਿੱਤਾ ਹੈ। ਡੇਰਾ ਪ੍ਰੇਮੀਆਂ ਖਿਲਾਫ ਸ਼ਿਕੰਜਾ ਕੱਸ ਦਿੱਤਾ ਹੈ। ਪਤਾ ਲੱਗਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੂਰੀ ਪਲਾਨਿੰਗ ਨਾਲ ਡੇਰਾ ਸਿਰਸਾ ਦੇ ਮੁਖੀ ਨਾਲ ਸਿਆਸੀ ਸਾਂਝ ਦੇ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਇੱਕ ਪਾਸੇ ਸੁਖਬੀਰ ਬਾਦਲ ਦੇ ਤਾਰ ਡੇਰਾ ਮੁਖੀ ਨਾਲ ਜੋੜ ਰਹੀ ਹੈ ਤੇ ਨਾਲ ਹੀ ਬੇਅਦਬੀ ਮਾਮਲਿਆਂ ਵਿੱਚ ਪਿਛਲੀ ਅਕਾਲੀ ਸਰਕਾਰ ਦੀ ਖਾਮੀਆਂ ਨੂੰ ਉਜਾਗਰ ਕਰ ਰਹੀ ਹੈ। ਇਸ ਲਈ ਹੀ ਜਾਖੜ ਨੇ ਬੀਤੇ ਦਿਨੀਂ ਡੇਰਾ ਮੁਖੀ ਬਾਰੇ ਅਦਾਲਤਾਂ ਵਿੱਚ ਦਿੱਤੇ ਹਲਫ਼ਨਾਮੇ ਉਜਾਗਰ ਕੀਤੇ ਹਨ, ਜੋ ਬਤੌਰ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੇ ਦਿੱਤੇ ਸਨ। ਜਾਖੜ ਨੇ ਕਿਹਾ ਕਿ ਡੇਰੇ ਨਾਲ ਗੁਪਤ ਸਮਝੌਤੇ ਮਗਰੋਂ ਲਏ ਯੂ-ਟਰਨ ਬਾਰੇ ਸੁਖਬੀਰ ਪੰਥ ਨੂੰ ਸਪੱਸ਼ਟ ਕਰਨ। ਕਾਂਗਰਸ ਦੇ ਨਾਲ ਹੀ 'ਆਪ' ਪਾਰਟੀ ਸੁਖਬੀਰ ਨੂੰ ਪੰਥ ਵਿੱਚੋਂ ਛੇਕਣ ਦੀ ਮੰਗ ਕਰ ਰਹੀ ਹੈ।

ਜਾਖੜ ਦਾ ਕਹਿਣਾ ਹੈ ਕਿ ਡੇਰਾ ਮੁਖੀ ਖ਼ਿਲਾਫ਼ ਸਾਲ 2007 ਵਿਚ ਹੀ ਕਾਰਵਾਈ ਕੀਤੀ ਹੁੰਦੀ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੀਆਂ ਘਟਨਾਵਾਂ ਨਹੀਂ ਵਾਪਰਨੀਆਂ ਸਨ। ਸੁਖਬੀਰ ਬਾਦਲ ਨੇ ਪੰਥ ਨਾਲੋਂ ਡੇਰਾ ਮੁਖੀ ਨਾਲ ਜ਼ਿਆਦਾ ਸਾਂਝ ਪੁਗਾਈ।

ਦੂਜੇ ਪਾਸੇ ਇੰਟਰਨੈਸ਼ਨਲ ਸਿੱਖ ਕੌਂਸਲ ਟਰੱਸਟ ਨੇ ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਇਕ ਸ਼ਿਕਾਇਤ ਪੱਤਰ ਸੌਂਪ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਪੰਥਕ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਟਰੱਸਟ ਦੀ ਮੁਖੀ ਬੀਬੀ ਤਰਵਿੰਦਰ ਕੌਰ ਖ਼ਾਲਸਾ ਨੇ ਇਹ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪਦਿਆਂ ਪਾਵਨ ਸਰੂਪਾਂ ਦੀ ਬੇਅਦਬੀ, ਬਹਿਬਲ ਗੋਲੀ ਕਾਂਡ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦਿਵਾਉਣ ਦੇ ਮਾਮਲਿਆਂ ਵਿੱਚ ਸੁਖਬੀਰ ਬਾਦਲ ਦੇ ਸ਼ਾਮਲ ਹੋਣ ਦੇ ਦੋਸ਼ ਲਾਏ। ਉਨਾਂ ਦੋਸ਼ ਲਾਇਆ ਕਿ ਸੁਖਬੀਰ ਬਾਦਲ ਨੇ ਗੁਰੂ ਗੋਬਿੰਦ ਸਿੰਘ ਦੀ ਪੁਸ਼ਾਕ ਵਰਗੀ ਇਕ ਪੁਸ਼ਾਕ ਡੇਰਾ ਸਿਰਸਾ ਦੇ ਮੁਖੀ ਨੂੰ ਭੇਟ ਕੀਤੀ ਸੀ। ਉਨਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ।

### ਸੁਖਬੀਰ ਦੇ ਬਚਾਅ ਵਿਚ ਉੱਤਰੇ ਲੌਂਗੋਵਾਲ

ਡੇਰਾ ਸਿਰਸਾ ਮੁਖੀ ਦੀ ਪੁਸ਼ਾਕ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਦਾ ਨਾਂ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਨੂੰ ਰਾਜਨੀਤੀ ਕਰਾਰ ਦਿੱਤਾ ਹੈ। ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਨੂੰ ਡੇਰਾ ਸਿਰਸਾ ਮੁਖੀ ਦੀ ਪੁਸ਼ਾਕ ਨਾਲ ਜੋੜ ਕੇ ਬਦਨਾਮ ਕੀਤਾ ਜਾ ਰਿਹਾ ਹੈ।

### ਡੇਰਾ ਪ੍ਰੇਮੀ ਅਦਾਲਤ 'ਚ ਪਹੁੰਚੇ

ਬੇਅਦਬੀ ਮਾਮਲੇ ਦੀ ਜਾਂਚ ਲਈ ਬਣਾਈ 'ਸਿੱਟ' ਵਲੋਂ ਕੀਤੀ ਜਾ ਰਹੀ ਜਾਂਚ 'ਤੇ ਅੰਤਰਿਮ ਰੋਕ ਲਗਾਉਣ ਦੇ ਮਾਮਲੇ ਵਿਚ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਸਨੀ ਦੇ ਵਕੀਲ ਆਰਕੇ ਜੈਂਨ ਨੇ ਸਿੱਟ ਦੀ ਜਾਂਚ 'ਤੇ ਅੰਤਰਿਮ ਰੋਕ ਲਗਾਉਣ ਲਈ ਸੀਬੀਆਈ ਦੇ ਸਪੈਸ਼ਲ ਜੱਜ ਜੀਐਸ ਸੇਖੋਂ ਦੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਹੈ। ਉੱਧਰ ਸ਼ਿਕਾਇਤਕਰਤਾ ਗੋਰਾ ਸਿੰਘ ਦੇ ਐਡਵੋਕੇਟ ਗਗਨਪ੍ਰਦੀਪ ਸਿੰਘ ਵਲੋਂ ਵੀ ਅਦਾਲਤ ਵਿਚ ਅਰਜ਼ੀ ਦਾਇਰ ਕਿਹਾ ਗਿਆ ਕਿ ਸੀਬੀਆਈ ਨੂੰ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਸੁਪਰੀਮ ਕੋਰਟ ਵਿਚ ਪਾਈ ਰੀਵੀਊ ਪਟੀਸ਼ਨ ਦਾ ਰਿਕਾਰਡ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਉਨਾਂ ਮੁਲਜਮਾਂ ਵਲੋਂ ਅੰਤਰਿਮ ਰੋਕ ਲਗਾਉਣ ਵਾਲੀ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਕਿ ਮੁਲਜਮਾਂ ਦਾ ਕਲੋਜ਼ਰ ਰਿਪੋਰਟ 'ਤੇ ਇਤਰਾਜ ਕਰਨ ਦਾ ਕੋਈ ਹੱਕ ਹੀ ਨਹੀਂ ਹੈ, ਜਦੋਂ ਕਿ ਇਸੇ ਅਦਾਲਤ ਵਿਚ ਲੰਮੇ ਸਮੇਂ ਤੋਂ ਦਾਇਰ ਦਰਖਾਸਤਾਂ ਦਾ ਅਜੇ ਤੱਕ ਨਿਪਟਾਰਾ ਹੋਣਾ ਬਾਕੀ ਹੈ। ਰੀਵੀਊ ਪਟੀਸ਼ਨ ਵਿਚ ਹਾਲੇ ਤੱਕ ਸੁਪਰੀਮ ਕੋਰਟ ਵਲੋਂ ਸੀਬੀਆਈ ਨੂੰ ਕਿਸੇ ਤਰਾਂ ਦੀ ਕੋਈ ਰਾਹਤ ਵੀ ਨਹੀਂ ਦਿੱਤੀ ਗਈ। ਇਸੇ ਤਰਾਂ ਪੰਜਾਬ ਸਰਕਾਰ ਵਲੋਂ ਵੀ ਆਪਣਾ ਜਵਾਬ ਅਦਾਲਤ ਵਿਚ ਦਾਖ਼ਲ ਕਰ ਦਿੱਤਾ ਗਿਆ ਹੈ। ਜ਼ਿਲਾ ਅਟਾਰਨੀ ਸੰਜੀਵ ਨੇ ਸਰਕਾਰ ਵਲੋਂ ਅਦਾਲਤ ਵਿਚ ਦਾਖਲ ਜਵਾਬ ਵਿਚ ਕਿਹਾ ਹੈ ਕਿ ਜਦੋਂ ਸਿੱਟ ਅਸਲ ਮੁਲਜਮਾਂ ਤੱਕ ਪਹੁੰਚ ਰਹੀ ਹੈ ਤਾਂ ਸੀਬੀਆਈ ਅਚਾਨਕ ਸਰਗਰਮ ਹੋ ਕੇ ਜਾਂਚ ਵਿਚ ਅੜਿੱਕਾ ਪਾ ਰਹੀ ਹੈ। ਸਰਕਾਰ ਮੁਤਾਬਕ ਸਿੱਟ ਵਲੋਂ ਇਸ ਮਾਮਲੇ ਵਿਚ 6 ਜੁਲਾਈ ਨੂੰ ਡੇਰਾ ਮੁਖੀ ਸਮੇਤ ਕਈ ਮੁਲਜਮਾਂ ਨੂੰ ਨਾਮਜ਼ਦ ਕਰਕੇ ਉਨਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਗਈ ਤਾਂ ਕਈ ਮਹੀਨਿਆਂ ਤੋਂ ਚੁੱਪ ਸੀਬੀਆਈ ਦੀਆਂ ਸਿੱਟ ਦੀ ਤਫ਼ਤੀਸ਼ 'ਤੇ ਅੰਤਿਮ ਰੋਕ ਲਗਾਉਣ ਵਾਲੀਆਂ ਦਾਖ਼ਲ ਇਹ ਅਰਜ਼ੀਆਂ ਮੁਲਜਮਾਂ ਦਾ ਪੱਖ ਪੂਰਨ ਦੀ ਦਿਸ਼ਾ ਵੱਲ ਕੰਮ ਕਰਦੀਆਂ ਜਾਪ ਰਹੀਆਂ ਹਨ। ਵਿਧਾਨ ਸਭਾ ਵਿਚ ਮਤਾ ਪਾਸ ਹੋਣ ਤੇ ਹਾਈਕੋਰਟ ਵਲੋਂ ਸਿੱਟ ਨੂੰ ਤਫਤੀਸ਼ ਜਾਰੀ ਰੱਖਣ ਦੇ ਫੈਸਲੇ ਤੋਂ ਬਾਅਦ ਸੀਬੀਆਈ ਕੋਲ ਇਸ ਮਾਮਲੇ ਦੀ ਤਫਤੀਸ਼ ਕਰਨ ਦਾ ਕੋਈ ਹੱਕ ਨਹੀਂ ਰਹਿੰਦਾ। ਪੰਜਾਬ ਸਰਕਾਰ ਮੁਤਾਬਕ ਸੀ ਬੀ ਆਈ ਨੂੰ ਜਲਦ ਇਨਾਂ ਕੇਸਾਂ ਦੀਆਂ ਫਾਇਲਾਂ ਸਿੱਟ ਨੂੰ ਸੌਂਪਣ ਲਈ ਅਦਾਲਤ ਵਲੋਂ ਹੁਕਮ ਦੇਣੇ ਚਾਹੀਦੇ ਹਨ। ਅਦਾਲਤ ਵਲੋਂ ਸਾਰੀਆਂ ਧਿਰਾਂ ਨੂੰ ਡੇਰਾ ਪ੍ਰੇਮੀ ਦੀ ਅੰਤਰਿਮ ਰੋਕ ਵਾਲੀ ਅਰਜ਼ੀ 'ਤੇ ਜਵਾਬ ਦਾਖ਼ਲ ਕਰਨ ਲਈ 29 ਜੁਲਾਈ ਦੀ ਤਰੀਕ ਨਿਸ਼ਚਿਤ ਕੀਤੀ ਤੇ ਕਿਹਾ ਕਿ ਉਸ ਦਿਨ ਸਾਰੀਆਂ ਧਿਰਾਂ ਦੇ ਵਕੀਲ ਦਾਖ਼ਲ ਅਰਜ਼ੀਆਂ 'ਤੇ ਬਹਿਸ ਹੋਵੇਗੀ। ਸ਼ਿਕਾਇਤਕਰਤਾ ਤੇ ਡੇਰਾ ਪ੍ਰੇਮੀ ਨੂੰ ਉਸ ਦਿਨ ਅਦਾਲਤ ਵਿਚ ਹਾਜ਼ਰੀ ਤੋਂ ਛੋਟ ਦਿੱਤੀ ਜਾਂਦੀ ਹੈ।

### ਪ੍ਰੇਮੀਆਂ ਦੀ ਨਿਆਂਇਕ ਹਿਰਾਸਤ 3 ਤਕ ਵਧੀ

ਬੇਅਦਬੀ ਕਾਂਡ ਵਿੱਚ ਚਲਾਨ ਪੇਸ਼ ਹੋਣ ਮਗਰੋਂ ਅੱਜ ਇੱਥੇ ਪਹਿਲੀ ਵਾਰ ਸੁਣਵਾਈ ਹੋਈ। ਅਦਾਲਤ ਦੇ ਹੁਕਮ ਦੇ ਬਾਵਜੂਦ ਗ੍ਰਿਫ਼ਤਾਰ ਕੀਤੇ ਗਏ ਪੰਜ ਡੇਰਾ ਪ੍ਰੇਮੀਆਂ ਨੂੰ ਅਦਾਲਤ ਸਾਹਮਣੇ ਪੇਸ਼ ਨਹੀਂ ਕੀਤਾ ਗਿਆ, ਜਿਸ ਕਰਕੇ ਉਨਾਂ ਦੀ ਪੇਸ਼ੀ ਵੀਡੀਓ ਕਾਨਫ਼ਰੰਸ ਰਾਹੀਂ ਪਈ। ਜੁਡੀਸ਼ੀਅਲ ਮੈਜਿਸਟਰੇਟ ਚੇਤਨ ਸ਼ਰਮਾ ਨੇ ਡੇਰਾ ਪ੍ਰੇਮੀ ਰਣਜੀਤ ਸਿੰਘ ਭੋਲਾ, ਨਿਸ਼ਾਨ ਸਿੰਘ, ਨਰਿੰਦਰ ਸ਼ਰਮਾ, ਬਲਜੀਤ ਸਿੰਘ, ਰਣਦੀਪ ਸਿੰਘ ਨੀਲਾ ਦੀ ਅਦਾਲਤੀ ਹਿਰਾਸਤ 3 ਅਗਸਤ ਤੱਕ ਵਧਾ ਦਿੱਤੀ ਹੈ। ਡੇਰਾ ਪ੍ਰੇਮੀਆਂ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਜਾਂਚ ਟੀਮ ਵੱਲੋਂ ਪੇਸ਼ ਦੋਸ਼ ਪੱਤਰ ਰੱਦ ਕਰਨ ਦੀ ਮੰਗ ਕੀਤੀ ਸੀ।

ਇਸ ਮਸਲੇ 'ਤੇ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਲਿਖਤੀ ਜਵਾਬ ਪੇਸ਼ ਕਰਕੇ ਕਿਹਾ ਕਿ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਿਚ ਬਣੀ ਜਾਂਚ ਟੀਮ ਵੱਲੋਂ ਬੇਅਦਬੀ ਕਾਂਡ ਵਿਚ ਪੇਸ਼ ਕੀਤਾ ਚਲਾਨ ਕਾਨੂੰਨੀ ਤੌਰ 'ਤੇ ਜਾਇਜ਼ ਹੈ, ਕਿਉਂਕਿ ਜਾਂਚ ਟੀਮ ਦੀ ਪੜਤਾਲ 'ਤੇ ਕਿਸੇ ਵੀ ਅਦਾਲਤ ਨੇ ਰੋਕ ਨਹੀਂ ਲਗਾਈ।

### ਐੱਸਪੀ ਬਲਜੀਤ ਸਿੰਘ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ

ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਐੱਸ. ਪੀ. ਬਲਜੀਤ ਸਿੰਘ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਂਚ ਟੀਮ ਨੇ ਡਿਊਟੀ ਮੈਜਿਸਟਰੇਟ ਏਕਤਾ ਉੱਪਲ ਦੀ ਅਦਾਲਤ ਵਿਚ ਅਰਜ਼ੀ ਦੇ ਕੇ ਐੱਸ. ਪੀ. ਬਲਜੀਤ ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਦੋ ਵਾਰ ਸੰਮਨ ਭੇਜਣ ਦੇ ਬਾਵਜੂਦ ਉਹ ਜਾਂਚ ਟੀਮ ਸਾਹਮਣੇ ਪੇਸ਼ ਨਹੀਂ ਹੋਏ। ਕੋਟਕਪੂਰਾ ਦੇ ਤਤਕਾਲੀ ਐੱਸ.ਐੱਚ.ਓ ਗੁਰਦੀਪ ਪੰਧੇਰ ਨੂੰ ਬਹਿਬਲ ਗੋਲੀ ਕਾਂਡ ਵਿਚ ਦੋਸ਼ੀ ਵਜੋਂ ਨਾਮਜ਼ਦ ਕਰਨ ਮਗਰੋਂ ਜਾਂਚ ਟੀਮ ਨੇ ਉਸ ਦੇ ਪ੍ਰੋਡਕਸ਼ਨ ਵਾਰੰਟ ਹਾਸਲ ਕਰ ਲਏ ਗਏ ਹਨ।

# ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਾਲੇ ਕੇਸਾਂ ਦੀ ਬੇਅਦਬੀ

**- ਅਵਤਾਰ ਸਿੰਘ**

2015 ਵਿੱਚ ਅਕਾਲੀ ਦਲ ਦੀ ਸਰਕਾਰ ਵੇਲੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਕੇਸਾਂ ਦੀ ਜਾਂਚ ਵਿੱਚ ਅੜਿੱਕਾ ਪਾਉਣ ਲਈ ਹੁਣ ਸੀ.ਬੀ.ਆਈ. ਨੇ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਹੈ ਕਿ ਇਨਾਂ ਕੇਸਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੂੰ ਖਤਮ ਕੀਤਾ ਜਾਵੇ ਅਤੇ ਜਾਂਚ ਬੰਦ ਕੀਤੀ ਜਾਵੇ। ਸੀ.ਬੀ. ਆਈ. ਦਾ ਇਹ ਰਵੱਈਆ ਕਾਫੀ ਹੈਰਾਨਕੁੰਨ ਹੈ। ਇਸਤੋਂ ਪਹਿਲਾਂ ਕਦੇ ਵੀ ਸੀ.ਬੀ.ਆਈ. ਨੇ ਪੰਜਾਬ ਨਾਲ ਸਬੰਧਤ ਕੇਸਾਂ ਵਿੱਚ ਇਸ ਤਰਾਂ ਦਾ ਸਟੈਂਡ ਨਹੀ ਸੀ ਲਿਆ। ਪਿਛਲੇ 30 ਸਾਲਾਂ ਦੌਰਾਨ ਸੀ.ਬੀ.ਆਈ. ਨੂੰ ਬਹੁਤ ਸਾਰੇ ਅਜਿਹੇ ਕੇਸ ਜਾਂਚ ਲਈ ਦਿੱਤੇ ਗਏ ਜਿਨਾਂ ਵਿੱਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਕੀਤੀ ਸੀ। ਪਰ ਸੀ.ਬੀ.ਆਈ. ਨੇ ਬਹੁਤ ਵਧੀਆ ਢੰਗ ਨਾਲ ਜਾਂਚ ਕਰਕੇ ਇਨਾਂ ਵਿੱਚੋਂ ਬਹੁਤ ਸਾਰੇ ਕੇਸਾਂ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਵੀ ਦਵਾਈਆਂ। ਕਦੇ ਵੀ ਉਸ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਬਚਾਉਣ ਦਾ ਯਤਨ ਨਹੀ ਕੀਤਾ। ਪਰ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਵਾਲੇ ਮਾਮਲਿਆਂ ਵਿੱਚ ਏਜੰਸੀ ਵੱਲੋਂ ਜੋ ਸਟੈਂਡ ਲਿਆ ਜਾ ਰਿਹਾ ਹੈ ਉਸਤੋਂ ਇਹ ਹੀ ਸੰਦੇਸ਼ ਜਾਂਦਾ ਹੈ ਕਿ ਏਜੰਸੀ ਇਸ ਮਾਮਲੇ ਵਿੱਚ ਜਾਂਚ ਕਰਨ ਦੀ ਇਛੁਕ ਨਹੀ ਹੈ। ਸੀ.ਬੀ.ਆਈ. ਇਸ ਮਾਮਲੇ ਵਿੱਚ ਬਿਨਾ ਬਹੁਤੀ ਜਾਂਚ ਦੇ ਕੇਸ ਬੰਦ ਕਰਨ ਦੀ ਰਿਪੋਰਟ ਦਾਖਲ ਕਰ ਚੁੱਕੀ ਹੈ। ਪਰ ਹੁਣ ਪੰਜਾਬ ਪੁਲਿਸ ਦੀ ਜਾਂਚ ਟੀਮ ਨੇ ਨਾ ਕੇਵਲ ਦੋਸ਼ੀਆਂ ਦੀ ਪੈੜ ਨੱਪ ਲਈ ਹੈ ਬਲਕਿ ਕੁਝ ਹੇਠਲੀ ਪੱਧਰ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਵੀ ਕਰ ਲਿਆ ਹੈ ਅਤੇ ਵੱਡੇ ਦੋਸ਼ੀਆਂ ਦੇ ਨਾਅ ਵੀ ਨਸ਼ਰ ਕਰ ਦਿੱਤੇ ਹਨ।

ਇਸ ਹਾਲਾਤ ਵਿੱਚ ਸੀ.ਬੀ.ਆਈ. ਦਾ ਜਾਂਚ ਦੇ ਕੰਮ ਵਿੱਚ ਅੜਿੱਕਾ ਪਾਉਣ ਦਾ ਯਤਨ ਸਮਝ ਤੋਂ ਬਾਹਰ ਹੈ। ਇਸ ਤਰਾਂ ਲੱਗ ਰਿਹਾ ਹੈ ਕਿ ਸੀ.ਬੀ.ਆਈ. ਉੱਤੇ ਕੋਈ ਸਿਆਸੀ ਦਬਾਅ ਪਾਇਆ ਜਾ ਰਿਹਾ ਹੈ। ਭਾਰਤ ਸਰਕਾਰ ਦੇ ਉੱਚੇ ਪੱਧਰ ਤੇ ਕੋਈ ਲਾਬੀ ਅਜਿਹੀ ਹੈ ਜੋ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਬੇਨਕਾਬ ਨਹੀ ਹੋਣ ਦੇਣਾਂ ਚਾਹੁੰਦੀ। ਅਤੇ ਉਹ ਸੀ.ਬੀ. ਆਈ. ਨੂੰ ਆਪਣੀਆਂ ਇਛਾਵਾਂ ਲਈ ਵਰਤ ਰਹੀ ਹੈ।

ਇਸ ਵੇਲੇ ਤਿੰਨ ਵੱਖ ਵੱਖ ਟੀਮਾਂ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੀਆਂ ਹਨ। ਇੱਕ ਸੀ.ਬੀ.ਆਈ., ਦੂਜਾ ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ, ਤੀਜੀ ਕੁੰਵਰ ਵਿਜੇ ਪਰਤਾਪ ਸਿੰਘ ਦੀ ਅਗਵਾਈ ਹੇਠਲੀ ਜਾਂਚ ਟੀਮ। ਇਨਾਂ ਵਿੱਚੋਂ ਕੁੰਵਰ ਵਿਜੇ ਪਰਤਾਪ ਸਿੰਘ ਅਜਿਹੇ ਅਫਸਰ ਹਨ ਜਿਨਾਂ ਤੇ ਕੋਈ ਦਬਾਅ ਪਾਉਣਾਂ ਬਹੁਤ ਔਖਾ ਹੈ। ਉਹ ਆਪਣੀ ਪੇਸ਼ੇਵਾਰਾਨਾ ਮੁਹਾਰਤ ਨਾਲ ਕੰਮ ਕਰ ਰਹੇ ਹਨ। ਉਨਾਂ ਦੀ ਜਾਂਚ ਕਾਰਨ ਹੀ ਕੁਝ ਵੱਡੇ ਪੁਲਿਸ ਅਫਸਰ ਗ੍ਰਿਫਤਾਰ ਕੀਤੇ ਗਏ ਹਨ ਅਤੇ ਕੁਝ ਨੂੰ ਜਾਂਚ ਟੀਮ ਸਾਹਮਣੇ ਪੇਸ਼ ਹੋਣਾਂ ਪਿਆ ਹੈ। ਬੇਸ਼ੱਕ ਪੰਜਾਬ ਸਰਕਾਰ, ਭਾਰਤ ਸਰਕਾਰ ਅਤੇ ਬਾਕੀ ਢਾਂਚਾ ਕੁੰਵਰ ਵਿਜੇ ਪਰਤਾਪ ਸਿੰਘ ਦੇ ਰਾਹ ਵਿੱਚ ਅੜਿੱਕੇ ਡਾਹ ਰਿਹਾ ਹੈ ਪਰ ਇਸਦੇ ਬਾਵਜੂਦ ਉਹ ਆਪਣੇ ਵਿੱਤ ਮੁਤਾਬਕ ਕੰਮ ਕਰ ਰਹੇ ਹਨ। ਕੁੰਵਰ ਵਿਜੇ ਪਰਤਾਪ ਸਿੰਘ ਹਰ ਦੋਸ਼ੀ ਨੂੰ ਸਜ਼ਾ ਦਿਵਾਉਣੀ ਚਾਹੁੰਦੇ ਹਨ। ਰਣਬੀਰ ਸਿੰਘ ਖਟੜਾ ਉਹ ਅਫਸਰ ਹਨ ਜਿਨਾਂ ਨੇ ਮੌੜ ਮੰਡੀ ਬੰਬ ਧਮਾਕੇ ਅਤੇ ਬੇਅਦਬੀ ਕਾਂਡ ਦਾ ਸੱਚ ਆਪਣੀ ਜਾਂਚ ਦੌਰਾਨ ਬੁੱਝ ਲਿਆ ਸੀ। ਪਰ ਉਨਾਂ ਉੱਤੇ ਸਮੇਂ ਦੀ ਸੱਤਾਧਾਰੀ ਅਕਾਲੀ ਸਰਕਾਰ ਦਾ ਵੱਡਾ ਦਬਾਅ ਰਿਹਾ ਜਿਸ ਕਰਕੇ ਉਹ ਆਪਣੇ ਨਿਸ਼ਾਨੇ ਸਰ ਕਰਨ ਵਿੱਚ ਸਫਲ ਨਹੀ ਹੋ ਸਕੇ। ਉਨਾਂ ਨੂੰ ਸਾਰੀ ਜਾਣਕਾਰੀ ਹੈ ਪਰ ਸਿਆਸਤ ਨੇ ਉਨਾਂ ਦੇ ਹੱਥ ਬੰਨੇ ਹੋਏ ਹਨ। ਉਨਾਂ ਦੇ ਪਰਿਵਾਰ ਦੀ ਅਕਾਲੀ ਦਲ ਨਾਲ ਸਾਂਝ ਵੀ ਉਨਾਂ ਦੀ ਪੇਸ਼ੇਵਾਰਾਨਾ ਮੁਹਾਰਤ ਦੇ ਰਾਹ ਵਿੱਚ ਅੜਿੱਕੇ ਡਾਹ ਰਹੀ ਹੈ।

ਤੀਜੀ ਧਿਰ ਹੈ ਸੀ.ਬੀ.ਆਈ. ਜੋ ਹਰ ਹਾਲ ਵਿੱਚ ਇਸ ਕੇਸ ਨੂੰ ਬੰਦ ਕਰਕੇ ਜਾਂਚ ਠੱਪ ਕਰ ਦੇਣਾਂ ਚਾਹੁੰਦੀ ਹੈ।

ਇਸ ਤਰਾਂ ਅਸੀਂ ਦੇਖ ਸਕਦੇ ਹਾਂ ਕਿ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਨਾਲੋਂ ਸਰਕਾਰਾਂ ਅਤੇ ਰਾਜਸੀ ਨੇਤਾਵਾਂ ਨੂੰ ਆਪਣੇ ਚੋਣਵੇਂ ਅਫਸਰਾਂ ਅਤੇ ਗੱਠਜੋੜਾਂ ਦਾ ਫਿਕਰ ਪਿਆ ਹੋਇਆ ਹੈ। ਉਹ ਸਿਰਫ ਸਰਕਾਰਾਂ ਬਦਲਣ ਤੱਕ ਇਸ ਕੇਸ ਨੂੰ ਫੁੱਟਬਾਲ ਵਾਂਗ ਕੁੱਟਣਾਂ ਚਾਹੁੰਦੇ ਹਨ।

ਇਸ ਦਿਸ਼ਾ ਵਿੱਚ ਤਾਂ ਅਸੀਂ ਸਮਝਦੇ ਹਾਂ ਕਿ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਹੀ ਮਿਲ ਸਕੇਗੀ ਅਤੇ ਕੇਸ ਕਮਜ਼ੋਰ ਪੈ ਜਾਵੇਗਾ। ਸਮੂਹ ਸਿੱਖ ਸੰਸਥਾਵਾਂ ਨੂੰ ਇਸ ਸੰਦਰਭ ਵਿੱਚ ਸਿਰ ਜੋੜ ਕੇ ਬੈਠਣ ਦੀ ਲੋੜ ਹੈ।



## ਬੁੰਗਿਆਂ ਦਾ ਇਤਿਹਾਸ

# ਬੁੰਗੇ ਜੁਗੋ ਜੁਗ ਅਟੱਲ !

**- ਬਲਬੀਰ ਸਿੰਘ ਕੰਵਲ**

ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!

ਸਿੱਖਾਂ ਦੀ ਅਰਦਾਸ ਵਿਚ ਝੰਡਿਆਂ, ਬੁੰਗਿਆਂ ਨੂੰ ਜੁਗੋ ਜੁਗ ਅਟੱਲ ਦੇਣ ਦੀ ਇੱਛਾ ਪ੍ਰਗਟਾਈ ਹੈ। ਬੁੰਗੇ ਪਦ ਦਾ ਇੱਥੇ ਕੀ ਮਤਲਬ ਹੈ? ਰਿਹਾਇਸ਼ੀ ਕੁੱਲੀ, ਮਕਾਨ, ਬਸੇਰਾ, ਹਵੇਲੀ ਜਾਂ ਆਪਣਾ ਮਾਲ ਅਸਬਾਬ ਟਿਕਾਉਣ ਜਾਂ ਰੱਖਣ ਵਾਲੀ ਜਗਾ? ਅਸਲ ਵਿਚ ਬੂੰਗਾਹ (ਬੂੰ-ਗਾਹ) ਇਕ ਫਾਰਸੀ ਦਾ ਸ਼ਬਦ ਹੈ, ਜਿਸ ਤੋਂ ਭਾਵ ਕਿਸੇ ਛੋਟੇ ਮੋਟੇ ਮਕਾਨ ਜਾਂ ਐਸੀ ਰਿਹਾਇਸ਼ ਹੈ, ਜਿੱਥੇ ਕਿ ਆਪਣਾ ਸਾਮਾਨ ਟਿਕਾਇਆ ਜਾ ਸਕੇ। ਪਰ ਇਹ ਸ਼ਬਦ ਜਦ ਹੀ ਸਿੱਖ ਧਰਮ ਵਿਚ ਆਇਆ, ਇਸ ਦੇ ਅਰਥ ਬੜਾ ਵਿਸ਼ਾਲ ਵਿਰਾਟ ਰੂਪ ਧਾਰ ਗਏ।

**ਅੰਮ੍ਰਿਤਸਰ ਦਾ ਸਭ ਤੋਂ ਪਹਿਲਾਂ ਬੁੰਗਾ**

ਸ੍ਰੀ ਅਕਾਲ ਤਖਤ ਸਾਹਿਬ ਦਾ ਸਭ ਤੋਂ ਪਹਿਲਾ ਨਾਂ ਅਕਾਲ ਬੁੰਗਾ ਸੀ, ਜਿਹੜਾ ਸਿੱਖ ਧਰਮ ਦੇ ਚਾਰ ਤਖਤਾਂ ਵਿਚੋਂ ਸ਼੍ਰੋਮਣੀ ਤਖਤ ਹੈ। ਇਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਦੀਆਂ ਰਾਜਸੀ ਸਰਗਰਮੀਆਂ ਦੇ ਕੇਂਦਰ ਵਜੋਂ 1608 ਈ. ਵਿਚ ਸਥਾਪਤ ਕੀਤਾ ਸੀ। ਆਪ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਅਤੇ ਰਾਜਨੀਤੀ ਦਾ ਸੁਮੇਲ ਕੀਤਾ, ਜਿਹੜਾ ਧਰਮ ਦੇ ਇਤਿਹਾਸ ਵਿਚ ਇਕ ਵਿਲੱਖਣ ਤੇ ਕ੍ਰਾਂਤੀਕਾਰੀ ਕਦਮ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇੱਥੇ ਸਵੇਰੇ-ਸ਼ਾਮ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ ਅਤੇ ਸਿੱਖਾਂ ਦੀ ਹਰ ਤਰਾਂ ਦੀ ਸਮੱਸਿਆ ਨੂੰ ਨਜਿੱਠਿਆ ਕਰਦੇ ਸਨ। ਉਨਾਂ ਦੇ ਸਮੇਂ ਤੋਂ ਹੀ ਇਹ ਇਕ ਰਵਾਇਤ ਤੁਰੀ ਆਉਂਦੀ ਹੈ ਕਿ ਸਿੱਖਾਂ ਦਾ ਹਰ ਕੌਮੀ ਮਸਲਾ ਇਸ ਤਖਤ ਤੇ ਪੇਸ਼ ਹੁੰਦਾ ਹੈ। ਪੰਥ ਇਸ ਦਾ ਫੈਸਲਾ ਗੁਰਮਤਾ ਸੋਧ ਕੇ ਕਰਦਾ ਹੈ।

ਅੰਮ੍ਰਿਤਸਰ ਦੇ ਪੁਰਾਤਨ ਬੁੰਗਿਆਂ ਸਬੰਧੀ ਉਂਜ ਤਾਂ ਅੰਗਰੇਜ਼ੀ ਦੇ ਕੁਝ ਲਿਖਾਰੀਆਂ ਜਿਵੇਂ ਕਿ ਸਰ ਹੈਨਰੀ ਲਾਰੈਂਸ ਜਾਂ ਮੈਕਗ੍ਰੈਗਰ (The History of the Sikhs) ਆਦਿ ਨੇ ਆਪਣੀਆਂ ਆਪਣੀਆਂ ਕਿਰਤਾਂ ਵਿਚ ਜ਼ਿਕਰ ਕੀਤਾ ਹੈ, ਪਰ ਜਿੱਥੋਂ ਤੱਕ ਇੱਥੋਂ ਦੇ ਸਰਵੋਤਮ ਬੁੰਗਿਆਂ ਵਿਚ ਗੁਰਮਤਿਆਂ ਦੀ ਕਾਰਗੁਜ਼ਾਰੀ ਦੀ ਵਿਧੀ ਸਬੰਧੀ ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ ਦੀ ਇਕ ਕ੍ਰਿਤ ਬੇਹੱਦ ਖ਼ੂਬਸੂਰਤ ਚਾਨਣਾ ਪਾਉਂਦੀ ਹੈ। ਆਪ ਲਿਖਦੇ ਹਨ, 'ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨੀ ਦਰਵਾਜੇ ਅਰ ਅਕਾਲ ਬੁੰਗੇ ਸਾਹਿਬ ਦੇ ਵਿਚਕਾਰ ਜੋ ਵੱਡਾ ਮੈਦਾਨ ਹੈ, ਇਸ ਟਿਕਾਣੇ (ਪੁਰਾਣੇ) ਸਮਿਆਂ ਵਿਚ ਇਕ ਬੁੰਗਾ ਸੀ, ਜਿਸ ਨੂੰ ਤੋਸ਼ਾਖਾਨੇ ਦਾ ਬੁੰਗਾ ਕਹਿੰਦੇ ਸਨ। ਇਸ ਬੁੰਗੇ ਦੀ ਹੱਦ ਅਕਾਲ ਬੁੰਗੇ ਦੇ ਅਗਲੇ ਮੈਦਾਨ ਨੂੰ ਇਕ ਐਸੀ ਸ਼ਕਲ ਦਿੰਦੀ ਸੀ ਕਿ ਇੱਥੇ ਗੁਪਤ ਮਸ਼ਵਰੇ ਦਾ ਦੀਵਾਨ ਲੱਗ ਸਕੇ। ਇਸ ਕਰਕੇ ਗੁਰਮਤਾ ਇੱਥੇ ਹੁੰਦਾ ਸੀ। ਚਾਰ ਚੁਫ਼ੇਰੇ ਤੋਂ ਰਸਤੇ ਬੰਦ ਹੁੰਦੇ ਸੇ, ਅਰ ਦਰਵਾਜ਼ਿਆਂ 'ਤੇ ਪਹਿਰਾ ਹੁੰਦੇ ਸੇ। ਅੰਦਰ ਕੇਵਲ ਉਹ ਜਾ ਸਕਦੇ ਸੇ, ਜੋ ਸੱਦੇ ਹੁੰਦੇ ਸੇ ਤੇ ਪਹਿਰੇਦਾਰਾਂ ਨੂੰ ਇਕ ਐਸਾ ਬੋਲਾ (ਪਦ) ਮਾਲੂਮ ਹੁੰਦਾ ਸੀ, ਜੋ ਸੱਜਣ ਉਹ ਦੱਸ ਸਕੇ, ਉਸ ਗੁਰਮਤੇ ਵਿਚ ਸ਼ਾਮਲ ਹੋ ਸਕਦਾ ਸੀ। ਜੇ ਨਾ ਦੱਸ ਸਕੇ, ਉਹ ਅੰਦਰ ਨਹੀਂ ਜਾ ਸਕਦਾ ਸੀ। ਬੋਲਾ ਅਕਾਲ ਬੁੰਗੇ ਸਾਹਿਬ ਦੇ ਅਕਾਲੀ ਜਥੇ ਦੇ ਜਥੇਦਾਰ ਨਿਯਤ ਕੀਤਾ ਕਰਦੇ ਸੇ। ਅਕਾਲ ਬੁੰਗੇ ਦਾ ਅਕਾਲੀ ਉਹ ਹੋ ਸਕਦਾ ਸੀ, ਜੋ ਨਾਮ ਬਾਣੀ ਦਾ ਪ੍ਰੇਮੀ ਹੋਵੇ ਤੇ ਨਾਲ ਪੂਰਨ ਤਿਆਗ ਵੈਰਾਗ ਦੀ ਬਿਰਤੀ ਰੱਖਦਾ ਹੋਵੇ। ਘਰ ਬਾਰ ਮਾਲ ਮਿਲਖ ਤੇ ਉਸ ਨੇ ਕਬਜ਼ੇ ਤੇ ਅਪਣੱਤ ਦਾ ਨਾ ਸਿਰਫ਼ ਮੂੰਹੋਂ, ਸਗੋਂ ਸੱਚੀ-ਸੁੱਚੀ ਸਬੰਧ ਤੋੜਿਆ ਹੋਇਆ ਹੋਵੇ।'

1. ਭਾਈ ਸਾਹਿਬ ਭਾਈ ਡਾ. ਵੀਰ ਸਿੰਘ, ਸਤਵੰਤ ਕੌਰ, ਸਫ਼ਾ 225

**ਕੁਝ ਹੋਰ ਬੁੰਗੇ :** ਧਰਮ ਪ੍ਰਚਾਰ ਦੇ ਬੁੰਗੇ, ਸੁਰੱਖਿਆਰ ਸਰਦਾਰਾਂ ਦੇ ਬੁੰਗੇ, ਸਿੱਖਿਆਦਾਨ ਦੇ ਬੁੰਗੇ।

ਸਮੇਂ ਦੇ ਨਾਲ ਨਾਲ ਅੰਮ੍ਰਿਤਸਰ ਨੇ ਬੜੇ ਉਤਰਾਅ ਚੜਾਅ ਦੇਖੇ ਹਨ, ਜਿਨਾਂ ਦੇ ਚਸ਼ਮਦੀਦ ਗਵਾਹ ਇਹ ਬੁੰਗੇ ਬਣਦੇ ਰਹੇ। ਕੁਝ ਬੁੰਗੇ ਧਰਮ ਪ੍ਰਚਾਰ ਦੀਆਂ ਲੋੜਾਂ ਦੀ ਪੂਰਤੀ ਕਰਦੇ ਸਨ। ਕੁਝ ਸੁਰੱਖਿਆਰ ਸਰਦਾਰਾਂ ਦੇ ਕਿਲਿਆਂ ਵਾਂਗ ਸਨ, ਜਦ ਕਿ ਕੁਝ ਬੁੰਗੇ ਸਾਡੀ ਪੁਰਾਤਨ ਸਿੱਖਿਆ ਪ੍ਰਣਾਲੀ ਦੀਆਂ ਦੇਸੀ ਸੰਸਥਾਵਾਂ ਸਨ। ਜਗਰਾਉਂ ਵਾਲੇ ਡਾ. ਤਾਰਾ ਸਿੰਘ ਆਲਮ ਇਕ ਥਾਂ ਇੰਜ ਲਿਖਦੇ ਹਨ :

ਪੂਰੇ ਗੁਰ ਦੀ ਪੂਰੀ ਕਿਰਪਾ, ਜੱਸਾ ਸਿੰਘ ਮੱਲਾਂ ਮਾਰ ਗਿਆ,
ਹਰਿਮੰਦਰ ਸਾਹਿਬ ਦੀ ਕਰਨ ਲਈ ਰਾਖੀ, ਰਾਮਗੜ ਕਿਲਾ ਉਸਾਰ ਗਿਆ।

> **ਸ੍ਰੀ ਅਕਾਲ ਤਖਤ ਸਾਹਿਬ ਦਾ ਸਭ ਤੋਂ ਪਹਿਲਾ ਨਾਂ ਅਕਾਲ ਬੁੰਗਾ ਸੀ।**
> **– ਅਕਾਲ ਬੁੰਗੇ ਦਾ ਅਕਾਲੀ ਉਹ ਹੋ ਸਕਦਾ ਸੀ, ਜੋ ਨਾਮ ਬਾਣੀ ਦਾ ਪ੍ਰੇਮੀ ਹੋਵੇ ਤੇ ਨਾਲ ਪੂਰਨ ਤਿਆਗ ਵੈਰਾਗ ਦੀ ਬਿਰਤੀ ਰੱਖਦਾ ਹੋਵੇ।**
> **– ਗੁਰੂ ਸਾਹਿਬਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਸਮੁੱਚੇ ਸੰਸਾਰ ਦਾ ਮਾਨਵ ਕੇਂਦਰ ਬਣਾਉਣਾ ਚਾਹੁੰਦੇ ਸਨ ਜਦਕਿ ਜ਼ਾਲਮ ਹਾਕਮਰਾਨ ਇਸ ਨੂੰ ਐਸ਼ ਇਸ਼ਰਤ ਦਾ ਅੱਡਾ।**
> **– ਕੁਝ ਬੁੰਗੇ ਧਰਮ ਪ੍ਰਚਾਰ ਦੀਆਂ ਲੋੜਾਂ ਦੀ ਪੂਰਤੀ ਕਰਦੇ ਸਨ, ਕੁਝ ਸੁਰੱਖਿਆਰ ਸਰਦਾਰਾਂ ਦੇ ਕਿਲਿਆਂ ਵਾਂਗ ਸਨ, ਜਦ ਕਿ ਕੁਝ ਬੁੰਗੇ ਸਾਡੀ ਪੁਰਾਤਨ ਸਿੱਖਿਆ ਪ੍ਰਣਾਲੀ ਦੀਆਂ ਦੇਸੀ ਸੰਸਥਾਵਾਂ ਸਨ।**
> **– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1943 ਈ. ਵਿਚ ਇਹ ਫੈਸਲਾ ਲਿਆ ਕਿ ਪਰਿਕਰਮਾ ਦੇ ਆਲੇ ਦੁਆਲੇ ਦੀਆਂ ਪੁਰਾਣੀ ਇਮਾਰਤਾਂ ਢਾਹ ਦਿੱਤੀਆਂ ਜਾਣ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰਤਾ ਵਿਚ ਹੋਰ ਵਾਧਾ ਹੋ ਸਕੇ।**

ਅਸਲ ਵਿਚ ਸਾਡੇ ਗੁਰੂ ਸਾਹਿਬਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਸਮੁੱਚੇ ਸੰਸਾਰ ਦਾ ਮਾਨਵ ਕੇਂਦਰ ਬਣਾਉਣਾ ਚਾਹੁੰਦੇ ਸਨ ਜਦਕਿ ਜ਼ਾਲਮ ਹਾਕਮਰਾਨ ਇਸ ਨੂੰ ਐਸ਼ ਇਸ਼ਰਤ ਦਾ ਅੱਡਾ। ਸੋ ਇਹੋ ਜਿਹੀਆਂ ਚਾਲਾਂ ਨੂੰ ਗ਼ੈਰਤਮੰਦ ਸਿੱਖ ਕਿਵੇਂ ਸਹਾਰ ਸਕਦੇ ਸਨ? ਸੋ ਉਨਾਂ ਨੇ 1740 ਈ. ਵਿਚ ਮੱਸੇ ਰੰਗੜ ਦਾ ਸਿਰ ਲਾਹ ਤਾਂ ਦਿੱਤਾ, ਪਰ ਅਹਿਮਦ ਸ਼ਾਹ ਅਬਦਾਲੀ ਨੇ 1756-57 ਈ. ਵਿਚ ਆਪਣੇ ਪੁੱਤਰ ਤੈਮੂਰ ਸ਼ਾਹ ਰਾਹੀਂ ਇਸ ਪਾਵਨ ਅਸਥਾਨ ਨੂੰ ਤਬਾਹ ਕਰਵਾ ਦਿੱਤਾ। ਫਿਰ 1762 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਅੰਮ੍ਰਿਤਸਰ ਤੇ ਖੁਦ ਹਮਲਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਸੋ ਓਹੋ ਜਿਹੇ ਨਾਜ਼ੁਕ ਅਤੇ ਬਿਖੜ ਸਮਿਆਂ ਵਿਚ ਸਾਰੀਆਂ ਮਿਸਲਾਂ ਇਕ ਵਾਰ ਫਿਰ ਸਿਰ ਜੋੜ ਕੇ ਬੈਠੀਆਂ ਅਤੇ ਫੈਸਲਾ ਹੋਇਆ ਕਿ ਛੋਟੇ ਮੋਟੇ ਸਭ ਬਖੇੜੇ ਭੁੱਲ ਕੇ ਸਭਨਾਂ ਨੂੰ ਇਕਮੁਠ ਹੋ ਕੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਕਰਨੀ ਬੜੀ ਆਵੱਸ਼ਕ ਬਣ ਗਈ ਹੈ ਤਾਂ ਇਸ ਦੀ ਪੁਨਰ ਉਸਾਰੀ ਤੋਂ ਬਾਅਦ ਸਭ ਤੋਂ ਪਹਿਲਾਂ ਸਭ ਤੋਂ ਸ਼ਕਤੀਸ਼ਾਲੀ ਮਿਸਲਾਂ ਅਰਥਾਤ 1. ਮਿਸਲ ਭੰਗੀਆਂ, 2. ਮਿਸਲ ਰਾਮਗੜੀਆ, 3. ਮਿਸਲ ਭੰਗੀਆਂ ਵਾਲਾ ਅਤੇ ਬੁੰਗਾ ਜੱਸਾ ਸਿੰਘ ਰਾਮਗੜੀਆ 1794 ਵਿਚ ਹੋਂਦ ਵਿਚ ਆਏ, ਜਦਕਿ ਬੁੰਗਾ ਆਹਲੂਵਾਲੀਆ 1796 ਵਿਚ ਭਾਵੇਂ ਕਿ ਅਕਾਲ ਬੁੰਗਾ (1606-08), ਕੋਠੜੀ ਸ੍ਰੀ ਗੁਰੂ ਗ੍ਰੰਥ ਸਾਹਿਬ, ਬੁੰਗਾ ਗ੍ਰੰਥੀਆਂ, ਝੰਡਾ ਬੁੰਗਾ, ਬੁੰਗਾ ਘੜਿਆਲੀਆਂ, ਬੁੰਗਾ ਦੁੱਖ ਭੰਜਨੀ ਸਾਹਿਬ, ਇੱਥੇ ਪਹਿਲਾਂ ਹੀ ਸੁਸ਼ੋਭਿਤ ਸਨ। ਉਨੀਂਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਹੋਰ ਅਨੇਕ ਬੁੰਗੇ ਹੋਂਦ ਵਿਚ ਆਏ, ਜਿਨਾਂ ਵਿਚੋਂ ਬਹੁਤੇ ਧਨਾਢ ਸਰਦਾਰਾਂ ਦੇ ਸਨ। ਇਨਾਂ ਬੁੰਗਿਆਂ ਦੀ ਗਿਣਤੀ ਕੁਝ ਸਰੋਤ ਚੁਰਾਸੀ ਦੱਸਦੇ ਹਨ ਅਤੇ ਕੁਝ ਚੁਹੱਤਰ।

ਬੁੰਗਿਆਂ ਦੇ ਵਿਸ਼ੇ 'ਤੇ ਪ੍ਰਸਿੱਧ ਇਤਿਹਾਸਕਾਰ ਡਾ. ਮਦਨਜੀਤ ਕੌਰ, ਜਿਨਾਂ ਨਾਲ ਲੇਖਕ ਦਾ ਰਾਬਤਾ ਉਨਾਂ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਨਿਯੁਕਤੀ ਤੋਂ ਲੈ ਕੇ, ਬਤੌਰ ਹੈੱਡ ਆਫ਼ ਗੁਰੂ ਨਾਨਕ ਸਟੱਡੀਜ਼ ਡਿਪਾਰਟਮੈਂਟ ਸੇਵਾ-ਮੁਕਤੀ ਹੋਣ ਤੱਕ ਰਿਹਾ, ਨੇ ਬੜਾ ਖ਼ੂਬਸੂਰਤ ਕੰਮ ਕੀਤਾ ਹੈ। ਇਸ ਪ੍ਰਤੀ ਉਨਾਂ ਦਾ ਲੇਖ ਉਨਾਂ ਦੀ ਪ੍ਰਸਿੱਧ ਕਿਤਾਬ The Golden Temple-Past and Present-1983 ਵਿਚ ਪੜਿਆ ਜਾ ਸਕਦਾ ਹੈ। ਉਸ ਵਿਚ ਉਨਾਂ ਵਲੋਂ ਬੁੰਗਿਆਂ ਦੀ ਦਿੱਤੀ ਗਈ ਫ਼ਹਿਰਿਸਤ ਤੋਂ ਪਤਾ ਲਗਦਾ ਹੈ ਕਿ ਇੱਥੇ ਪੰਜ ਛੇ ਰਾਗੀਆਂ ਦੇ ਬੁੰਗੇ ਬੜੇ ਪ੍ਰਸਿੱਧ ਸਨ : 1. ਬੁੰਗਾ ਰਾਗੀਆਂ ਵਾਲਾ (1607), 2. ਬੁੰਗਾ ਕਾਹਨ ਸਿੰਘ ਰਾਗੀ ਵਾਲਾ (1794 ਈ.), 3. ਬੁੰਗਾ ਅਮਰ ਸਿੰਘ ਰਾਗੀ ਵਾਲਾ (1794), 4. ਬੁੰਗਾ ਰਾਗੀ ਧਨਪਤ ਸਿੰਘ, ਅਤੇ 5. ਬੁੰਗਾ ਜੋਧ ਸਿੰਘ ਰਾਗੀ, ਜਿਹੜੀ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੋਂਦ ਵਿਚ ਆਇਆ। ਹੋਰ ਤਾਂ ਹੋਰ ਇੱਥੇ ਕਦੇ ਸਾਡੇ ਮਨਭਾਉਂਦੇ ਵਿਸ਼ੇ ਭਾਵ ਭਲਵਾਨਾਂ ਦਾ ਵੀ ਇਕ ਬੜਾ ਪ੍ਰਸਿੱਧ ਬੁੰਗਾ ਹੋਇਆ ਕਰਦਾ ਸੀ, ਜਿਹੜਾ ਪਹਿਲਵਾਨਾਂ ਦਾ ਬੁੰਗਾ ਜਾਂ ਬੁੰਗਾ ਸਾਧ ਪਹਿਲਵਾਨਾਂ ਕਰਕੇ ਬੜਾ ਮਸ਼ਹੂਰ ਸੀ। ਉਹ 1809 ਈ. ਵਿਚ ਬਣਾਇਆ ਗਿਆ ਸੀ।

ਪਹਿਲੀਆਂ 'ਚ ਬੁੰਗੇ, ਧਰਮਸ਼ਾਲਾਵਾਂ ਪੰਜਾਬ ਦੀਆਂ ਪੁਰਾਤਨ ਪਰੰਪਰਾਵਾਂ ਅਨੁਸਾਰ ਸਿੱਖਿਆ ਪ੍ਰਣਾਲੀ ਦੀਆਂ ਦੇਸੀ ਸੰਸਥਾਵਾਂ ਵਜੋਂ ਹੋਂਦ ਵਿਚ ਆਏ। ਹਰ ਬੁੰਗਾ ਆਪਣੀ ਆਪਣੀ ਵਿਸ਼ੇਸ਼ਤਾ ਕਾਰਨ ਪ੍ਰਸਿੱਧ ਸੀ। ਉਨਾਂ ਦੇ ਸੰਚਾਲਕ ਜਾਂ ਮੁਖੀ ਐਨੇ ਵੱਡੇ ਵਿਦਵਾਨ, ਵਿਦਿਆਧਰ ਹੁੰਦੇ ਸਨ, ਜਿਨਾਂ ਦਾ ਕੋਈ ਮੁਕਾਬਲਾ ਨਹੀਂ ਸੀ। ਬੁੰਗਾ ਗ੍ਰੰਥੀਆਂ, ਗ੍ਰੰਥੀ ਤਿਆਰ ਕਰਦਾ ਸੀ, ਬੁੰਗਾ ਆਹਲੂਵਾਲੀਆ ਦਾ ਰਾਗੀ, ਸੁਲੇਖ ਕਲਾ ਦੀ ਸਿਖਲਾਈ ਲਈ ਇਕ ਜੁਦਾ ਬੁੰਗਾ ਸੀ। ਨਿਰਮਲਿਆਂ ਅਤੇ ਉਦਾਸੀਆਂ ਆਦਿ ਦੇ ਜੁਦੇ ਜੁਦੇ ਬੁੰਗੇ ਸਨ। ਨਿਰਮਲਿਆਂ ਦੇ ਛੇ ਬੰਗਿਆਂ ਦਾ ਉਲੇਖ ਮਿਲਦਾ ਹੈ। ਹਰੇਕ ਬੁੰਗੇ ਵਿਚ ਵਿਦਿਆਰਥੀਆਂ ਨੂੰ ਨਿਵਾਸ ਅਤੇ ਖਾਣਾ ਮੁਫ਼ਤ ਮਿਲਦਾ ਸੀ, ਜਿਨਾਂ ਦਾ ਸਾਰਾ ਖਰਚਾ ਜਾਂ ਤਾਂ ਬੁੰਗਿਆਂ ਦੇ ਸੰਚਾਲਕ ਵੱਡੇ ਸਰਦਾਰ ਕਰਦੇ ਸਨ ਅਤੇ ਜਾਂ ਕੁਝ ਹਾਲਤਾਂ ਵਿਚ ਸਮਾਜ ਵਲੋਂ ਸਹਾਇਤਾ ਕੀਤੀ ਜਾਂਦੀ ਸੀ। ਹਰ ਬੁੰਗੇ ਦੇ ਇੰਤਜਾਮ ਲਈ ਇਕ ਕਰਮਚਾਰੀ ਰੱਖਿਆ ਜਾਂਦਾ ਸੀ, ਜਿਸ ਨੂੰ ਬੁੰਗਈ ਆਖਦੇ ਸਨ। ਬੁੰਗੇ ਨੂੰ ਸਾਫ਼ ਸੁਥਰਾ ਰੱਖਣਾ ਅਤੇ ਆਏ ਯਾਤਰੀਆਂ ਦੇ ਠਹਿਰਨ ਜਾਂ ਸੁੱਖ ਆਰਾਮ ਦਾ ਪੂਰਾ ਖਿਆਲ ਰੱਖਣਾ, ਉਹਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਸੀ।

ਸਿੱਖਾਂ ਦੀ ਤਾਰੀਖ 'ਚ ਬੁੰਗਿਆਂ ਨੇ ਬੜਾ ਵੱਡਾ ਰੋਲ ਅਦਾ ਕੀਤਾ। ਪਰ ਅਫ਼ਸੋਸ! ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1943 ਈ. ਵਿਚ ਇਹ ਫੈਸਲਾ ਲਿਆ ਕਿ ਪਰਿਕਰਮਾ ਦੇ ਆਲੇ ਦੁਆਲੇ ਦੀਆਂ ਪੁਰਾਣੀ ਇਮਾਰਤਾਂ ਢਾਹ ਦਿੱਤੀਆਂ ਜਾਣ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰਤਾ ਵਿਚ ਹੋਰ ਵਾਧਾ ਹੋ ਸਕੇ। ਸੋ ਲਏ ਗਏ ਫੈਸਲੇ 'ਤੇ 1947 ਵਿਚ ਅਮਲ ਕੀਤਾ ਗਿਆ। ਉਸ ਨਾਲ ਕੌਮ ਦਾ ਜਿਹੜਾ ਨੁਕਸਾਨ ਹੋਇਆ, ਉਸ ਦਾ ਅੰਦਾਜ਼ਾ ਲਾਉਣਾ ਬੜਾ ਮੁਸ਼ਕਲ ਹੈ, ਕਿਉਂਕਿ ਉਨਾਂ ਬੁੰਗਿਆਂ ਵਿਚ ਸਾਡੀ ਬੇਸ਼ਬਹਾ ਅਮੀਰ ਵਿਰਾਸਤ ਛੁਪੀ ਹੋਈ ਸੀ। ਲਾ ਪਾ ਕੇ ਦੇਖਣ ਪਾਖਣ ਨੂੰ ਜਿਹੜਾ ਬੁੰਗਾ ਹੁਣ ਰਹਿ ਗਿਆ ਹੈ, ਉਹ ਹੈ ਰਾਮਗੜੀਆ ਬੁੰਗਾ। ਦੱਸਦੇ ਹਨ ਕਿ ਉਹਨੂੰ ਢਾਹੁਣ ਦੇ ਵੀ ਮਨਸੂਬੇ ਬਣ ਚੁੱਕੇ ਸਨ, ਪਰ ਜਦ ਹੀ ਰਾਮਗੜੀਆ ਬਰਾਦਰੀ ਨੂੰ ਇਸ ਗੱਲ ਦਾ ਪਤਾ ਲੱਗਾ, ਇਸ ਦੇ ਵਿਰੋਧ ਵਿਚ ਉਹ ਅੜ ਗਏ। ਵਾਰੇ ਜਾਈਏ ਉਨਾਂ ਦੀ ਇਸ ਦੂਰ ਅੰਦੇਸ਼ੀ ਦੇ ਕਿ ਉਨਾਂ ਨੇ ਉਹ ਬੁੰਗਾ, ਜਿਹੜਾ ਜੱਸਾ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਬਣਵਾਇਆ ਸੀ, ਉਸ ਨੂੰ ਢਾਹੁਣ ਨਹੀਂ ਦਿੱਤਾ, ਜਿਸ ਨੂੰ ਪੁਰਾਤਨ ਇਮਾਰਤ ਕਲਾ ਦੇ ਨਮੂਨੇ ਵਜੋਂ ਦੇਖਣ ਲਈ ਲੋਕੀਂ ਅੱਜ ਵੀ ਦੂਰ ਦੂਰ ਤੋਂ ਆਉਂਦੇ ਹਨ। ਇਸ ਬੁੰਗੇ ਬਾਰੇ ਹੋਰ ਵਧੇਰੇ ਜਾਣਕਾਰੀ ਲਈ ਸਰਦਾਰ ਸੁੰਦਰ ਸਿੰਘ ਰਾਮਗੜੀਆ ਦੀ ਪ੍ਰਸਿੱਧ ਕਿਤਾਬ The Annals of Ramgarhia Sardars ਦੇਖੀ ਜਾ ਸਕਦੀ ਹੈ, ਜਿਹੜੀ 1902 ਵਿਚ ਛਪੀ ਸੀ।

ਹੈਰਾਨੀ ਹੁੰਦੀ ਹੈ ਕਿ ਜਦੋਂ ਸਾਡੇ ਐਨੇ ਅਮੀਰ ਵਿਰਾਸਤੀ ਬੁੰਗੇ ਧੜਾ-ਧੜ ਢਹਿ-ਢੁਆਈ ਦੀ ਮਾਰ ਹੇਠ ਆ ਗਏ, ਉਦੋਂ ਇਹ ਰਾਮਗੜੀਆ ਬੁੰਗਾ ਕਿਵੇਂ ਸਲਾਮਤ ਰਹਿ ਗਿਆ? ਫਿਰ 1984 ਦੇ ਘੱਲੂਘਾਰੇ ਨੇ ਇਸ ਦਾ ਬੜਾ ਭਾਰੀ ਨੁਕਸਾਨ ਕੀਤਾ। ਉਦੋਂ ਵੀ ਇਸ ਦੀ ਸਥਿਤੀ ਬੜੀ ਨਾਜ਼ੁਕ ਸੀ। ਰੱਬ ਜਾਣੇ ਸਾਡੀ ਇਸ ਇਤਿਹਾਸਕ ਨਿਸ਼ਾਨੀ ਦਾ ਕੀ ਹਸ਼ਰ ਹੁੰਦਾ, ਜੇਕਰ ਉਦੋਂ ਲੁਧਿਆਣਾ ਦੇ ਸੁਪ੍ਰਸਿੱਧ ਗੁਰਮੁਖ ਸਿੰਘ ਐਂਡ ਸੰਨਜ਼ ਐਂਟਰਪ੍ਰਾਈਜਿਜ਼ ਦੇ ਸਰਦਾਰ ਭਗਤ ਸਿੰਘ ਡਟ ਕੇ ਆਪਣਾ ਸਟੈਂਡ ਨਾ ਲੈਂਦੇ।

ਗਿਆਨੀ ਭਗਤ ਸਿੰਘ ਜੀ ਉਦੋਂ ਐਸ.ਜੀ.ਪੀ.ਸੀ. ਦੇ ਮੈਂਬਰ ਸਨ, ਉਂਜ ਵੀ ਧੱਕੜ ਧੜੱਲੇਦਾਰ ਸਤਿਕਾਰਤ ਵਿਅਕਤੀ। ਉਹ ਇਸ ਗੱਲ 'ਤੇ ਅੜ ਗਏ ਕਿ ਅਸੀਂ ਇਸ ਬੁੰਗੇ ਨੂੰ ਹੋਰ ਕਿਸੇ ਨੂੰ ਹੱਥ ਵੀ ਨਹੀਂ ਲਾਉਣ ਦੇਣਾ, ਬਲਕਿ ਇਸ ਦੀ ਨਵ-ਉਸਾਰੀ ਵੀ ਅਸੀਂ ਆਪ ਹੀ ਕਰਨੀ ਹੈ। ਸੋ, ਇਸ ਦੀ ਪੁਨਰ ਉਸਾਰੀ ਦਾ ਕੰਮ 2 ਅਕਤੂਬਰ, 1996 ਨੂੰ ਸ਼ੁਰੂ ਕੀਤਾ ਗਿਆ ਸੀ, ਜਿਹੜਾ ਸਰਦਾਰ ਜੱਸਾ ਸਿੰਘ ਰਾਮਗੜੀਆ ਫਾਉਂਡੇਸ਼ਨ ਜਾਂ ਰਾਮਗੜੀਆ ਕੌਂਸਲ ਸਮੂਹ ਦੇ ਸਹਿਯੋਗ ਨਾਲ ਕੁਝ ਸਮੇਂ ਵਿਚ ਸੰਪੂਰਨ ਕਰ ਲਿਆ ਗਿਆ ਸੀ।

ਬਾਕੀ ਬੁੰਗੇ 1947 ਵਿਚ ਢਾਹ ਦਿੱਤੇ ਗਏ ਸਨ। ਕੁਦਰਤੀ, ਇਹ ਉਹ ਸਾਲ ਸੀ ਜਦਕਿ ਇਸ ਸ਼ਹਿਰ ਦੀਆਂ ਅਨੇਕਾਂ ਇਮਾਰਤਾਂ ਵੰਡ ਵਾਲੇ ਖ਼ੂਨੀ ਦਿਨ ਵਿਚ ਮੁਸਲਮਾਨਾਂ ਨੇ ਅੱਗਾਂ ਲਾ ਕੇ ਸਾੜ ਦਿੱਤੀਆਂ ਸਨ। ਉਸ ਦੀ ਮੰਜ਼ਰਕਸ਼ੀ ਕਰਦਿਆਂ ਇਥੋਂ ਦੇ ਕੂਚਾ ਕਸ਼ਮੀਰੀਆਂ ਦੇ ਜੰਮਪਲ ਇਕ ਸ਼ਾਇਰੀ ਸੈਫਉੱਦੀਨ ਸੈਫ਼ (1922-1933) ਜਿਸ ਨੇ ਪਾਕਿਸਤਾਨ ਜਾ ਕੇ ਇਕ ਬੜੀ ਜ਼ਬਰਦਸਤ ਫਿਲਮ ਕਰਤਾਰ ਸਿੰਘ (ਪ੍ਰਸਿੱਧ ਗਾਣਾ : ਦੇਸਾਂ ਦਾ ਰਾਜਾ, ਮੇਰੇ ਬਾਬਲ ਦਾ ਪਿਆਰਾ-ਵੀਰ ਮੇਰਾ ਘੋੜੀ ਚੜਿਆ) ਬਣਾਈ ਸੀ, ਆਪਣੀ ਇਕ ਲੰਬੀ ਨਜ਼ਮ ਵਿਚ ਇਕ ਸ਼ਿਅਰ ਰਾਹੀਂ ਇੰਜ ਬਿਆਨ ਕੀਤਾ ਸੀ :

**ਦਿਲ ਸੇ ਜਾਤਾ ਨਹੀਂ ਧੂਆਂ ਅੱਬ ਤੱਕ,**
**ਤੇਰੇ ਜਲਤੇ ਹੁਏ ਮਕਾਨੋਂ ਕਾ!**

*ਇਸ ਵਿਸ਼ੇ 'ਤੇ ਖ਼ੁਆਜਾ ਇਫ਼ਤਖ਼ਾਰ ਵਲੋਂ ਜਬ ਅੰਮ੍ਰਿਤਸਰ ਜਲ ਰਹਾ ਥਾ (ਲਾਹੌਰ 2000) ਉਰਦੂ ਵਿਚ ਲਿਖੀ ਕਿਤਾਬ ਵੀ ਪੜੀ ਜਾ ਸਕਦੀ ਹੈ।*

# ਜਾਤ ਪਾਤ ਸਿੰਘਨ ਕੀ ਦੰਗਾ

- ਗੁਰਤੇਜ ਸਿੰਘ

ਆਮ ਤੌਰ 'ਤੇ ਕੋਈ ਵੀ ਆਪਣੇ ਆਪ ਨੂੰ ਹੀਣਾ, ਨਿਮਾਣਾ ਅਤੇ ਨਿਤਾਣਾ ਮੰਨਣ ਲਈ ਜਾਂ ਅਖਵਾਉਣ ਲਈ ਤਿਆਰ ਨਹੀਂ। ਸਿੰਘ ਜਿੱਥੇ ਆਪਣੇ ਆਪ ਬਾਰੇ ਟਿੱਚਰਾਂ ਘੜਨ ਲਈ ਮਸ਼ਹੂਰ ਹਨ, ਉਥੇ ਕਾਫ਼ੀ ਸਮਾਂ ਆਪਣੀ ਕੌਮ ਨੂੰ ਹੀਣਾ ਸਾਬਤ ਕਰਨ ਵਿਚ ਵੀ ਖਰਚ ਕਰਦੇ ਹਨ। ਜੇ ਇਹ ਕੇਵਲ ਸਵੈ ਪੜਚੋਲ ਦੀ ਕਿਰਿਆ ਦਾ ਹਿੱਸਾ ਹੁੰਦਾ ਤਾਂ ਵਾਹਵਾ ਸੀ, ਪਰ ਕਈ ਵਾਰ ਆਪਣੇ ਆਪ ਨੂੰ ਭੰਡਣ ਦੀ ਹੱਦ ਤੱਕ ਪਹੁੰਚ ਜਾਂਦਾ ਹੈ। ਸਵੈ ਭੰਡੀ ਵਿਚਾਰਧਾਰਾ ਦੇ ਪ੍ਰਮੁੱਖ ਬੁਲਾਰੇ ਲੋਕ ਮਨ ਨੇ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਅਤੇ ਕਪੂਰ ਸਿੰਘ ਪ੍ਰਵਾਨ ਕਰ ਲਏ ਹਨ। ਸਿਤਮ ਇਹ ਹੈ ਕਿ ਇਹ ਤਿੰਨੋਂ ਹੀ ਸਿੱਖ ਫਲਸਫੇ, ਇਤਿਹਾਸ ਅਤੇ ਗੌਰਵ ਦੇ ਬੇਹੱਦ ਪ੍ਰਭਾਵਸ਼ਾਲੀ ਵਿਆਖਿਆਕਾਰ ਹਨ ਜਿਨਾਂ ਵਿਚ ਅਸੀਮ ਸ਼ਰਧਾ ਅਤੇ ਡੂੰਘਾ ਗਿਆਨ ਹੈ। ਏਨੇ ਤੱਤ ਵੇਤਾ ਬ੍ਰਹਮਗਿਆਨੀਆਂ ਦੇ ਨਾਵਾਂ ਦਾ ਹਲਕੇ ਠੱਠੇ ਲਈ ਪ੍ਰਮਾਣ ਜੁਟਾਉਣ ਲਈ ਵਰਤਿਆ ਜਾਣਾ ਗਿਆਨ ਹੀਣ ਕਰਮ ਹੈ।

ਅੱਜ ਅਸੀਂ ਰਤਨ ਸਿੰਘ ਭੰਗੂ ਦੇ ਲਾਸਾਨੀ ਪੰਥ ਪ੍ਰਕਾਸ਼ ਦੇ ਗਹਿਰ ਗੰਭੀਰ ਵਾਕ 'ਜਾਤ-ਪਾਤ ਸਿੰਘਨ ਕੀ ਦੰਗਾ। ਦੰਗਾ ਹੀ ਇਨ ਗੁਰ ਤੇ ਮੰਗਾ।' ਬਾਰੇ ਹੀ ਵਿਚਾਰ ਕਰਾਂਗੇ, ਜਿਸ ਦੀ ਕਿ ਇਸ ਸੰਦਰਭ ਵਿਚ ਵਰਤੋਂ ਆਮ ਹੈ। ਅਸੀਂ ਜਾਣਦੇ ਹਾਂ ਕਿ ਅਠਾਰਵੀਂ ਸਦੀ ਦੇ ਅੰਤ ਤੱਕ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਸੀ, 'ਤੁਰਕ ਸੁ ਆਟਾ ਸਿੰਘ ਸੁ ਲੂਣ' ਭੰਗੂ ਖੁਦ ਹੀ ਦੱਸਦੇ ਹਨ। ਇਸੇ ਸਦੀ ਵਿਚ ਸਿੰਘਾਂ ਨੂੰ ਦੋ ਘੱਲੂਘਾਰਿਆਂ ਅਤੇ ਅਨੇਕਾਂ ਛੋਟੀਆਂ ਵੱਡੀਆਂ ਜੰਗਾਂ ਦਾ ਜਾਨੀ ਨੁਕਸਾਨ ਝੱਲਣਾ ਪਿਆ ਸੀ। ਤਿੰਨ ਵਾਰ ਤਾਂ ਹਕੂਮਤ ਐਲਾਨ ਕਰ ਚੁੱਕੀ ਸੀ ਕਿ ਸਿੰਘ ਜੜੋਂ ਖਤਮ ਕੀਤੇ ਜਾ ਚੁੱਕੇ ਹਨ। ਬੋਤਾ ਸਿੰਘ ਅਤੇ ਗਰਜਾ ਸਿੰਘ ਵਰਗੇ ਮਨਚਲੇ ਨੌਜਵਾਨਾਂ ਦੀ ਸ਼ਹੀਦੀ ਕੇਵਲ ਸਿੰਘਾਂ ਦੀ ਹੋਂਦ ਅਤੇ ਉਨਾਂ ਦੀ ਪਾਤਿਸ਼ਾਹੀ ਦਾਈਏ ਦੇ ਪ੍ਰਚਾਰ ਲਈ ਹੀ ਹੋਈ ਸੀ। ਦਾਈਏ ਦੀ ਦ੍ਰਿੜਤਾ ਦੱਸਣ ਲਈ ਹੀ ਇਨਾਂ ਜਰਨੈਲੀ ਸੜਕ ਉੱਤੇ ਚੂੰਗੀ ਲਾਈ ਸੀ। ਭੰਗੂ ਠੀਕ ਕਹਿੰਦੇ ਹਨ : 'ਦੌਲਤ ਕੇ ਨਹਿ ਭੁਖੇ ਬੇ ਸਿੰਘ ਚਰਚਾ ਪੰਥ ਚਲਾਣ ਚਹੀ।'

ਇਸ ਸਦੀ ਦੇ ਸਿੰਘ ਸਿੱਖ ਧਰਮ ਦੀ ਨਵੀਂ ਕ੍ਰਾਂਤੀ ਦੀ ਪਹਿਲੀ ਫਸਲ ਸਨ। ਉਨਾਂ ਨੂੰ ਪੱਕਾ ਯਕੀਨ ਸੀ ਕਿ 'ਹਮ ਪਾਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ॥ ਜਹਿੰ ਜਹਿੰ ਬਹੈ ਜਮੀਨ ਮੱਲ ਤਹਿੰ ਤਹਿੰ ਤਖਤ ਬਠਾਇ॥ 391' ਉਹ ਇਹ ਸੰਕਲਪ ਉੱਤੇ ਸੁਪਨੇ ਵਿਚ ਵੀ ਕਿੰਤੂ ਨਹੀਂ ਸਨ ਕਰਦੇ : 'ਜੋ ਸਤਿਗੁਰ ਸਿਖਨ ਕਹੀ ਬਾਤ। ਹੋਗੁ ਸਾਈ ਨਹੀਂ ਖਾਲੀ ਜਾਤ। ਧਰੁ ਵਿਧਰਤ ਔ ਧਉਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।' ਇਸ ਲਈ ਇਨਾਂ ਮੁੱਠੀ ਭਰ ਸਿੰਘਾਂ 'ਕੈ ਰਾਜ ਕਰਹਿੰ ਕੈ ਲੜ ਮਰਹਿੰ' ਦੀ ਧਾਰਨਾ ਉੱਤੇ ਮਹਾਂ ਸੰਘਰਸ਼ ਵਿੱਢਿਆ ਹੋਇਆ ਸੀ। ਇਹ ਨਵਾਬੀ ਦੀ ਨਾ-ਮਾਤਰ ਅਧੀਨਤਾ ਨੂੰ ਵੀ ਠੁਕਰਾਉਂਦੇ ਸਨ। ਮੁਕੰਮਲ ਸ੍ਵੈਧੀਨਤਾ ਹੀ ਇਨਾਂ ਦਾ ਰਾਜਸੀ ਸੰਕਲਪ ਸੀ।

ਸਿੰਘਾਂ ਦੀ ਗਿਣਤੀ ਥੋੜੀ ਸੀ, ਦਾਈਏ ਵੱਡੇ ਸਨ ਅਤੇ ਜ਼ਿੰਮੇਵਾਰੀਆਂ ਅਤਿ ਗੰਭੀਰ ਸਨ। ਇਨਾਂ ਆਪਣੀ ਕੌਮ ਅਤੇ ਸਿੱਖੀ ਵਿਚਾਰਧਾਰਾ ਦੇ ਗੌਰਵ ਨੂੰ ਸੰਸਾਰ ਉੱਤੇ ਪ੍ਰਗਟ ਕਰਨਾ ਸੀ, ਮੁਗਲ ਹਕੂਮਤ ਦੇ ਘੋਰ ਅਨਿਆਂ ਨੂੰ ਠੱਲ ਪਾਉਦੀ ਸੀ ਅਤੇ ਸ਼ਾਹੀ (ਸਰਬ-ਸਮਰੱਥਤਾ) ਹਾਸਲ ਕਰਨੀ ਸੀ। ਹਨੇਰੀ ਵਾਂਗ ਝੁਲਦੇ ਮੁਗਲਾਂ ਦੇ ਦੇਸ਼ ਵਿਚ ਇਹ ਨਿਆਂ, ਅਣਖ ਅਤੇ ਆਜ਼ਾਦੀ ਦੀ ਮਿਸਾਲ ਜਗਦੀ ਰੱਖਣ ਲਈ ਜੂਝ ਰਹੇ ਸਨ। ਆਪਣੀ ਜ਼ਿੰਮੇਵਾਰੀ ਨੂੰ ਸੰਤੋਖਜਨਕ ਤਰੀਕੇ ਨਾਲ ਨਿਭਾਉਣ ਖਾਤਰ ਇਨਾਂ ਉਹ ਰਣਨੀਤੀ ਚੁਣੀ, ਜੋ ਸਦੀਆਂ ਤੋਂ ਕਈ ਜੰਗਜੂ ਕੌਮਾਂ ਅਜਮਾ ਚੁੱਕੀਆਂ ਸਨ। ਇਸ ਰਾਹੀਂ ਇਨਾਂ ਅਹਿਮਦ, ਨਾਦਰ ਵਰਗੇ ਜ਼ਾਲਮਾਂ ਨੂੰ ਮਾਤ ਦਿੱਤੀ ਅਤੇ ਜੇਤੂ ਬਣ ਉਭਰੇ। ਅਹਿਮਦ ਸ਼ਾਹ ਅਬਦਾਲੀ ਜ਼ਮਾਨੇ ਦੇ ਮਹਾਨ ਜਰਨੈਲਾਂ ਵਿਚੋਂ ਸੀ।

ਸ਼ਾਮੀ ਧਰਮ ਦੇ ਸਾਂਝੇ ਬਜ਼ੁਰਗਾਂ ਦੇ ਇਤਿਹਾਸ ਉੱਤੇ ਨਜ਼ਰ ਮਾਰਿਆਂ ਅਸਾਨੂੰ ਸਿੱਖ ਇਤਿਹਾਸ ਨਾਲ ਕਈ ਸਮਾਨਤਾਵਾਂ ਵੇਖਣ ਨੂੰ ਮਿਲਦੀਆਂ ਹਨ। ਪੈਗੰਬਰ ਮੂਸ ਵੇਲੇ ਰੱਬ ਨੇ ਮਿਸਰ ਦੀ ਗੁਲਾਮੀ ਤੋਂ ਇਨਾਂ ਨੂੰ ਮੁਕਤ ਕੀਤਾ ਅਤੇ ਦਸ ਅਹਿਕਾਮ ਲਾਗੂ ਕਰ ਕੇ ਇਸਰਾਇਲੀ ਕੌਮ ਨਾਲ ਅਹਿਦਨਾਮਾ ਕੀਤਾ। ਇਨਾਂ ਦਸ ਅਹਿਕਾਮ ਦੀ ਇੰਨ ਬਿੰਨ ਪਾਲਣਾ ਕਰਨੀ ਸੀ ਅਤੇ ਰੱਬ ਨੇ ਇਨਾਂ ਨੂੰ ਸ਼ਹਿਨਸ਼ਾਹੀ ਬਖ਼ਸਣੀ ਸੀ। ਇਸ ਯਕੀਨ ਨੂੰ ਪਰਪੱਕ ਕਰਨ ਦੀ ਪ੍ਰਕਿਰਿਆ ਵਜੋਂ ਇਨਾਂ ਨੂੰ ਕਈ ਦਹਾਕੇ ਮਾਰੂਥਲਾਂ ਵਿਚ ਭਟਕਣਾ ਪਿਆ ਅਤੇ ਇਮਤਿਹਾਨਾਂ ਵਿਚਦੀ ਗੁਜ਼ਰਨਾ ਪਿਆ। ਆਖ਼ਰ ਉਹ ਸਮਾਂ ਆ ਗਿਆ ਜਦੋਂਕਿ ਸ਼ਹਿਨਸ਼ਾਹੀ ਸਾਹਮਣੇ ਨਜ਼ਰ ਆਉਣ ਲੱਗੀ। ਪੁਰਾਣੀ ਅੰਜੀਲ ਵਿਚ ਤਫ਼ਸੀਲ ਮਿਲਦੀ ਹੈ ਕਿ ਇਸ ਤਰਾਂ ਗ਼ੈਬ ਦੀ ਮਦਦ ਨਾਲ ਵਾਅਦੇ ਵਿਚ ਬਖ਼ਸ਼ੇ ਮੁਲਕ ਉੱਤੇ ਕਬਜ਼ਾ ਕੀਤਾ।

ਮੂਸਾ ਤੋਂ ਬਾਅਦ ਇਨਾਂ ਦਾ ਆਗੂ ਜੋਸ਼ੂਆ ਬਣਿਆ, ਜਿਸ ਨੇ ਮੁਲਕ ਫਤਹਿ ਕਰਨ ਦਾ ਆਰੰਭ ਕੀਤਾ। ਇਹ ਇਕ ਇਕ ਕਰਕੇ ਕਿਲੇ ਨੁਮਾ ਸ਼ਹਿਰਾਂ ਉੱਤੇ ਕਬਜ਼ਾ ਕਰਨ ਲੱਗੇ। ਅਈ ਸ਼ਹਿਰ ਨੂੰ ਫਤਹਿ ਕਰਨ ਦੀ ਕਹਾਣੀ ਬੜੀ ਰੌਚਕ ਹੈ। ਜੋਸ਼ੂਆ ਨੇ ਤੀਹ ਹਜ਼ਾਰ ਫੌਜੀਆਂ ਨੂੰ ਸ਼ਹਿਰ ਦੇ ਆਲੇ ਦੁਆਲੇ ਪਹਾੜੀਆਂ ਵਿਚ ਬਿਠਾ ਦਿੱਤਾ। ਅਗਲੇ ਦਿਨ ਇਨਾਂ ਥੋੜੀ ਜਿਹੀ ਫੌਜ ਨਾਲ ਸ਼ਹਿਰ ਉੱਤੇ ਇਕਦਮ ਹੱਲਾ ਬੋਲ ਦਿੱਤਾ। ਜਦੋਂ ਕੈਨਨਆਈਟ ਸ਼ਹਿਰ ਤੋਂ ਬਾਹਰ ਨਿਕਲ ਕੇ ਇਨਾਂ ਦੇ ਵਿਰੁਧ ਡਟ ਗਏ ਤਾਂ ਇਹ ਇਕਦਮ ਪਿਛਾਂਹ ਨੂੰ ਭੱਜ ਉੱਠੇ। ਸ਼ਹਿਰ ਤੋਂ ਕਾਫ਼ੀ ਦੂਰ ਆ ਕੇ ਇਨਾਂ ਪਲਟਾ ਖਾਧਾ ਅਤੇ ਟੁੱਟ ਕੇ ਦੁਸ਼ਮਣ ਉੱਤੇ ਪੈ ਗਏ। ਪਿੱਛੋਂ ਇਨਾਂ ਦੇ ਸ਼ਹਿਰ ਦੁਆਲੇ ਲੁਕੇ ਫੌਜੀਆਂ ਨੇ ਧਾਵਾ ਕਰਕੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਫੌਜਾਂ ਦਾ ਘੋਰ ਯੁੱਧ ਹੋਇਆ ਅਤੇ ਅੰਤ ਨੂੰ ਫਤਹਿ ਜੋਸ਼ੂਆਂ ਦੇ ਹੱਥ ਰਹੀ।

ਗੁੰਜਾਬਾ ਦਾ ਕਾਜ਼ੀ, ਕਲਾਤ ਦੇ ਮੀਰ ਨਸੀਰ ਖਾਂ ਦਾ ਪੈਰੋਕਾਰ ਸੀ ਅਤੇ ਸ਼ਿਕਾਰਪੁਰ ਜਾਂ ਡੇਰਿਆਂ ਦਾ ਕਾਜ਼ੀ ਬਣਨ ਦੀ ਤਿੱਖੀ ਚਾਹ ਇਸ ਦੇ ਮਨ ਵਿਚ ਸੀ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਵਿਰੁਧ ਜਹਾਦ ਵਿੱਢਿਆ ਅਤੇ ਜਦੋਂ ਜਹਾਦ ਲਈ ਉਤਾਵਲਾ ਨਸੀਰ ਖਾਂ ਉਸ ਦਾ ਹਮ-ਰਕਾਬ ਬਣ ਗਿਆ ਤਾਂ ਕਾਜ਼ੀ ਵੀ 'ਇਕ ਹੱਥ ਵਿਚ ਤਲਵਾਰ ਅਤੇ ਦੂਸਰੇ ਵਿਚ ਕਲਮ' ਲੈ ਕੇ ਜਹਾਦ ਵਿਚ ਸ਼ਾਮਲ ਹੋ ਗਿਆ। ਉਸ ਨੂੰ ਉਮੀਦ ਸੀ ਕਿ ਸਿੱਖਾਂ ਨੂੰ ਮਲੀਆਮੇਟ ਕਰਨ ਤੋਂ ਬਾਅਦ ਡੇਰਿਆਂ ਦੇ ਅਤੇ ਸ਼ਿਕਾਰਪੁਰ ਦੇ ਇਲਾਕੇ ਨਸੀਰ ਖਾਂ ਨੂੰ ਜਗੀਰ ਦੇ ਤੌਰ 'ਤੇ ਬਖਸ਼ੇ ਜਾਣਗੇ। ਜਹਾਦ ਦੇ ਆਰੰਭ ਵਿਚ ਉਸ ਨੇ 1764 ਈਸਵੀ ਵਿਚ 'ਜੰਗਨਾਮਾ' ਲਿਖਣਾ ਸ਼ੁਰੂ ਕੀਤਾ ਅਤੇ ਜੂਨ 1765 ਈਸਵੀ ਵਿਚ ਵਾਪਸ ਜਾ ਕੇ ਮੁਕੰਮਲ ਕੀਤਾ। ਇਸ ਵਿਚ ਉਸ ਨੇ ਅਬਦਾਲੀ ਦੇ ਸੱਤਵੇਂ ਹਮਲੇ ਦਾ ਤਫ਼ਸੀਲ ਨਾਲ ਹਾਲ ਲਿਖਿਆ ਹੈ।

'ਜੰਗਨਾਮੇ' ਦੇ ਸਰਸਰੀ ਪਾਠ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਮਹਾਨ ਜਰਨੈਲ ਦਾ ਇਹ ਸੱਤਵਾਂ ਹਮਲਾ ਮੁਕੰਮਲ ਤੌਰ 'ਤੇ ਨਾਕਾਮ ਰਿਹਾ ਅਤੇ ਉਧਰੋਂ ਸਦੀਆਂ ਤੋਂ ਆ ਰਹੇ ਜਰਵਾਣਿਆਂ ਦੇ ਸਦਾ ਲਈ ਹੌਂਸਲੇ ਪਸਤ ਕਰਨ ਵਾਲਾ ਸਾਬਤ ਹੋਇਆ। ਹਨੇਰੀ ਵਾਂਗ ਝੁੱਲ ਜਾਣ ਵਾਲੇ ਅਹਿਮਦ ਦੇ ਟਿੱਡੀ ਦਲ ਆਪਣੀ ਛਾਉਣੀ ਵਿਚ ਹੀ ਕੈਦ ਰਹੇ ਅਤੇ ਸਾਰਾ ਸਮਾਂ ਫੂਕ ਫੂਕ ਕੇ ਕਦਮ ਰੱਖਦੇ ਰਹੇ। ਕਈ ਵਾਰ ਉਸ ਨੇ ਜਹਾਦੀ ਜੋਸ਼ ਵਿਚ ਉਬਲ ਰਹੇ ਜਰਨੈਲਾਂ ਨੂੰ ਸਮਝਾਇਆ, 'ਹਾਲਾਂਕਿ ਤੁਸੀਂ ਸ਼ੇਰਾਂ ਵਾਂਗ ਬਹਾਦਰ ਹੋ, ਫੇਰ ਵੀ ਤੁਸੀਂ ਬਹੁਤਾ ਅੱਗੇ ਨਹੀਂ ਵਧਣਾ, ਆਪਣੀ ਥਾਵੇਂ ਖੜ ਕੇ ਲੜਨ ਦੀ ਕੋਸ਼ਿਸ਼ ਕਰੋ। ਸਿੰਘ ਬੜੇ ਪੱਕੇ ਇਰਾਦੇ ਦੇ ਹਨ ਅਤੇ ਜੰਗ ਵਿਚ ਭਾਂਬੜ ਬਣ ਮੱਚਦੇ ਹਨ। ਇਨਾਂ ਦੇ ਬਜ਼ੁਰਗ ਵੀ ਇਵੇਂ ਕਰਦੇ ਸਨ ਅਤੇ 'ਕੱਲੇ 'ਕੱਲੇ ਦੁਸ਼ਮਣ ਫੌਜਾਂ ਨਾਲ ਬੇਖੌਫ਼ ਜਾ ਟਕਰਾਉਂਦੇ ਸਨ।'

ਇਹ ਕ੍ਰਿਸ਼ਮਾ ਸੀ ਉਸ ਯੁੱਧ ਨੀਤੀ ਅਤੇ ਰਣਜੁਗਤ ਦਾ ਜੋ ਸਿੰਘਾਂ ਨੇ ਅਹਿਮਦ ਸ਼ਾਹ ਵਿਰੁਧ ਵਰਤੀ ਅਤੇ ਜਿਸ ਦੀ ਤਫ਼ਸੀਲ ਸਾਨੂੰ 'ਜੰਗਨਾਮੇ' ਤੋਂ ਪ੍ਰਾਪਤ ਹੁੰਦੀ ਹੈ। ਪੰਜਾਬ ਵਿਚ ਪੈਰ ਰੱਖਣ ਤੋਂ ਲੈ ਕੇ ਸਰਹਿੰਦ ਹੋ ਕੇ ਵਾਪਸ ਨਿਕਲਣ ਤੱਕ ਜਹਾਦੀਆਂ ਦੇ ਡੇਰਿਆਂ ਵਿਚ ਸਿੰਘਾਂ ਦਾ ਆਤੰਕ ਛਾਇਆ ਰਿਹਾ ਅਤੇ ਸਦਾ ਲਈ ਦੁਸ਼ਮਣ ਦੇ ਮਨ ਉੱਤੇ ਸਿੰਘਾਂ ਦੇ ਜੰਗਜੂ ਸੁਭਾਅ ਦਾ ਲੋਹਾ ਬੈਠ ਗਿਆ। ਆਪਣੀ ਸ਼ਿਕਸਤ ਅਤੇ ਨਮੋਸ਼ੀ ਨੂੰ ਲੁਕਾਉਣ ਲਈ ਪਿੰਡਾਂ ਦੇ ਨਿੱਹਥੇ ਲੋਕਾਂ ਦੇ ਕਤਲੇਆਮ ਅਤੇ ਲੁੱਟ ਮਾਰ ਦਾ ਹੁਕਮ ਦੇ ਕੇ ਉਸ ਨੇ ਸਗੋਂ ਆਪਣੇ ਇਖ਼ਲਾਕ ਉੱਤੇ ਕਦੇ ਨਾ ਮਿਟਣ ਵਾਲਾ ਧੱਬਾ ਲਗਵਾਇਆ। ਦੀਨ ਮਜ਼ਬ ਲਈ ਲੜੀ ਜਾ ਰਹੀ ਜੰਗ ਦੇ ਮੱਥੇ ਉੱਤੇ ਕਲੰਕ ਉਸ ਨੇ ਉਸ ਵੇਲੇ ਲਗਵਾਇਆ, ਜਦੋਂ ਉਸ ਨੇ ਤੀਹ ਹਜ਼ਾਰ ਦੀ ਫੌਜ ਨਾਲ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ। ਹਾਲਾਂਕਿ ਉਥੇ ਬਾਬਾ ਗੁਰਬਖਸ਼ ਸਿੰਘ ਨਿਹੰਗ, ਮਾਨ ਸਿੰਘ, ਬਸੰਤ ਸਿੰਘ ਅਤੇ ਨਿਹਾਲ ਸਿੰਘ ਸਮੇਤ ਕੇਵਲ ਤੀਹ ਸਿੰਘ ਹੀ ਗੁਰਧਾਮ ਦੀ ਰਾਖੀ ਲਈ ਮੌਜੂਦ ਸਨ। ਚਮਕੌਰ, ਸਾਰਾਗੜੀ ਅਤੇ ਅਕਾਲ ਤਖਤ ਦੀ ਜੰਗ ਵਾਂਗ ਅਬਦਾਲੀ ਦੀ ਇਹ ਜੰਗ ਸੰਸਾਰ ਦੀਆਂ ਸਭ ਤੋਂ ਅਸਾਵੀਆਂ ਜੰਗਾਂ ਵਿਚੋਂ ਸੀ।

**- ਸਿੰਘਾਂ ਦੀ ਗਿਣਤੀ ਥੋੜੀ ਸੀ, ਦਾਈਏ ਵੱਡੇ ਸਨ ਅਤੇ ਜ਼ਿੰਮੇਵਾਰੀਆਂ ਅਤਿ ਗੰਭੀਰ ਸਨ।**

**- ਸਨਮੁਖ ਸਿੰਘਾਂ ਨੇ ਵੱਡੇ ਚਾਅ ਨਾਲ ਸ਼ਹੀਦੀਆਂ ਪ੍ਰਾਪਤ ਕਰਕੇ ਜਹਾਦੀਆਂ ਨੂੰ ਸਦਾ ਲਈ ਕਲੰਕੀ ਕਰ ਦਿੱਤਾ।**

**- ਮੇਰੀ ਆਪਣੀ ਬਾਦਸ਼ਾਹੀ ਦੇ ਦੌਰਾਨ ਖੁਦ ਮੇਰੀ ਪਾਲਕੀ ਸਿੱਖਾਂ ਦੇ ਡਰ ਤੋਂ ਕੰਬ ਰਹੀ ਹੈ।**

**- ਅਸੀਂ ਗੁਪਤ ਅਤੇ ਅਸ਼ੋਕ ਤੋਂ ਵੱਡਾ ਸਾਮਰਾਜ ਉਸਾਰਿਆ ਅਤੇ ਅੱਧੇ ਸੰਸਾਰ ਉੱਤੇ ਰਾਜ ਕਰ ਰਹੇ ਅੰਗਰੇਜ਼ਾਂ ਦੇ ਅਸੀਂ ਹਰ ਜੰਗ ਵਿਚ ਗੋਡੇ ਲਗਵਾਏ।**

ਸਨਮੁਖ ਸਿੰਘਾਂ ਨੇ ਵੱਡੇ ਚਾਅ ਨਾਲ ਸ਼ਹੀਦੀਆਂ ਪ੍ਰਾਪਤ ਕਰਕੇ ਜਹਾਦੀਆਂ ਨੂੰ ਸਦਾ ਲਈ ਕਲੰਕੀ ਕਰ ਦਿੱਤਾ। ਇਤਿਹਾਸ ਸਦਾ ਪੁੱਛਦਾ ਰਹੇਗਾ ਕਿ ਜੇ ਇਹ ਜਹਾਦੀ ਸਨ ਤਾਂ ਕਾਇਰ ਕੌਣ ਹੁੰਦੇ ਹਨ? ਇਸ ਤੋਂ ਵੱਡਾ ਕੁਕਰਮ ਇਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਢੁਆ ਕੇ ਕੀਤਾ, ਜਿਸ ਦੀ ਇੱਟ ਨੱਕ ਉੱਤੇ ਲੱਗਣ ਨਾਲ ਆਖਰ ਇਸ ਦੀ ਮੌਤ ਹੋਈ। ਇਹ ਜਹਾਦੀ ਬਹਾਦਰ ਦੇ ਕਾਰਨਾਮੇ ਨਹੀਂ ਸਨ, ਬਲਕਿ ਅੰਦਰੋਂ ਡਰੇ ਹੋਏ ਬਾਹਰੋਂ ਭੂਤਰੇ ਜਾਨਵਰ ਦੇ ਕਾਰੇ ਸਨ। ਸ਼ਾਇਦ ਤਾਹੀਓਂ ਸਿੰਘ ਇਸ ਨੂੰ 'ਕਾਬਲੀ ਬਿੱਲਾ' ਆਖਦੇ ਸਨ। ਆਖਰ ਅਬਦਾਲੀ ਮੁਕੰਮਲ ਬੇਵਸੀ ਦੀ ਹਾਲਤ ਵਿਚ ਵਾਸਪ ਵਰਤਿਆ। ਚਨਾਬ ਵਾਪਸ ਲੰਘਦਿਆਂ ਸਿੰਘਾਂ ਦੇ ਡਰੋਂ ਉਸ ਦੀ ਫੌਜ ਵਿਚ ਐਸੀ ਅਫ਼ਰਾ ਤਫ਼ਰੀ ਪਈ ਕਿ ਕਾਜ਼ੀ ਲਿਖਦਾ ਹੈ, 'ਮਾਵਾਂ ਨੇ ਪੁੱਤਾਂ ਨੂੰ ਵੀ ਨਾ ਸੰਭਾਲਿਆ ਅਤੇ ਕਈ ਹਜ਼ਾਰ ਗਾਜ਼ੀ ਦਰਿਆ ਦੀ ਭੇਟ ਚੜ ਗਏ। ਮੁਲਕ ਪਹੁੰਚ ਕੇ ਅਬਦਾਲੀ ਨੇ ਚਨਾਬ, ਝੰਗ, ਮੁਲਤਾਨ ਅਤੇ ਡੇਰਿਆਂ ਨੂੰ ਜਾਗੀਰ ਦੇ ਤੌਰ 'ਤੇ ਦੇਣਾ ਚਾਹਿਆ ਤਾਂ ਮੀਰ ਨਸੀਰ ਖਾਂ ਸਮੇਤ ਕਿਸੇ ਬਲੋਚ ਸਰਦਾਰ ਨੇ ਇਸ ਨੂੰ ਕਬੂਲ ਨਾ ਕੀਤਾ।'

ਸੂਰਬੀਰ ਸਿੰਘਾਂ ਦੀ ਰਣਨੀਤੀ ਦੀ ਵਿਆਖਿਆ ਕਰਨ ਤੋਂ ਪਹਿਲਾਂ ਆਓ ਇਕ ਪੰਛੀ ਝਾਤ ਯੂਰਪ ਦੇ ਮਹਾਨ ਜੇਤੂ ਜਰਨੈਲ ਦੀਆਂ ਲਿਖੀਆਂ ਸੰਸਾਰ ਪ੍ਰਸਿੱਧ ਅੱਠ ਪੁਸਤਕਾਂ ਉੱਤੇ ਵੀ ਮਾਰ ਲਈਏ, ਜਿਨਾਂ ਵਿਚ ਸਿੰਘਾਂ ਨਾਲ ਮਿਲਦੀ ਯੁੱਧ ਜੁਗਤ ਦਾ ਜ਼ਿਕਰ ਹੈ। ਚੰਗੇਜ ਖਾਂ, ਨਾਦਰ ਅਤੇ ਅਬਦਾਲੀ ਵਾਂਗ ਰੋਮ ਦਾ ਜੂਲੀਅਸ ਸੀਜ਼ਰ ਵੀ ਇਕ ਮਹਾਨ ਯੋਧਾ ਸੀ। ਉਸ ਨੇ ਯੂਰਪ ਵਿਚ ਕੀਤੇ ਯੁੱਧਾਂ ਦਾ ਆਪਣੀ ਕਲਮ ਨਾਲ ਵਰਨਣ ਕੀਤਾ ਹੈ। ਜਰਮਨੀ ਵਿਚ ਉਸ ਦੇ ਵਿਰੋਧੀ ਉਹ ਮਸ਼ਹੂਰ ਸੈਲਟਿਕ ਗੌਲ ਸਨ, ਜਿਨਾਂ 390 ਈਸਾ ਪੂਰਬ ਵਿਚ ਰੋਮ ਦੀ ਵੀ ਇੱਟ ਨਾਲ ਇੱਟ ਵਜਾ ਦਿੱਤੀ ਸੀ। ਇਨਾਂ ਸਾਰਾ ਰੋਮ ਫਤਹਿ ਕਰ ਲਿਆ ਸੀ ਅਤੇ ਕੇਵਲ ਕੈਪੀਟਲ ਦੀ ਪਹਾੜੀ ਰਹਿੰਦੀ ਸੀ। ਰੋਮ ਆਪਣਾ ਗੌਰਵਮਈ ਇਤਿਹਾਸ ਸਿਰਜਣ ਤੋਂ ਪਹਿਲਾਂ ਹੀ ਇਤਿਹਾਸ ਦੀ ਧੂੜ ਵਿਚ ਸਮਾ ਜਾਣ ਦੇ ਕੰਢੇ ਖੜਾ ਸੀ। ਇਨਾਂ ਮੂੰਹ ਹਨੇਰੇ ਸੁੱਤੇ ਪਏ ਕੈਪੀਟਲ ਉੱਤੇ ਹਮਲਾ ਕੀਤਾ। ਇਕ ਪਲ ਵਿਚ ਖੇਡ ਖਤਮ ਹੋ ਜਾਣੀ ਸੀ, ਪ੍ਰੰਤੂ ਮੰਦਿਰ ਦੀਆਂ ਪਵਿੱਤਰ ਬਤਖਾਂ ਨੇ ਕੈਂ ਕੈਂ ਕਰਕੇ ਸਭ ਨੂੰ ਜਗਾ ਦਿੱਤਾ ਅਤੇ ਰੋਮ ਬਚ ਗਿਆ। ਇਸ ਦੇ ਨਾਲ ਨਾਲ ਉਹ ਕੈਂਟ ਦੇ ਲੋਕਾਂ ਬਾਰੇ ਵੀ ਲਿਖਦਾ ਹੈ। ਮਹਾਰਾਜਾ ਦਲੀਪ ਸਿੰਘ ਨੂੰ ਜਦੋਂ ਵਲਾਇਤ ਵਸਾਇਆ ਗਿਆ ਸੀ ਤਾਂ ਦੱਸਿਆ ਸੀ ਕਿ ਇਥੋਂ ਦੇ ਲੋਕ ਤੁਹਾਡੇ ਸਾਂਝੇ ਪੁਰਵਜ਼ਾਂ ਦੀ ਸੰਤਾਨ ਹਨ।

ਕੈਂਟ ਦੇ ਕੇਸਾਧਾਰੀ ਲੋਕਾਂ ਨਾਲ ਕੀਤੇ ਯੁੱਧ ਬਾਰੇ ਰੋਮ ਦਾ ਜਰਨੈਲ ਜੂਲੀਅਸ ਸੀਜ਼ਰ ਲਿਖਦਾ ਹੈ : 'ਇਹ ਲੋਕ ਲੜਦੇ ਲੜਦੇ ਜਾਣਬੁੱਝ ਕੇ ਪਿਛਾਂਹ ਹਟ ਜਾਂਦੇ ਹਨ ਅਤੇ ਜਦੋਂ ਸਾਡੇ ਘੋੜ ਸਵਾਰ ਇਨਾਂ ਦਾ ਪਿੱਛਾ ਕਰਦੇ ਦੂਰ ਨਿਕਲ ਜਾਂਦੇ ਤਾਂ ਇਹ ਆਪਣੇ ਰੱਥਾਂ ਨੂੰ ਛੱਡ ਇਨਾਂ ਨਾਲ ਯੁੱਧ ਕਰਦੇ। ਇਹ ਇਕੱਠੇ ਹੋ ਕੇ ਕਦੇ ਨਾ ਲੜਦੇ ਅਤੇ ਸਦਾ ਛੋਟੇ ਛੋਟੇ ਜਥਿਆਂ ਵਿਚ ਆਉਂਦੇ। ਅਸੀਂ ਚਾਹੇ ਹਮਲਾ ਕਰਦੇ, ਚਾਹੇ ਪਿਛਾਂਹ ਪਰਤਦੇ, ਇਨਾਂ ਨਾਲ ਲੜਨਾ ਇੱਕੋ ਜਿੰਨਾ ਖਤਰਨਾਕ ਸੀ।' ਇਹ ਜ਼ਿਕਰ ਹੈ ਈਸਾ ਤੋਂ 52 ਸਾਲ ਪਹਿਲਾਂ ਲੜੀ ਲੜਾਈ ਦਾ।

ਇਸੇ ਤਰਾਂ 56 ਈਸਾ ਪੂਰਬ ਲੜੇ ਗੌਲ ਯੁੱਧ ਦਾ ਵਰਨਣ ਵੀ ਉਹ ਕਰਦਾ ਹੈ :'ਉਹ ਜਾਣਦੇ ਸਨ ਕਿ ਉਨਾਂ ਦਾ ਤਕੜੇ ਤੋਂ ਤਕੜਾ ਕਬੀਲਾ ਆਹਮੋ ਸਾਹਮਣੇ ਲੜਾਈ ਵਿਚ ਸਾਡਾ ਮੁਕਾਬਲਾ ਨਹੀਂ ਕਰ ਸਕਦਾ। ਇਨਾਂ ਜੰਗਲਾਂ ਵਿਚ ਜਾ ਵਾਸਾ ਕੀਤਾ। ਇਹ ਇਕਦਮ ਬਾਹਰ ਨਿਕਲ ਕੇ ਹਮਲਾ ਕਰਦੇ ਅਤੇ ਛੇਤੀ ਪਰਤ ਜਾਂਦੇ। ਇਨਾਂ ਦਾ ਪਿੱਛਾ ਕਰਦੇ ਸਾਡੇ ਸਿਪਾਹੀ ਮਾਰੇ ਜਾਂਦੇ।' ਇਸ ਸਾਲ ਫੈਰਾਗਰੀ ਸ਼ਹਿਰ ਵਿਚ ਬੈਠੀ ਰੋਮਨ ਫੌਜ ਨੂੰ ਇਨਾਂ ਇਉਂ ਠਿੱਠ ਕੀਤਾ; 'ਦੁਸ਼ਮਣ ਇਕ ਇਸ਼ਾਰੇ ਉੱਤੇ ਇਕਦਮ ਝਪਟ ਕੇ ਸਾਡੇ ਉੱਤੇ ਹਮਲਾ ਕਰਦੇ, ਸੋਚਣ ਦਾ ਸਮਾਂ ਨਾ ਦਿੰਦੇ, ਜਦੋਂ ਥੱਕ ਕੇ ਪਿਛਾਂਹ ਹਟਦੇ ਤਾਂ ਦੂਸਰੇ ਤਾਜ਼ਾ ਦਮ ਸਿਪਾਹੀ ਆ ਜਾਂਦੇ।'

ਸਿੰਘਾਂ ਦੀ ਰਣਨੀਤੀ, ਜਿਸ ਨੇ ਅਹਿਮਦ ਸ਼ਾਹ ਵਰਗੇ ਜਰਨੈਲ ਦੇ ਪਰ ਕੱਟ ਕੇ ਰੱਖ ਦਿੱਤੇ ਸਨ, ਇੰਨ ਬਿੰਨ ਪੁਰਾਤਨ ਇਜ਼ਰਾਈਲ ਕੈਂਟ ਅਤੇ ਗੌਲ ਦੇ ਲੋਕਾਂ ਨਾਲ ਮਿਲਦੀ ਹੈ। ਕਾਜ਼ੀ ਨੂਰ ਮੁਹੰਮਦ ਦਾ ਬਿਆਨ ਹੈ ਕਿ ਅਹਿਮਦ ਸ਼ਾਹ ਸਿੰਘਾਂ ਨਾਲ ਆਹਮੋ ਸਾਹਮਣੇ ਲੜਨ ਨੂੰ ਤਰਸਦਾ ਰਿਹਾ। ਸਿੱਖ ਫੌਜ ਅਬਦਾਲੀ ਦੀ ਛਾਉਣੀ ਦੇ ਨੇੜੇ ਤੇੜੇ ਪਰਛਾਵੇਂ ਵਾਂਗ ਉਸ ਦੇ ਨਾਲ ਰਹੀ, ਪ੍ਰੰਤੂ ਕਦੇ ਉਸ ਦੀ ਗ੍ਰਿਫ਼ਤ ਵਿਚ ਨਹੀਂ ਆਈ। ਸੈਂਕੜੇ ਮੀਲ ਦੇ ਸਫ਼ਰ ਵਿਚ ਉਨਾਂ ਅਮੂਮਨ ਅਚਾਨਕ ਹਮਲੇ ਕੀਤੇ, ਪਰ ਕਦੇ ਵੀ ਜੰਮ ਕੇ ਜੰਗ ਨਾ ਲੜੀ। ਉਨਾਂ ਰੱਜ ਕੇ ਅਬਦਾਲੀ ਨੂੰ ਕੁੱਟਿਆ, ਲੁੱਟਿਆ ਅਤੇ ਉਸ ਦੀ ਹਿਲਜੁਲ ਉੱਤੇ ਮੁਕੰਮਲ ਕੰਟਰੋਲ ਵੀ ਰੱਖਿਆ। ਸਿੰਘਾਂ ਨੇ ਅਬਦਾਲੀ ਦੇ ਉਦਾਲੇ ਸਖਤ ਘੇਰਾ ਰੱਖਿਆ ਅਤੇ ਉਸ ਨੂੰ ਡੱਬਾ ਬੰਦ ਕਰਕੇ ਸਰਹਿੰਦ ਤੱਕ ਲੈ ਗਏ। ਥਕਾ ਕੇ, ਖੱਜਲ ਖੁਆਰ ਕਰਕੇ ਅਤੇ ਹੈਰਾਨ ਪ੍ਰੇਸ਼ਾਨ ਕਰਕੇ ਵਾਪਸ ਕਰ ਦਿੱਤ।

ਰਣਨੀਤੀ ਬਾਰੇ ਆਮ ਤੌਰ 'ਤੇ ਕਾਜ਼ੀ ਲਿਖਦਾ ਹੈ : 'ਇਹ ਕਿਤੇ ਵੀ ਨਜਰ ਨਹੀਂ ਆਉਂਦੇ, ਜਿੱਧਰ ਨੂੰ ਵੀ ਧਾਵਾ ਬੋਲੀਏ ਉਧਰੋਂ ਗਾਇਬ ਹੋ ਜਾਂਦੇ ਹਨ।' ਆਪਣੀ ਕਿਤਾਬ ਦੇ ਇਕਤਾਲੀਵੇਂ ਹਿੱਸੇ ਵਿਚ ਉਹ ਲਿਖਦਾ ਹੈ :'ਜੇ ਇਨਾਂ ਦੀਆਂ ਫੌਜਾਂ ਰਣ ਵਿਚੋਂ ਇਕਦਮ ਭੱਜ ਜਾਣ ਤਾਂ ਇਸ ਨੂੰ ਅਸਲੀਅਤ ਨਾ ਜਾਣੀ। ਇਹ ਇਨਾਂ ਦੀ ਯੁੱਧ ਜੁਗਤ ਹੈ। ਖ਼ਬਰਦਾਰ! ਦੁਬਾਰੇ ਫੇਰ ਖ਼ਬਰਦਾਰ!! ਇਸ ਚਾਲ ਦਾ ਮਕਸਦ ਹੈ ਦੁਸ਼ਮਣ ਉੱਤੇ ਟੁੱਟ ਪੈਂਦੇ ਹਨ ਅਤੇ ਪਾਣੀਆਂ ਨੂੰ ਵੀ ਅੱਗ ਲਗਾ ਦਿੰਦੇ ਹਨ।' ਸਦੀਆਂ ਤੋਂ ਬੇਖੌਫ਼ ਆਉਂਦੇ, ਲੁੱਟ ਮਾਰ ਕੇ ਮਾਲਾਮਾਲ ਹੋ ਅਮਨ ਨਾਲ ਵਾਪਸ ਪਰਤਣ ਦੇ ਆਦੀ ਧਾੜਵੀਆਂ ਦਾ ਇਸ ਰਣਨੀਤੀ ਨੇ ਨੱਕ ਵਿਚ ਦਮ ਕਰ ਦਿੱਤਾ। ਅਬਦਾਲੀ ਨਾ ਲਾਹੌਰ ਵੜ ਸਕਿਆ, ਨਾ ਦਿੱਲੀ ਵੱਲ ਮੂੰਹ ਕਰ ਸਕਿਆ। ਆਖਰ ਉਸ ਨੂੰ ਕਹਿਣਾ ਪਿਆ, 'ਵੇਖੋ ਮੇਰੀ ਆਪਣੀ ਬਾਦਸ਼ਾਹੀ ਦੇ ਦੌਰਾਨ ਖੁਦ ਮੇਰੀ ਪਾਲਕੀ ਸਿੱਖਾਂ ਦੇ ਡਰ ਤੋਂ ਕੰਬ ਰਹੀ ਹੈ।'

ਸਿੰਘਾਂ ਦੀ ਜਾਂ-ਬਾਜੀ, ਉੱਚੇ ਆਚਰਣ, ਅਸਤਰ-ਸ਼ਸਤਰ ਵਰਤਣ ਵਿਚ ਮੁਹਾਰਤ, ਜੰਗਜੂ ਸੁਭਾਅ ਅਤੇ ਯੁੱਧਨੀਤੀ ਦੀ ਤਾਰੀਫ਼ ਕਰਦਾ ਹੋਇਆ ਕਾਜ਼ੀ ਨੂਰ ਮੁਹੰਮਦ ਕਹਿੰਦਾ ਹੈ : ਯੁੱਧਨੀਤੀ ਤੋਂ ਇਲਾਵਾ ਇਨਾਂ ਦੀਆਂ ਹੋਰ ਸਿਫ਼ਤਾਂ ਸੁਣ, ਇਹ ਕਾਇਰ ਨੂੰ ਮਾਰਦੇ ਨਹੀਂ, ਰਣ ਛੱਡ ਕੇ ਭੱਜੇ ਜਾਂਦੇ ਨੂੰ ਰੋਕਦੇ ਨਹੀਂ, ਔਰਤਾਂ ਨੂੰ ਲੁੱਟਦੇ ਨਹੀਂ, ਨਾ ਰਾਣੀ ਨੂੰ ਨਾ ਗੋਲੀ ਨੂੰ, ਤਲਵਾਰੀਏ!

ਤੂੰ ਇਨਾਂ ਕੋਲੋਂ ਸਿੱਖ ਕਿ ਜੇਤੂਆਂ ਵਾਂਗ ਕਿਵੇਂ ਦੁਸ਼ਮਣ ਦਾ ਮੁਕਾਬਲਾ ਕਰੀਦਾ ਹੈ। ਇਹ ਯੁੱਧ ਦੇ ਸ਼ੇਰ ਹਨ, ਨੇਜਾ ਚੁੱਕ ਲੈਣ ਤਾਂ ਦੁਸਮਣ ਨੂੰ ਭਾਜੜਾਂ ਪਾ ਦਿੰਦੇ ਹਨ। ਜਦੋਂ ਇਹ ਕਮਾਨ ਸਾਧ ਕੇ ਚਿੱਲਾ ਕੰਨ ਤੱਕ ਖਿੱਚਦੇ ਹਨ ਤਾਂ ਦੁਸ਼ਮਣ ਕੰਬਣ ਲੱਗ ਪੈਂਦਾ ਹੈ। ਇਨਾਂ ਦੀ ਕੁਹਾੜੀ ਕਿਸੇ ਬਖਤਰਬੰਦ ਦੇ ਵੱਜ ਜਾਏ ਤਾਂ ਉਸ ਦਾ ਜ਼ਿਰਾਬਖਤਰ ਉਸ ਦੀ ਕਬਰ ਬਣ ਜਾਂਦਾ ਹੈ। ਇਉਂ ਜਾਪਦਾ ਹੈ ਕਿ ਬੰਦੂਕ ਲੁਕਮਾਨ ਨੇ ਨਹੀਂ, ਬਲਕਿ ਇਨਾਂ ਈਜਾਦ ਕੀਤੀ ਸੀ। ਇਨਾਂ ਵਰਗਾ ਤੁਫੰਗਚੀ ਕੋਈ ਹੋਰ ਨਹੀਂ", ਆਦਿ ਆਦਿ।

ਬਾਕੀ ਸਫ਼ਾ 31 'ਤੇ

# ਧਰਤੀ ਹੇਠਲਾ ਪਾਣੀ



**- ਡਾ. ਹਰਸ਼ਿੰਦਰ ਕੌਰ, ਐਮ. ਡੀ.**

ਅਮਰੀਕਾ ਵਰਗਾ ਮੁਲਕ ਵੀ ਆਪਣੀ ਧਰਤੀ ਹੇਠਲਾ 65 ਫੀਸਦੀ ਪਾਣੀ ਖੇਤੀ ਲਈ ਵਰਤ ਰਿਹਾ ਹੈ। ਬਾਕੀ ਮੁਰਗੀ ਪਾਲਣ ਜਾਂ ਹੋਰ ਪੰਛੀਆਂ ਨੂੰ ਪਾਲਣ ਲਈ ਵਰਤਿਆ ਜਾ ਰਿਹਾ ਹੈ।

ਧਰਤੀ ਹੇਠਲੇ ਪਾਣੀ ਵਿੱਚ ਕੀਟਨਾਸ਼ਕ, ਗੈਸ, ਤੇਲ, ਸੈਪਟਿਕ ਟੈਂਕ ਤੇ ਫੈਕਟਰੀਆਂ ਵਿੱਚੋਂ ਨਿਕਲਦੀ ਗੰਦਗੀ ਰਲਦੀ ਜਾ ਰਹੀ ਹੈ ਜੋ ਪੀਣ ਯੋਗ ਪਾਣੀ ਨੂੰ ਪਲੀਤ ਕਰ ਚੁੱਕੀ ਹੈ। ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਹਵਾ ਵਿਚਲੀ ਗੰਦਗੀ ਵੀ ਹੌਲੀ-ਹੌਲੀ ਹੇਠਾਂ ਆਉਂਦੀ ਜ਼ਮੀਨ ਥੱਲੇ ਪਹੁੰਚ ਜਾਂਦੀ ਹੈ।

ਜ਼ਮੀਨ ਹੇਠਲਾ ਪਾਣੀ ਵਾਤਾਵਰਣ ਵਿਚਲੀਆਂ ਤਬਦੀਲੀਆਂ ਉੱਤੇ ਵੀ ਅਸਰ ਪਾਉਂਦਾ ਹੈ। ਇਸੇ ਮੌਸਮ ਵਿੱਚ ਤਬਦੀਲੀ ਸਦਕਾ ਹੀ ਬਰਸਾਤ ਦੇ ਮੌਸਮ ਦਾ ਵਾਧਾ ਘਾਟਾ ਵੀ ਵੇਖਣ ਵਿੱਚ ਆ ਰਿਹਾ ਹੈ। ਉਸੇ ਆਧਾਰ ਉੱਤੇ ਗਰਮੀ ਵਿੱਚ ਵਾਧਾ ਅਤੇ ਨਦੀਆਂ ਵਿਚਲੇ ਪਾਣੀ ਦੀ ਘਾਟ ਦਿਸਣ ਲੱਗ ਪਈ ਹੈ।

ਕਿਸੇ ਪਾਸੇ ਹੜ ਤੇ ਕਿਤੇ ਮਿੱਟੀ ਵਿਚਲੀ ਨਮੀ ਦੀ ਕਮੀ ਸਦਕਾ ਘੱਟ ਫਸਲ ਦਾ ਉੱਗਣਾ ਵੇਖਣ ਨੂੰ ਮਿਲ ਰਿਹਾ ਹੈ। ਪਹਾੜਾਂ ਦਾ ਸਰਕਣਾ ਤੇ ਜ਼ਮੀਨ ਦਾ ਧਸਣਾ ਵੀ ਧਰਤੀ ਹੇਠਲੇ ਪਾਣੀ ਦੀ ਕਮੀ ਸਦਕਾ ਹੋ ਰਿਹਾ ਹੈ।

ਇਹ ਵੀ ਸਪਸ਼ਟ ਹੋ ਚੁੱਕਿਆ ਹੈ ਕਿ ਅਨੇਕ ਤਰਾਂ ਦੀ ਵਨਸਪਤੀ ਪਾਣੀ ਦੀ ਕਮੀ ਸਦਕਾ ਧਰਤੀ ਤੋਂ ਅਲੋਪ ਹੋ ਚੁੱਕੀ ਹੈ। ਪੂਰੀ ਧਰਤੀ ਦੀ 40 ਫੀਸਦੀ ਫਸਲ ਸਿਰਫ਼ ਧਰਤੀ ਹੇਠਲੇ ਪਾਣੀ ਉੱਤੇ ਆਧਾਰਿਤ ਹੈ ਜਿਸ ਦੀ ਵਿਸ਼ਵ ਪੱਧਰ ਉੱਤੇ ਕਮੀ ਵੇਖਣ ਨੂੰ ਮਿਲ ਰਹੀ ਹੈ।

ਕੁਦਰਤੀ 'ਵਾਟਰ ਸਾਈਕਲ' ਵਿੱਚ ਗੜਬੜੀ ਵੀ ਧਰਤੀ ਹੇਠਲੇ ਪਾਣੀ ਦੀ ਕਮੀ ਸਦਕਾ ਹੈ ਜਿਸ ਨਾਲ ਕੁਦਰਤੀ ਪਾਣੀ ਸਮੁੰਦਰਾਂ ਵਿੱਚ ਰਲਣ ਲੱਗ ਪਿਆ ਹੈ।

ਭਾਰਤ, ਚੀਨ ਅਤੇ ਅਮਰੀਕਾ ਵਿੱਚ ਪਾਣੀ ਦੀ ਕਮੀ ਜ਼ਿਆਦਾ ਚਿੰਤਾ ਦਾ ਕਾਰਨ ਇਸ ਲਈ ਬਣ ਰਹੀ ਹੈ ਕਿਉਂਕਿ ਦੁਨੀਆ ਦੀ ਲਗਭਗ ਅੱਧੀ ਆਬਾਦੀ ਇਨਾਂ ਮੁਲਕਾਂ ਵਿੱਚ ਹੀ ਹੈ। ਇਨਾਂ ਥਾਵਾਂ ਵਿੱਚ ਧਰਤੀ ਹੇਠਲੇ ਪਾਣੀ ਦੇ ਸ੍ਰੋਤ, ਜਿਨਾਂ ਨੂੰ 'ਐਕਿਊਫਾਇਰ' ਕਹਿੰਦੇ ਹਨ, ਘਟ ਚੁੱਕੇ ਹਨ।

ਨੈਸ਼ਨਲ ਜੁਗਰਾਫਿਕ ਟੀ.ਵੀ. ਚੈਨਲ ਅਨੁਸਾਰ ਭਾਰਤ, ਪਾਕਿਸਤਾਨ, ਦੱਖਣੀ ਯੂਰਪ ਤੇ ਪੱਛਮੀ ਅਮਰੀਕਾ ਵਿੱਚ ਅਗਲੀ ਸਦੀ ਦੇ ਅੱਧ ਤਕ ਇੱਕ ਖਰਬ 80 ਕਰੋੜ ਲੋਕ ਪਾਣੀ ਦੀ ਕਮੀ ਖੁਣੋ ਮੌਤ ਦੇ ਮੂੰਹ ਵਿੱਚ ਜਾਣਗੇ। ਇਸਦੇ ਨਾਲ ਹੀ ਇਰਾਨ ਤੇ ਮੈਕਸੀਕੋ ਦੇ ਅਣਗਿਣਤ ਲੋਕ ਫ਼ਨਾਹ ਹੋ ਜਾਣਗੇ। ਅਨੇਕਾਂ ਜਾਨਵਰ ਹੁਣ ਵੀ ਲੁਪਤ ਹੋ ਚੁੱਕੇ ਹਨ ਅਤੇ ਬੇਅੰਤ ਹੋਰ ਬੇਮੌਤ ਮਾਰੇ ਜਾਣਗੇ।

ਖੋਜ ਅਨੁਸਾਰ ਸੰਨ 2030 ਵਿੱਚ ਕੈਲੀਫੋਰਨੀਆ ਦੇ ਅਨੇਕ ਫਾਰਮ ਪਾਣੀ ਤੋਂ ਸੱਖਣੇ ਹੋ ਜਾਣ ਵਾਲੇ ਹਨ। ਇਸੇ ਲਈ 'ਡਰਿੱਪ ਇਰੀਗੇਸ਼ਨ' ਅਤੇ 'ਸਪਰਿੰਕਲਰ ਸਿਸਟਮ' ਉੱਤੇ ਵੱਧ ਜ਼ੋਰ ਪਾਇਆ ਜਾਣ ਲੱਗ ਪਿਆ ਹੈ। ਉਸੇ ਖੋਜ ਅਨੁਸਾਰ ਭਾਰਤ, ਸਪੇਨ ਤੇ ਇਟਲੀ ਵਿੱਚ ਸੰਨ 2040 ਤੋਂ ਸੰਨ 2060 ਤਕ ਪਹੁੰਚਦਿਆਂ ਪਾਣੀ ਮਿਲਣਾ ਬੰਦ ਹੋ ਜਾਣਾ ਹੈ। ਓਕਲਾਹੋਮੋ, ਟੈਕਸਾਸ ਤੇ ਮੈਕਸੀਕੋ ਵਿੱਚ 2050 ਤੋਂ ਸੰਨ 2070 ਤਕ ਹੌਲੀ-ਹੌਲੀ ਧਰਤੀ ਹੇਠਲਾ ਪਾਣੀ ਉੱਕਾ ਹੀ ਖ਼ਤਮ ਹੋ ਜਾਵੇਗਾ।

ਸੰਨ 1960 ਤੋਂ ਲਗਾਤਾਰ ਧਰਤੀ ਹੇਠੋਂ ਪਾਣੀ ਖਿੱਚਦੇ ਰਹਿਣ ਕਾਰਨ ਮਿਸ਼ੀਗਨ ਲੇਕ ਭਰਨ ਜਿੰਨਾ ਪਾਣੀ ਅਸੀਂ ਧਰਤੀ ਹੇਠੋਂ ਕੱਢ ਚੁੱਕੇ ਹਾਂ।

ਸੰਨ 2015 ਵਿੱਚ ਸੈਟੇਲਾਈਟ ਰਾਹੀਂ ਖਿੱਚੀ ਫੋਟੋ ਰਾਹੀਂ ਪਤਾ ਲੱਗਿਆ ਸੀ ਕਿ ਵਿਸ਼ਵ ਦੇ ਧਰਤੀ ਹੇਠਲੇ 37 ਐਕਿਊਫਾਇਰਾਂ ਵਿੱਚੋਂ ਅਸੀਂ 21 ਮੁਕਾ ਚੁੱਕੇ ਹਾਂ। ਪਾਣੀ ਵਿਗਿਆਨੀ ਜੇਅ ਫੈਮੀਗਲੇਟੀ, ਜੋ ਨਾਸਾ ਜੈੱਟ ਪ੍ਰੋਪੱਲਸ਼ਨ ਲੈਬਾਰਟਰੀ ਵਿੱਚ ਕੰਮ ਕਰਦਾ ਹੈ, ਨੇ ਸਪਸ਼ਟ ਕੀਤਾ ਹੈ ਕਿ ਧਰਤੀ ਹੇਠਲਾ ਪਾਣੀ ਖਿੱਚਣ ਵਾਸਤੇ ਵਾਧੂ ਬਿਜਲੀ ਵਰਤੀ ਜਾਣ ਲੱਗ ਪਈ ਹੈ। ਪਰ, ਜੇ ਕਿਸੇ ਥਾਂ 300 ਫੁੱਟ ਤੋਂ ਹੇਠਾਂ ਪਾਣੀ ਲਈ ਬੋਰ ਕਰਨਾ ਪੈ ਜਾਏ ਤਾਂ ਸਮਝੋ ਖ਼ਤਰਾ ਕਈ ਗੁਣਾ ਵੱਧ ਚੁੱਕਿਆ ਹੈ। ਯੂਨੈਸਕੋ ਇੰਟਰਨੈਸ਼ਨਲ ਹਾਈਡਰੋਲੋਜੀਕਲ ਪ੍ਰੋਗਰਾਮ ਤੇ ਵਰਲਡ ਬੈਂਕ ਨੇ ਸੰਨ 2011 ਤੋਂ 2016 ਤਕ ਉਲੀਕੇ ਪ੍ਰੋਗਰਾਮਾਂ ਰਾਹੀਂ ਪੂਰੀ ਦੁਨੀਆ ਵਿਚਲੇ ਲੋਕਾਂ ਨੂੰ ਪਾਣੀ ਬਚਾਉਣ ਦਾ ਹੋਕਾ ਦਿੱਤਾ ਸੀ ਤੇ ਅਨੇਕ ਵਿਸ਼ਵ ਪੱਧਰੀ ਪ੍ਰੋਗਰਾਮਾਂ ਰਾਹੀਂ ਸਰਕਾਰਾਂ ਨੂੰ ਜਗਾਇਆ ਸੀ ਜਿਨਾਂ ਵਿੱਚ ਸਪਰਿੰਕਲਰ ਸਿਸਟਮ ਲਾਉਣੇ, ਪਾਣੀ ਦੀਆਂ ਮੋਟਰਾਂ ਘਟਾਉਣੀਆਂ, ਖੇਤਾਂ ਲਈ ਸੀਮਤ ਪਾਣੀ ਵਰਤਣਾ, ਉਹ ਫਸਲ ਲਗਾਉਣੀ ਜੋ ਘੱਟ ਪਾਣੀ ਮੰਗਦੀ ਹੋਵੇ, ਐਕੂਈਫਾਇਰ ਭਰਨ ਲਈ ਰੇਨ ਵਾਟਰ ਹਾਰਵੈਸਟਿੰਗ (ਮੀਂਹ ਦਾ ਪਾਣੀ ਸਾਂਭਣ ਦੇ ਜਤਨ), ਕੈਮੀਕਲਾਂ ਦੀ ਘੱਟ ਵਰਤੋਂ, ਫੈਕਟਰੀਆਂ ਦੀ ਗੰਦਗੀ ਤੇ ਮੁਰਗੀਘਰਾਂ ਦੀ ਗੰਦਗੀ ਰੋਕਣੀ, ਪਾਣੀ ਦੀ ਵਰਤੋਂ ਸੀਮਤ ਕਰਨੀ, ਕੀਟਨਾਸ਼ਕਾਂ ਦੀ ਵਰਤੋਂ ਰੋਕਣੀ, ਪਾਣੀ ਦੀ ਦੁਰਵਰਤੋਂ ਰੋਕਣੀ, ਗੁਸਲਖ਼ਾਨਿਆਂ ਵਿੱਚ ਪਾਣੀ ਦੀ ਘੱਟ ਵਰਤੋਂ, ਘਰ ਤੇ ਕਾਰਾਂ ਨੂੰ ਖੁੱਲੀਆਂ ਪਾਈਪਾਂ ਨਾਲ ਧੋਣਾ ਬੰਦ ਕਰਨਾ, ਹੋਟਲਾਂ ਵਿੱਚ ਪਾਣੀ ਦੀ ਵਰਤੋਂ ਘਟਾਉਣੀ, ਵੱਡੇ ਸਮਾਗਮਾਂ ਵਿੱਚ ਵਾਧੂ ਭਾਂਡੇ ਧੋਣ ਨਾਲੋਂ ਜਿੱਥੇ ਹੋ ਸਕੇ ਕਾਗਜ਼, ਪਲਾਸਟਿਕ, ਐਲਮੀਨੀਅਮ ਆਦਿ ਜਾਂ ਰੀਸਾਈਕਲ ਚੀਜ਼ਾਂ ਵਰਤੀਆਂ ਜਾਣ, ਆਦਿ।

**- ਪਾਣੀ ਦੀ ਕਮੀ ਕਰ ਕੇ ਪੰਜਾਬ ਬਣ ਸਕਦਾ ਏ ਮਾਰੂਥਲ**

**- ਸੰਨ 1996 ਤੋਂ 2016 ਤਕ ਪੰਜਾਬ ਦੀ ਧਰਤੀ ਹੇਠਲਾ ਪਾਣੀ 10 ਜ਼ਿਲਿਆਂ ਵਿੱਚ 7 ਮੀਟਰ ਤੋਂ 22 ਮੀਟਰ ਤਕ ਹੇਠਾਂ ਚਲਾ ਗਿਆ**

**- ਨਹਿਰਾਂ ਰਾਹੀਂ ਪਾਣੀ 45 ਫੀਸਦੀ ਤੋਂ ਘਟ ਕੇ 29 ਫੀਸਦੀ ਰਹਿ ਗਿਆ**

**- ਵਿਸ਼ਵ ਦੇ ਧਰਤੀ ਹੇਠਲੇ 37 ਐਕਿਊਫਾਇਰਾਂ ਵਿੱਚੋਂ ਅਸੀਂ 21 ਮੁਕਾ ਚੁੱਕੇ ਹਾਂ**

**- ਸੰਨ 2040 ਵਿੱਚ ਪਾਣੀ ਦੀ ਘਾਟ ਪੰਜਾਬੀਆਂ ਨੂੰ ਇਹ ਧਰਤੀ ਛੱਡਣ ਉੱਤੇ ਮਜਬੂਰ ਕਰ ਦੇਵੇਗੀ**

### ਕੁਝ ਧਿਆਨ ਦੇਣ ਯੋਗ ਗੱਲਾਂ:

1. ਪੂਰੀ ਧਰਤੀ ਉੱਤੇ ਪੀਣ ਯੋਗ ਤਾਜ਼ਾ ਪਾਣੀ ਸਿਰਫ਼ ਤਿੰਨ ਫੀਸਦੀ ਹੈ। ਇਸ ਵਿੱਚੋਂ 69 ਫੀਸਦੀ ਗਲੇਸ਼ੀਅਰਾਂ ਵਿੱਚ ਕੈਦ ਹੈ ਤੇ 30 ਫੀਸਦੀ ਧਰਤੀ ਹੇਠ। ਬਾਕੀ ਉਨਾਂ ਝੀਲਾਂ, ਨਦੀਆਂ ਵਿੱਚ ਪਿਆ ਹੈ ਜੋ ਹਾਲੇ ਤਕ ਪ੍ਰਦੂਸ਼ਿਤ ਨਹੀਂ ਕੀਤੀਆਂ ਗਈਆਂ।

2. ਧਰਤੀ ਹੇਠਲਾ ਪਾਣੀ ਘਟਣ ਨਾਲ ਹਰ ਸਾਲ ਸਮੁੰਦਰੀ ਤਲ ਇੱਕ ਮਿਲੀਮੀਟਰ ਉਤਾਂਹ ਆਉਂਦਾ ਜਾ ਰਿਹਾ ਹੈ ਤੇ ਧਰਤੀ ਦਾ ਘੇਰਾ ਘਟਾ ਰਿਹਾ ਹੈ।

3. ਇਸ ਵੇਲੇ 23 ਮਿਲੀਅਨ ਕਿਊਬਿਕ ਕਿਲੋਮੀਟਰ ਧਰਤੀ ਹੇਠਲਾ ਪਾਣੀ ਵਰਤਿਆ ਜਾ ਰਿਹਾ ਹੈ।

4. ਅੱਜ ਦੁਨੀਆ ਦੀ 80 ਫੀਸਦੀ ਵਸੋਂ ਪਾਣੀ ਦੀ ਕਮੀ ਨਾਲ ਜੂਝ ਰਹੀ ਹੈ ਅਤੇ 50 ਫੀਸਦੀ ਵਸੋਂ ਕੋਲ ਪੀਣ ਦੇ ਪਾਣੀ ਦਾ ਸੋਮਾ ਸਿਰਫ਼ ਧਰਤੀ ਹੇਠਲਾ ਪਾਣੀ ਹੈ। ਇਹ ਤੱਥ 'ਨੇਚਰ' ਰਸਾਲੇ ਵਿੱਚ ਨਸ਼ਰ ਕੀਤੇ ਜਾ ਚੁੱਕੇ ਹਨ।

5. ਇਸ ਵੇਲੇ ਵਿਸ਼ਵ ਭਰ ਦੇ 40 ਫੀਸਦੀ ਖੇਤ ਧਰਤੀ ਹੇਠਲੇ ਪਾਣੀ ਉੱਤੇ ਆਸ਼ਰਿਤ ਹਨ।

6. ਸੰਨ 1960 ਤੋਂ ਹੁਣ ਤਕ ਧਰਤੀ ਹੇਠੋਂ ਪਾਣੀ ਕੱਢਣ ਵਿੱਚ 300 ਫੀਸਦੀ ਵਾਧਾ ਹੋ ਚੁੱਕਿਆ ਹੈ।

7. ਯੂਨੀਸੈਫ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਪੰਜਾਬ ਵਿੱਚ ਸੰਨ 1998 ਤੋਂ ਬਾਅਦ ਘੱਟ ਮੀਂਹ ਪੈ ਰਿਹਾ ਹੈ ਤੇ ਲਗਾਤਾਰ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਦਾ ਜਾ ਰਿਹਾ ਹੈ ਜਿਸ ਵਿੱਚੋਂ ਲਗਾਤਾਰ ਖੇਤੀਬਾੜੀ ਲਈ ਖਿੱਚਿਆ ਜਾ ਰਿਹਾ ਹੈ।

8. ਪੀਣ ਵਾਲੇ ਪਾਣੀ ਵਿੱਚ ਲਗਾਤਾਰ ਕੀਟਨਾਸ਼ਕ ਮਿਲਦੇ ਰਹਿਣ ਸਦਕਾ ਧਰਤੀ ਹੇਠਲੇ ਪਾਣੀ ਵਿੱਚ ਲੋੜੋਂ ਵੱਧ ਆਰਸੈਨਿਕ, ਸੀਲੀਨੀਅਮ, ਯੂਰੇਨੀਅਮ, ਸਿੱਕਾ, ਕਲੋਰਾਈਡ, ਨਾਈਟਰੇਟ, ਆਦਿ ਜਮਾਂ ਹੋ ਚੁੱਕੇ ਹਨ। ਮਾਲਵੇ ਖੇਤਰ ਵਿੱਚ ਇਸਦੇ ਮਾੜੇ ਅਸਰ ਵੱਡੀ ਪੱਧਰ ਉੱਤੇ ਦਿਸਣੇ ਸ਼ੁਰੂ ਹੋ ਚੁੱਕੇ ਹਨ।

9. ਟੂਲੂ ਪੰਪਾਂ ਅਤੇ ਖੇਤਾਂ ਲਈ ਪਾਣੀ ਖਿੱਚਣ ਵਾਸਤੇ ਵਧਦੇ ਜਾਂਦੇ ਟਿਊਬਵੈੱਲਾਂ ਨੇ ਸੰਨ 1984 ਵਿੱਚ 2.44 ਮਿਲੀਅਨ ਏਕੜ ਫੁੱਟ ਧਰਤੀ ਹੇਠਲੇ ਪਾਣੀ ਤੋਂ ਸੰਨ 20 13 ਵਿੱਚ ਮਨਫ਼ੀ 11.68 ਮਿਲੀਅਨ ਏਕੜ ਫੁੱਟ ਤਕ ਪਹੁੰਚਾ ਦਿੱਤਾ ਹੈ। ਲੁਧਿਆਣਾ, ਕਪੂਰਥਲਾ, ਗੁਰਦਾਸਪੁਰ ਤੇ ਸੰਗਰੂਰ ਵਿੱਚ 2013 ਵਿੱਚ ਹੀ ਵਾਰਨਿੰਗ ਜਾਰੀ ਕਰ ਦਿੱਤੀ ਗਈ ਸੀ। ਉਦੋਂ ਟਿਊਬਵੈੱਲ ਲਈ ਕੀਤੇ ਬੋਰ 70 ਤੋਂ 128 ਫੁੱਟ ਤਕ ਪਹੁੰਚ ਗਏ ਸਨ ਜੋ ਹੁਣ ਕੁਝ ਇਲਾਕਿਆਂ ਵਿੱਚ 1200 ਫੁੱਟ ਤਕ ਕਰਨੇ ਪੈ ਰਹੇ ਹਨ।

10. ਸੰਨ 1996 ਤੋਂ 2016 ਤਕ ਪੰਜਾਬ ਦੀ ਧਰਤੀ ਹੇਠਲਾ ਪਾਣੀ 10 ਜ਼ਿਲਿਆਂ ਵਿੱਚ 7 ਮੀਟਰ ਤੋਂ 22 ਮੀਟਰ ਤਕ ਹੇਠਾਂ ਚਲਾ ਗਿਆ ਸੀ ਜੋ ਹੁਣ ਕੁਝ ਹਿੱਸਿਆਂ ਵਿੱਚ 28 ਮੀਟਰ ਤਕ ਜਾ ਚੁੱਕਿਆ ਹੈ।

11. ਪੰਜਾਬ ਕਦੇ ਵੀ ਝੋਨਾ ਬੀਜਣ ਵਾਲਾ ਇਲਾਕਾ ਨਹੀਂ ਸੀ ਮੰਨਿਆ ਗਿਆ। ਸੰਨ 1939 ਵਿੱਚ 2.37 ਲੱਖ ਹੈਕਟੇਅਰ ਵਿੱਚ ਝੋਨਾ ਬੀਜਿਆ ਜਾਂਦਾ ਸੀ ਜੋ 1970 ਵਿੱਚ 9.62 ਤੇ ਸੰਨ 1980 ਤੋਂ 2016 ਵਿੱਚ 72 ਫੀਸਦੀ ਹਿੱਸੇ ਵਿੱਚ ਬੀਜਿਆ ਜਾਣ ਲੱਗ ਪਿਆ ਹੈ। ਟਿਊਬਵੈੱਲ ਰਾਹੀਂ ਪਾਣੀ ਦੇਣ ਵਿੱਚ 1970 ਵਿੱਚ 56 ਫੀਸਦੀ ਪਾਣੀ ਵਰਤਿਆ ਜਾਂਦਾ ਸੀ ਜੋ ਸੰਨ 2015 ਵਿੱਚ 71 ਫੀਸਦੀ ਪਹੁੰਚ ਗਿਆ। ਨਹਿਰਾਂ ਰਾਹੀਂ ਪਾਣੀ 45 ਫੀਸਦੀ ਤੋਂ ਘਟ ਕੇ 29 ਫੀਸਦੀ ਰਹਿ ਗਿਆ ਹੈ।

12. ਪੰਜਾਬ ਵਿੱਚ ਇੱਕ ਕਿਲੋ ਚੌਲ ਉਗਾਉਣ ਲਈ 5,337 ਲਿਟਰ ਪਾਣੀ ਲੱਗਦਾ ਹੈ ਜਦਕਿ ਭਾਰਤ ਦੇ ਬਾਕੀ ਹਿੱਸਿਆਂ ਵਿੱਚ 3875 ਲਿਟਰ ਵਰਤਿਆ ਜਾਂਦਾ ਹੈ। ਸੰਨ 1980 ਵਿੱਚ ਪੂਰੇ ਪੰਜਾਬ ਦਾ 13 ਹਜ਼ਾਰ 449 ਬਿਲੀਅਨ ਲਿਟਰ ਪਾਣੀ ਝੋਨਾ ਉਗਾਉਣ ਵਿੱਚ ਲੱਗਿਆ ਜੋ ਹੁਣ 59, 047 ਬਿਲੀਅਨ ਲਿਟਰ ਪਹੁੰਚ ਚੁੱਕਿਆ ਹੈ। ਇਸ ਵਾਸਤੇ ਬਿਜਲੀ ਦੀ ਖਪਤ ਦਾ ਵਾਧਾ 1, 652 ਗੁਣਾ ਹੋ ਚੁੱਕਿਆ ਹੈ ਜਦ ਕਿ ਫਸਲ ਵਿੱਚ ਵਾਧਾ ਸਿਰਫ਼ 1.38 ਗੁਣਾ ਹੀ ਹੋਇਆ ਹੈ!

ਸਵਾਲ ਇਹ ਉੱਠਦਾ ਹੈ ਕਿ ਕੀ ਪੰਜਾਬ ਇਹ ਸਭ ਹੋਰ ਜਰ ਸਕਣ ਜੋਗਾ ਬਚਿਆ ਹੈ? ਯੂਨੀਸੈਫ ਅਨੁਸਾਰ ਤਾਂ ਪੰਜਾਬ ਰੇਗਿਸਤਾਨ ਬਣਨ ਵੱਲ ਹੈ ਤੇ ਇਸਦੀ ਸੱਭਿਅਤਾ ਮੋਇੰਜੋਦੜੋ ਵਾਂਗ ਸਮਾਪਤੀ ਵੱਲ ਚਾਲੇ ਪਾ ਚੁੱਕੀ ਹੈ!

ਕੋਈ ਜਾਗਦਾ ਬਚਿਆ ਹੋਵੇ ਤਾਂ ਹੋਰ ਸਭ ਚੀਜ਼ਾਂ ਦੀ ਚਿੰਤਾ ਛੱਡ ਕੇ ਸਭ ਤੋਂ ਪਹਿਲਾਂ ਝੋਨੇ ਦੀ ਫਸਲ ਦਾ ਬਦਲ ਲੱਭ ਕੇ ਪਾਣੀ ਦੇ ਨਿੱਘਰਦੇ ਜਾਂਦੇ ਪੱਧਰ ਵੱਲ ਧਿਆਨ ਕਰੇ ਅਤੇ ਟਿਊਬਵੈਲ ਲਾਉਣੇ ਬੰਦ ਕਰੀਏ। ਜੇ ਹਾਲੇ ਵੀ ਚਿੰਤਾ ਨਹੀਂ, ਤਾਂ ਸੰਨ 2040 ਵਿੱਚ ਪਾਣੀ ਦੀ ਘਾਟ ਪੰਜਾਬੀਆਂ ਨੂੰ ਇਹ ਧਰਤੀ ਛੱਡਣ ਉੱਤੇ ਮਜਬੂਰ ਕਰ ਦੇਵੇਗੀ। ਫੇਰ ਕੋਈ ਹੋਰ ਰਾਹ ਬਚਣਾ ਹੀ ਨਹੀਂ! ਕੀ ਹੁਣ ਵੀ ਘਰਾਂ, ਕਾਰਾਂ ਨੂੰ ਖੁੱਲੀਆਂ ਪਾਈਪਾਂ ਨਾਲ ਧੋ ਕੇ ਗਲੀਆਂ ਵਿੱਚ ਪਾਣੀ ਜ਼ਾਇਆ ਕਰਨ ਵਾਲਿਆਂ, ਟੈਂਕੀ ਓਵਰਫਲੋ ਰਾਹੀਂ ਘੰਟਿਆਂ ਬੱਧੀ ਪਾਣੀ ਰੋੜਨ ਜਾਂ ਸੜਕਾਂ ਧੋਣ ਅਤੇ ਗੁਸਲਖ਼ਾਨੇ ਵਿੱਚ ਬੁਰਸ਼ ਕਰਨ ਲੱਗਿਆਂ ਅੱਧਾ ਘੰਟਾ ਸਿੰਕ ਵਿੱਚ ਅਜਾਈਂ ਪਾਣੀ ਰੋੜਨ ਵਾਲਿਆਂ ਵਿਰੁੱਧ ਆਉਣ ਵਾਲੀਆਂ ਨਸਲਾਂ ਨੂੰ ਪਾਣੀ ਦੀ ਘਾਟ ਖੁਣੋ ਤਿਲ-ਤਿਲ ਕਰਕੇ ਮਰਨ ਲਈ ਮਜਬੂਰ ਕਰਨ ਵਾਸਤੇ ਕਤਲ ਦਾ ਮੁਕੱਦਮਾ ਦਰਜ ਨਹੀਂ ਕਰ ਦੇਣਾ ਚਾਹੀਦਾ? ਖ਼ਿਆਲ ਰਹੇ, ਸਾਡੇ ਹੀ ਬੱਚੇ ਅਗਲੇ ਵੀਹ ਸਾਲਾਂ ਬਾਅਦ ਸਾਨੂੰ ਕੋਸਦੇ ਇੱਕ-ਇੱਕ ਬੂੰਦ ਪਾਣੀ ਨੂੰ ਤਰਸਦੇ ਮੌਤ ਦੇ ਮੂੰਹ ਵਿੱਚ ਜਾਣਗੇ! ਉਸ ਸਮੇਂ ਖ਼ਬਰਾਂ ਹੋਣਗੀਆਂ- ਅੱਜ ਮਾਲਵੇ ਵਿੱਚ 4200 ਮੌਤਾਂ ਪਾਣੀ ਦੀ ਕਮੀ ਕਰ ਕੇ ਹੋਈਆਂ, ਅੱਜ ਪਾਣੀ ਦਾ ਟੈਂਕਰ ਲੁੱਟ ਲਿਆ ਗਿਆ!! ਰੱਬ ਰਾਖਾ!




# ਸ਼ਹਾਦਤ : ਗੌਰਵਮਈ ਇਤਿਹਾਸਿਕ ਦਖ਼ਲ



**- ਡਾ. ਗੁਰਭਗਤ ਸਿੰਘ**

**- ਸ਼ਹਾਦਤ ਇਤਿਹਾਸ ਵਿਚ ਵੱਡੀਆਂ ਤਬਦੀਲੀਆਂ ਲਿਆਉਣ ਲਈ ਦਿੱਤਾ ਚੇਤੰਨ ਦਖ਼ਲ ਹੈ।**

**- ਆਖਰੀ ਵਕਤ ਤੱਕ ਸ਼ਹੀਦ ਦੇ ਸਮੁੱਚੇ ਅਸਤਿੱਤਵ ਵਿਚੋਂ ਵਿਸਮਾਦੀ ਸੰਗੀਤ ਝਰਦਾ ਹੈ, ਰੋਸ਼ਨੀ ਫੁੱਟਦੀ ਹੈ।**

**- ਜੰਗ ਉਸ ਰੋਸ਼ਨੀ ਵਧਾਉਣ ਦਾ ਮਾਧਿਅਮ ਹੈ। ਜੋ ਇਤਿਹਾਸ ਇਸ ਨਾਲ ਟੁੱਟ ਕੇ ਨਵੇਂ ਸਿਰਿਓਂ ਸਿਰਜਿਆ ਜਾਵੇਗਾ, ਉਹ ਵੀ ਰੋਸ਼ਨ ਹੋਵੇਗਾ। ਇਸ ਨਾਲ ਸ੍ਰਿਸ਼ਟੀ ਦਾ ਵੀ ਵਿਕਾਸ ਹੋਵੇਗਾ।**

ਕੁਰਬਾਨੀ ਸ਼ਹਾਦਤ ਉਦੋਂ ਹੀ ਬਣਦੀ ਹੈ ਜਦੋਂ ਉਸ ਵਿਚ ਇੰਨੀ ਸ਼ਕਤੀ ਹੋਵੇ ਕਿ ਉਹ ਚੱਲ ਰਹੇ ਇਤਿਹਾਸ ਦੀ ਦਿਸ਼ਾ ਬਦਲ ਦੇਵੇ। ਉਸ ਵਿਚ ਰੌਸ਼ਨੀ ਦੇ ਅੰਬਾਰ ਸੁੱਟ ਦੇਵੇ। ਇਸ ਲਈ ਸ਼ਹਾਦਤ ਦੇਣ ਵਾਲੇ ਮਹਾਂਪੁਰਖ ਅਤਿਅੰਤ ਗਿਆਨਵਾਨ ਹੁੰਦੇ ਹਨ। ਘੱਟੋ ਘੱਟ ਉਨਾਂ ਨੂੰ ਇਤਿਹਾਸ ਦੀ ਉਸ ਊਣ ਦਾ ਪਤਾ ਹੁੰਦਾ ਹੈ ਜਿਸ ਨਾਲ ਉਹ ਮਨੁੱਖ ਜਾਤੀ ਦੇ ਕੁਝ ਹਿੱਸੇ ਲਈ ਗੌਰਵ ਗੁਆ ਚੁੱਕਾ ਹੈ। ਸ਼ਹਾਦਤ ਇਤਿਹਾਸ ਵਿਚ ਵੱਡੀਆਂ ਤਬਦੀਲੀਆਂ ਲਿਆਉਣ ਲਈ ਦਿੱਤਾ ਚੇਤੰਨ ਦਖ਼ਲ ਹੈ। ਇਕ ਕ੍ਰਾਂਤੀਕਾਰੀ ਮਨੁੱਖ ਅਤੇ ਸ਼ਹੀਦ ਵਿਚ ਅੰਤਰ ਕੇਵਲ ਮਾਧਿਅਮ ਦਾ ਹੀ ਹੈ। ਕ੍ਰਾਂਤੀਕਾਰੀ ਇਕ ਲਹਿਰ ਦਾ ਹਿੱਸਾ ਹੋ ਕੇ ਇਤਿਹਾਸ ਨੂੰ ਬਦਲਣਾ ਚਾਹੁੰਦਾ ਹੈ ਅਤੇ ਸ਼ਹੀਦ ਸਾਰਾ ਭਾਰ ਆਪਣੇ ਆਪ ਉੱਤੇ ਹੀ ਚੁੱਕ ਲੈਂਦਾ ਹੈ। ਜਦੋਂ ਕ੍ਰਾਂਤੀਕਾਰੀ ਨੂੰ ਇਹ ਮਹਿਸੂਸ ਹੋਵੇ ਕਿ ਲੋਕਾਂ ਦਾ ਸੰਗਠਨ ਬਣਨਾ ਅਜੇ ਅਸੰਭਵ ਹੈ, ਪਰ ਇਤਿਹਾਸ ਅਤੇ ਜੀਵਨ ਦਾ ਗੁਆਚ ਰਿਹਾ ਗੌਰਵ ਛੇਤੀ ਸੁਰਜੀਤ ਕਰਨ ਦੀ ਲੋੜ ਹੈ, ਉਹ ਸ਼ਹਾਦਤ ਦਾ ਰਾਹ ਵੀ ਚੁਣ ਸਕਦਾ ਹੈ। ਉਸ ਵਿਚ ਕ੍ਰਾਂਤੀ ਅਤੇ ਸ਼ਹਾਦਤ ਮਿਲ ਜਾਂਦੇ ਹਨ। ਇਕ ਸ਼ਹੀਦ ਵਿਚ ਵੱਧ ਅਤੇ ਵਿਸ਼ੇਸ਼ ਗੱਲ ਇਹ ਹੈ ਕਿ ਉਹ ਇਤਿਹਾਸ ਅਤੇ ਮਨੁੱਖ ਨੂੰ ਨਿਰਗੌਰਵ ਬਣਾਉਣ ਵਾਲੇ ਵਿਅਕਤੀਆਂ ਪ੍ਰਤੀ ਵੀ ਹਮਦਰਦੀ ਰੱਖਦਾ ਹੈ-ਬੋਧੀ ਅਰਥਾਂ ਵਿਚ ਕਰੁਣਾ-ਭਾਵ, 'ਨਦਰਿ' ਦੀ ਆਸ ਨਾਲ ਕਿ ਕਦੇ ਉਹ ਵੀ ਬਦਲ ਜਾਣਗੇ।

ਕਿਸੇ ਵੀ ਮਨੁੱਖ ਹਿਤੈਸ਼ੀ ਲਖਸ਼ ਲਈ ਦਿੱਤੀ ਕੁਰਬਾਨੀ-ਸ਼ਹਾਦਤ ਹੈ, ਪਰ ਜਿਸ ਕੁਰਬਾਨੀ ਪਿੱਛੇ ਕੰਮ ਕਰ ਰਹੀ ਚੇਤੰਨਤਾ ਇੰਨੀ ਵਿਸ਼ਾਲ ਹੋਵੇ ਕਿ ਉਹ ਸਮੁੱਚੇ ਬ੍ਰਹਿਮੰਡ ਦੇ ਜੀਵਨ ਨੂੰ ਕਲਾਵੇ ਵਿਚ ਲੈ ਲਵੇ, ਜੋ ਕੁਝ ਸਿਰਜਨਾ ਵਿਚ ਹੈ ,ਸਭ ਨੂੰ ਇਕ ਭਰਾਤਰੀਅਤਾ ਜਾਣੇ, ਉਹ ਉੱਦਾਤ ਸ਼ਹਾਦਤ ਹੈ, ਅੰਗਰੇਜ਼ੀ ਵਿਚ ਇਸ ਨੂੰ 'ਸਬਲਾਈਮ ਮਾਰਟਿਡਮ' ਆਖਾਂਗੇ।

ਸਿੱਖ ਸ਼ਹਾਦਤ ਦੇ ਇਤਿਹਾਸ ਵਿਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ, ਉੱਦਾਤ ਸ਼ਹਾਦਤਾਂ ਹਨ। ਇਨਾਂ ਨੂੰ ਇਤਿਹਾਸ ਦੇ ਕੇਵਲ ਕੁਝ ਸੀਮਿਤ ਤੱਥਾਂ ਨਾਲ ਨਹੀਂ ਜੋੜਿਆ ਜਾ ਸਕਦਾ। ਜਿਵੇਂ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਪ੍ਰਿਥੀਚੰਦ ਦੀ ਬਦਲਾ ਭਾਵਨਾ ਨਾਲ ਜਾਂ ਇਸਲਾਮੀ ਉਤਸ਼ਾਹੀ ਸ਼ੈਖ ਅਹਿਮਦ ਸਰਹੰਦੀ ਦੀਆਂ ਵਿਉਂਤਾਂ ਨਾਲ ਜੋੜਿਆ ਜਾਂਦਾ ਹੈ। ਉਹ ਵੀ ਕੁਝ ਛੋਟੇ ਕਾਰਨ ਸਨ, ਪਰ ਅਸਲ ਕਾਰਨ ਗੁਰੂ ਸਾਹਿਬਾਨ ਦਾ ਉਹ ਬ੍ਰਹਿਮੰਡੀ ਅਤੇ ਵਿਸ਼ਾਲ ਮਨੁੱਖਵਾਦੀ ਜੀਵਨ ਮਾਰਗ ਅਤੇ ਫ਼ਲਸਫੀ ਸੀ ਜੋ ਉਸ ਸਮੇਂ ਦੀ ਮੁਲਗਈ ਸਲਤਨਤ ਅਤੇ ਉਸ ਦੇ ਧਰਮ ਅਭਿਆਸ ਨਾਲ ਵਿਰੋਧ ਵਿਚ ਖੜਾ ਸੀ। ਅਕਬਰ ਨੇ ਇਸ ਵਿਸ਼ਾਲਤਾ ਦੀ ਕਦਰ ਕੀਤੀ ਸੀ, ਪਰ ਛੇਤੀ ਹੀ ਉਸ ਦੇ ਉਤਰਾਅਧਿਕਾਰੀ ਜਹਾਂਗੀਰ ਨੇ ਇਸਲਾਮੀ ਇੱਕਵਾਦ ਵੱਲ ਮੋੜ ਕੱਟ ਲਿਆ। ਇਸ ਇੱਕਵਾਦ ਨਾਲ ਹੀ ਉਸ ਨੂੰ ਅਤੇ ਉਸ ਦੀਆਂ ਸਹਾਇਕ ਇਸਲਾਮੀ ਸੰਸਥਾਵਾਂ ਨੂੰ ਨਜ਼ਰ ਆਉਂਦਾ ਸੀ ਕਿ ਮੁਗਲ ਸਲਤਨਤ ਪੱਕੇ ਪੈਰਾਂ ਉੱਤੇ ਖੜੀ ਰਹਿ ਸਕਦੀ ਹੈ।

ਜਿਸ ਜੀਵਨ ਮਾਰਗ ਅਤੇ ਦਰਸ਼ਨ ਦੇ ਮੁਜੱਸਮਾ, ਸਾਕਾਰ ਚਿੱਤਰ, ਗੁਰੂ ਅਰਜਨ ਦੇਵ ਜੀ ਸਨ, ਉਹ ਕਰਤਾ ਪੁਰਖ ਦੇ 'ਏਕ' ਅਤੇ 'ਅਨੇਕ' ਰੂਪ ਦਾ ਵਿਸਥਾਰ ਸੀ। ਇਸ ਵਿਚ ਇਸਲਾਮ/ਮੁਗਲਈ/ਬ੍ਰਾਹਮਣੀ ਇੱਕਵਾਦ ਦੀ ਕੋਈ ਥਾਂ ਨਹੀਂ ਸੀ। ਜਿਸ ਅਨਹਦ ਨਾਦ, ਜਿਸ ਬ੍ਰਹਿਮੰਡੀ ਸੰਗੀਤ ਨੂੰ ਉਹ ਹਰ ਦਿਲ ਵਿਚ ਵਜਾਉਣਾ ਚਾਹੁੰਦੇ ਸਨ, ਉਸ ਲਈ ਵੱਖ ਵੱਖ ਸੁਰਾਂ ਵਿਭਿੰਨ ਤਾਨਾਂ ਦੀ ਵੀ ਅਤਿਅੰਤ ਲੋੜ ਸੀ। ਨਾਦ ਦੀ ਨਿਰੰਤਰਤਾ ਅਤੇ ਸ਼ਿੱਦਤ ਲਈ ਅਨੇਕ ਰਾਗਾਂ ਅਤੇ ਉਪ ਰਾਗਾਂ/ਰਾਗਣੀਆਂ ਦਾ ਵੀ ਪੂਰਾ ਮਹੱਤਵ ਸੀ। ਭਾਈ ਗੁਰਦਾਸ ਨੇ ਵਾਰ ਚੌਵੀਵੀਂ ਵਿਚ ਇਹ ਸਾਖੀ ਭਰੀ ਹੈ ਕਿ ਗੁਰੂ ਅਰਜਨ ਦੇਵ ਜੀ 'ਬ੍ਰਹਮ ਪਰਮ ਪਦ' ਵਿਚ ਰਹਿੰਦੇ ਸਨ, ਗੁਰੂ ਹਰਗੋਬਿੰਦ ਦਾ ਆਉਣਾ ਵੀ 'ਵਿਸਮਾਦੈ ਵਿਸਮਾਦ ਮਿਲੰਦਾ' ਆਖਿਆ ਗਿਆ ਹੈ।

ਸਿਰਜਨਾ ਅਤੇ ਸਿਰਜਨਹਾਰ ਦੀ ਵਿਸ਼ਾਲਤਾ, ਸੁੰਦਰਤਾ ਅਤੇ ਸੰਗੀਤ ਨਾਲ ਅਭੇਦ ਹੋਣਾ ਹੀ ਵਿਸਮਾਦੀ ਜੀਵਨ ਜਿਉਣਾ ਹੈ, ਇਹੀ ਜੋਤ ਹੋਣਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਦੇ ਸ਼ਹਾਦਤ ਖਿਣ ਨੂੰ ਵੀ ਭਾਈ ਗੁਰਦਾਸ ਨੇ 'ਜੋਤੀ ਅੰਦਰਿ ਜੋਤਿ ਸਮਾਣੀ' ਆਖਿਆ ਹੈ। ਪਤੰਗੇ ਦੇ ਰੌਸ਼ਨੀ ਵਿਚ ਮਿਲ ਜਾਣ ਅਤੇ ਕੁਰਬਾਨ ਹੋ ਜਾਣ ਨਾਲ ਤਸ਼ਬੀਹ ਦਿੱਤੀ ਹੈ।

ਵਿਸਮਾਦ ਵਿਚ ਜੋਤ ਹੋਣਾ ਹੀ ਉੱਦਾਤ ਜੀਵਨ ਜਿਉਣਾ ਹੈ। ਵਕਤ ਦੀ ਰਾਜਨੀਤੀ ਅਤੇ ਇਸ ਦੇ ਰੁਝਾਨ ਇਸ ਵਿਸਮਾਦ ਨਾਲ ਟਕਰਾਉਂਦੇ ਸਨ, ਇਸ ਲਈ ਉਨਾਂ ਨੂੰ ਬਦਲਣ ਲਈ ਗੁਰੂ ਅਰਜਨ ਦੇਵ ਜੀ ਸ਼ਹੀਦ ਹੋ ਗਏ। ਇਹ ਉੱਦਾਤ ਸ਼ਹਾਦਤ ਹੈ। ਇਸ ਵਿਚ ਮਨ ਅਤੇ ਦੇਹ ਇੱਕ-ਸੁਰ ਹਨ। ਆਖਰੀ ਵਕਤ ਤੱਕ ਸ਼ਹੀਦ ਦੇ ਸਮੁੱਚੇ ਅਸਤਿੱਤਵ (being) ਵਿਚੋਂ ਵਿਸਮਾਦੀ ਸੰਗੀਤ ਝਰਦਾ ਹੈ, ਰੌਸ਼ਨੀ ਫੁੱਟਦੀ ਹੈ। ਜੋਤ ਹੋ ਕੇ ਸ਼ਹੀਦ ਹੋਣਾ, ਸਿੱਖ ਸ਼ਹਾਦਤ ਦਾ ਨਿਵੇਕਲਾਪਣ ਹੈ, ਇਕ ਮਿਸਾਲ ਹੈ, ਜਿਸ ਵਿਚ ਸ਼ਹਾਦਤ ਅਤੇ ਕ੍ਰਾਂਤੀ ਘੁਲ ਮਿਲ ਜਾਂਦੇ ਹਨ।

ਵਿਸਮਾਦੀ ਜੋਤਿ ਹੋ ਕੇ ਇਤਿਹਾਸ ਨੂੰ ਮੋੜ ਦੇਣਾ ਅਤੇ ਕੇਵਲ ਆਰਥਿਕ-ਸਮਾਜਿਕ ਸੰਸਥਾਵਾਂ ਨੂੰ ਉਲਟਾਉਣ ਲਈ ਗਿਆਨਵਾਨ ਅਤੇ ਕ੍ਰਿਆਵੰਤ ਹੋਣ ਵਿਚ ਕਾਫ਼ੀ ਫਰਕ ਹੈ। ਕੇਵਲ ਆਰਥਿਕ ਸਮਾਜਿਕ ਮੁੱਦਿਆਂ ਤੱਕ ਸੀਮਤ ਕ੍ਰਾਂਤੀਕਾਰੀ ਵਿਚ ਬ੍ਰਹਿਮੰਡੀ ਪਾਸਾਰ/ਡੂੰਘਿਆਈ ਨਹੀਂ ਹੋ ਸਕਦੀ। ਵਿਸ਼ਾਲ ਸਿਰਜਨਾ ਦੀ ਸੁੰਦਰਤਾ, ਵਿਭਿੰਨਤਾ ਅਤੇ ਉਸ ਲਈ ਅਥਾਹ ਪ੍ਰੇਮ ਨਹੀਂ ਹੋ ਸਕਦਾ। ਇਸ ਲਈ ਸ੍ਵੀਕ੍ਰਿਤ ਅਰਥਾਂ ਵਿਚ ਕ੍ਰਾਂਤੀਕਾਰੀ ਜੋਤ ਨਹੀਂ ਹੋ ਸਕਦਾ ਹੈ, ਉਹ ਹੋਣ ਲਈ ਇਕ ਵੱਖਰੀ ਅਤੇ ਵਡੇਰੀ ਸ਼ਕਤੀ ਦੀ ਲੋੜ ਹੈ। ਉਸ ਬ੍ਰਹਿਮੰਡੀ ਸ਼ਕਤੀ ਨੂੰ ਅਨੁਭਵ ਬਣਾਉਣ ਦੀ ਜ਼ਰੂਰਤ ਹੈ। ਪਾਬਲੋ ਨੈਰੂਦਾ ਵਰਗਾ ਕ੍ਰਾਂਤੀਕਾਰੀ ਸ਼ਾਇਰ ਉਸ ਦੇ ਨੇੜੇ ਤੇੜੇ ਅੱਪੜਦਾ ਹੈ।

ਸਾਡੇ ਸਮਿਆਂ ਵਿਚ ਹਰਬਰਟ ਮਾਰਕੂਜ ਨੇ ਇਹ ਗੱਲ ਸਮਝੀ ਹੈ ਕਿ ਕ੍ਰਾਂਤੀਕਾਰੀ ਲਈ ਜ਼ਰੂਰੀ ਹੈ ਕਿ ਉਹ ਆਪਣੀਆਂ ਊਣਾਂ ਭਰੇ। ਆਪਣੇ ਆਪ ਨੂੰ ਉਸ ਸੌਂਦਰਯਾ ਵਿਚ ਲਬਰੇਜ ਕਰ ਲਵੇ ਜਿਸ ਨੂੰ ਲਿਆਉਣ ਅਤੇ ਸਥਾਪਤ ਕਰਨ ਲਈ ਉਹ ਲੜ ਰਿਹਾ ਹੈ। ਮਾਰਕਸੀ ਕ੍ਰਾਂਤੀ ਵੀ ਆਖ਼ਰ ਜੀਵਨ ਦੇ ਲੁੱਟੇ ਜਾ ਰਹੇ ਸੌਂਦਰਯਾ ਨੂੰ ਬਚਾਉਣ ਅਤੇ ਇਸ ਦੇ ਹੋਰ ਪਾਸਾਰ ਲੱਭਣ ਲਈ ਹੀ ਹੈ। ਉਨਾਂ ਸਭ ਇੰਦਰੀਆਂ ਨੂੰ ਕ੍ਰਿਆਵੰਤ ਕਰਨ ਲਈ ਹੈ ਜੋ ਸੋਸ਼ਣ ਗ੍ਰਸਤ ਸਮਾਜ ਵਿਚ ਸਿੱਥਲ ਕਰ ਦਿੱਤੀਆਂ ਜਾਂਦੀਆਂ ਹਨ।

ਪਰ ਮਾਰਕਸੀ ਕ੍ਰਾਂਤੀ, ਕ੍ਰਾਂਤੀਕਾਰੀਆਂ ਦੇ ਵਿਸਮਾਦੀ ਜੋਤਿ ਹੋਣ ਤੱਕ ਨਹੀਂ ਪਹੁੰਚਦੀ। ਇਹ ਲਖ਼ਸ਼ ਉਸ ਨੂੰ ਨਹੀਂ ਦਿੰਦੀ। ਇਸ ਲਈ ਮਾਰਕਸੀ ਕ੍ਰਾਂਤੀ ਦੇ ਕੁਰਾਹੇ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਿਵੇਂ ਰੂਸ ਵਿਚ ਵਾਪਰਿਆ। ਵਿਸ਼ੇਸ਼ ਤੌਰ 'ਤੇ ਰੂਸੀਆਂ ਨੇ ਜੋ ਵਰਤਾਰਾ ਹੰਗਰੀ ਅਤੇ ਚੈਕੋਸਲਵਾਕੀਆ ਵਿਚ ਦਿਖਾਇਆ, ਉਹ ਕ੍ਰਾਂਤੀਕਾਰੀ ਨਹੀਂ ਸੀ, ਸੋਸ਼ਣ ਵਿਸਥਾਰ ਹੀ ਸੀ। ਰੂਸੀ ਇਨਕਲਾਬ ਦਾ ਇਹ ਪਤਨ ਵਾਪਰਿਆ, ਕਿਉਂਕਿ ਉਸ ਵਿਚ ਚੇਤੰਨਤਾ ਅਤੇ ਅਸਤਿੱਤਵ (being) ਨੂੰ ਵਿਸਮਾਦੀ ਜੋਤਿ ਬਣਨ ਤੱਕ ਨਹੀਂ ਪਹੁੰਚਾਇਆ ਜਾ ਸਕਿਆ ਸੀ। ਉਂਜ ਯੂਨਾਨੀ ਸ੍ਰੋਤ ਤੋਂ ਆਹੇ 'ਮਾਰਟਾਇਰ' ਜਾਂ 'ਮਾਰਟਿਡਮ' ਦੇ ਅਰਥ ਅਤੇ ਫਾਰਸੀ ਸ੍ਰੋਤ ਤੋਂ ਆਏ 'ਸ਼ਹੀਦ' ਦੇ ਅਰਥ ਵੀ ਸਾਖੀ ਹੋਣਾ ਹੀ ਹਨ। ਸਾਖੀ ਨੂੰ ਅੰਗਰੇਜ਼ੀ ਵਿਚ 'ਵਿਟਨੈੱਸ' ਆਖਦੇ ਹਾਂ।

ਜੋਤ ਹੋਣਾ ਅਤੇ ਜੋਤ ਦਾ ਸਾਖੀ ਬਣਨਾ ਪਰਮ ਰੌਸ਼ਨੀ ਦੇ ਹੀ ਦੋ ਪੱਖ ਹਨ। ਸਿੱਖ ਸ਼ਹਾਦਤ ਦੀ ਇਹ ਵਿਸ਼ੇਸ਼ਤਾ ਹੈ ਅਤੇ ਵਿਸ਼ਵ ਸ਼ਹਾਦਤ ਦੇ ਅਭਿਆਸ ਅਤ ਇਤਿਹਾਸ ਨੂੰ ਇਹ ਦੇਣ ਹੈ। ਕੇਵਲ ਵਿਅਕਤਿੱਤਵ ਮਿਟਾਉਣਾ ਜਾਂ ਫਨਾਹ ਹੋਣਾ ਇੱਥੇ ਕਾਫ਼ੀ ਨਹੀਂ। ਪਰਮ ਰੌਸ਼ਨੀ ਦੇ ਇਨਾਂ ਦੋਹਾਂ ਪੱਖਾਂ ਨੂੰ ਸਾਕਾਰ ਕਰਨਾ, ਸਫੋਦਿਤ ਕਰਨਾ, ਇਨਾਂ ਨਾਲ ਇਤਿਹਾਸ ਨੂੰ ਜੋੜਨਾ ਇਸ ਦੇ ਖਾਲੀਪਣ ਨੂੰ ਭਰਪੂਰ ਕਰਨਾ ਹੀ ਸਿੱਖ ਸ਼ਹਾਦਤ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਇਨਾਂ ਵੱਡੇ ਅਰਥਾਂ ਵਿਚ ਹੀ ਸਮਝਣੀ ਚਾਹੀਦੀ ਹੈ। ਇਹ ਇਤਿਹਾਸਕ ਤੌਰ 'ਤੇ ਤੱਥ ਹੀ ਹੈ ਕਿ ਉਨਾਂ ਕੋਲ ਪ੍ਰਤਿਸ਼ਟ ਬ੍ਰਾਹਮਣ ਆਹੇ ਜਿਨਾਂ ਨੇ ਗੁਰੂ ਸਾਹਿਬ ਕੋਲ ਹਿੰਦੂ ਧਰਮ ਦੇ ਵਿਰੁਧ ਮੁਗਲਈ ਸਿਤਮ ਲਈ ਟਕਰਾਉਣ ਲਈ ਬੇਨਤੀ ਕੀਤੀ।

ਕੈਲੀਫੋਰਨੀਆ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਨੋਇਲ ਕਿੰਗ ਇਹ ਕਿਹਾ ਕਰਦੇ ਹਨ ਕਿ ਇਹ, ਮਨੁੱਖਤਾ ਦੇ ਇਤਿਹਾਸ ਵਿਚ ਮਨੁੱਖੀ ਅਧਿਕਾਰਾਂ ਲਈ ਦਿੱਤੀ ਪਹਿਲੀ ਸ਼ਹਾਦਤ ਸੀ। ਪਰ ਜੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਭਿਮਾਨ ਅਤੇ ਦਰਸ਼ਨ ਨੂੰ ਜਾਣਿਆ ਜਾਵੇ ਤਾਂ ਉਨਾਂ ਦੀ ਸ਼ਹਾਦਤ ਵੀ ਕੋਈ ਜਨੇਊ ਬਚਾਉਣ ਅਤੇ ਹਿੰਦੂ ਧਰਮ ਦੀ ਰੱਖਿਆ ਤੱਕ ਹੀ ਸੀਮਿਤ ਨਹੀਂ। ਅਸਲ ਮੰਤਵ ਵਿਸ਼ਾਲ ਅਤੇ ਵਿਸਮਾਦੀ ਹੀ ਹੈ। ਜੋ ਲਖਸ਼ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਦੁਹਰਾਇਆ ਹੈ, ਉਹ 'ਜੀਵਨ ਮੁਕਤਿ' ਹੋਣ ਦਾ ਹੈ ਜਿਸ ਲਈ 'ਮਾਨ ਅਤੇ ਮੋਹ' ਤਿਆਗ ਕੇ ਗੋਬਿੰਦ ਦੇ ਗੁਣ ਗਾਉਣੇ ਮਹੱਤਵ ਰੱਖਦੇ ਹਨ। 'ਗਾਵੈ' ਉਨਾਂ ਅਰਥ ਵਿਚ ਹੀ ਹੈ ਜਿਨਾਂ ਅਰਥਾਂ ਵਿਚ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਵਰਤਿਆ ਹੈ। ਜਗਤ ਜ਼ਰੂਰ 'ਸੁਪਨਾ' ਹੈ ਪਰ ਕੇਵਲ 'ਰਾਮ' ਦੇ ਪ੍ਰਸੰਗ ਵਿਚ। 'ਰਾਗ ਗਾਉਣੀ' ਵਿਚ ਰਚਨਾ ਦੀ ਵਚਿੱਤਰਤਾ ਅਤੇ ਰਾਮ ਦੇ 'ਅਚਰਜੁ' ਹੋਣ ਬਾਰੇ ਉਨਾਂ ਦਾ ਅਨੁਭਵ ਅਤੇ ਪ੍ਰਕਾਸ਼ ਦੂਜੇ ਗੁਰੂ ਸਾਹਿਬਾਨ ਵਾਂਗ ਹੀ ਵਿਸਮਾਦੀ ਹਨ :

**ਸਾਧੋ ਰਚਨਾ ਰਾਮ ਬਨਾਈ ॥**
**ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧ ॥**
**ਗਾਉੜੀ ਮਹਲਾ ੯,**
**ਪੰਨਾ ੨੧੯**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਕ ਭਾਵੀ ਨਹੀਂ। ਉਨਾਂ ਦੇ ਪ੍ਰਮੁੱਖ ਥੀਮ ਵੀ ਕਈ ਹਨ, ਜਿਵੇਂ ਦੁੱਖ, ਸੁਖ, ਮਨੋਚਕਿਤਸਾ, ਨਾਮ, ਗੋਬਿੰਦ, ਬਿਰਤਾ, ਅਥਿਰਤਾ ਆਦਿ। ਪਰ ਇਨਾਂ ਦਾ ਪ੍ਰਕਾਸ਼ ਅਨੇਕ ਮੁਖੀ ਹੈ, ਭਾਵਾਂ ਦੀ ਵਚਿੱਤਰਤਾ ਅਤੇ ਜੀਵਨ ਦੇ ਵਿਸਮਾਦ ਨਾਲ ਜੁੜਿਆ ਹੋਇਆ ਹੈ, ਜਿਸ ਕਾਰਨ ਉਨਾਂ ਦੀ ਬਾਣੀ ਨੂੰ ਹੇਠ ਲਿਖੇ ਰਾਗਾਂ ਵਿਚ ਗਾਉਣ ਦਾ ਆਦੇਸ਼ ਹੈ : ਗਾਉੜੀ, ਆਸਾ, ਦੇਵ, ਗੰਧਾਰੀ, ਬਿਹਾਗੜਾ, ਸੋਰਠਿ, ਜੈਤਸਰੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ।

ਇਹ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਮਾਰਗ ਅਤੇ ਦਰਸ਼ਨ ਵੀ ਓਨਾ ਹੀ ਵਿਸ਼ਾਲ ਸੀ ਅਤੇ ਉਹੀ ਵਿਸਮਾਦ ਕੇਂਦਰਿਤ ਸੀ ਜੋ ਦੂਜੇ ਗੁਰੂ ਸਾਹਿਬਾਨ ਦਾ।

ਉਨਾਂ ਦੀ ਸ਼ਹਾਦਤ ਕੇਵਲ ਇਕ ਧਰਮ ਲਈ ਨਹੀਂ ਸੀ, ਸਗੋਂ ਉਹ ਵਚਿੱਤਰਤਾ ਭਰਪੂਰ ਭਿੰਨਤਾ ਮੁਖੀ ਜਵਨ ਯਥਾਰਥ ਨੂੰ ਸੁਰੱਖਿਅਤ ਬਣਾਉਣ ਲਈ ਸੀ, ਜਿਸ ਵਿਚ ਇਕ ਧਰਮ ਦਾ ਦਮਨ ਬ੍ਰਹਿਮੰਡੀ ਜੀਵਨ ਦੀ ਅਵੱਗਿਆ ਸੀ। ਮਨੁੱਖੀ ਅਧਿਕਾਰ, ਗੁਰੂ ਸਾਹਿਬ ਲਈ, ਵਿਸ਼ਾਲ ਜੀਵਨ ਪ੍ਰਵਾਹ ਨਾਲੋਂ ਤੋੜ ਕੇ ਨਹੀਂ ਦੇਖੇ ਜਾ ਸਕਦੇ। ਉਨਾਂ ਦੀ ਦ੍ਰਿਸ਼ਟੀ ਤੋਂ ਕੋਈ ਵੀ ਅਧਿਕਾਰ ਬ੍ਰਹਮਤਾ ਤੋਂ ਅਲੱਗ ਨਹੀਂ ਹੋ ਸਕਦਾ।

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ, ਉੱਦਾਤ ਸ਼ਹਾਦਤ ਦਾ ਇਕ ਰੂਪ ਹੈ। ਦੂਜਾ ਰੂਪ ਗੁਰੂ ਗੋਬਿੰਦ ਸਿੰਘ ਜੀ ਦੀਆਂ ਦਸਮ ਗ੍ਰੰਥ ਵਿਚ ਸੰਕਲਿਤ ਰਚਨਾਵਾਂ ਉਜਾਗਰ ਕਰਦੀਆਂ ਹਨ ਕਿ ਖੜਗਧਾਰੀ ਹੋ ਕੇ ਵੀ ਉੱਦਾਤ ਸ਼ਹਾਦਤ ਦਿੱਤੀ ਜਾ ਸਕਦੀ ਹੈ। ਇਸ ਲਈ ਖੜਗ ਨੂੰ ਅਕਾਲ ਪੁਰਖ ਦਾ ਰੂਪ ਸਵੀਕਾਰ ਕਰਨਾ ਪਵੇਗਾ ਅਤੇ ਅਕਾਲ ਪੁਰਖ ਸਿੱਖ ਸਿਧਾਂਤ ਅਤੇ ਅਨੁਭਵ ਅਨੁਸਾਰ ਵਿਸਮਾਦੀ ਹੈ, ਕਾਇਨਾਤ ਦੀ ਕੁੱਲ ਜੀਵਿਤ ਅਤੇ ਪਦਾਰਥਕ ਅਸਲੀਅਤ ਦਾ ਸਿਰਜਨਹਾਰ ਹੈ, ਵਿਚਿੱਤਰਤਾ ਦਾ ਕਰਤਾ ਹੈ।

ਅਜਿਹੀ ਖੜਗ ਜਲਾਲਧਾਰੀ ਹੈ, 'ਭਾਨੂ ਪ੍ਰਭੰ' ਹੈ। ਇਹ ਸੂਰਜੀ ਜਲਾਲ ਅਕਾਲ ਪੁਰਖ ਦੀ ਜੋਤਿ ਹੈ। ਖੜਗ ਧਾਰਨਾ, ਇਨਾਂ ਅਰਥਾਂ ਵਿਚ ਜੋਤਿ ਨਾਲ ਮਿਲਣਾ ਹੀ ਹੈ। ਇਸੇ, ਕਾਰਨ, ਖੜਗ ਦੇ ਚੱਲਣ ਨੂੰ 'ਸ੍ਰਿਸਟਿ ਉਬਾਰ' ਲਈ ਗਤੀਸ਼ੀਲ ਖੜਗ ਆਖਿਆ ਗਿਆ ਹੈ। ਇਹ ਜੋਤ ਦਾ ਵਰਤਾਰਾ ਹੀ ਹੈ। ਇਸ ਵਰਤਾਰੇ ਵਿਚ ਜੋ ਵਿਅਕਤੀ ਸ਼ਾਮਲ ਹੈ, ਉਹ ਰੌਸ਼ਨੀ ਦੇ ਵਰਤਾਰੇ ਨੂੰ ਹੀ ਅੱਗੇ ਚਲਾ ਰਿਹਾ ਹੈ। 'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਵਿਚ ਗੁਰੂ ਸਾਹਿਬ ਨੇ 'ਤੇਗ', ਤੀਰ, ਤੁਪਕ, ਤਬਰ' ਨੂੰ 'ਹਮਾਰੇ ਪੀਰ' ਆਖਿਆ ਹੈ। ਜੇ ਖੜਗ ਅਕਾਲ ਪੁਰਖ ਦਾ ਰੂਪ ਹੈ ਅਤੇ ਤੋਪ ਅਤੇ ਤੀਰ ਪੀਰ ਹਨ, ਤਾਂ ਇਨਾਂ ਨੂੰ ਧਾਰਨ ਵਾਲਾ ਵਿਅਕਤੀ ਵੀ ਦੈਵੀ ਜੋਤਿ ਹੀ ਹੋ ਸਕਦਾ ਹੈ, ਜਾਂ ਹੋਣਾ ਚਾਹੀਦਾ ਹੈ।

ਜੰਗ ਉਸ ਰੋਸ਼ਨੀ ਵਧਾਉਣ ਦਾ ਮਾਧਿਅਮ ਹੈ। ਜੋ ਇਤਿਹਾਸ ਇਸ ਨਾਲ ਟੁੱਟ ਕੇ ਨਵੇਂ ਸਿਰਿਓਂ ਸਿਰਜਿਆ ਜਾਵੇਗਾ, ਉਹ ਵੀ ਰੋਸ਼ਨ ਹੋਵੇਗਾ। ਇਸ ਨਾਲ ਸ੍ਰਿਸ਼ਟੀ ਦਾ ਵੀ ਵਿਕਾਸ ਹੋਵੇਗਾ। ਇਸ ਤਰਾਂ ਖੜਗਧਾਰੀ ਅਤੇ ਤੁਪਕਧਾਰੀ ਦਾ ਜੋ ਰੂਪ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਨਾਂ ਰਚਨਾਵਾਂ ਵਿਚੋਂ ਉੱਭਰਦਾ ਹੈ, ਉਹ ਵੀ ਜੋਤਿ ਹੋਏ ਉਸ ਮਨੁੱਖ ਦਾ ਹੈ, ਜੋ ਜੋਤਿ ਨੂੰ ਹੋਰ ਤੀਬਰ ਕਰਨ ਵਾਲੇ ਸੁਜੋਤ ਹਥਿਆਰਾਂ ਨਾਲ ਸੰਘਰਸ਼ ਕਰਦਾ ਹੈ। ਇਹ ਸੰਘਰਸ਼ ਸਿਰਜਦਾ ਹੈ। ਇਸ ਪ੍ਰਕਿਰਿਆ ਵਿਚ ਕੀਤਾ ਆਪਾ ਨਿਵਾਰਨ, ਸੁਜੋਤ ਜੰਗਿ ਮੈਦਾਨ ਦੀ ਸ਼ਹੀਦੀ ਵੀ, ਉੱਦਾਤ ਸ਼ਹਾਦਤ ਹੈ ਸਬਲਾਈਮ ਮਾਰਟਿਡਮ ਹੈ।

ਖੁਦ ਜੋਤਿ ਹੋ ਕੇ, ਜੋਤਿ ਦੇ ਵਿਸਥਾਰ ਪ੍ਰਕਾਸ਼ ਅਤੇ ਪ੍ਰਜੂਲਨ ਲਈ, ਧਰਮ ਜੋਤਿ ਵਿਚ ਮਿਲ ਜਾਣਾ ਹੀ ਸਿੱਖੀ ਹੀ ਉੱਦਾਤ ਸ਼ਹਾਦਤ ਹੈ, ਇਹ ਨਿਵੇਕਲੀ ਹੈ, ਵਿਸ਼ਵ ਭਾਈਚਾਰੇ ਨੂੰ ਦੇਣ ਹੈ। ਇਸ ਨਾਲ ਹੀ ਇਤਿਹਾਸ ਨੂੰ ਨਵਾਂ ਮੋੜ ਦੇਣਾ ਇਤਿਹਾਸ ਨੂੰ ਰੌਸ਼ਨ ਕਰਨਾ ਅਤੇ ਮਨੁੱਖ ਹਿਤੈਸ਼ੀ ਬਣਾਉਣਾ ਹੈ।

ਇਸ ਉੱਦਾਤ ਸ਼ਹਾਦਤ ਦਾ ਅਭਿਆਸ ਅਤੇ ਪੈਰੋਕਾਰੀ ਕੋਈ ਸੌਖੀ ਗੱਲ ਨਹੀਂ। ਇਹ ਇਕ ਵਡਮੁੱਲਾ ਮਾਡਲ ਹੈ ਜਿਸ ਨੂੰ ਮੁੱਖ ਰੱਖ ਕੇ ਹੀ ਸਾਨੂੰ ਆਪਣੇ ਇਤਿਹਾਸ ਵਿਚ ਹੋਈਆਂ ਸ਼ਹੀਦੀਆਂ ਦਾ ਮੁੱਲ ਪਾਉਣਾ ਚਾਹੀਦਾ ਹੈ।

*(ਸਿੱਖ ਸ਼ਹਾਦਤ, ਜੂਨ 2004)*

# ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਗੁਰਮਤਿ ਫਲਸਫਾ



- ਗੁਰਬਚਨ ਸਿੰਘ
(9815698451)

- ਗੁਰਮਤਿ ਗਿਆਨ ਸਿਰਫ ਸਿੱਖਾਂ ਲਈ ਹੀ ਨਹੀਂ ਹੈ। ਇਹ ਸਮੁਚੀ ਮਨੁੱਖਤਾ ਲਈ ਹੈ।
- ਮਨੁੱਖੀ ਸੁਭਾਅ ਨੂੰ ਚਲਾਉਣ ਵਾਲੇ ਨੇਮ ਇਸ ਬ੍ਰਹਿਮੰਡ ਨੂੰ ਚਲਾਉਣ ਵਾਲੇ ਨੇਮਾਂ ਤੋਂ ਕੋਈ ਵੱਖਰੇ ਨਹੀਂ ਹਨ।
- ਬੋਲੀ ਮਨੁੱਖੀ ਚੇਤਨਾ ਦਾ ਪ੍ਰਗਟ ਰੂਪ ਹੁੰਦੀ ਹੈ, ਜਿਸ ਦੀ ਦੂਜਿਆਂ ਮਨੁਖਾਂ ਵਾਸਤੇ ਸਿਰਫ ਇਸੇ ਲਈ ਹੋਂਦ ਹੈ, ਕਿਉਂਕਿ ਇਸ ਦੀ ਮੇਰੇ ਲਈ ਹੋਂਦ ਹੈ।
- ਆਪਣੀ ਮਾਂ ਬੋਲੀ ਨੂੰ ਤਿਆਗਣਾ ਹਜ਼ਾਰਾਂ ਸਾਲਾਂ ਦੇ ਹੋਏ ਇਤਿਹਾਸਕ ਵਿਕਾਸ ਨੂੰ ਨਕਾਰਨਾ ਹੈ।
- ਮਾਨਸਿਕ ਗੁਲਾਮੀ ਵਿਚ ਜੀਅ ਰਹੇ ਲੋਕ ਆਪਣੀ ਆਜਾਦੀ ਦੇ ਖੁਆਬ ਲੈਣੇ ਵੀ ਬੰਦ ਕਰ ਦੇਂਦੇ ਹਨ।
- ਰੂਹਾਨੀਅਤ ਵਿਹੂਣੀ ਕੌਮੀ ਮਾਨਸਿਕਤਾ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਮਾਨਸਿਕਤਾ ਵਿਚ ਅੜਿਕਾ ਬਣਦੀ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਿਖ ਧਰਮ ਨਾਲ ਰਿਸ਼ਤੇ ਨੇ ਬਹੁਤ ਸਾਰੇ ਪੰਜਾਬੀਆਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ। ਪੰਜਾਬੀ ਭਾਈਚਾਰੇ ਦੀ ਇਕਜੁਟਤਾ ਲਈ ਇਸ ਨੁਕਤੇ ਦੀ ਸਪਸ਼ਟਤਾ ਹੋਣੀ ਬਹੁਤ ਜ਼ਰੂਰੀ ਹੈ। ਜਿੰਨਾ ਚਿਰ ਇਸ ਨੁਕਤੇ ਬਾਰੇ ਸਪਸ਼ਟ ਨਹੀਂ ਹੋਇਆ ਜਾਂਦਾ, ਓਨਾ ਚਿਰ ਪੰਜਾਬੀ ਭਾਈਚਾਰਾ ਸਿਖਾਂ, ਹਿੰਦੂਆਂ ਤੇ ਮੁਸਲਮਾਨਾਂ ਵਿਚ ਹੀ ਵੰਡਿਆ ਰਹੇਗਾ।

ਸਿਖ ਧਰਮ ਦੇ ਦੋ ਪਖ ਹਨ। ਸਿਖ ਸਰੂਪ ਤੇ ਗੁਰਮਤਿ। ਇਹ ਸਹੀ ਹੈ ਕਿ ਗੁਰਮਤਿ ਸਿਖ ਸਰੂਪ ਦਾ ਆਧਾਰ ਹੈ ਪਰ ਗੁਰਮਤਿ ਆਪਣੇ ਆਪ ਵਿਚ ਇਕ ਫਿਲਾਸਫੀ ਹੈ। ਫਿਲਾਸਫੀ ਕਿਸੇ ਵੀ ਮਨੁਖ ਦੀ ਤਾਕਤ ਹੁੰਦੀ ਹੈ, ਉਸ ਦੀ ਕਮਜ਼ੋਰੀ ਨਹੀਂ। ਫਿਲਾਸਫੀ ਆਪਣੇ ਸਮੇਂ ਦਾ ਬੌਧਿਕ ਤਤ ਹੁੰਦੀ ਹੈ। ਕਿਸੇ ਵੀ ਸਭਿਆਚਾਰ ਦੀ ਸਜਿੰਦ ਆਤਮਾ ਹੁੰਦੀ ਹੈ। ਫਿਲਾਸਫਰ ਆਪਣੀ ਧਰਤੀ ਦੀ, ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ, ਜਿਨਾਂ ਦੇ ਅਤਿ ਸੂਖਮ ਕੀਮਤੀ ਮਨੁੱਖੀ ਜ਼ਿੰਦਗੀ ਦੇ ਨਿਕਲੇ ਅਦਿਖ ਨਿਚੋੜ ਫਿਲਾਸਫੀ ਦੀਆਂ ਧਾਰਨਾਵਾਂ ਰਾਹੀਂ ਪ੍ਰਗਟ ਹੁੰਦੇ ਹਨ। ਜਿਹੜਾ ਜਜਬਾ ਕਿਰਤੀਆਂ ਦੇ ਹਥੋਂ ਨਵੇਂ ਕ੍ਰਿਸ਼ਮਿਆਂ ਦੀ ਸਿਰਜਣਾ ਕਰਵਾਉਂਦਾ ਹੈ, ਓਹੀ ਜਜਬਾ ਫਿਲਾਸਫਰਾਂ ਦੇ ਸਿਰਾਂ ਵਿਚ ਫਿਲਾਸਫੀ ਦੀਆਂ ਧਾਰਨਾਵਾਂ ਦੀ ਸਿਰਜਣਾ ਕਰਦਾ ਹੈ। ਇਹ ਸੰਸਾਰ 'ਸਿਰ ਭਾਵ ਫਿਲਾਸਫੀ ਦਾ ਸਿਰਜਿਆ ਸੰਸਾਰ' ਹੈ। ਫਿਲਾਸਫੀ ਹੀ ਸੁਚੇਤ ਰੂਪ ਵਿਚ ਕਿਸੇ ਸਮਾਜੀ-ਰਾਜਸੀ ਤਾਣੇਬਾਣੇ ਦੀ ਸਿਰਜਣਾ ਕਰਨ ਲਈ ਰਾਹ ਵਿਖਾਉਂਦੀ ਹੈ। ਫਿਲਾਸਫੀ ਹੀ ਹਰੇਕ ਮਨੁਖ ਨੂੰ ਨਰੋਈ ਅਤੇ ਸਦਾਚਾਰਕ ਜੀਵਨ ਜਾਂਚ ਦਾ ਗਿਆਨ ਦੇਂਦੀ ਹੈ। ਗੁਰਮਤਿ ਪੰਜਾਬੀ ਭਾਈਚਾਰੇ ਦੀ ਹੁਣ ਤਕ ਦੀ ਸਮੁਚੀ ਸਿਆਣਪ ਦਾ ਨਿਕਲਿਆ ਤਤ-ਨਿਚੋੜ ਹੈ। ਗੁਰਮਤਿ ਨੂੰ ਸਿਖ ਧਰਮ ਨਾਲ ਜੋੜ ਕੇ ਠੁਕਰਾਉਣਾ ਪੰਜਾਬੀ ਲੋਕਾਂ ਦੀ ਸਭ ਤੋਂ ਵਡੀ ਬਦਕਿਸਮਤੀ ਹੈ। ਗੁਰਮਤਿ ਪੰਜਾਬੀਅਤ ਦੀ ਰੂਹ ਹੈ ਅਤੇ ਪੰਜਾਬੀ ਬੋਲੀ ਇਸ ਰੂਹ ਨੂੰ ਪ੍ਰਗਟ ਕਰਨ ਦਾ ਇਕ ਸੰਦ ਹੈ। ਇਨਾਂ ਦੋਹਾਂ ਦੀ ਹੋਂਦ ਤੋਂ ਮੁਨਕਿਰ ਹੋ ਕੇ ਪੰਜਾਬੀਅਤ ਕਿਵੇਂ ਵੀ ਜਿਉਂਦੀ ਨਹੀਂ ਰਹਿ ਸਕਦੀ। ਪੰਜਾਬ, ਪੰਜਾਬੀ ਬੋਲੀ ਅਤੇ ਪੰਜਾਬੀਅਤ ਦਾ ਗੁਰਮਤਿ ਨਾਲ ਇਹੀ ਰਿਸ਼ਤਾ ਹੈ। ਮੌਜੂਦਾ ਪੂੰਜੀਵਾਦੀ-ਸਾਮਰਾਜੀ ਖਪਤਕਾਰੀ ਦੇ ਦੌਰ ਵਿਚ ਇਸ ਸਿਆਣਪ ਤੋਂ ਬਿਨਾਂ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਕਾਸ ਨਹੀਂ ਕਰ ਸਕਦੇ।

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਹਿੰਦੂ ਧਰਮ ਅਤੇ ਇਸਲਾਮ ਦਾ ਗੁਰਮਤਿ ਨਾਲ ਕੀ ਰਿਸ਼ਤਾ ਹੈ? ਇਸ ਵਿਚ ਕੋਈ ਸ਼ਕ ਨਹੀਂ ਕਿ ਹਿੰਦੂ ਧਰਮ ਅਤੇ ਇਸਲਾਮ ਦੀਆਂ ਰਹੁਰੀਤਾਂ (ਜਿਨਾਂ ਨੂੰ ਠੁਲੀ ਭਾਸ਼ਾ ਵਿਚ ਕਰਮਕਾਂਡ ਕਿਹਾ ਜਾਂਦਾ ਹੈ) ਸਿਖ ਧਰਮ ਨਾਲੋਂ ਵਖਰੀਆਂ ਹਨ। ਪਰ ਇਨਾਂ ਵਖਰੇਂਵਿਆਂ ਦੇ ਬਾਵਜੂਦ ਗੁਰਮਤਿ ਦਾ ਹਿੰਦੂ ਫਿਲਾਸਫੀ (ਵੇਦਾਂਤ) ਅਤੇ ਇਸਲਾਮ ਨਾਲ ਤਤ ਦਾ ਕੋਈ ਵਿਰੋਧ ਨਹੀਂ। ਗੁਰਮਤਿ ਗਿਆਨ ਸਿਰਫ ਸਿਖਾਂ ਲਈ ਹੀ ਨਹੀਂ ਹੈ। ਇਹ ਸਮੁਚੀ ਮਨੁੱਖਤਾ ਲਈ ਹੈ। ਗੁਰਮਤਿ ਗਿਆਨ ਦੇਂਦੀ ਹੈ —

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ**
**ਮਨ ਮਹਿ ਚਲਹਿ ਵਿਕਾਰ ॥**

ਭਾਵ ਉਹ ਸਾਰਾ ਕੁਝ ਖਾਣਾ ਫਜ਼ੂਲ ਹੈ, ਜਿਹੜਾ ਤਨ ਵਿਚ ਪੀੜ ਅਤੇ ਮਨ ਵਿਚ ਵਿਕਾਰ ਪੈਦਾ ਕਰੇ। ਇਹ ਧਾਰਨਾ ਹੁਣ ਤਕ ਦੀ ਵਿਕਸਿਤ ਹੋਈ ਸਮੁਚੀ ਮੈਡੀਕਲ ਸਾਇੰਸ ਅਤੇ ਫਿਲਾਸਫੀ ਦਾ ਤਤਸਾਰ ਹੈ ਅਤੇ ਇਹ ਧਾਰਨਾ ਸਿਰਫ ਸਿਖਾਂ ਉਤੇ ਹੀ ਲਾਗੂ ਨਹੀਂ ਹੁੰਦੀ ਬਲਕਿ ਦੁਨੀਆ ਭਰ ਦੇ ਸਾਰੇ ਲੋਕਾਂ ਉਤੇ ਲਾਗੂ ਹੁੰਦੀ ਹੈ। ਜੇ ਮਨੁੱਖ ਜਾਤੀ ਨੇ ਇਸ ਸਿਆਣਪ ਨੂੰ ਅਪਨਾਇਆ ਹੁੰਦਾ ਤਾਂ ਅੱਜ ਉਸ ਨੂੰ ਕੋਰੋਨਾ ਵਰਗੀ ਮਹਾਂਮਾਰੀ ਦੀ ਵਹਿਸ਼ਤ ਨਾ ਹੰਢਾਉਣੀ ਪੈਂਦੀ। ਕਿਉਂਕਿ ਇਹ ਦਸਤੂਰ ਅਪਨਾ ਕੇ ਹੀ ਮਨੁਖ ਨੂੰ ਕੁਦਰਤ ਨਾਲ ਆਪਣੀ ਇਕਸੁਰਤਾ ਦੀ ਸਮਝ ਆਉਂਦੀ ਹੈ ਅਤੇ ਉਹ ਬੇਲੋੜੀ ਖਪਤਕਾਰੀ ਦੀ ਤ੍ਰਿਸ਼ਨਾ ਤੋਂ ਛੁਟਕਾਰਾ ਪਾ ਸਕਦਾ ਹੈ। ਇਸੇ ਤਰਾਂ ਗੁਰਮਤਿ ਦਾ ਫੁਰਮਾਨ ਹੈ —

**ਗੁਰਾ ਇਕ ਦੇਹਿ ਬੁਝਾਈ ॥**
**ਸਭਨਾ ਜੀਆ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨ ਜਾਈ ॥**

ਭਾਵ ਹੇ ਗੁਰੂ! ਮੈਨੂੰ ਇਹ ਚੇਤਨਾ ਦੇਹ ਕਿ ਮੈਂ ਇਹ ਸਚਾਈ ਕਦੇ ਨਾ ਵਿਸਰਾਂ ਕਿ ਸਾਰਿਆਂ ਜੀਆਂ ਨੂੰ ਦਾਤਾਂ ਦੇਣ ਵਾਲਾ ਦਾਤਾ ਇਕੋ ਹੀ ਹੈ। ਹੁਣ ਇਹ ਚੇਤਨਾ ਸਿਰਫ ਸਿਖਾਂ ਲਈ ਹੀ ਨਹੀਂ ਬਲਕਿ ਹਿੰਦੂਆਂ, ਮੁਸਲਮਾਨਾਂ, ਇਸਾਈਆ ਸਾਰਿਆਂ ਲਈ ਹੈ। ਇਸੇ ਸਮਾਜੀ ਚੇਤਨਾ ਦੀ ਸਿਖਰ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਹੈ। ਗੁਰਮਤਿ ਫੁਰਮਾਉਂਦੀ ਹੈ — ਅਲਹ ਅਲਖ ਅਪਾਰ॥ ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਭਾਵ ਅਲਹ ਬੇਅੰਤ ਹੈ, ਅਗਮ ਹੈ। ਅਲਹ ਸਰਬਉਚ ਹੈ ਅਤੇ ਸਾਰੇ ਮਨੁਖ ਕੁਦਰਤ ਦੀ ਸਿਰਜਣਾ ਹਨ। ਇਸਲਾਮ ਦੇ ਚਰਚਿਤ ਵਿਆਖਿਆਕਾਰ ਸਈਦ ਕੁਤਬ ਨੇ ਆਪਣੀ ਇਕ ਅਹਿਮ ਕਿਰਤ 'ਮੀਲ ਪਥਰ' ਵਿਚ ਇਸਲਾਮ ਦੀ ਵਿਆਖਿਆ ਕਰਦਿਆਂ ਹੋਇਆਂ ਲਿਖਿਆ ਹੈ, "ਇਸਲਾਮ ਆਪਣਾ ਸਮੁਚਾ ਢਾਂਚਾ ਅਲਹ ਅਗੇ ਪੂਰਨ ਆਤਮ ਸਮਰਪਣ ਦੇ ਯਕੀਨ ਅਤੇ ਕਰਨੀ ਦੀ ਨੀਂਹ ਉਤੇ ਖੜਾ ਕਰਦਾ ਹੈ।

ਉਸ ਦੇ ਯਕੀਨ, ਕਰਮ ਤੇ ਜ਼ਿੰਦਗੀ ਦੇ ਨੇਮ ਇਸ ਆਤਮ ਸਮਰਪਣ ਤੇ ਅਮਲੀ ਜ਼ਿੰਦਗੀ ਵਿਚ ਇਸ ਦੀ ਕੀਤੀ ਵਿਆਖਿਆ ਦੇ ਐਲਾਨੀਆ ਪ੍ਰਗਟਾਵੇ ਹਨ ਕਿ ਅਲਹ ਤੋਂ ਬਿਨਾਂ ਹੋਰ ਕੋਈ ਦੈਵੀ ਸ਼ਕਤੀ ਤੇ ਦੇਵੀ-ਦੇਵਤਾ ਨਹੀਂ। ਜ਼ਿੰਦਗੀ ਦੇ ਸਾਰੇ ਵਿਸਥਾਰ ਅਲਹ ਦੇ ਹਰਕਾਰੇ ਦੇ ਅਮਲ ਵਿਚੋਂ ਪੈਦਾ ਹੁੰਦੇ ਹਨ।"... "ਅਸਲ ਵਿਚ ਇਉਂ ਇਸਲਾਮ ਬ੍ਰਹਿਮੰਡੀ (ਕੁਦਰਤੀ) ਕਾਨੂੰਨਾਂ (ਹੁਕਮੁ) ਨਾਲ ਇਕਸੁਰ ਹੋ ਜਾਂਦਾ ਹੈ, ਜਿਹੜੇ ਬ੍ਰਹਿਮੰਡੀ ਕਾਨੂੰਨ ਨਾ ਸਿਰਫ ਮਨੁੱਖ ਦੀ ਆਪਣੀ ਹੋਂਦ ਵਿਚ ਸਗੋਂ ਸਮੁਚੇ ਬ੍ਰਹਿਮੰਡ ਵਿਚ ਵੀ ਕਾਰਜਸ਼ੀਲ ਹਨ।"... "ਮਨੁੱਖ ਇਸ ਬ੍ਰਹਿਮੰਡ (ਕੁਦਰਤ) ਦਾ ਹੀ ਇਕ ਅੰਗ ਹੈ ਅਤੇ ਮਨੁੱਖੀ ਸੁਭਾਅ ਨੂੰ ਚਲਾਉਣ ਵਾਲੇ ਨੇਮ ਇਸ ਬ੍ਰਹਿਮੰਡ ਨੂੰ ਚਲਾਉਣ ਵਾਲੇ ਨੇਮਾਂ ਤੋਂ ਕੋਈ ਵੱਖਰੇ ਨਹੀਂ ਹਨ।"

ਇਸਲਾਮ ਦੇ ਪੰਜਾਬੀ ਵਿਆਖਿਆਕਾਰ ਤੇ ਫਿਲਾਸਫਰ ਕਵੀ ਅਲਾਮਾ ਇਕਬਾਲ ਨੇ ਇਸਲਾਮ ਦੀ ਵਿਆਖਿਆ ਕਰਦਿਆਂ ਲਿਖਿਆ ਹੈ, "ਅਜੋਕੀ ਮਨੁੱਖ ਜਾਤੀ ਨੂੰ ਤਿੰਨ ਗੱਲਾਂ ਦੀ ਲੋੜ ਹੈ — ਬ੍ਰਹਿਮੰਡੀ ਹਕੀਕਤ ਦੀ ਇਕ ਆਤਮਿਕ ਵਿਆਖਿਆ, ਵਿਅਕਤੀ ਦੀ ਆਤਿਮਕ ਮੁਕਤੀ ਤੇ ਇਕ ਬੁਨਿਆਦੀ ਆਧਾਰ ਉਤੇ ਮਨੁਖੀ ਸਮਾਜ ਦੇ ਵਿਕਾਸ ਦੀ ਸਰਬਵਿਆਪੀ ਦਿਸ਼ਾ ਦੇ ਮੂਲ ਨੇਮ ਤਹਿ ਕਰਨੇ।" ਅਲਾਮਾ ਇਕਬਾਲ ਨੇ ਇਹ ਵੀ ਕਿਹਾ ਹੈ ਕਿ "ਇਸਲਾਮ ਦਾ ਅੰਤਿਮ ਨਿਸ਼ਾਨਾ ਆਤਮਿਕ ਜਮਹੂਰੀਅਤ ਹੈ ਤੇ ਅਜੋਕੀ ਯੂਰਪੀਨ ਸਭਿਅਤਾ ਮਨੁੱਖ ਦੇ ਸਦਾਚਾਰੀ ਵਿਕਾਸ ਅਤੇ ਆਤਮਿਕ ਜਮਹੂਰੀਅਤ ਦੇ ਰਾਹ ਵਿਚ ਸਭ ਤੋਂ ਵਡੀ ਰੁਕਾਵਟ ਹੈ।" ਅਲਾਮਾ ਇਕਬਾਲ ਦਾ ਇਹ ਵੀ ਕਥਨ ਹੈ ਕਿ "ਕੁਰਾਨ ਇਕ ਕਿਤਾਬ ਹੈ, ਜਿਹੜੀ ਕਹਿਣੀ ਨਾਲੋਂ ਕਰਨੀ ਉਤੇ ਜ਼ੋਰ ਦੇਂਦੀ ਹੈ।" (The Quran is a book which emphasizes 'deed' rather than 'idea'.) ਗੁਰਮਤਿ ਦਾ ਸਾਰਾ ਤਤ ਨਿਚੋੜ ਇਹੀ ਹੈ, ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।।

ਇਹੀ ਆਤਮਿਕ ਗਿਆਨ ਆਤਮਿਕ ਜਮਹੂਰੀਅਤ ਦਾ ਬੁਨਿਆਦੀ ਆਧਾਰ ਹੈ। ਅਸਲ ਵਿਚ ਪੰਜਾਬੀ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਹੁਣ ਤਕ ਤਿੰਨਾਂ ਧਰਮਾਂ ਦੀ ਫਿਲਾਸਫੀ ਦੀ ਇਸ ਸਾਂਝ ਨੂੰ ਗੌਲਿਆ ਹੀ ਨਹੀਂ ਗਿਆ। ਕਰਮਕਾਂਡ ਜਾਂ ਭੇਖ ਨੂੰ ਲੈ ਕੇ ਪਾਈਆਂ ਵੰਡੀਆਂ ਹੀ ਹੁਣ ਤਕ ਭਾਰੂ ਰਹੀਆਂ ਹਨ। ਪੰਜਾਬੀ ਲੋਕਾਂ ਨੇ ਹੁਣ ਤਕ ਗੁਰਮਤਿ ਦੀ ਤਾਕਤ ਨੂੰ ਪਛਾਣਿਆ ਹੀ ਨਹੀਂ। ਲੋੜ ਗੁਰਮਤਿ ਦੀ ਤਾਕਤ ਤੇ ਤਿੰਨਾਂ ਧਰਮਾਂ ਦੀ ਇਸ ਸਾਂਝ ਨੂੰ ਪਛਾਣਨ ਦੀ ਹੈ।

ਮਾਂ ਬੋਲੀ ਕਿਸੇ ਵੀ ਮਨੁੱਖੀ ਸਮਾਜ ਦੀ ਤਾਕਤ ਹੁੰਦੀ ਹੈ। ਬੋਲੀ ਓਨੀ ਹੀ ਪੁਰਾਣੀ ਹੈ ਜਿੰਨੀ ਮਨੁਖੀ ਚੇਤਨਾ। ਬੋਲੀ ਮਨੁੱਖੀ ਚੇਤਨਾ ਦਾ ਪ੍ਰਗਟ ਰੂਪ ਹੁੰਦੀ ਹੈ, ਜਿਸ ਦੀ ਦੂਜਿਆਂ ਮਨੁਖਾਂ ਵਾਸਤੇ ਸਿਰਫ ਇਸੇ ਲਈ ਹੋਂਦ ਹੈ, ਕਿਉਂਕਿ ਇਸ ਦੀ ਮੇਰੇ ਲਈ ਹੋਂਦ ਹੈ। ਮਨੁਖੀ ਚੇਤਨਾ ਵਾਂਗ ਬੋਲੀ ਵੀ ਦੂਜਿਆਂ ਮਨੁੱਖਾਂ ਨਾਲ ਮੇਲਜੋਲ ਦੀ ਲੋੜ ਵਿਚੋਂ ਪੈਦਾ ਹੁੰਦੀ ਹੈ। ਬੋਲੀ ਅਤੇ ਸਭਿਆਚਾਰ ਇਕ-ਦੂਜੇ ਤੋਂ ਟੁਟ ਕੇ ਵਿਕਾਸ ਨਹੀਂ ਕਰ ਸਕਦੇ। ਮਾਂ ਬੋਲੀ ਤੋਂ ਮੁਨਕਿਰ ਹੋਣਾ ਆਪਣੀ ਸਭਿਆਚਾਰਕ ਤਾਕਤ ਨੂੰ ਤਿਲਾਂਜਲੀ ਦੇਣਾ ਹੈ। ਹਜ਼ਾਰਾਂ ਸਾਲਾਂ ਦੇ ਹੋਏ ਮਨੁਖੀ ਵਿਕਾਸ ਦੀ ਅਰਜਿਤ ਕੀਤੀ ਅਨੁਭਵੀ ਸਿਆਣਪ ਨੂੰ ਸ਼ਬਦਾਂ ਰਾਹੀਂ ਮਾਂ ਬੋਲੀ ਹੀ ਆਪਣੇ ਬਿੰਬਾਂ ਅੰਦਰ ਸਮੇਟਦੀ ਹੈ। ਇਸ ਲਈ ਆਪਣੀ ਮਾਂ ਬੋਲੀ ਨੂੰ ਤਿਆਗਣਾ ਹਜ਼ਾਰਾਂ ਸਾਲਾਂ ਦੇ ਹੋਏ ਇਤਿਹਾਸਕ ਵਿਕਾਸ ਨੂੰ ਨਕਾਰਨਾ ਹੈ। ਅਜਿਹੀ ਮੂਰਖਤਾ ਮਾਨਸਿਕ ਤੌਰ ਉਤੇ ਗੁਲਾਮ ਲੋਕ ਹੀ ਕਰ ਸਕਦੇ ਹਨ। ਅਮੀਰ ਤੇ ਮਧ ਵਰਗੀ ਸਿੱਖਾਂ ਸਮੇਤ ਪੰਜਾਬ ਦੇ ਬਹੁਤੇ ਲੋਕ ਹੁਣ ਇਹੀ ਮੂਰਖਤਾ ਕਰ ਰਹੇ ਹਨ। ਮਾਨਸਿਕ ਗੁਲਾਮੀ ਵਿਚ ਜੀਅ ਰਹੇ ਲੋਕ ਆਪਣੀ ਆਜਾਦੀ ਦੇ ਖੁਆਬ ਲੈਣੇ ਵੀ ਬੰਦ ਕਰ ਦੇਂਦੇ ਹਨ।

ਕੁਦਰਤ ਅਧੀਨ ਸਮੁਚੀ ਮਨੁੱਖ ਜਾਤੀ ਭਾਸ਼ਾਈ ਜਨ-ਸਮੂਹਾਂ ਦਾ ਜਮਾਂ ਜੋੜ ਹੈ। ਹਰ ਭਾਸ਼ਾਈ ਜਨ-ਸਮੂਹ ਨੇ ਆਪਣਾ ਅਨੁਭਵੀ ਗਿਆਨ ਆਪਣੇ ਭਾਸ਼ਾਈ ਸ਼ਬਦਾਂ (ਬਿੰਬਾਂ) ਰਾਹੀਂ ਸੰਭਾਲਿਆ ਹੈ। ਇਸ ਲਈ ਹਰ ਭਾਸ਼ਾਈ ਜਨ-ਸਮੂਹ ਇਕ ਇਕਾਈ ਬਣਦਾ ਹੈ। ਹਰ ਭਾਸ਼ਾਈ ਜਨ-ਸਮੂਹ ਨੇ ਭਾਵੇਂ ਇਕ-ਦੂਜੇ ਨਾਲ ਰਲਦੇ-ਮਿਲਦੇ ਅਨੁਭਵ ਹੰਢਾਏ ਹਨ ਪਰ ਹਰ ਭਾਸ਼ਾਈ ਜਨ-ਸਮੂਹ ਨੇ ਇਨਾਂ ਅਨੁਭਵਾਂ ਨੂੰ ਆਪਣੇ ਸ਼ਬਦਾਂ ਵਿਚਲੇ ਸੰਕਲਪਾਂ ਅੰਦਰ ਅਡ-ਅਡ ਰੂਪਾਂ ਵਿਚ ਸੰਭਾਲਿਆ ਹੈ। ਇਸ ਲਈ ਹਰ ਭਾਸ਼ਾਈ ਜਨ-ਸਮੂਹ ਦੇ ਆਪਣੇ-ਆਪਣੇ ਅਨੁਭਵਾਂ ਦੇ ਸ਼ਬਦੀ ਸੰਕਲਪ ਜਾਂ ਬਿੰਬ ਅਡ-ਅਡ ਹਨ। ਹਰ ਭਾਸ਼ਾਈ ਜਨ-ਸਮੂਹ ਦੇ ਅਨੁਭਵੀ ਗਿਆਨ ਨੂੰ ਸੰਭਾਲਣ ਅਤੇ ਇਸ ਦਾ ਪਸਾਰਾ ਕਰਨ ਲਈ ਹਰ ਭਾਸ਼ਾ ਨੂੰ ਸੰਭਾਲਣਾ ਅਤੇ ਉਸ ਨੂੰ ਵਿਕਸਿਤ ਕਰਨਾ ਮਨੁਖ ਜਾਤੀ ਦੀ ਆਪਣੀ ਲੋੜ ਹੈ। ਕਿਸੇ ਬਝਵੀਂ ਥਾਂ ਅੰਦਰ ਕੁਦਰਤੀ ਰੂਪ ਵਿਚ ਵਿਕਸਿਤ ਹੋਇਆ ਇਕ ਭਾਸ਼ਾਈ ਭਾਈਚਾਰਾ ਹੀ ਹੈ ਜਿਸ ਨੇ ਆਪਣੀ ਭਾਸ਼ਾ, ਆਪਣੇ ਸਭਿਆਚਾਰ ਅਤੇ ਆਪਣੇ ਧਰਮਾਂ ਵਿਚਲੀ ਫਿਲਾਸਫੀ ਦੀ ਪੜਚੋਲ ਕਰਦਿਆਂ ਹੋਇਆਂ ਆਤਮਿਕ ਆਜਾਦੀ ਪ੍ਰਾਪਤ ਕਰਨੀ ਹੈ। ਹਰ ਬੋਲੀ ਦਾ ਹਰੇਕ ਸ਼ਬਦ ਹਜ਼ਾਰਾਂ ਸਾਲਾਂ ਦੇ ਇਤਿਹਾਸਕ ਮਨੁਖੀ ਵਿਕਾਸ ਦਾ ਸਿਟਾ ਹੈ। ਹਰੇਕ ਸ਼ਬਦ ਲਿਖਣ ਵਿਚ ਇਕ ਇਕੱਲਾ ਅੱਖਰ ਨਹੀਂ ਬਲਕਿ ਇਸ ਵਿਚ ਵਿਕਸਿਤ ਹੋਇਆ ਇਕ ਪੂਰਾ ਸੰਕਲਪ ਬਿਰਾਜਮਾਨ ਹੈ।

ਦੇਹੀ, ਮਨ, ਆਤਮਾ, ਚੇਤਨਾ, ਸਵੈਚੇਤਨਾ, ਆਜ਼ਾਦੀ, ਜਮਹੂਰੀਅਤ, ਮੁਕਤੀ ਅਤੇ ਹੋਰ ਸਾਰੇ ਸ਼ਬਦ ਇਕ ਇਕਲੇ ਅਖਰ ਨਹੀਂ ਹਨ। 'ਆਜ਼ਾਦੀ' ਦਾ ਸ਼ਬਦ ਹਰ ਮਨੁਖ ਦੇ ਮਨ ਵਿਚ ਆਪਣੇ-ਆਪਣੇ ਅਰਥ ਸਾਕਾਰ ਕਰਦਾ ਹੈ। ਕਿਸੇ ਲਈ ਆਜ਼ਾਦੀ ਦਾ ਅਰਥ ਆਪਣੇ ਮਨ ਵਿਚ ਪੈਦਾ ਹੁੰਦੀਆਂ ਵਧ ਤੋਂ ਵਧ ਇਛਾਵਾਂ ਦੀ ਪੂਰਤੀ ਕਰਨਾ ਹੈ। ਕਿਸੇ ਹੋਰ ਲਈ ਇਸ ਦਾ ਅਰਥ, ਉਸ ਕੋਲੋਂ ਕਿਸੇ ਦੂਜੇ ਮਨੁੱਖ ਦੀ ਧਕੇ ਨਾਲ ਕਰਵਾਈ ਜਾ ਰਹੀ ਵਗਾਰ ਤੋਂ ਆਜ਼ਾਦੀ ਹਾਸਲ ਕਰਨਾ ਹੈ। ਕਿਸੇ ਤੀਜੇ ਮਨੁੱਖ ਲਈ ਇਸ ਦਾ ਅਰਥ ਆਪਣੇ ਦੇਸ ਦੀ ਕਿਸੇ ਦੂਜੇ ਦੇਸ ਵਲੋਂ ਕੀਤੀ ਜਾ ਰਹੀ ਆਰਥਿਕ ਲੁਟ ਜਾਂ ਹੰਢਾਈ ਜਾ ਰਹੀ ਰਾਜਸੀ ਗੁਲਾਮੀ ਤੋਂ ਛੁਟਕਾਰਾ ਹਾਸਲ ਕਰਨਾ ਹੈ। ਕਿਸੇ ਹੋਰ ਲਈ ਆਜ਼ਾਦੀ ਦਾ ਅਰਥ ਆਪਣੇ ਤੋਂ ਕਮਜ਼ੋਰਾਂ ਕੋਲੋਂ ਧਕੇ ਨਾਲ ਆਪਣੀ ਸੇਵਾ ਕਰਵਾਉਣਾ ਹੈ। ਇਸੇ ਤਰਾਂ ਮੁਕਤੀ ਦਾ ਅਰਥ ਹਰ ਇਕ ਦੇ ਮਨ ਵਿਚ ਬਣਿਆ ਹੋਇਆ ਇਸ ਦਾ ਆਪਣਾ-ਆਪਣਾ ਸੰਕਲਪ ਰੂਪਮਾਨ ਕਰਦਾ ਹੈ। ਕਿਸੇ ਲਈ ਮੁਕਤੀ ਦਾ ਅਰਥ ਇਸ ਸੰਸਾਰ ਤੋਂ ਰੁਖਸਤ ਹੋਣਾ ਹੈ। ਕਿਸੇ ਲਈ ਆਪਣੇ ਧਾਰਮਿਕ ਰਹਿਬਰ ਦੇ ਕਹੇ ਬਚਨਾਂ ਅਨੁਸਾਰ ਕਰਮਕਾਂਡ ਕਰਨਾ ਹੀ ਮੁਕਤੀ ਹੈ। ਕਿਸੇ ਹੋਰ ਲਈ ਇਸ ਸ਼ਬਦ ਦੇ ਅਰਥ ਭਾਲਦਿਆਂ ਸਾਰੀ ਉਮਰ ਦੀ ਭਟਕਣਾ ਹੀ ਉਸ ਦੀ ਹੋਣੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਅਜਿਹੇ ਮਨੁੱਖਾਂ ਨੂੰ ਮਰਨ ਤੋਂ ਬਾਅਦ ਹੀ ਮੁਕਤੀ ਮਿਲਦੀ ਹੈ।

ਹਰ ਭਾਸ਼ਾਈ ਸਭਿਆਚਾਰਕ ਜਨਸਮੂਹ ਕੌਮ ਜਾਂ ਕੌਮੀਅਤ ਦਾ ਮੁਢਲਾ ਰੂਪ ਹੈ। ਕੌਮ ਦਾ ਸੰਕਲਪ ਪੂੰਜੀਵਾਦੀ ਦੌਰ ਦੀ ਦੇਣ ਹੈ। ਪੂੰਜੀਵਾਦ ਨੇ ਜਾਗੀਰਦਾਰੀ ਵਿਰੁਧ ਲੜਦਿਆਂ ਹੋਇਆਂ ਜਨਸਮੂਹਾਂ ਨੂੰ ਆਪਣੇ ਮਗਰ ਲਾਮਬੰਦ ਕਰਨ ਦੇ ਮੰਤਵ ਨਾਲ ਇਸ ਸੰਕਲਪ ਨੂੰ ਉਭਾਰਿਆ। ਉਸ ਦੌਰ ਵਿਚ ਇਹ ਸੰਕਲਪ ਅਗਾਂਹਵਧੂ ਸੀ, ਇਸ ਲਈ ਜਨਸਮੂਹਾਂ ਨੇ ਇਸ ਸੰਕਲਪ ਨੂੰ ਪ੍ਰਵਾਨ ਕਰ ਲਿਆ। ਪਰ ਸਾਮਰਾਜੀ ਸੰਸਾਰੀਕਰਨ ਦੇ ਇਸ ਦੌਰ ਵਿਚ ਆ ਕੇ ਇਸ ਦਾ ਅਗਾਂਹਵਧੂ ਰੋਲ ਬਹੁਤ ਸੀਮਤ ਹੈ। ਇਸ ਦਾ ਅਗਾਂਹਵਧੂ ਰੋਲ ਹੁਣ ਸਾਮਰਾਜੀ ਜਕੜ ਤੋਂ ਮੁਕਤੀ ਦੇ ਪ੍ਰਸੰਗ ਵਿਚ ਹੀ ਬਣਦਾ ਹੈ। ਸਾਮਰਾਜੀ ਜਕੜ ਵਿਚੋਂ ਮੁਕਤੀ ਪ੍ਰਾਪਤ ਕਰਨ ਲਈ ਸੰਘਰਸ਼ ਕਰਦਿਆਂ ਅਡ-ਅਡ ਕੌਮੀ ਰਾਜਾਂ ਦੀ ਵਕਤੀ ਹੋਂਦ ਬਣੀ ਰਹਿ ਸਕਦੀ ਹੈ। ਪਰ ਅਜੋਕੇ ਆਲਮੀ ਪ੍ਰਸੰਗ ਵਿਚ ਕੌਮੀ ਰਾਜ ਜ਼ਿਆਦਾ ਦੇਰ ਟਿਕਾਊ ਹੋਣੇ ਮੁਸ਼ਕਿਲ ਹਨ। ਕਿਉਂਕਿ ਰੂਹਾਨੀਅਤ ਵਿਹੂਣੀ ਕੌਮੀ ਮਾਨਸਿਕਤਾ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਮਾਨਸਿਕਤਾ ਵਿਚ ਅੜਿਕਾ ਬਣਦੀ ਹੈ। ਜਿਵੇਂ ਕਿ ਰੂਸ ਅਤੇ ਚੀਨ ਸਮੇਤ ਅਜੋਕੇ ਸਾਰੇ ਮੁਲਕਾਂ ਵਿਚ ਬਣੀ ਹੋਈ ਹੈ।

# ਰਾਜ ਕਰੇਗਾ ਖ਼ਾਲਸਾ



## - ਸਿਰਦਾਰ ਕਪੂਰ ਸਿੰਘ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਤਿੰਨ ਸੌ ਸਾਲਾ ਯਾਦ ਮਨਾਉਣ ਲਈ ਪ੍ਰੋਗਰਾਮ ਉਲੀਕਣ ਬਾਰੇ ਸਰਕਾਰ ਵਲੋਂ 20 ਜੁਲਾਈ 1975 ਨੂੰ ਪਟਿਆਲਾ ਵਿਖੇ, ਸਮਾਜ ਦੇ ਭਿੰਨ-ਭਿੰਨ ਵਰਗਾਂ ਦਾ ਇਕ ਸਾਂਝਾ ਸਮਾਗਮ ਬੁਲਾਇਆ ਗਿਆ ਸੀ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਨੱਬੇ ਸਾਲਾਂ ਤੋਂ ਵੱਧ ਉਮਰ ਭੋਗ ਚੁੱਕੇ, ਪਟਿਆਲਾ ਯੂਨੀਵਰਸਿਟੀ ਦੇ ਭੂਤ-ਪੂਰਵ ਵਾਈਸ ਚਾਂਸਲਰ, ਸਰਦਾਰ ਬਹਾਦਰ ਭਾਈ ਜੋਧ ਸਿੰਘ ਨੇ ਸਰੋਤਿਆ ਨੂੰ ਜੋ ਪ੍ਰੇਰਨਾ ਦਿੱਤੀ, ਉਸ ਬਾਰੇ ਜਾਣਕਾਰੀ, ਅਗਲੀ ਭਲਕ ਦੇ ਚੰਡੀਗੜ ਤੋਂ ਛਪਣ ਵਾਲੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਤੋਂ ਇਉਂ ਮਿਲਦੀ ਹੈ :-

1. ਕਿ ਗੁਰੂ ਜੀ ਦਾ ਸ਼ਹੀਦੀ ਪੁਰਬ ਮਨਾਉਂਦਿਆਂ ਇਸ ਗਲਤ ਖਿਆਲ ਵਿਰੁਧ ਜੋਰਦਾਰ ਮੁਹਿੰਮ ਚਲਾਈ ਜਾਵੇ ਕਿ ਕਿਸੇ ਧਰਮ ਨੂੰ ਜਿਉਂਦਾ ਰੱਖਣ ਲਈ ਰਾਜ ਸੱਤਾ ਹੋਣਾ ਜ਼ਰੂਰੀ ਹੈ। ਉਸ (ਭਾਈ ਜੋਧ ਸਿੰਘ) ਨੇ ਇਹ ਵੀ ਤਾਕੀਦ ਕੀਤੀ ਕਿ ਧਰਮ ਨੂੰ ਸਿਆਸਤ ਤੋਂ ਵੱਖ ਰੱਖਣਾ ਚਾਹੀਦਾ ਹੈ।

2. ਜ਼ਾਹਰਾ ਤੌਰ 'ਤੇ ਭਾਈ ਜੋਧ ਸਿੰਘ ਦਾ ਇਹ ਐਲਾਨ ਉਸ ਅਵਸਰ ਨਾਲ ਮੇਲ ਨਹੀਂ ਖਾਂਦਾ ਸੀ, ਪਰ ਇਸ ਐਲਾਨ ਦੇ ਪਿਛੋਕੜ ਵਿਚ ਉਹ ਗੁਪਤ ਮਨੋ ਭਾਵ ਜਿਹੜੇ ਪ੍ਰਗਟ ਭਾਵਾਂ ਨਾਲੋਂ ਹਮੇਸ਼ਾ ਵੱਧ ਮਹੱਤਵਪੂਰਨ ਤੇ ਖਤਰਨਾਕ ਹੁੰਦੇ ਹਨ, ਅਸੰਬੰਧਤ ਨਹੀਂ ਸਨ।

੩. ਆਮ ਲੋਕਾਂ ਨੂੰ ਇਹ ਪਤਾ ਨਹੀਂ ਕਿ:

(ੳ) ਅੰਗਰੇਜ਼ੀ ਰਾਜ ਸਮੇਂ ਅਤੇ ਉਸ ਤੋਂ ਬਾਅਦ ਵੀ ਭਾਈ ਜੋਧ ਸਿੰਘ ਇਕ ਧਾਰਮਿਕ ਵਿਅਕਤੀ ਦੇ ਭੇਖ ਵਿਚ ਸਰਗਰਮ ਸਿਆਸਤਦਾਨ ਰਹਿ ਚੁੱਕਾ ਹੈ। ਉਸ ਨੇ ਕਦੇ ਆਪਣੀ ਸਿਆਸਤ ਨਾਲੋਂ ਆਪਣੇ ਧਰਮ ਨੂੰ ਵੱਖ ਕਰਨਾ ਯੋਗ ਨਹੀਂ ਸਮਝਿਆ। ਇਸ ਦੇ ਸਿੱਟੇ ਵਜੋਂ ਇਹਸਾਨ-ਮੰਦ ਤੇ ਸ਼ੁਕਰਗੁਜ਼ਾਰ ਅੰਗਰੇਜ਼ ਹੁਕਮਰਾਨਾਂ ਨੇ ਉਨਾਂ ਨੂੰ ਕਈ ਉੱਚ ਉਪਾਧੀਆਂ ਤੇ ਰਿਆਇਤੀ ਪ੍ਰਮਾਣ ਪੱਤਰਾਂ ਤੋਂ ਇਲਾਵਾ ਸਰਦਾਰ ਬਹਾਦਰ ਦਾ ਖਿਤਾਬ ਵੀ ਦਿੱਤਾ। ਅੰਗਰੇਜ਼ ਰਾਜ ਤੋਂ ਬਾਅਦ ਵੀ ਸੱਤਾਧਾਰੀ ਸਿਆਸਤਦਾਨ ਉਸ (ਭਾਈ ਜੋਧ ਸਿੰਘ) ਦੀ ਬਹੁਤ ਲੋੜ ਮਹਿਸੂਸ ਕਰਦੇ ਰਹੇ ਹਨ।

(ਅ) ਭਾਈ ਜੋਧ ਸਿੰਘ ਜੋ ਬੜੇ ਨਿਰਮਲ ਬੁੱਧੀ ਵਾਲੇ ਵਿਅਕਤੀ ਹਨ, ਉਹ ਬਹੁਤੇ ਸ਼ਬਦ ਵਿਚ ਇਹ ਨਹੀਂ ਆਖਦੇ ਕਿ ਸਿਆਸਤ ਨੂੰ ਧਰਮ ਤੋਂ ਵੱਖ ਰੱਖਣਾ ਕੋਈ ਸਿੱਖੀ ਦਾ ਦ੍ਰਿੜ ਸਿਧਾਂਤ ਹੈ, ਸਗੋਂ ਅਜਿਹਾ ਤਾਂ ਉਹ ਕੇਵਲ ਆਪਣੀ ਰੰਚਕ ਮਾਤਰ ਸੰਸਾਰੀ ਅਤੇ ਨਾਸਤਕ ਸੂਝ ਬੂਝ ਦੇ ਆਧਾਰ 'ਤੇ ਕਹਿ ਰਹੇ ਹਨ, ਕਿਉਂਕਿ ਉਨਾਂ ਨੂੰ ਪਤਾ ਹੈ ਕਿ ਸਿੱਖ ਸਿਧਾਂਤ ਤੇ ਰਵਾਇਤ ਦੋਵਾਂ ਅਨੁਸਾਰ ਹੀ ਧਰਮ ਨੂੰ ਰਾਜਨੀਤੀ ਤੋਂ ਵੱਖ ਸਮਝਣਾ ਇਕ ਉਸਤਾਦੀ, ਮੌਕਾ-ਪ੍ਰਸਤੀ, ਚਲਾਕੀ ਯਾ ਫਰੇਬ ਹੈ। ਕੇਵਲ ਸੰਕੇਤਾਂ ਦੁਆਰਾ ਜਾਂ ਵਿੰਗੇ-ਟੇਡੇ ਇਸ਼ਾਰਿਆਂ ਰਾਹੀਂ ਉਹ ਚਾਹੁੰਦੇ ਹਨ ਕਿ ਸਿੱਖ ਉਨਾਂ ਲੋਕਾਂ ਦੇ ਵਿਚਾਰਾਂ ਨੂੰ ਅਪਣਾ ਲੈਣ ਜਿਨਾਂ ਦੀ ਕਿ ਉਹ (ਭਾਈ ਜੋਧ ਸਿੰਘ) ਆਵਾਜ਼ ਹਨ ਅਤੇ ਇਹ ਵਿਸ਼ਵਾਸ਼ ਕਰ ਲੈਣ ਕਿ ਸਹੀ ਸਿੱਖ ਸਿਧਾਂਤ ਦਰਸਅਲ ਇਹੋ ਹੀ ਹੈ।

(ੲ) ਅੰਗਰੇਜ਼ ਨੇ ਭਾਵੇਂ ਸਿੱਖਾਂ ਨੂੰ ਜਿੱਤ ਲਿਆ ਸੀ, ਪਰ ਇਹ ਹਮੇਸ਼ਾਂ ਸਿੱਖਾਂ ਤੋਂ ਡਰਦੇ ਵੀ ਰਹੇ ਅਤੇ ਨਾਲ ਨਾਲ ਇਨਾਂ ਦੀ ਬਹਾਦਰੀ ਦੀ ਵਡਿਆਈ ਵੀ ਕਰਦੇ ਰਹੇ। ਅੰਗਰੇਜ਼ਾਂ ਦੀ ਇਹ ਮਨੋਭਾਵਨਾ ਸੀ ਕਿ ਸਿੱਖ ਆਪਣੇ ਉਸ ਅਸਲੀ ਸਿਧਾਂਤ ਬਾਰੇ ਅਗਿਆਤ ਰਹਿਣ, ਜਿਸ ਦਾ ਕਿ ਇਤਿਹਾਸਕ ਕਾਲ ਤੋਂ ਉਹ ਵਿਸ਼ੇਸ਼ ਤੌਰ 'ਤੇ ਤਿੱਖੀ ਆਵਾਜ਼ ਨਾਲ ਪ੍ਰਗਟਾਵਾ ਕਰਦੇ ਆਏ ਹਨ-'ਭਾਵ ਅਜ਼ਾਦੀ ਜਾਂ ਮੌਤ' :

**ਰਾਜ ਕਰੈਂ ਇੱਕੇ ਲਰ ਮਰਹੈਂ।**
**(ਅਨਸੰਸ਼ੋਧਤ ਪ੍ਰਾਚੀਨ ਪੰਥ ਪ੍ਰਕਾਸ਼)**

ਅਤੇ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਉਨਾਂ (ਅੰਗਰੇਜ਼ਾਂ) ਨੂੰ ਭਾਈ ਜੋਧ ਸਿੰਘ ਵਧੀਆ ਹਮਾਇਤੀ ਲੱਭਿਆ ਸੀ।

4. ਭਾਰਤ ਦੇ ਮੌਜੂਦਾ ਹੁਕਮਰਾਨਾਂ ਨੇ ਵੀ ਆਪਣੀ ਇਸ ਖਾਹਿਸ਼ ਤੇ ਨਿਸਚੇ ਬਾਰੇ ਕੋਈ ਲੁਕਾ ਨਹੀਂ ਰੱਖਿਆ ਕਿ ਉਹ ਸਿੱਖਾਂ ਨੂੰ ਆਪਣੇ ਗੁਰੂਆਂ ਦੀਆਂ ਉਨਾਂ ਮੂਲ ਸਿੱਖਿਆਵਾਂ ਤੋਂ ਲਾਂਭੇ ਲੈ ਜਾਣਾ ਚਾਹੁੰਦੇ ਹਨ, ਜਿਨਾਂ ਅਨੁਸਾਰ ਕਿ ਰਾਜਨੀਤਕ ਸ਼ਕਤੀ ਦੇ ਅਧਾਰ ਤੋਂ ਬਿਨਾਂ ਸਿੱਖ ਆਪਣੇ ਧਾਰਮਿਕ ਫਰਜ਼ਾਂ ਦੀ ਪੂਰਤੀ ਕਰ ਸਕਣੀ ਅਸੰਭਵ ਸਮਝਦੇ ਹਨ, ਜਿਨਾਂ ਅਨੁਸਾਰ ਕਿਸੇ ਸਿੱਖ ਲਈ ਧਰਮ ਨਾਲੋਂ ਸਿਆਸਤ ਨੂੰ ਨਿਖੇੜਨਾ ਇਕ ਅਕਹਿ ਘਿਰਣਾ ਭਰਪੂਰ ਗਿਰਾਵਟ ਅਤੇ ਪਤਿਤਪੁਣਾ ਹੈ।

5. ਭਾਈ ਜੋਧ ਸਿੰਘ ਦੀ ਪਟਿਆਲਾ ਦੀ ਕਾਰਗੁਜ਼ਾਰੀ ਦਾ ਪੜਚੋਲ ਸਹਿਤ ਵਿਸ਼ਲੇਸ਼ਣ ਇਸ ਪਿਛੋਕੜ ਵਿਚੋਂ ਹੀ ਕਰਨਾ ਪੈਣਾ ਹੈ।

6. ਭਾਈ ਜੋਧ ਸਿੰਘ ਦੇ ਪਟਿਆਲੇ ਬੋਲੇ ਅਦੁੱਤੀ ਮੰਦ-ਭਾਗੇ ਬੋਲ ਕਿ :

(ੳ) ਇਹ ਗਲਤ ਵਿਸ਼ਵਾਸ਼ ਹੈ ਕਿ ਕਿਸੇ ਧਰਮ ਦੇ (ਸਮੇਤ ਸਿੱਖ ਮੱਤ ਦੇ) ਜਿਊਂਦਾ ਰੱਖਣ ਲਈ ਰਾਜ ਸੱਤਾ ਦਾ ਹੋਣਾ ਜ਼ਰੂਰੀ ਹੈ।

(ਅ) ਇਸ 'ਗਲਤ ਵਿਸ਼ਵਾਸ' ਨੂੰ ਉਚੇਚੇ ਯਤਨਾਂ ਰਾਹੀਂ ਧਾਰਮਿਕ ਯੋਜਨਾਵਾਂ ਨਾਲ ਜੋੜ ਕੇ ਸਿੱਖਾਂ ਦੀਆਂ ਸੰਗਠਤ ਵਿਉਂਤਬੰਦੀਆਂ ਦਾ ਭਾਗ ਬਣਾ ਕੇ, ਨਵਿਰਤ ਕਰਨਾ ਚਾਹੀਦਾ ਹੈ; ਅਤੇ

(ੲ) ਕਿ ਸਿਆਸਤ ਧਰਮ ਨਾਲੋਂ ਬਿਲਕੁਲ ਵੱਖ ਹੋਣੀ ਚਾਹੀਦੀ ਹੈ ਜਿਹੜੀ ਉਹ ਵਿੰਗੇ ਟੇਡੇ ਢੰਗ ਨਾਲ ਸਹੀ ਸਿੱਖ ਸਥਿਤੀ ਦੱਸਦਾ ਹੈ, ਇਹ ਉੱਕਾ ਹੀ ਨਾ ਕਾਬਿਲੇ ਬਰਦਾਸ਼ਤ ਹੈ ਅਤੇ ਇਸ ਬਜ਼ੁਰਗ ਭਾਈ ਨੇ ਸਿੱਖੀ ਦੇ ਪਲੇਟ ਫਾਰਮ ਤੋਂ ਆਪਣੀ ਮਨਮਤ ਪ੍ਰਚਾਰਨ ਦਾ ਅਯੋਗ ਲਾਭ ਉਠਾਇਆ ਹੈ।

ਉਸ ਨੇ ਇਸ ਤਰਾਂ ਆਪਣੇ ਵਿਵਾਦ ਗ੍ਰਸਤ ਨਿੱਜੀ ਵਿਚਾਰਾਂ ਨੂੰ ਸਿੱਖੀ ਦਾ ਅਨਿਖੜਵਾਂ ਅੰਗ ਬਣਾ ਕੇ ਸਿੱਖਾਂ ਉਪਰ ਠੋਸਣਾ ਚਾਹਿਆ ਹੈ।

7. (ੳ) ਰਾਜਨੀਤੀ ਬਨਾਮ ਧਰਮ : (ਅ) ਰਾਜ ਸੱਤਾ ਅਤੇ ਸਿੱਖ ਮੱਤ: ਅਤੇ (ੲ) ਰਾਜਨੀਤਕ ਪ੍ਰਭੂ ਸੱਤਾ ਅਤੇ ਸਿੱਖ ਧਰਮ ਦੀ ਪਾਲਣਾ ਜੈਸੇ ਚਿੜਾਉਣੇ ਸੁਆਲਾਂ ਬਾਰੇ ਸਿੱਖ ਸਿਧਾਂਤ ਅਰਦਾਸ ਦੇ ਉਸ ਦੋਹਰੇ ਵਿਚ ਸਪੱਸ਼ਟ ਰੂਪ ਵਿਚ ਨਿਯਮ-ਬੱਧ ਹੈ ਜਿਹੜਾ ਦੋਹਰਾ ਗੁਰੂ ਗੋਬਿੰਦ ਸਿੰਘ ਜੀ ਦੇ 1708 ਈ. ਵਿਚ ਜੋਤੀ ਜੋਤ ਸਮਾਉਣ ਤੋਂ ਲੈ ਕੇ ਹੁਣ ਤੱਕ ਸਿੱਖ ਹਰ ਰੋਜ਼ ਆਪਣੇ ਸੁਤੰਤਰ ਇਕੱਠਾਂ ਵਿਚ ਉਚਾਰਦੇ ਆਏ ਹਨ ਅਤੇ ਜਿਹੜਾ ਦੋਹਰਾ 'ਸ੍ਰੀ ਮੁਖਵਾਕ' ਭਾਵ ਗੁਰੂ ਸਾਹਿਬ ਦੇ ਨਿੱਜੀ ਮੁਖਾਰਬਿੰਦ ਤੋਂ ਉਚਾਰਨ ਹੋਏ ਅਸਲੀ ਪਵਿੱਤਰ ਸ਼ਬਦ ਹਨ :

**ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨਾ ਕੋਇ ॥**
**ਖਵਾਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ ॥**

ਭਾਵ, 'ਸਿੱਖ ਸਦਾ ਸੁਤੰਤਰ ਅਤੇ ਸੱਤਾ ਸੰਪੰਨ ਰਹਿਣਗੇ। ਇਸ ਵਿਸ਼ਵਾਸ ਨੂੰ ਕੋਈ ਵੀ ਚੁਣੌਤੀ ਨਹੀਂ ਦੇਵੇਗਾ। ਓੜਕ ਸਾਰੇ ਇਸ ਵਿਚਾਰ ਨੂੰ ਪ੍ਰਵਾਨ ਕਰ ਲੈਣਗੇ, ਭਾਵੇਂ ਉਨਾਂ ਲਈ ਇਸ ਨੂੰ ਮੰਨਣਾ ਕਿੰਨਾ ਵੀ ਬੇ-ਸੁਆਦਾ ਤੇ ਕੌੜਾ ਕਿਉਂ ਨਾ ਲੱਗੇ ਅਤੇ ਸੁਣੋ! ਸ਼ਾਂਤੀ ਅਤੇ ਸੁਰੱਖਿਆ ਇਹ ਸਵੀਕਾਰ ਕਰ ਲੈਣ ਵਿਚ ਹੀ ਹੈ।'

8. ਸਿੱਖਾਂ ਵਲੋਂ ਬੜੀ ਦ੍ਰਿੜਤਾ ਅਤੇ ਦਲੇਰੀ ਨਾਲ ਪਿਛਲੀਆਂ ਤਿੰਨ ਸਦੀਆਂ ਤੋਂ ਇਸ ਭੈ-ਭੀਤ ਕਰਨ ਵਾਲੇ ਮਹਾਨ ਗੁਸਤਾਖੀ ਭਰਪੂਰ ਦਾਅਵੇ ਦਾ ਸ਼ਰੇਆਮ ਐਲਾਨ ਹੁੰਦਾ ਆਇਆ ਹੈ। ਇਸ ਨੂੰ ਕੁਝ ਲੋਕਾਂ ਨੇ ਨਿਰੀ ਹਾਸੋ ਹੀਣੀ ਗੱਲ ਸਮਝਿਆ, ਦੂਸਰਿਆਂ ਨੇ ਡਰਾਵਾ, ਪਰ ਕੁਝ ਕੁ ਹੋਰਨਾਂ ਅੰਦਰ ਇਸ ਦਾਅਵੇ ਨੇ ਕਰੋਧ ਦੀ ਪ੍ਰਚੰਡ ਜੁਆਲਾ ਭੜਕਾਈ ਹੈ। ਇਸ ਦਾਅਵੇ ਨੇ ਕਈਆਂ ਸਿੱਖਾਂ ਪਾਸੋਂ ਉਨਾਂ ਦੀ ਬੁਜ਼ਦਿਲੀ ਅਤੇ ਹਮਦਰਦੀ ਕਾਰਨ ਕਈ ਪੁੱਠੀਆਂ ਸਿੱਧੀਆਂ ਸਫਾਈਆਂ ਪੇਸ਼ ਕਰਵਾਈਆਂ ਹਨ। ਸੰਨ 1947 ਤੋਂ ਬਾਅਦ ਸਿਆਸੀ ਜੋਸ਼ ਦੇ ਨਸ਼ੇ ਦੀ ਮਸਤੀ ਵਿਚ ਆਏ ਹਿੰਦੂ ਸਿਆਸਤਦਾਨਾਂ ਦੇ ਦਿਲਾਂ ਅੰਦਰ ਇਸ ਦਾਅਵੇ ਨੇ ਇਨਾਂ ਸਿੱਖਾਂ ਪ੍ਰਤੀ, ਜਿਨਾਂ ਨੂੰ ਕਿ ਉਹ ਪਹਿਲਾਂ ਮੌਤ ਦੇ ਅੰਤਿਮ ਫੰਧੇ ਵਿਚ ਫਸੇ ਦੇਖ ਰਹੇ ਹਨ, ਹੋਰ ਘਿਰਣਾ ਦੀ ਅੱਗ ਭੜਕਾਈ ਹੈ।

9. ਜਿਵੇਂ ਵੀ ਹੋਵੇ, ਇਹ ਪਰਖਣਾ ਉੱਚਿਤ ਹੋਵੇਗਾ ਕਿ ਕੀ ਇਹ ਸਿੱਖ ਸਿਧਾਂਤ ਆਪਣੇ ਆਪ ਵਿਚ ਕਿਸੇ ਇਤਿਹਾਸਕ ਦ੍ਰਿਸ਼ਟੀਕੋਣ ਅਤੇ ਸੱਚਾਈ ਤੋਂ ਸੱਖਣਾ ਹੈ ਯਾ ਇਹ ਵਿਗਿਆਨਕ ਪਰਖ 'ਤੇ ਸਹੀ ਉਤਰਦਾ ਹੈ। ਇਸ ਤਰਾਂ ਹੀ ਇਸ ਸਿੱਖ ਸਿਧਾਂਤ ਦੀ ਅੰਦਰੂਨੀ ਪ੍ਰਮਾਣਿਕਤਾ ਦਾ ਅਨੁਮਾਨ ਲੱਗ ਸਕਦਾ ਹੈ। ਭਾਵੇਂ ਇਨਾਂ ਅਜੋਕੇ ਸਿੱਖਾਂ ਨੂੰ, ਜਿਹੜੇ ਸਿਆਸੀ ਤੌਰ 'ਤੇ ਗੁਲਾਮ ਬਣ ਚੁੱਕੇ ਹਨ, ਸੱਭਿਆਚਾਰਕ ਤੌਰ 'ਤੇ ਗਰਕ ਚੁੱਕੇ ਹਨ, ਬੌਧਿਕ ਤੌਰ 'ਤੇ ਬੁੱਧੀਹੀਣ ਤੇ ਬਾਂਝ ਬਣ ਚੁੱਕੇ ਹਨ, ਇਖਲਾਕੀ ਤੌਰ 'ਤੇ ਪਤਿਤ ਹੋ ਚੁੱਕੇ ਹਨ ਅਤੇ ਭਾਰਤ ਦੀ ਵੰਡ ਦੁਆਰਾ ਆਰਥਿਕ ਤੌਰ 'ਤੇ ਲੁੱਟੇ-ਖੋਹੇ ਗਏ ਹਨ ਤੇ ਧਾਰਮਿਕ ਤੌਰ 'ਤੇ ਅਸ਼ਰਧਕ ਬਣਾਏ ਗਏ ਹਨ, ਇਹ ਸਚਾਈ ਅਮਲੀ ਰੂਪ ਵਿਚ ਬੜੀ ਬੇ-ਸੁਆਦੀ ਤੇ ਅਵਿਵਹਾਰਕ ਜਾਪੇਗੀ।

10. ਜ਼ਾਹਰਾ ਤੌਰ 'ਤੇ ਇਸ ਸਿੱਖ ਸਿਧਾਂਤ ਦੀ ਗਲਤ ਮਨੌਤ ਉੱਤੇ ਆਧਾਰਤ, ਮੂਰਖਤਾ ਭਰਪੂਰ ਹੋਣ ਜਾਂ ਅਸਥਿਰ ਹੋਣ ਦਾ ਦਾਅਵਾ ਜ਼ਬਾਨੀ ਕਲਾਮੀ ਜਾਂ ਇਸ਼ਾਰਿਆਂ ਨਾਲ ਨਹੀਂ ਕੀਤਾ ਜਾ ਸਕਦਾ।

11. ਆਓ ! ਸੰਸਾਰ ਦੇ ਇਤਿਹਾਸ ਉੱਤੇ ਉਸ ਸਮੇਂ ਤੋਂ ਝਾਤ ਮਾਰੀਏ, ਜਿਸ ਸਮੇਂ ਤੋਂ ਸੰਸਾਰ ਵਿਚ ਸੱਭਿਅਤਾਵਾਂ ਦੇ ਸਥਾਨ ਤੇ ਚਿੰਨ ਪ੍ਰਗਟ ਹੋਏ ਹਨ। ਸਾਨੂੰ ਪਤਾ ਲੱਗੇਗਾ ਕਿ ਹਰੇਕ ਪੜਾਅ ਉੱਤੇ ਇਕ ਜਾਂ ਦੋ ਐਸੀਆਂ ਜਾਤੀਆਂ ਜਾਂ ਕੌਮਾਂ ਰਹੀਆਂ ਹਨ, ਜਿਹੜੀਆਂ ਕਿ ਉੱਘੀਆਂ ਰਾਜ ਜਾਤੀਆਂ ਸਨ ਅਤੇ ਜਿਨਾਂ ਦੇ ਚਰਿੱਤਰ ਅੰਦਰ 'ਰਾਜ ਕਰੇਗਾ ਖ਼ਾਲਸਾ' ਵਾਲੀ ਸੁਭਾਵਕ ਵਿਸ਼ੇਸ਼ਤਾ ਸੀ। ਉਨਾਂ ਕੌਮਾਂ ਤੇ ਜਾਤੀਆਂ ਦੀ ਪ੍ਰਸੰਸਾ ਹੁੰਦੀ ਰਹੀ ਹੈ ਅਤੇ ਲੋਕੀਂ ਉਨਾਂ ਦੀ ਚੁੱਪ ਚਾਪ ਪੈਰਵੀ ਕਰਦੇ ਰਹੇ ਹਨ। ਇਸ ਨਿਯਮ ਦਾ ਕਿਧਰੇ ਵਿਰੋਧ ਹੋਇਆ ਦਿਖਾਈ ਨਹੀਂ ਦਿੰਦਾ। ਲੀਡਰਸ਼ਿਪ ਭਾਵੇਂ ਰਾਜਸੀ ਸੀ ਯਾ ਇਖਲਾਕੀ ਯਾ ਦੋਵੇਂ ਤਰਾਂ ਦੀ; ਲੀਡਰਸ਼ਿਪ ਦਾ ਇਹ ਗੇੜ ਇਕ ਕੌਮ ਤੋਂ ਦੂਜੀ ਕੌਮ ਵੱਲ ਚੱਲਦਾ ਰਿਹਾ ਹੈ ਅਤੇ ਇਤਿਹਾਸਕ ਕਾਲ ਵਿਚ ਕਿਸੇ ਕੌਮ ਨੂੰ ਇਹ ਸਰਦਾਰੀ ਦੁਬਾਰਾ ਪ੍ਰਾਪਤ ਹੋਈ ਦਿਖਾਈ ਨਹੀਂ ਦਿੰਦੀ, ਪਰ ਇਹ ਇਤਿਹਾਸ ਦਾ ਕੋਈ ਨਿਸ਼ਚਿਤ ਵਿਧਾਨ ਵੀ ਨਹੀਂ ਕਿਹਾ ਜਾ ਸਕਦਾ।

12. ਉਦਾਹਰਣ ਵਜੋਂ ਸੰਨ 550 ਬੀ.ਸੀ. ਤੋਂ 330 ਬੀ.ਸੀ. ਦੇ ਵਿਚਕਾਰ ਹਖ਼ਾਮੰਸ਼ੀ ਵੰਸ਼ ਦੇ ਅਧੀਨ ਮਿਸਰੀਆਂ, ਅਸੀਰੀਆਂ, ਬੈਬੇਲੋਨੀਆਂ ਅਤੇ ਇਰਾਨੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰ ਇਨਾਂ ਸਾਰਿਆਂ ਤੋਂ ਯੂਨਾਨੀ ਪੁਰਾਣੇ ਹਨ, ਜਿਹੜੇ ਹੁਣ ਤੱਕ ਪੱਛਮੀ ਮਨੁੱਖ ਦੀ ਯਾਦਾਸ਼ਤ ਵਿਚ ਮੌਜੂਦ ਹਨ। ਠੀਕ ਇਸ ਤਰਾਂ ਹੀ ਜੋ ਕੁਝ ਕਨਫਿਊਸ਼ੀਅਸ ਦੇ ਚੀਨ ਨੇ ਆਪਣੇ 'ਜਾਂਗਲੀ' ਦੌਰ ਵਿਚ ਕੀਤਾ ਸੀ ਅਤੇ ਹਿੰਦੂਆਂ ਨੇ ਜੋ ਕੁਝ ਧੁਰ ਪੂਰਬ ਅਤੇ ਦੱਖਣ ਪੂਰਬੀ ਬੋਧੀ ਏਸ਼ੀਆਂ ਵਿਚ ਕੀਤਾ। ਯੂਨਾਨੀ ਲੀਡਰਸ਼ਿਪ ਦਾ ਇਕ ਸ਼ਾਨਦਾਰ ਪੱਖ ਇਹ ਸੀ ਕਿ ਇਸ ਨੇ ਮਕਦੂਨੀਆ ਦੇ ਸਮਰਾਟ ਸਿਕੰਦਰ ਦੇ ਜੀਵਨ ਕਾਲ ਦੇ ਥੋੜੇ ਜਿਹੇ ਸਮੇਂ ਨੂੰ ਛੱਡ ਕੇ ਕਦੇ ਵੀ ਇਕ ਸਾਮਰਾਜ ਦੀ ਸਿਆਸੀ ਸ਼ਕਲ ਅਖਤਿਆਰ ਨਹੀਂ ਕੀਤੀ। ਭਾਵੇਂ ਕਈ ਪ੍ਰਕਾਰ ਦੇ ਘਰੋਗੀ ਅਤੇ ਅਦ੍ਰਿਸ਼ਟ ਕਾਰਨਾਂ ਅਤੇ ਹਾਲਾਤ ਕਰਕੇ ਉਸ ਦੀ ਮੌਤ ਉੱਤੇ ਯੂਨਾਨੀ ਸਾਮਰਾਜ ਖਿੰਡ ਪੁੰਡ ਗਿਆ, ਪਰ ਤਾਂ ਵੀ ਸੰਸਾਰ ਦੇ ਵਿਸ਼ਾਲ ਭਾਗ ਅੰਦਰ ਤਿੰਨ ਸਦੀਆਂ ਜਾਂ ਇਸ ਤੋਂ ਵੱਧ ਸਮੇਂ ਤੱਕ ਯੂਨਾਨੀ ਰਾਜ ਵੰਸ਼, ਯੂਨਾਨੀ ਵਿਚਾਰਧਾਰਾ ਅਤੇ ਯੂਨਾਨੀ ਯੁੱਧ ਤਰੀਕੇ ਹਾਵੀ ਹੁੰਦੇ ਰਹੇ ਹਨ।

13. ਫਿਰ ਯੂਨਾਨੀ ਮਹਾਨਤਾ ਰੋਮਨਾਂ ਪਾਸ ਚਲੀ ਗਈ। ਕੋਈ ਚਾਰ ਸਦੀਆਂ ਤੱਕ ਰੋਮਨ ਵਿਚਾਰ, ਰੋਮਨ ਫੈਸ਼ਨ ਅਤੇ ਰੋਮਨ ਫੌਜਾਂ ਨੇ ਅਖੰਡਤ ਲੀਡਰਸ਼ਿਪ ਮਾਣੀ। ਭਾਰਤ ਵਿਚ ਅੰਗਰੇਜ਼ੀ ਹੁਕਮਰਾਨਾਂ ਨੇ ਸਾਮਰਾਜੀ ਪ੍ਰਭੁਤਾ ਅਤੇ ਸੰਗਠਨ ਬਾਰੇ ਅਤੇ ਸਮਾਜਿਕ ਵੰਡ ਵਖਰੇਵੇਂ ਵਾਲੇ ਰੋਮਨ ਸਿਧਾਂਤ ਪੂਰੀ ਤਰਾਂ ਅਪਣਾ ਕੇ ਅਮਲ ਵਿਚ ਲਿਆਂਦੇ ਸਨ। ਆਜ਼ਾਦ ਭਾਰਤ ਵਿਚ ਵੀ ਨਹਿਰੂ ਦੇ ਰਾਜ ਭਾਗ ਦੇ ਸਮੇਂ ਤੱਕ ਸਾਡੇ ਸਰਕਾਰੀ ਵਾਤਾਵਰਣ ਵਿਚ ਪੱਛਮੀ ਸੱਭਿਆਚਾਰ ਦੇ ਧਾਰਨੀ ਪੂਰਬੀ ਭੱਦਰ ਪੁਰਸ਼, ਆਈ.ਸੀ.ਐਸ. ਅਫ਼ਸਰਾਂ ਅਤੇ ਨਹਿਰੂ ਨੁਮਾ ਸਿਆਸਤਦਾਨਾਂ ਉਪਰ ਇਨਾਂ ਰੋਮਨ ਸਿਧਾਂਤ ਦਾ ਹੀ ਗਲਬਾ ਕਾਇਮ ਰਿਹਾ ਹੈ।

14. ਇਸ ਤੋਂ ਬਾਅਦ ਤਕਰੀਬਨ ਦੋ ਸਦੀਆਂ ਦੀ ਹਫ਼ੜਾ ਦਫ਼ੜੀ ਪਿਛੋਂ ਅਰਬੀ, ਅੰਤਰ-ਰਾਸ਼ਟਰੀ ਲੀਡਰ ਵਜੋਂ ਸੰਸਾਰ ਮੰਚ 'ਤੇ ਪ੍ਰਗਟ ਹੋਏ, ਜਿਨਾਂ ਨੇ 650 ਈ. ਤੋਂ 850 ਈ. ਦੇ ਦਰਮਿਆਨ ਆਪਣੀ ਮਹਾਨ ਸ਼ਕਤੀਸ਼ਾਲੀ ਹਕੂਮਤ ਕਾਇਮ ਕੀਤੀ। ਉਨਾਂ ਦਾ ਸਿਆਸੀ ਪਤਨ ਹੋਣ ਤੋਂ ਬਾਅਦ ਵੀ ਉਨਾਂ ਨੇ ਪੰਜ ਸੌ ਸਾਲਾਂ ਤੱਕ, ਗਿਆਨ ਅਤੇ ਵਿਗਿਆਨ ਦੇ ਖੇਤਰ ਵਿਚ ਸੰਸਾਰ ਦੀ ਅਗਵਾਈ ਜਾਰੀ ਰੱਖੀ।

15. ਪਰ ਜਦੋਂ ਅਰਬੀ ਭਾਸ਼ਾ ਬੋਲਣ ਵਾਲੇ ਲੋਕ ਪਿਛਾਂਹ ਡਿੱਗੇ ਤਾਂ ਉਸ ਸਮੇਂ ਤੱਕ ਉਹ ਕਲਾ, ਵਿਦਿਆ, ਸਾਇੰਸ ਅਤੇ ਦਸਤਕਾਰੀ ਆਦਿ ਦਾ ਗਿਆਨ ਪੱਛਮੀ ਯੂਰਪ ਤੱਕ ਪਹੁੰਚਾ ਚੁੱਕੇ ਸਨ। ਇਸ ਤੋਂ ਬਾਅਦ ਪਹਿਲਾ ਲੀਡਰਸ਼ਿਪ ਪਵਿੱਤਰ ਰੋਮਨ ਸਾਮਰਾਜ ਨੇ ਗ੍ਰਹਿਣ ਕੀਤੀ, ਫਿਰ ਇਹ ਤਰਤੀਬਵਾਰ ਸਪੇਨ, ਫਰਾਂਸ ਅਤੇ ਇੰਗਲੈਂਡ ਨੇ ਪ੍ਰਾਪਤ ਕੀਤੀ।

16. ਸਾਡੇ ਆਪਣੇ ਜੀਵਨ ਕਾਲ ਵਿਚ ਅਸੀਂ ਇਹ ਅੰਤਰ ਰਾਸ਼ਟਰੀ ਲੀਡਰਸ਼ਿਪ ਅਮਰੀਕਾ ਅਤੇ ਰੂਸ ਵੱਲ ਵਧਦੀ ਦੇਖੀ ਹੈ।

17. ਅੰਤਰ-ਰਾਸ਼ਟਰੀ ਲੀਡਰਸ਼ਿਪ ਦੇ ਖੇਤਰ ਵਿਚ ਕੰਮ ਕਰਦੇ ਕੁਝ ਕੁ ਸਾਧਾਰਨ ਨਿਯਮ ਇੱਥੇ ਸਪੱਸ਼ਟ ਰੂਪ ਵਿਚ ਪ੍ਰਗਟ ਹੋਏ ਦਿਸਦੇ ਹਨ।

18. ਪਹਿਲੀ ਗੱਲ ਇਹ ਕਿ ਲੀਡਰਸ਼ਿਪ ਗ੍ਰਹਿਣ ਕਰਨ ਪਿੱਛੇ ਹਮੇਸ਼ਾ ਸ਼ਕਤੀ ਦਾ ਸਹਾਰਾ ਪ੍ਰਾਪਤ ਕੀਤਾ ਜਾਂਦਾ ਹੈ। ਭਾਵੇਂ ਵੱਡੀ ਕੌਮ, ਫੌਜੀ ਜਿੱਤਾਂ ਦੇ ਗਲਬੇ ਦੁਆਰਾ ਆਪਣੀ ਫੌਜੀ ਹਕੂਮਤ ਠੋਸੇ ਯਾ ਨਾ, ਤਾਂ ਵੀ, ਇਹ ਸ਼ਕਤੀ ਹੀ ਹੈ ਜਿਹੜੀ ਦੂਜਿਆਂ ਪਾਸੋਂ ਪੈਰਵੀ ਕਰਾਉਂਦੀ ਹੈ। ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਭਾਵੇਂ ਫਰਾਂਸ ਨੇ ਕੋਈ ਵਿਸ਼ਾਲ ਇਲਾਕਾ ਨਹੀਂ ਜਿੱਤਿਆ, ਫਿਰ ਵੀ ਫਰਾਂਸੀਸੀ ਭਾਸ਼ਾ ਦੁਨੀਆ ਦੀ ਅੰਤਰ ਰਾਜਨੈਤਿਕ ਭਾਸ਼ਾ ਬਣ ਗਈ। ਫਰਾਂਸੀਸੀ ਸਿਖਸ਼ਕ ਦੂਜੇ ਦੇਸ਼ਾਂ ਦੀਆਂ ਫੌਜਾਂ ਦੀ ਸਿਖਲਾਈ ਲਈ ਲਾਏ ਗਏ ਸਨ, ਜਿਵੇਂਕਿ ਉੱਨੀਵੀਂ ਸਦੀ ਦੇ ਪਹਿਲੇ ਅੱਧ ਸਮੇਂ ਦੀ ਸਿੱਖਾਂ ਦੀ ਮਿਸਾਲ ਹੈ। ਫਰਾਂਸੀਸੀ ਫਰਨੀਚਰ, ਫਰਾਂਸੀਸੀ ਸਾਹਿਤ ਅਤੇ ਫਰਾਂਸੀਸੀ ਭੋਜਨ ਕਲਾ ਹੀ ਹਰ ਥਾਂ ਛਾਈ ਰਹੀ ਹੈ।

19. ਸਾਡੇ ਜੀਵਨ ਕਾਲ ਵਿਚ ਵੀ ਅਮਰੀਕਾ ਨੇ ਕੋਈ ਬਹੁਤੇ ਦੇਸ਼ਾਂ 'ਤੇ ਫੌਜੀ ਅਧਿਕਾਰ ਨਹੀਂ ਜਮਾਇਆ ਤਾਂ ਵੀ ਬੋਲ ਚਾਲ ਦੀ ਅਮਰੀਕਨ ਸ਼ਬਦਾਵਲੀ, ਅਮਰੀਕੀ ਬਸਤਰ, ਅਮਰੀਕੀ ਸੰਗੀਤ, ਭਿਅੰਕਰ ਸ਼ੋਰ ਸ਼ਰਾਬੇ ਵਾਲੇ ਅਮਰੀਕਨ ਗਾਣੇ ਤੇ ਕਾਮੀ ਨਾਚ, ਭਵਨ ਕਲਾ ਦੇ ਖੇਤਰ ਵਿਚ ਅਸਮਾਨਾਂ ਨੂੰ ਛੂੰਹਦੀਆਂ ਉੱਚੀਆ ਇਮਾਰਤਾਂ ਬਣਾਉਣ ਦਾ ਅਮਰੀਕੀ ਝੱਲਪੁਣਾ ਸਾਰੇ ਸੰਸਾਰ ਅੰਦਰ ਫੈਲ ਗਿਆ ਹੈ। ਅਮਰੀਕਾ, ਕੈਨੇਡਾ, ਬ੍ਰਿਟਿਸ਼ ਟਾਪੂਆਂ ਅਤੇ ਪੱਛਮੀ ਯੂਰਪ ਅੰਦਰ ਵਸਦੇ 90% ਸਿੱਖ ਪ੍ਰਵਾਸੀ ਜਿਹੜੇ ਬੜੀ ਬੇਹਯਾਈ ਨਾਲ ਦਾਹੜੀਆਂ ਕਟਾਉਣ ਦੇ ਭੱਦੇ, ਕੁਢੱਬੇ ਅਤੇ ਜਾਂਗਲੀ ਫੈਸ਼ਨ ਅਤੇ ਤੰਬਾਕੂ-ਨੋਸ਼ੀ ਦੀ ਮੰਦੀ ਘਾਤਕ ਬਿਮਾਰੀ ਦਾ ਸ਼ਿਕਾਰ ਹੋ ਚੁੱਕੇ ਹਨ, ਉਨਾਂ ਦਾ ਸਹੀ ਅਨੁਮਾਨ ਇਥੋਂ ਹੀ ਲੱਗਦਾ ਹੈ। ਇਸ ਦੇ ਉਲਟ ਅਫ਼ਰੀਕਨ ਮਹਾਂਦੀਪ ਅਤੇ ਏਸ਼ੀਆ ਦੇ ਦੱਖਣ ਪੂਰਬੀ ਖੇਤਰਾਂ ਵਿਚ ਰਹਿੰਦੇ ਸਿੱਖ ਪ੍ਰਵਾਸੀਆਂ ਨੇ ਹੁਣ ਤੱਕ ਆਪਣੀ ਸਾਬਤ ਸੂਰਤ ਵਾਲੀ ਸਿੱਖੀ ਸ਼ਾਨ ਅਤੇ ਤੰਬਾਕੂ ਨੋਸ਼ੀ ਤੋਂ ਗਿਲਾਨੀ ਦੀ ਸੁਅਸਥ ਅਤੇ ਸ਼ਲਾਘਾਯੋਗ ਆਦਤ ਨੂੰ ਕਾਇਮ ਰੱਖਿਆ ਹੋਇਆ ਹੈ।

20. ਅਸੀਂ ਇਹ ਦਾਅਵਾ ਨਹੀਂ ਕਰ ਸਕਦੇ ਕਿ ਅਮਰੀਕਾ ਸੱਭਿਆਚਾਰ ਦੇ ਮਿਆਰ ਯਕੀਨੀ ਤੌਰ 'ਤੇ ਹੋਰਨਾਂ ਥਾਵਾਂ 'ਤੇ ਪੈਦਾ ਹੋਣ ਵਾਲੀ ਹਰ ਸ਼ੈਅ ਨਾਲੋਂ ਵਧੀਆ ਹਨ।

21. ਜ਼ਾਹਰਾ ਤੌਰ 'ਤੇ ਮਨੁੱਖੀ ਸੁਭਾਅ ਅੰਦਰ ਕੋਈ ਐਸੀ ਗੱਲ ਹੈ, ਜਿਹੜੀ ਸਾਨੂੰ ਸਰੀਰਕ ਤੌਰ 'ਤੇ ਤਾਕਤਵਰ ਲੋਕਾਂ ਦੀ ਵਿਚਾਰਧਾਰਾ ਅਤੇ ਚਾਲ ਢਾਲ ਦੀ ਪੈਰਵੀ ਕਰਨ ਲਈ ਪ੍ਰੇਰਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਐਲਾਨ ਕੀਤਾ ਕਿ ਦ੍ਰਿਸ਼ਟਮਾਨ ਸੰਸਾਰ ਦੀ ਹਰ ਚੀਜ਼ 'ਕਾਲ ਕ੍ਰਿਪਾਨ' ਦੀ ਰਾਖੀ ਅਤੇ ਕੰਟਰੋਲ ਵਿਚ ਹੈ ਅਤੇ ਮਨੁੱਖਾਂ ਅੰਦਰ ਇਹ ਸੁਭਾਵਿਕ ਰੁਚੀ ਹੈ ਕਿ ਉਹ ਸਭ ਤੋਂ ਵੱਧ ਤਾਕਤਵਰ (ਤਗੜੇ) ਵੱਲ ਝੁਕਦੇ ਹਨ, ਤਾਂ ਉਨਾਂ ਨੇ ਮਨੁੱਖਤਾ ਦਾ ਧਿਆਨ ਅਜਿਹੇ ਰਹੱਸ ਵੱਲ ਖਿੱਚਿਆ ਸੀ :

**ਯਾ ਕਾਲ ਮੈ ਸਭ ਕਾਲ ਕ੍ਰਿਪਾਨ ਕੇ,**
**ਭਾਰੀ ਭੁਜਾਨ ਕੋ ਭਾਰੀ ਭਰੋਸੋ ॥**
**(ਦਸਮ ਗ੍ਰੰਥ, ਬਚਿਤ੍ਰ ਨਾਟਕ, ਪੰਨਾ 45)**

22. ਸਿੱਖਾਂ ਦੀ ਸੰਨ 1849 ਵਿਚ ਜੋ ਲਗਭਗ 80 ਲੱਖ ਗਿਣਤੀ ਸੀ, ਉਸ ਦੇ ਸੰਨ 1862 ਦੀ ਮਰਦਮਸ਼ੁਮਾਰੀ ਵੇਲੇ ਸੁੰਗੜ ਕੇ ਕੇਵਲ 18 ਲੱਖ ਤੱਕ ਪਿਛਾਂਹ ਸਰਕ ਜਾਣ ਨੂੰ ਅਸੀਂ ਹੋਰ ਕਿਵੇਂ ਬਿਆਨ ਕਰ ਸਕਦੇ ਹਾਂ। 1850 ਈਸਵੀ ਵਿਚ ਸਿੱਖਾਂ ਦੀ ਸਿਆਸੀ ਤਾਕਤ ਅਤੇ ਸ਼ਕਤੀ ਦਾ ਪਤਨ ਹੋਣਾ, ਰਾਜਾ ਸਰ ਹਰਨਾਮ ਸਿੰਘ ਅਤੇ ਸਾਧੂ ਸੁੰਦਰ ਸਿੰਘ ਦਾ ਈਸਾਈਅਤ ਧਾਰਨ ਕਰ ਜਾਣਾ, ਗਿਆਨੀ ਉਬਦੁਲਾ ਸਿੰਧੀ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਕਾਨੂੰਨਦਾਨ ਸਰ ਮੁਹੰਮਦ ਜ਼ਫ਼ਰਉੱਲਾ ਖਾਂ ਦੇ ਪਿਤਾ ਅਤੇ ਪਰਿਵਾਰ ਦਾ ਮੁਸਲਮਾਨ ਬਣ ਜਾਣਾ, ਇਨਾਂ ਗੱਲਾਂ ਤੋਂ ਕੀ ਸਪੱਸ਼ਟ ਹੁੰਦਾ ਹੈ? ਸ਼ਹੀਦ ਭਾਈ ਮਤੀ ਦਾਸ ਜੀ ਦੀ ਸੰਤਾਨ ਵਿਚੋਂ ਸਵਰਗਵਾਸੀ ਭਾਈ ਪਰਮਾਨੰਦ, ਉਸ ਦਾ ਪੁੱਤਰ ਤੇ ਜੁਆਈ, ਇਕ ਸ਼ਰਧਾਵਾਨ ਸਹਿਜਧਾਰੀ ਪਰਿਵਾਰ ਦਾ ਅਦੁੱਤੀ ਨਾਜਕ ਬੱਚਾ ਸਰ ਗੋਕਲ ਚੰਦ ਨਾਰੰਗ- ਇਨਾਂ ਨੂੰ ਕਿਸ ਮਜ਼ਬੂਰੀ ਕਾਰਨ ਸਿੱਖੀ ਦੇ ਸ਼ੋਭਨੀਕ ਖੇਤਰ ਵਿਚੋਂ ਨਿਕਲ ਕੇ ਆਰੀਆ ਸਮਾਜ ਦੀਆਂ ਨਿਕਾਰਾ ਤੇ ਬੰਜਰ ਭੂਮੀਆਂ ਵੱਲ ਭਟਕਣਾ ਪਿਆ? ਆਪਣੀ ਹੋਂਦ ਦੇ ਬਹੁਤ ਥੋੜੇ ਇਤਿਹਾਸਕ ਕਾਲ ਅੰਦਰ ਸਿੱਖਾਂ ਨਾਲ ਬੜੀ ਈਰਖਾ ਤੇ ਅਨਰਥ ਹੋਇਆ ਹੈ, ਮਨੋ-ਵਿਰੋਧ ਤੇ ਜ਼ੁਲਮ ਹੋਏ ਹਨ, ਇਨਾਂ ਦਾ ਬੀਜ ਨਾਸ਼ ਕਰਨ ਲਈ ਕਤਲੇਆਮ ਅਤੇ ਭਿਅੰਕਰ ਮਾਰਾਂ ਪਈਆਂ ਹਨ, ਇਨਾਂ ਨੇ ਜਿੱਤਾਂ ਤੇ ਸ਼ੋਭਾ, ਸ਼ਕਤੀ ਤੇ ਖੁਸ਼ਹਾਲੀ, ਹਾਰ ਅਤੇ ਗੁਲਾਮੀ, ਹਾਸੋਹੀਣੀ ਦਸ਼ਾ ਅਤੇ ਖੁਆਰੀ, ਗਰੀਬੀ ਤੇ ਵਿਗੋਚਾ ਸਭ ਕੁਝ ਦੇਖਿਆ ਹੈ। ਫੇਰ ਵੀ ਇਸ ਸਾਰੇ ਉਤਰਾਅ ਚੜਾਅ ਦੇ ਦੌਰਾਨ ਕਦੇ ਮੰਦੀ ਭਾਵਨਾ ਯਾ ਬੇਸਮਝੀ ਕਰਕੇ ਨਾ ਕਿਸੇ ਦੋਸਤ, ਨਾ ਦੁਸ਼ਮਣ ਨੇ, ਨਾ ਕਿਸੇ ਗੁਆਂਢੀ, ਨਾ ਅਜਨਬੀ ਨੇ, ਮਹਾਨ ਸਿੱਖ ਪੈਗੰਬਰਾਂ ਤੇ ਗੁਰੂਆਂ ਦੀ ਉਨਾਂ ਦੇ ਵਿਚਾਰਾਂ, ਸ਼ਬਦਾਂ ਅਤੇ ਕਾਰਜਾਂ ਸੰਬੰਧੀ ਕਦੇ ਹੇਠੀ ਯਾ ਅਪਮਾਨ ਕਰਨ ਦੀ ਦਲੇਰੀ ਕੀਤੀ ਹੈ।

(ਚਲਦਾ...)

# ਸੰਗੀਤ ਅਤੇ ਮਨੁੱਖੀ ਮਨ

- ਹਰਪ੍ਰੀਤ ਸਿੰਘ

**ਉਹ ਮਰਦ ਸਾਜਾਂ ਦੇ ਆਲਣੇ ਚੋ ਜੰਮੇ ਅਤੇ ਪੰਜਾਬ ਦੇ ਅਸਮਾਨਾਂ ਤੇ ਉੱਡਣ ਲੱਗੇ....**

ਕਿਸੇ ਦਿਨ ਸਵੇਰੇ ਮੂੰਹ-ਹਨੇਰੇ ਉੱਠ ਕੇ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕਰੋ। ਜਦੋਂ ਲੋਕ ਸੁੱਤੇ ਹੋਣ, ਚਾਰੇ ਪਾਸੇ ਚੁੱਪ ਹੋਵੇ। ਜੇ ਤੁਸੀ ਖੁਸ਼ਕਿਸਮਤ ਹੋਏ ਤੁਹਾਡੇ ਘਰ ਦੇ ਨੇੜੇ ਪੰਛੀਆਂ ਦੀਆਂ ਅਵਾਜ਼ਾਂ ਤੁਹਾਨੂੰ ਸੁਣਨਗੀਆਂ। ਇਹਨਾਂ ਵਿੱਚ ਚਿੜੀਆਂ, ਕੋਇਲ ਬੋਲਦੀਆਂ ਹੋਣਗੇ। ਕੋਇਲ ਦੀ ਆਵਾਜ਼ ਇਸ ਤਰਾਂ ਹੈ ਜਿਵੇਂ ਸਾਜ ਸੁਰ ਕੀਤਾ ਹੋਵੇ। ਮੋਰ ਦੀ ਆਵਾਜ਼ ਤਾਂ ਕਾਫ਼ੀ ਦੂਰ ਸੁਣੀ ਜਾ ਸਕਦੀ ਹੈ। ਜੋ ਸੋਹਣੀਆਂ ਤੇ ਮਿੱਠੀਆਂ ਅਵਾਜ਼ਾਂ ਕਿਸੇ ਲੈਅ ਵਿਚ ਵਾਰ ਵਾਰ ਪੈਦਾ ਹੋਣ ਤੇ ਦਿਲ ਨੂੰ ਚੰਗੀਆਂ ਲੱਗਣ, ਉਸਨੂੰ ਮਨੁੱਖ ਸੰਗੀਤ ਕਹਿੰਦਾ ਹੈ। ਜੋ ਅਵਾਜ਼ਾਂ ਮਾਹੌਲ ਨੂੰ ਤੰਦਰੁਸਤ ਬਣਾ ਦੇਣ ਤੇ ਸੁਣਨ ਵਾਲੇ ਦੀ ਆਤਮਾ ਜਗਾ ਦੇਣ, ਉਹੀ ਅਵਾਜ਼ਾਂ ਸੰਗੀਤ ਕਹੀਆਂ ਜਾ ਸਕਦੀਆਂ ਨਹੀਂ ਤੇ ਬਾਕੀ ਰੌਲਾ ਗੌਲਾ ਹੀ ਹੁੰਦਾ ਹੈ।

ਇੱਕ ਸੰਗੀਤ ਜਦੋ ਵੱਜਦਾ ਹੋਵੇ ਤਾ ਹਵਾ ਵਿਚ ਇਸਦੀਆਂ ਤਰੰਗਾਂ ਘੁਲ ਜਾਂਦੀਆਂ ਹਨ। ਇਹ ਮਨੁੱਖ ਤੇ ਅਸਰ ਕਰਦੀਆਂ ਹਨ। ਇਹਨਾਂ ਕਰਕੇ ਲਾਲੀ ਅੱਖਾਂ ਵਿਚ ਉਤਰ ਆਉਂਦੀ ਹੈ। ਸਾਰਾ ਜੱਗ ਸੋਹਣਾ ਲਗਦਾ ਹੈ। ਰੁੱਖਾਂ ਦਾ ਰੰਗ ਹੋਰ ਗੂੜਾ ਦਿਖਦਾ ਹੈ। ਤੱਤੀਆਂ ਹਵਾਵਾਂ ਵੀ ਠੰਡੀਆਂ ਲੱਗਦੀਆਂ ਹਨ। ਇਹ ਸੱਚਮੁੱਚ ਵਾਪਰਦਾ ਹੈ। ਸੰਗੀਤ ਨੂੰ ਬੜੀ ਵੱਡੀ ਸ਼ਕਤੀ ਮੰਨਿਆ ਜਾਂਦਾ ਹੈ। ਕਹਿੰਦੇ ਨੇ ਸੰਗੀਤ ਬਹੁਤ ਤਰਾਂ ਦਾ ਹੁੰਦਾ ਹੈ ਤੇ ਹਰ ਪ੍ਰਕਾਰ ਆਪਣੇ ਸੁਭਾਅ ਪੱਖੋਂ ਮਨੁੱਖ ਤੇ ਅਸਰ ਪਾਉਂਦਾ ਹੈ। ਸੰਗੀਤ ਕੇਵਲ ਮਨੁੱਖ ਤੇ ਹੀ ਨਹੀਂ ਆਲੇ ਦੁਆਲੇ ਤੇ ਵੀ ਅਸਰ ਪਾਉਂਦਾ ਹੈ। ਸੰਗੀਤ ਦੇ ਸਿੱਧ ਪੁਰਸ਼ ਇਸੇ ਸੰਗੀਤ ਦੇ ਆਸਰੇ ਤੇ ਮੀਂਹ ਲਿਆ ਦੇਣਾ, ਦੀਵੇ ਜਗਾ ਬੁਝਾ ਦੇਣੇ, ਪੰਛੀ ਮਿਰਗ ਆਦਿਕ ਨਜ਼ਦੀਕ ਬੁਲਾ ਲੈਣੇ, ਮਨੁੱਖਾਂ ਨੂੰ ਕਾਇਲ ਕਰਨਾ ਆਦਿਕ ਸਿੱਧੀਆਂ ਵੀ ਕਰ ਲੈਂਦੇ ਸੀ। ਬੀਨ ਦੀ ਅਵਾਜ਼ ਤੇ ਸੱਪ ਦਾ ਮੇਲਣਾ ਅਸੀਂ ਅੱਖੀਂ ਵੇਖਦੇ ਹਾਂ। ਸੰਗੀਤ ਦੀਆਂ ਲੈਆਂ ਮਨ ਅੰਦਰ ਨੂੰ ਇਕਾਗਰ ਕਰ ਦਿੰਦੀਆਂ ਹਨ ਫਿਰ ਮਨੁੱਖ ਨੂੰ ਕਿਸੇ ਵੀ ਅਸਰ ਵਿੱਚ ਲਿਆ ਜਾ ਸਕਦਾ ਹੈ। ਸੰਗੀਤ ਦੀਆਂ ਧੁਨਾਂ ਮਨੁੱਖ ਨੂੰ ਰਵਾ, ਹਸਾ , ਬੀਰ ਰਸ, ਦਇਆ ਕਿਸੇ ਵੀ ਮਾਨਸਿਕ ਗੁਣ ਦੇ ਪ੍ਰਭਾਵ ਹੇਠ ਲਿਆਉਣ ਦੇ ਸਮਰੱਥ ਹੁੰਦੀਆਂ ਹਨ, ਇਹਨਾਂ ਵਿੱਚ ਪ੍ਰੇਮ, ਗੁੱਸਾ, ਘਿਰਣਾ, ਗਲਿਆਨੀ, ਹੰਕਾਰ, ਪਰਉਪਕਾਰ, ਮਾਰ ਧਾੜ ਆਦਿ ਕਰਨ ਦੇ ਭਾਵ ਹੋ ਸਕਦੇ ਹਨ। ਸੰਗੀਤ ਵਿੱਚ ਸਮਰੱਥਾ ਹੈ ਕਿ ਇਹ ਮਨੁੱਖ ਨੂੰ ਉਕਸਾ ਸਕਦਾ ਹੈ । ਮਨੁੱਖ ਦੇ ਚੇਤੇ ਵਿੱਚ ਹਰ ਵੇਲੇ ਕੋਈ ਨਾ ਕੋਈ ਸ਼ਬਦਾਂ ਦਾ ਦੁਹਰਾਓ ਚੱਲਦਾ ਰਹਿੰਦਾ ਹੈ ਜੇਕਰ ਇਹ ਦੁਹਰਾਓ ਸੰਗੀਤਕ ਧੁਨਾਂ ਸੰਗ ਹੈ ਤਾਂ ਇਹ ਹੋਰ ਵਧੇਰੇ ਅਸਰ ਕਰਦਾ ਹੈ। ਮਨੁੱਖ ਦਾ ਇੱਕ ਖਾਸ ਗੁਣ ਹੈ ਕਿ ਜਿਹੜੇ ਸ਼ਬਦ ਇਸਦੇ ਦੁਹਰਾਓ ਵਿੱਚ ਵਾਰ ਵਾਰ ਆਉਂਦੇ ਹਨ, ਉਹੀ ਮਨੁੱਖ ਨੂੰ ਖਾਸ ਮਨੁੱਖ ਬਣਾਉਂਦੇ ਜਾਂਦੇ ਹਨ ਪਰ ਜੇਕਰ ਇਹ ਸੰਗੀਤ ਦੇ ਸੰਗ ਹੈ ਤਾਂ ਇਸਦਾ ਅਸਰ ਤੇਜ਼ੀ ਨਾਲ ਹੁੰਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਮਨੁੱਖ ਦੇ ਅੰਦਰ ਦੁਹਰਾਓ ਉਸ ਸੰਗੀਤ ਦਾ ਹੀ ਹੁੰਦਾ ਹੈ, ਜਿਸਨੂੰ ਉਹ ਚੁਣ ਲੈਂਦਾ ਹੈ ਭਾਵ ਜੋ ਪਸੰਦ ਆ ਜਾਂਦਾ ਹੈ। ਦੁਹਰਾਓ ਚੁਣਨ ਵਿੱਚ ਮਨੁੱਖ ਦੀ ਆਪਣੀ ਮਰਜ਼ੀ ਹੁੰਦੀ ਹੈ ਕਿ ਉਹ ਕੀ ਬਣਨਾ ਚਾਹੁੰਦਾ ਹੈ, ਫਿਰ ਦੁਹਰਾਓ ਮਨੁੱਖ ਦਾ ਬੋਲਣਾ, ਚੱਲਣਾ, ਸਲੀਕਾ ਆਪ ਨਿਰਧਾਰਤ ਕਰਦਾ ਹੈ। ਜੋ ਨਵਾਂ ਮਨੁੱਖ ਬਣਦਾ ਹੈ ਉਹ ਖੁਦ ਆਪ ਬਣਨਾ ਉਸਨੇ ਚੁਣਿਆ, ਪਰ ਸੰਗੀਤ ਉਸਨੂੰ ਬੜੀ ਤੇਜ਼ ਗਤੀ ਨਾਲ ਬਣਾਉਂਦਾ ਹੈ। ਸੰਗੀਤ ਮਨੁੱਖ ਦੀ ਪਸੰਦ ਵਿੱਚ ਛੇਤੀ ਨਾਲ ਆ ਜਾਂਦਾ ਹੈ, ਇਹ ਗੁਣ ਖੁਦਾਈ ਬਖਸ਼ਿਸ਼ ਹੈ। ਇਸ ਲਈ ਮਨੁੱਖ ਨੂੰ ਚੰਗਾ ਸੰਗੀਤ ਹੀ ਸੁਣਨਾ ਚਾਹੀਦਾ ਹੈ। ਸਿੱਧ ਪੁਰਸ਼ ਆਖਦੇ ਨੇ ਕਿ ਸੰਗੀਤ ਮਨੁੱਖ ਦੇ ਮਨ ਮਸਤਿਕ ਵਿਚ ਵੀ ਵੱਜਦਾ ਰਹਿੰਦਾ ਹੈ। ਜਿਥੇ ਅਨੰਤ (ਅਨੇਕਾਂ ) ਪ੍ਰਕਾਰ ਦੇ ਸੰਗੀਤ ਸੁਣੇ ਜਾ ਸਕਦੇ ਹਨ। ਆਵਾਜ਼, ਪੈਦਾ ਹੋਣ ਦੇ ਆਧਾਰ ਤੇ ਦੋ ਤਰਾਂ ਦੀ ਹੁੰਦੀ ਹੈ। ਜੋ ਆਵਾਜ਼ ਦੋ ਵਸਤਾਂ ਦੇ ਆਪਸੀ ਟੱਕਰ ਨਾਲ ਪੈਦਾ ਹੋਏ ਉਹ ਆਹਤ ਹੁੰਦੀ ਹੈ। ਇੱਕ ਆਵਾਜ਼ ਜੋ ਬਿਨਾਂ ਕਿਸੇ ਟਕਰਾ ਤੋਂ ਪੈਦਾ ਹੋਵੇ, ਉਹ ਆਵਾਜ਼ ਅਨਾਹਤ ਹੁੰਦੀ ਹੈ। ਜੋ ਅਵਾਜ਼ ਮਸਤਕ ਵਿੱਚ ਹੁੰਦੀ ਹੈ ਉਹ ਅਨਹਤ ਅਵਾਜ਼ ਹੁੰਦੀ ਹੈ। ਇਸ ਅਵਾਜ਼ ਵਿੱਚ ਸੰਗੀਤ ਵੀ ਵਿਸਮਾਦ ਸੁਣਾਈ ਦਿੰਦਾ ਹੈ। ਵੱਖ ਵੱਖ ਵਿਦਵਾਨਾਂ ਦੀ ਵੱਖੋ ਵੱਖਰੀ ਰਾਇ ਹੈ ਜਿਸ ਵਿੱਚ ਕਈ ਕਹਿੰਦੇ ਨੇ ਸ੍ਰੀ ਕ੍ਰਿਸ਼ਨ ਨੇ ਆਪਣੇ ਅੰਦਰ ਦੇ ਸੰਗੀਤ ਨੂੰ ਸੁਣਕੇ ਬੰਸਰੀ ਬਣਾਈ ਅਤੇ ਅੰਦਰ ਦੇ ਸੰਗੀਤ ਨੂੰ ਬਾਹਰ ਪ੍ਰਗਟ ਕੀਤਾ। ਇਸੇ ਤਰਾਂ ਸਾਰੰਗੀ ਸ੍ਰੀ ਰਾਵਣ ਨੇ ਬਣਾਈ ਮੰਨੀ ਜਾਂਦੀ ਹੈ। ਰਬਾਬ ਇਰਾਨ ਦੇ ਪੁਰਾਤਨ ਸੰਤਾਂ ਦੀ ਕਾਢ ਕਿਹਾ ਜਾਂਦਾ ਹੈ, ਜਿੰਨੇ ਵੀ ਪੁਰਾਤਨ ਸਾਜ਼ ਮਿਲਦੇ ਹਨ, ਸਾਰੇ ਸਾਧਾਂ ਸੰਤਾਂ ਦੀ ਬਦੌਲਤ ਆਏ। ਇਸੇ ਤਰਾਂ ਸਾਰੰਦਾ ਸ੍ਰੀ ਗੁਰੂ ਅਰਜਨ ਦੇਵ ਜੀ, ਤਾਊਸ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਦਿਲਰੁਬਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਈਜ਼ਾਦ ਕੀਤਾ ਮੰਨਿਆ ਗਿਆ ਕਈ ਖੋਜਕਾਰਾਂ ਦੁਆਰਾ। ਸੰਗੀਤ ਦੀ ਆਵਾਜ਼ ਆਹਤ ਨਾਲ ਪੈਦਾ ਹੁੰਦੀ ਹੈ। ਪਰ ਇਹ ਪ੍ਰੇਰਨਾ ਅਨਾਹਤ ਆਵਾਜ਼ ਦੀ ਹੁੰਦੀ ਹੈ। ਸੰਗੀਤ ਦਾ ਮਨੁੱਖ ਅਤੇ ਆਲੇ ਦੁਆਲੇ ਤੇ ਅਸਰ ਬਹੁਤ ਗਹਿਰਾ ਹੁੰਦਾ ਹੈ। ਇਹ ਵਾਤਾਵਰਨ ਨੂੰ ਖੁਸ਼ਨੁਮਾ ਬਣਾਉਣ ਦੀ ਤਾਕਤ ਰੱਖਦਾ ਹੈ ਅਤੇ ਕਿਸੇ ਵੀ ਅਸਰ ਹੇਠ ਲੈ ਕੇ ਆਉਣ ਦੇ ਸਮਰੱਥ ਹੁੰਦਾ ਹੈ। ਸੰਗੀਤ ਵਿਚ ਮ੍ਰਿਦੰਗ ਅਤੇ ਨਗਾਰੇ ਦੀਆਂ ਅਵਾਜ਼ਾਂ ਮਨੁੱਖ ਨੂੰ ਜ਼ੰਗੀ ਬਿਰਤੀ ਲਈ ਪ੍ਰੇਰਦੀਆਂ ਹਨ ਅਤੇ ਬੇਝਿਜਕ ਲੜਨ ਅਤੇ ਮਰਨ ਲਈ ਉਕਸਾਉਂਦੀਆਂ ਹਨ। ਸਤਿਗੁਰੂ ਨਾਨਕ ਸਾਹਿਬ ਦਾ ਸੰਗੀਤ ਨਾਲ, ਰਬਾਬ ਨਾਲ ਇਨਾਂ ਪਿਆਰ ਅਤੇ ਗੁਰੂਘਰ ਵਿਚ ਕੀਰਤਨ ਨੂੰ ਸਭ ਤੋਂ ਵੱਧ ਮਹਾਨਤਾ ਦੇਣੀ ਸੰਗੀਤ ਦੀ ਸਮਰੱਥਾ ਨੂੰ ਚੰਗੇ ਪਾਸੇ ਲਾਉਣ ਦੀ ਜੁਗਤ ਹੈ। ਜਾਪਦਾ ਹੈ ਕਿ ਕੀਰਤਨ ਦੁਆਰਾ ਉਹ ਮਨੁਖਾਂ ਨੂੰ ਪ੍ਰਮਾਤਮਾ ਦੇ ਘਰ ਤੱਕ ਲੈ ਜਾਣਾ ਚਾਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਰਬਾਬ ਦੀਆਂ ਤਾਰਾਂ ਛੇੜ ਕੇ ਫੇਰ ਉਸ ਨਾਲ ਅਗੰਮੀ ਬੋਲਾਂ ਨੂੰ ਗਾਇਆ ਤਾਂ ਕਿੰਨੇ ਮਨੁਖਾਂ ਦੇ ਪੱਥਰ ਦਿਲ ਪਿਘਲ ਗਏ ਉਹਨਾਂ ਵਿੱਚ ਮਨੁੱਖਤਾ ਆ ਗਈ, ਉਹ ਮਨੁੱਖ ਬਣ ਗਏ ਅਤੇ ਅਗਲਾ ਸਫ਼ਰ ਆਰੰਭ ਦਿੱਤਾ। ਸਾਰੇ ਗੁਰੂ ਸਾਹਿਬਾਨ ਬਾਣੀ ਗਾਉਂਦੇ ਰਹੇ, ਸਾਜ ਵਜਾਉਂਦੇ ਰਹੇ। ਇਸ ਤਰਾਂ ਜੋ ਅਸਰ ਨਿਕਲਿਆ ਉਸ ਨਾਲ ਪੰਜਾਬ ਦੀ ਧਰਤੀ ਤੇ ਮਰਦ ਜੰਮੇ। ਜੋ ਅਣਖਾਂ ਨਾਲ ਲਬਾ ਲਬ ਸਨ, ਜਿਹਨਾਂ ਨੂੰ ਰੱਬੀ ਗਿਆਨ ਸੀ। ਲੋਹੜਿਆਂ ਦਾ ਜਿਗਰਾ ਸੀ। ਸਾਦਗੀ ਅਤੇ ਨਿਰਮਾਣਤਾ, ਨਿਰਮਲਤਾ ਅਤੇ ਬਹਾਦਰੀ ਨਾਲ ਭਰੇ ਹੋਏ। ਉਹ ਮਰਦ ਸਾਜਾਂ ਦੇ ਆਲਣੇ ਚੋ ਜੰਮੇ ਅਤੇ ਪੰਜਾਬ ਦੇ ਅਸਮਾਨਾਂ ਤੇ ਉੱਡਣ ਲੱਗੇ। ਉਹ ਮਰਦ ਸੰਗੀਤ, ਕੀਰਤਨ , ਰੱਬੀ ਬਾਣੀ ਦੀ ਉਪਜ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਨਦੀ ਦੇ ਕੰਢੇ ਤੇ ਬੈਠ ਕੇ ਤਾਊਸ, ਰਬਾਬ, ਮਿਰਦੰਗ ਨਾਲ ਕੀਰਤਨ ਕੀਤਾ ਤਾਂ ਇਹ ਵੇਹਲਿਆਂ ਦਾ ਕੰਮ ਨਹੀਂ ਸੀ ਇਹ ਚਮਕੌਰ ਦੇ ਜੰਗ ਦੀ ਤਿਆਰੀ ਸੀ। ਜੰਗ ਦੇ ਮੈਦਾਨਾਂ ਵਿੱਚ, ਜੰਗਲਾਂ ਬੀਆਬਾਨਾਂ ਵਿੱਚ ਸਿੱਖ ਸਦਾ ਪਿੱਠਾਂ ਤੇ ਸਾਜ਼ ਲੱਦ ਕੇ ਫਿਰਦੇ ਰਹੇ ਸਨ।

ਸੰਗੀਤ ਦੀ ਸਮਰੱਥਾ ਨੂੰ ਨਕਾਰਿਆ ਨਹੀਂ ਜਾ ਸਕਦਾ। ਇਹ ਅਵਾਜ਼ ਬੜੀ ਤਾਕਤ ਦੀ ਮਾਲਕ ਹੈ। ਖਾਲਸਾ ਪੰਥ ਨੂੰ ਇਸਦੀ ਸ਼ਕਤੀ ਨੂੰ ਪਹਿਚਾਨਣਾ ਚਾਹੀਦਾ ਹੈ। ਕੌਮ ਦੀ ਵਿਰਾਸਤ ਅਤੇ ਰਵਾਇਤਾਂ ਜੋ ਪੁਰਾਤਨ ਸਾਜਾਂ ਨਾਲ ਜੁੜੀਆਂ ਸੀ, ਉਹਨਾਂ ਰਵਾਇਤਾਂ ਨੂੰ ਪੰਥ ਦਾ ਵੱਡਾ ਹਿੱਸਾ ਭੁੱਲ ਚੁੱਕਾ ਹੈ। ਇਸ ਸੰਗੀਤ ਦੀ ਤਾਕਤ ਤੋਂ ਸਿੱਖਾਂ ਦੀ ਦੁਸ਼ਮਣ ਜਮਾਤ ਅਣਜਾਣ ਨਹੀਂ। 1984 ਤੋਂ ਜਲਦੀ ਬਾਅਦ ਪੰਜਾਬ ਵਿੱਚ ਸੰਗੀਤ ਬਜ਼ਾਰ (Music Industry) ਵਿੱਚ ਬੜਾ ਵੱਡਾ ਉਛਾਲ ਆਇਆ। ਇਹ ਉਛਾਲ ਲਿਆਂਦਾ ਗਿਆ ਸੀ। ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਕਲੱਬ ਬਣੇ ਅਤੇ ਜਰਜਰੀ ਜੀਵਨਸ਼ੈਲੀ ਨੂੰ ਪੰਜਾਬ ਦੇ ਸੱਭਿਆਚਾਰ ਦਾ ਜ਼ਬਰਦਸਤੀ ਅੰਗ ਬਣਾਇਆ ਗਿਆ। ਜਿਸ ਵਿੱਚ ਨਾਚ, ਗਾਣਾ, ਸ਼ਰਾਬ ਕਬਾਬ ਸ਼ਬਾਬ, ਔਰਤ ਅਤੇ ਨਸ਼ਿਆਂ ਦੇ ਵਡੱਪਣ ਦਾ ਰੌਲਾ ਪਾਇਆ ਗਿਆ। ਨਸ਼ੇੜੀ, ਜਨਾਨੀਬਾਜ਼ ਅਤੇ ਨਚਾਰਾਂ ਨੂੰ ਪਹਿਲਾਂ ਸਮਾਜ ਵਿੱਚ ਗਾਲ ਦਿੱਤੀ ਜਾਂਦੀ ਸੀ ਪਰ ਵਧੇਰੇ ਰੌਲਾ ਪਾ ਕੇ ਇਹਨਾਂ ਦੇ ਅਉਗਣਾਂ ਨੂੰ ਗੁਣਾ ਵਜੋਂ ਪੇਸ਼ ਕੀਤਾ ਗਿਆ। ਹੁਣ ਨਚਾਰਾਂ ਨੂੰ ਆਮ ਲੋਕ ਇੱਕ ਮਹਾਨ ਪੁਰਸ਼, ਬਾਬਾ ਗੁਰਦਾਸ ਦਿਖਾਈ ਦਿੰਦੇ ਹਨ। ਨਸ਼ੇੜੀ ਤੇ ਨੀਚ ਲੋਕ ਹੁਣ ਆਮ ਲੋਕਾਂ ਦੀ ਤਰਾਂ ਹੀ ਦੇਖੇ ਜਾਣ ਲੱਗ ਪਏ ਹਨ। ਇੱਕ ਵੇਰਾਂ ਕਿਸੇ ਬ੍ਰਾਹਮਣ ਤੋਂ ਚਾਰ ਚੋਰਾਂ ਨੇ ਬੱਕਰੀ, ਕੁੱਤੀ ਦਾ ਰੌਲਾ ਪਾ ਕੇ ਠੱਗ ਲਈ ਸੀ। ਇਸੇ ਤਰਾਂ ਰੌਲਾ ਪਾ ਕੇ ਨੀਚ ਲੋਕ ਅੱਜ ਸਮਾਜ਼ ਵਿੱਚ ਉੱਚੀ ਥਾਂ ਤੇ ਬਿਠਾਏ ਗਏ ਹਨ। ਆਮ ਲੋਕ ਇਹਨਾਂ ਵਰਗਾ ਬਣਨ ਦੀ ਦਿਲ ਵਿੱਚ ਚਾਹਤ ਰੱਖਦੇ ਹਨ। ਪੰਜਾਬ ਵਿੱਚ ਪਹਿਲਾਂ ਕਦੀਂ ਇੰਨੀ ਤਾਦਾਦ ਵਿੱਚ ਨੌਜਵਾਨ ਕਲਾਕਾਰ ਬਣਨ ਲਈ ਨਹੀਂ ਉੱਠੇ। 90ਵਿਆਂ ਤੋਂ ਕਲੱਬਾਂ ਨੂੰ ਸਰਕਾਰੀ ਸਹਾਇਤਾ ਦੇ ਕੇ ਹਰ ਇੱਕ ਪਿੰਡ, ਸ਼ਹਿਰ ਅਖਾੜੇ ਲਾਉਣੇ ਆਮ ਕੀਤਾ ਗਿਆ ਸੀ। ਇਸਦਾ ਨਤੀਜਾ ਘਟੀਆ ਲੋਕ, ਲੋਕਾਂ ਵਿੱਚ ਖਿੱਚ ਦੀ ਜਗਾ ਪਾ ਗਏ। ਜੋ ਹੁਣ ਤੱਕ ਜਾਰੀ ਹੈ। ਇਹਨਾਂ ਅਖਾੜਿਆਂ ਦੀ ਬਦੌਲਤ ਹੀ ਪੰਜਾਬੀ ਲੋਕ ਹੱਕਾਂ ਲਈ ਲੜਨਾ ਛੱਡ ਕੇ ਝੱਟ ਨਸ਼ਿਆਂ ਦੀ ਲੋਰ ਵਿੱਚ ਨੱਚਣ ਲੱਗ ਪਏ।

ਹਿੰਦੁਸਤਾਨ ਦੀ ਰਾਜ ਸੱਤਾ ਖੋਹਣ ਲਈ ਅੰਗਰੇਜ਼ਾਂ ਨੇ ਉਥੋਂ ਦੇ ਮੀਰਜ਼ਾਦਿਆਂ ਨੂੰ ਬੜੀ ਆਸਾਨੀ ਨਾਲ ਹਰਾ ਦਿੱਤਾ ਸੀ ਅਤੇ ਤਰਾਂ ਤਰਾਂ ਦੇ ਸਮਝੌਤਿਆਂ ਰਾਹੀਂ ਗੁਲਾਮ ਬਣਾ

ਬਾਕੀ ਸਫ਼ਾ 31 'ਤੇ

## ਆਲਣੇ ਬੈਠੀ ਸਿਸਕੀ

- ਡਾ. ਗੁਰਬਖ਼ਸ਼ ਸਿੰਘ ਭੰਡਾਲ

ਤੀਲੇ ਸਮੇਟ
ਬੋਟਾਂ ਨੂੰ ਉਡਾਰੂ ਬਣਾ
ਆਲਣੇ ਦੀ ਵਿਸਮਾਦੀ ਲੋਰ
ਜਦ ਬੇਦਾਵਾ ਦੇ ਜਾਵੇ
ਫਿਰ ਤੋਂ ਤੀਲੇ ਇਕੱਠੇ ਕਰਦਿਆਂ
ਆਲਣਾ ਸਿਰਜਣ ਦਾ ਕਰਮ
ਨਿੱਤਨੇਮ ਬਣ ਜਾਵੇ ਤਾਂ
ਗੁੰਮਸੁੰਮ ਆਲਣਾ
ਸਿਸਕੀ ਬਣ ਜਾਂਦਾ
ਤੀਲਿਆਂ ਦੇ ਪਿੰਡੇ 'ਤੇ ਗ਼ਮ ਫੈਲਦਾ
ਆਲਣੇ ਦੀ ਕੁੱਖ ਸੰਤਾਪੀ ਜਾਂਦੀ
ਫ਼ਿਜ਼ਾ 'ਚ ਹਿਚਕੀ ਫੈਲਦੀ
ਅਤੇ
ਆਲਣੇ 'ਚ ਸੰਤੋਖੀਆਂ ਕਿੱਲਕਾਰੀਆਂ
ਰੁਦਨ ਕਰੇਂਦੀਆਂ
ਪ੍ਰਵਾਜ਼ ਭਰੇਂਦੇ ਬੋਟ
ਬਣ ਜਾਂਦੇ
ਅਦਬ ਦਾ ਬਰੇਤਾ
ਬੇਗ਼ਰਜ਼ੀ ਦਾ ਮਾਰੂਥਲ
ਬੇਸ਼ੁਕਰੀ ਦਾ ਗੁੰਗਾਪਣ
ਤੇ ਨਿੱਜ ਦਾ ਧੁਖਦਾ ਗੋਹੜਾ
ਉੱਚੇ ਅੰਬਰਾਂ ਦੀ
ਮਨ-ਨਿਆਈਂ ਬਣ ਜਾਂਦੀ ਰੱਕੜ
ਨਿੱਘ-ਨਿਉਂਦੇ 'ਚ ਉੱਤਰਦੀ ਸੁੰਨ
ਹਾਕ-ਹੁੰਗਾਰੇ 'ਚ ਉੱਗਦੀ ਖਾਮੋਸ਼ੀ
ਮਨ-ਮੱਥੇ 'ਚ ਪਨਪਦੀ ਕੋਫ਼ਤ
ਤੇ ਖ਼ੁਦ ਤੋਂ ਝਲਕਦੀ ਖ਼ੁਦੀ
ਆਲਣਾ ਤ੍ਰਭਕਦਾ
ਚਾਅ ਸੁੰਗੜਦੇ
ਤੇ ਆਸਾਂ ਝਰੀਟੀਆਂ ਜਾਂਦੀਆਂ
ਪਰ
ਆਲਣਾ ਧਰਮ ਪਾਲਣ ਤੋਂ
ਕੁਤਾਹੀ ਨਾ ਕਰੇ
ਉਸਦੀ ਸੋਚ 'ਚ ਹਮੇਸ਼ਾ
ਆਪਣਿਆਂ ਦਾ ਮੋਹ ਤਰੇ
ਅਤੇ ਦਿੱਤੀਆਂ ਦੁਆਵਾਂ ਸੰਗ
ਸਭ ਦੀ ਖਾਲੀ ਝੋਲ ਭਰੇ
ਆਲਣਾ
ਆਖਰੀ ਸਫ਼ਰਨਾਮਾ ਬਣ ਕੇ ਵੀ
ਕੰਬਦੇ ਹੱਥਾਂ ਨਾਲ
ਬੋਟਾਂ ਲਈ ਦੁਆ ਮੰਗਦਾ
ਆਲਣਾ
ਆਲਣਾ ਜੁ ਹੋਇਆ।

ਤਿਉਹਾਰ ਵਿਸ਼ੇਸ਼

# ਪੰਜਾਬੀ ਸਭਿਆਚਾਰ 'ਚ ਸਾਵਣ ਦਾ ਮਹੱਤਵ

- ਧਰਮਿੰਦਰ ਸਿੰਘ

ਸਾਉਣ ਮਹੀਨਾ ਆਉਣ ਨਾਲ ਮੌਸਮ ਵਿਚ ਕਾਫੀ ਹੱਦ ਤੱਕ ਬਦਲਾਅ ਮਹਿਸੂਸ ਕੀਤਾ ਜਾਂਦਾ ਹੈ। ਜਿਹੜੇ ਅਸਮਾਨ ਵੱਲ ਦਿਨੇ ਦੁਪਿਹਰੇ ਸੂਰਜ ਕਾਰਨ ਤੱਕਿਆ ਨਹੀਂ ਜਾਂਦਾ, ਉਸ ਅਸਮਾਨ 'ਤੇ ਕਾਲੀਆਂ ਘਨਘੋਰ ਘਟਾਵਾਂ ਛਾ ਜਾਂਦੀਆਂ ਹਨ। ਠੰਢੀਆਂ ਹਵਾਵਾਂ ਰੁੱਖਾਂ ਸੰਗ ਅਠਖੇਲੀਆਂ ਕਰਦੀਆਂ ਇਲਾਹੀ ਸੰਗੀਤ ਪੈਦਾ ਕਰਦੀਆਂ ਹਨ। ਖੇਤ ਹਰੇ ਭਰੇ ਹੋ ਜਾਂਦੇ ਹਨ। ਸਾਉਣ ਦੇ ਮਹੀਨੇ ਵਿਚ ਜਿੱਥੇ ਫਸਲਾਂ ਲਹਿਰਾਉਂਦੀਆਂ ਤੇ ਪੂਰੀ ਕਾਇਨਾਤ ਨੱਚ ਉੱਠਦੀ ਹੈ। ਜਦੋਂ ਅਸਮਾਨ ਵਿਚ ਕਾਲੀ ਘਨਘੋਰ ਘਟਾ ਛਾਈ ਹੁੰਦੀ ਹੈ ਤਾਂ ਮੋਰ ਸਭ ਕੁੱਝ ਭੁੱਲ-ਭੁਲਾ ਕੇ ਆਪਣੇ ਖੰਭ ਖਿਲਾਰ ਕੇ ਖੁਸ਼ੀ ਵਿਚ ਪੈਲਾਂ ਪਾਉਂਦਾ ਨਜ਼ਰ ਆਉਂਦਾ ਹੈ।

ਅੱਜ ਵੀ ਯਾਦ ਹੈ, ਜਦ ਛੋਟੇ ਹੁੰਦੇ ਸੀ ਤਾਂ ਪੰਜਾਬ ਦੇ ਪਿੰਡਾਂ ਵਿਚ ਸਾਵਣ ਆਉਣ ਤੇ ਘਰਾਂ ਵਿਚ ਵਿਆਹ ਵਰਗਾ ਮਾਹੌਲ ਹੁੰਦਾ ਸੀ। ਸਾਂਵੇਂ ਵਾਲੇ ਦਿਨ ਐਤਵਾਰ ਨੂੰ ਆਟਾ ਤੇ ਗੁੜ ਘੋਲ ਕੇ ਪਿੱਪਲ ਦੇ ਪੱਤਿਆਂ ਨਾਲ ਤਵੇ 'ਤੇ ਫੈਲਾ ਕੇ ਪੂੜੇ ਬਣਾਉਣੇ। ਨਾਲ ਦੁੱਧ ਦੀ ਖੀਰ ਬਣਾਈ ਜਾਂਦੀ ਸੀ। ਅੰਬ ਦੇ ਆਚਾਰ ਨਾਲ ਉਹ ਪੂੜੇ ਤੇ ਖੀਰ ਖਾਣੀ। ਇਸਦਾ ਆਪਣਾ ਹੀ ਆਨੰਦ ਸੀ। ਅੱਜਕਲ ਦੀ ਨੌਜਵਾਨ ਪੀੜੀ ਇਸ ਸੱਭਿਆਚਾਰ ਤੋਂ ਕੋਹਾਂ ਦੂਰ ਹੋ ਰਹੀ ਹੈ। ਹਰ ਪਿੰਡ ਵਿਚ ਇਕ ਜਗਾ ਮੁਕੱਰਰ ਕੀਤੀ ਜਾਂਦੀ ਸੀ। ਉਸ ਜਗਾ ਪਿੱਪਲ ਜਾਂ ਬੋਹੜ ਦਾ ਦਰੱਖਤ ਜ਼ਰੂਰ ਹੁੰਦਾ ਸੀ। ਉਸ ਉੱਤੇ ਕਿਸੇ ਗੱਭਰੂ ਵਲੋਂ ਚੜ ਕੇ ਸਭ ਤੋਂ ਉੱਚੇ ਟਾਹਣੇ ਤੇ ਲੰਬੀ ਪੀਂਘ ਪਾਈ ਜਾਂਦੀ ਸੀ। ਮੁਕੱਰਰ ਕੀਤੀ ਉਸ ਜਗਾ 'ਤੇ ਹਰ ਐਤਵਾਰ ਦੀ ਸ਼ਾਮ ਨੂੰ ਪਿੰਡ ਦੀਆਂ ਪੇਕੇ ਘਰ ਆਈਆਂ ਸੱਜ ਵਿਆਹੀਆਂ ਧੀਆਂ ਧਿਆਣੀਆਂ ਤੇ ਪਿੰਡ ਦੀਆਂ ਕੁਆਰੀਆਂ ਕੁੜੀਆਂ ਸੱਜ-ਧੱਜ ਕੇ ਸ਼ਾਮ ਨੂੰ ਉਸ ਜਗਾ 'ਤੇ ਜਾ ਕੇ ਗਿੱਧਾ ਤੇ ਕਿੱਕਲੀ ਪਾਉਂਦੀਆਂ ਤੇ ਜ਼ਿਦੋ-ਜ਼ਿਦੀ ਇਕ ਦੂਜੀ ਤੋਂ ਉੱਚੀ ਪੀਂਘ ਚੜਾਉਂਦੀਆਂ ਸਨ।

ਤਕਰੀਬਨ-ਤਕਰੀਬਨ ਸਾਰੇ ਗੁਰੂ ਸਾਹਿਬਾਨ ਵਲੋਂ ਪਵਿੱਤਰ ਗੁਰਬਾਣੀ ਵਿਚ ਸਾਉਣ ਮਹੀਨੇ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਜ਼ਿਕਰ ਕਰਦੇ ਹਨ:

**ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ।।**
**ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ।।**

ਮਹਾਨ ਕਵੀ ਭਾਈ ਵੀਰ ਸਿੰਘ ਜੀ 'ਸਾਵਣ' ਕਵਿਤਾ ਬਾਰੇ ਲਿਖਦੇ ਹਨ ਕਿ:

ਚੜਿਆ ਸਾਵਣ ਮਹੀਨਾ
ਸਹੀਆਂ ਪੀਘਾਂ ਨੇ ਪਾਈਆਂ।
ਸੂਲਾਂ ਵੱਜਣ ਕਲੇਜੇ
ਝਿੱਕੀ ਮੰਜ਼ੀ ਤੇ ਪਈਆਂ।
ਸਹੀਆਂ ਟੁੰਬਦੀਆਂ ਆ ਜਾ
'ਉੱਠ ਨੀ ਸਾਂਵੇਂ' ਨੀ ਆਏ...।

ਬਾਬੂ ਫ਼ੀਰੋਜ਼ਦੀਨ ਸ਼ਰਫ਼ ਲਿਖਦੇ ਹਨ ਕਿ:

ਸਾਵਣ ਸੀਸ ਗੁੰਦਾ ਕੇ ਸਈਆਂ,
ਹਾਰ-ਸ਼ਿੰਗਾਰ ਸਜਾਏ ਨੇ।
ਮਿੱਠੇ-ਮਿੱਠੇ ਗੀਤ ਮਾਹੀ ਦੇ,
ਸਭਨਾਂ ਰਲ ਮਿਲ ਗਾਏ ਨੇ।

ਪ੍ਰਸਿੱਧ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਵੀ ਸਾਵਣ ਮਹੀਨੇ ਸਬੰਧੀ ਲਿਖਦੀ ਹੈ ਕਿ:

ਉਮੜ-ਉਮੜ ਕੇ ਬੱਦਲ ਆਇਆ,
ਕਣੀ ਕਣੀ ਵੱਸ ਜਾਣਾ।
ਭਰਿਆ ਤ੍ਰਿੰਝਣ ਡਾਰ ਕੂੰਜਾਂ ਦੀ,
ਸਭਨਾਂ ਨੇ ਉੱਡ ਜਾਣਾ।

ਸਾਵਣ ਦੇ ਮਹੀਨੇ ਵਿਚ ਨਵ-ਵਿਆਹੀਆਂ ਨੂੰ ਉਸਦਾ ਭਰਾ ਸਹੁਰੇ ਘਰੋਂ ਲੈਣ ਜਾਂਦਾ ਹੈ। ਭਰਾ ਨੂੰ ਵੇਖ ਕੇ ਭੈਣ ਦੂਣੀ-ਚੌਣੀ ਹੋਈ ਫਿਰਦੀ ਧਰਤੀ ਪੱਬ ਨੀ ਲਾਉਂਦੀ। ਆਪਣੇ ਵੀਰ ਲਈ ਵੰਨ-ਸੁਵੰਨੇ ਖਾਣੇ ਬਣਾਉਂਦੀ ਹੈ। ਜੇ ਕਿਸੇ ਸੱਸ ਨੇ ਭਰਾ ਲਈ ਬਹੁਤੇ ਸਵਾਦਿਸ਼ਟ ਪਕਵਾਨ ਬਣਾਉਣ ਦੀ ਆਗਿਆ ਨਾ ਦਿੱਤੀ ਤਾਂ ਨੂੰਹ ਆਪਣੀ ਸੱਸ ਨੂੰ ਦੱਬਵੀਂ ਅਵਾਜ਼ ਵਿਚ ਮਿਹਣਾ ਮਾਰਦੀ ਹੈ ਕਿ :

ਸੱਸੇ ਤੇਰੀ ਮਹਿੰ ਮਰ ਜੇ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਪੇਕੇ ਘਰ ਜਾਣ ਲਈ ਭੈਣ ਕਾਹਲੀ ਹੁੰਦੀ ਹੈ। ਜੇ ਕਿਸੇ ਭੈਣ ਦਾ ਭਰਾ ਕਿਸੇ ਕਾਰਨ ਕਰਕੇ ਸਾਉਣ ਵਿਚ ਆਪਣੀ ਭੈਣ ਨੂੰ ਲੈਣ ਨਾ ਆ ਸਕੇ ਤਾਂ ਸੱਸ ਮਿਹਣਾ ਮਾਰਦੀ ਹੈ।

ਤੈਨੂੰ ਤੀਆਂ ਤੇ ਲੈਣ ਨਾ ਆਏ,
ਨੀ ਬਹੁਤਿਆਂ ਭਰਾਵਾਂ ਵਾਲੀਏ।

ਭੈਣ ਆਪਣੇ ਭਰਾ ਨਾਲ ਪੇਕੇ ਘਰ ਆ ਕੇ ਇਸ ਤਰਾਂ ਮਹਿਸੂਸ ਕਰਦੀ ਹੈ ਜਿਵੇਂ ਪੰਛੀ ਪਿੰਜਰੇ ਵਿਚੋਂ ਬਾਹਰ ਨਿਕਲ ਕੇ ਅਜ਼ਾਦ ਫ਼ਿਜ਼ਾ ਵਿਚ ਉਡਾਰੀਆਂ ਲਾ ਕੇ ਖੁਸ਼ ਹੁੰਦਾ ਹੈ। ਉਹ ਆਪਣੀਆਂ ਦੂਜੀਆਂ ਵਿਆਹੀਆਂ ਤੇ ਪੇਕੇ ਪਿੰਡ ਆਈਆਂ ਸਹੇਲੀਆਂ ਨੂੰ ਮਿਲਣ ਲਈ ਉਤਾਵਲੀ ਹੁੰਦੀ ਹੈ। ਸਾਰੀਆਂ ਵਿਆਹੀਆਂ ਤੇ ਕੁਆਰੀਆਂ ਕੁੜੀਆਂ ਚਿੜੀਆਂ ਇਕੱਠੀਆਂ ਹੋ ਕੇ ਐਤਵਾਰ ਨੂੰ ਸਾਂਵੇਂ ਵਾਲੇ ਤੀਆਂ ਵਾਲੇ ਦਿਨ ਝੁਰਮਟ ਪਾਉਂਦੀਆਂ, ਨੱਚਦੀਆਂ, ਟੱਪਦੀਆਂ ਕਿੱਕਲੀਆਂ ਪਾਉਂਦੀਆਂ ਤੇ ਖੁਸ਼ੀ ਦੇ ਗੀਤ ਗਾਉਂਦੀਆਂ ਹਨ। ਆਖਿਰ ਜਦ ਸਾਵਣ ਖਤਮ ਹੋ ਜਾਂਦਾ ਹੈ ਤਾਂ ਸਭ ਨੇ ਵਿਛੜਣਾ ਹੁੰਦਾ ਹੈ ਤਾਂ ਇਹ ਗੀਤ ਚੇਤੇ ਆਉਂਦਾ ਹੈ।

ਸਾਉਣ ਵੀਰ ਇਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ।

# ਬੋਲੇ ਨੀ ਬੰਬੀਹਾ ਬੋਲੇ

**- ਸ਼ੰਕਰ ਮਹਿਰਾ**

ਬੰਬੀਹਾ ਦੁਨੀਆਂ ਇੱਕ ਅਦਭੁੱਤ ਪੰਛੀ ਹੈ ਜੋ ਸਬਰ, ਸਿਦਕ ਅਤੇ ਸਵੈਮਾਨ ਦਾ ਪ੍ਰਤੀਕ ਇੱਕ ਨਿਮਾਣਾ ਜੀਵ ਹੈ। ਬੰਬੀਹਾ ਕੋਇਲ ਪ੍ਰਜਾਤੀ ਦਾ ਪੰਛੀ ਹੈ ਜੋ ਕਿ ਏਸ਼ੀਆ ਅਤੇ ਅਫ਼ਰੀਕੀ ਮਹਾਂਦੀਪ ਵਿਚ ਪਾਇਆ ਜਾਂਦਾ ਹੈ। ਇਹ ਅੰਸ਼ਕ ਪ੍ਰਵਾਸੀ ਪੰਛੀ ਹੈ ਜਿਸਦੀ ਆਮਦ ਨੂੰ ਮਾਨਸੂਨ ਦੀ ਆਮਦ ਦਾ ਸੰਕੇਤ ਮੰਨਿਆ ਜਾਂਦਾ ਹੈ। ਪੁਰਾਣੇ ਸਮਿਆਂ ਤੋਂ ਲੋਕਾਂ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਪਪੀਹੇ ਅਤੇ ਮੀਂਹ ਨੂੰ ਆਪਸ ਵਿੱਚ ਜੋੜਿਆ ਹੋਇਆ ਹੈ। ਕਿਉਂਕਿ ਇਹ ਮੌਨਸੂਨ ਦੀਆਂ ਹਵਾਵਾਂ ਦੇ ਅੱਗੇ ਅੱਗੇ ਉੱਤਰੀ ਭਾਰਤ ਦੇ ਇਲਾਕਿਆਂ ਵਿੱਚ ਅਫ਼ਰੀਕਾ ਤੋਂ ਆਉਂਦਾ ਹੈ ਅਤੇ ਸਾਰਾ ਬਰਸਾਤ ਦਾ ਮੌਸਮ ਇੱਥੇ ਹੀ ਰਹਿੰਦਾ ਹੈ।

ਇਹ ਸ਼ਕਲ ਅਤੇ ਸ਼ਰੀਰਕ ਬਣਤਰ ਦੇ ਪੱਖ ਤੋਂ ਸ਼ਿਕਰੇ ਵਰਗਾ ਹੁੰਦਾ ਹੈ। ਇਸ ਦੇ ਉੱਡਣ ਅਤੇ ਬੈਠਣ ਦਾ ਤਰੀਕਾ ਵੀ ਬਿਲਕੁੱਲ ਸ਼ਿਕਰੇ ਵਰਗਾ ਹੁੰਦਾ ਹੈ। ਇਸ ਲਈ ਅੰਗਰੇਜ਼ੀ ਵਿੱਚ ਇਸਨੂੰ ਕਾਮਨ ਹਾਕ ਕਹਿੰਦੇ ਹਨ। ਬੰਬੀਹੇ ਦਾ ਵਿਗਿਆਨਿਕ ਨਾਮ ਕਲਾਮੇਟਰ ਜੇਕੋਬਾਈਨਸ ਹੈ। ਇਸਨੂੰ ਪਪੀਹਾ, ਬਾਬੀਹਾ ਚਾਤ੍ਰਿਕ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸਨੂੰ ਹਿੰਦੀ ਵਿੱਚ ਚਾਤਕ ਅਤੇ ਅੰਗਰੇਜ਼ੀ ਵਿੱਚ ਜੇਕੋਬਿਨ ਕੂਕੂ ਕਹਿੰਦੇ ਹਨ।

ਭਾਈ ਕਾਹਨ ਸਿੰਘ ਨੇ ਮਹਾਨ ਕੋਸ਼ ਵਿੱਚ ਬਬੀਹੇ, ਪਪੀਹੇ ਅਤੇ ਚਾਤ੍ਰਿਕ ਦੇ ਭਾਵ ਅਰਥ ਜਗਿਆਸੂ ਦਿੱਤੇ ਹਨ।

ਇਸ ਦੀ ਚੁੰਝ ਦਾ ਆਕਾਰ ਵੱਖਰੀ ਕਿਸਮ ਦਾ ਹੁੰਦਾ ਹੈ, ਬਾਕੀ ਪੰਛੀਆਂ ਦੀ ਚੁੰਝ ਦੀ ਢਾਲ ਹੇਠਾਂ ਨੂੰ ਬਣੀ ਹੁੰਦੀ ਹੈ। ਇਸ ਦੀ ਚੁੰਝ ਸਿੱਧੀ ਹੁੰਦੀ ਹੈ, ਜਿਸ ਕਾਰਨ ਇਹ ਅਪਣੀ ਚੁੰਝ ਨਾਲ ਪਾਣੀ ਨਹੀਂ ਪੀ ਸਕਦਾ। ਸਰ ਤੇ ਵਾਲਾਂ ਦੀ ਇੱਕ ਟੋਪੀ ਜਿਹੀ ਬਣੀ ਹੁੰਦੀ ਹੈ। ਇਸਦੀ ਲੰਮੀ ਪੂੰਛ ਹੁੰਦੀ ਹੈ। ਪਪੀਹਾ ਆਮ ਤੌਰ ਤੇ ਕੀੜੇ ਮਕੌੜੇ ਖਾਂਦਾ ਹੈ ਜੋ ਬਸੰਤ ਅਤੇ ਵਰਖਾ ਵਿੱਚ ਅਕਸਰ ਅੰਬ ਦੇ ਬੂਟੇ ਉੱਤੇ ਬੈਠ ਕੇ ਬੜੀ ਸੁਰੀਲੀ ਆਵਾਜ ਵਿੱਚ ਬੋਲਦਾ ਹੈ। ਪਪੀਹਾ ਦਰਖਤ ਤੋਂ ਹੇਠਾਂ ਅਕਸਰ ਬਹੁਤ ਘੱਟ ਉਤਰਦਾ ਹੈ ਅਤੇ ਉਸ ਉੱਤੇ ਵੀ ਇਸ ਪ੍ਰਕਾਰ ਛਿਪ ਕੇ ਬੈਠਾ ਰਹਿੰਦਾ ਹੈ ਕਿ ਮਨੁੱਖ ਦੀ ਨਜ਼ਰ ਕਦੇ ਹੀ ਉਸ ਉੱਤੇ ਪੈਂਦੀ ਹੈ। ਇਸ ਦੀ ਬੋਲੀ ਬਹੁਤ ਹੀ ਰਸੀਲੀ ਹੁੰਦੀ ਹੈ। ਇਸ ਦੀ ਬੋਲੀ ਵਿੱਚ ਕੋਇਲ ਦੀ ਬੋਲੀ ਤੋਂ ਵੀ ਜਿਆਦਾ ਮਿਠਾਸ ਹੁੰਦੀ ਹੈ। ਇਹ ਵੀ ਪ੍ਰਚਲਿਤ ਹੈ ਕਿ ਇਹ ਕੇਵਲ ਵਰਖਾ ਦੀ ਬੂੰਦ ਦਾ ਹੀ ਜਲ ਪੀਂਦਾ ਹੈ, ਪਿਆਸ ਹੱਥੋਂ ਮਰ ਰਿਹਾ ਵੀ ਨਦੀ, ਤਾਲਾਬ ਆਦਿ ਦੇ ਪਾਣੀ ਵਿੱਚ ਚੁੰਜ ਨਹੀਂ ਡੁਬੋਂਦਾ। ਉਸ ਦੀ ਤਾਂਘ ਬਸ ਸਵਾਤੀ ਬੂੰਦ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਪਪੀਹੇ ਦੀ ਪੁਕਾਰ ਸੁਣ ਕੇ ਮੇਘ ਛਾ ਜਾਂਦਾ ਹੈ। ਸਵਾਤੀ ਨਛੱਤਰ ਤੋਂ ਹੋਣ ਵਾਲੀ ਵਰਖਾ ਦੀ ਇਕ ਬੂੰਦ ਹੀ ਉਸ ਨੂੰ ਜੀਵਨ-ਦਾਨ ਦਿੰਦੀ ਹੈ। ਚਾਤ੍ਰਿਕ ਦੀ ਪੁਕਾਰ ਨਾਲ ਮੇਘ ਵਰਦਾ ਹੈ ਤਾਂ ਸ੍ਰਿਸ਼ਟੀ ਹਰੀ-ਭਰੀ ਹੋ ਜਾਂਦੀ ਹੈ। ਬਰਸਾਤ ਨਾਲ ਇਸਦੀ ਇੰਨੀ ਮੁਹਬੱਤ ਦੇਖ ਕੇ, ਕਈ ਪੁਰਾਣੇ ਲੋਕਾਂ ਨੇ ਇਸਨੂੰ ਬਰਸਾਤੀ ਪਪੀਹੇ ਦਾ ਨਾਂ ਵੀ ਦੇ ਦਿੱਤਾ।

ਸੱਤ ਸਮੁੰਦਰ ਦੀ ਸੈਰ ਕਰਨ ਵਾਲਾ ਬਰਸਾਤ ਦੀਆਂ ਬੂੰਦਾਂ ਦਾ ਇਹ ਪ੍ਰੇਮੀ, ਸੁਭਾਹ ਪੱਖੋਂ ਇਹ ਨਿਰਮੋਹੀ ਹੁੰਦਾ ਹੈ। ਇਹ ਨਾ ਹੀ ਆਪਣਾ ਆਲਣਾ ਬਣਾਉਂਦਾ ਹੈ ਅਤੇ ਨਾ ਹੀ ਆਪਣੇ ਬੋਟਾਂ ਨੂੰ ਪਾਲਦਾ ਹੈ। ਮਾਦਾ ਅਪ੍ਰੈਲ ਤੋਂ ਜੂਨ ਮਹੀਨਿਆਂ ਦੇ ਵਿੱਚ ਆਂਡੇ ਦਿੰਦੀ ਹੈ। ਜਿਨਾਂ ਨੂੰ ਉਹ ਚੁੱਪ ਚਾਪ ਦੂੱਜੇ ਪੰਛੀ ਜਿਵੇਂ ਕੋਇਲ ਆਦਿ ਦੇ ਆਲਣਿਆਂ ਵਿੱਚ ਰੱਖ ਆਉਂਦੀ ਹੈ। ਇਸਦੇ ਆਂਡਿਆਂ ਦਾ ਰੰਗ ਕੋਇਲ ਦੇ ਆਂਡਿਆਂ ਦੀ ਤਰਾਂ ਨੀਲਾ ਹੁੰਦਾ ਹੈ। ਬਰਸਾਤ ਤੋਂ ਬਾਅਦ ਇਹ ਪੰਛੀ ਦਿਖਾਈ ਨਹੀਂ ਦਿੰਦਾ। ਇਸਨੂੰ ਸਰਦੀ ਵਿੱਚ ਰਹਿਣਾ ਪਸੰਦ ਨਹੀਂ।ਸਰਦੀ ਦੇ ਦਿਨਾਂ ਵਿੱਚ ਇਹ ਦੱਖਣ ਵੱਲ ਚਲਾ ਜਾਂਦਾ ਹੈ, ਜਿਥੇ ਸਰਦੀ ਘੱਟ ਹੁੰਦੀ ਹੈ।

ਭਾਰਤੀ ਇਤਿਹਾਸ ਮਿਥਿਹਾਸ ਅਤੇ ਕਵਿਤਾ ਵਿਚ ਇਸਦਾ ਜਿਕਰ ਮਿਲਦਾ ਹੈ। ਕਾਲੀਦਾਸ ਨੇ ਆਪਣੇ ਕਾਵਿ ਮੇਘਦੂਤ ਵਿੱਚ ਬੰਬੀਹੇ ਨੂੰ ਤ੍ਰਿਸ਼ਨਾ ਦੇ ਰੂਪ ਵਿੱਚ ਦਰਸਾਇਆ ਹੈ। ਬੰਬੀਹਾ ਉਡਦਾ ਹੋਇਆ ਰੱਬ ਅੱਗੇ ਮੀਂਹ ਲਈ ਅਰਜੋਈ ਕਰਦਾ ਹੈ। ਗੁਰਬਾਣੀ ਅਨੁਸਾਰ ਬੰਬੀਹਾ ਅਮ੍ਰਿਤ ਵੇਲੇ ਪਰਮਾਤਮਾ ਦੇ ਕੋਲੋ ਸਵਾਂਤੀ ਬੂੰਦ ਲਈ ਪੁਕਾਰ ਕਰਦਾ ਤਾਂ ਜੋ ਉਸਦੀ ਤ੍ਰੇਹ ਬੁੱਝ ਸਕੇ। ਜਦੋ ਪਰਮਾਤਮਾ ਮਿਹਰਵਾਨ ਹੋ ਕੇ ਮੀਹ ਵਰਸਾਉਦਾ ਹੈ ਤਾਂ ਉਸ ਮੀਹ ਦੀਆਂ ਬੂੰਦਾ ਉਸਦੇ ਉਪਰ ਉੱਠੇ ਮੂੰਹ ਵਿਚ ਪੈਦੀਆਂ ਹਨ ਪਰ ਉਸ ਮੀਂਹ ਵਿਚੋ ਇਕ ਖਾਸ ਬੂੰਦ ਜਿਸਨੂੰ ਸਵਾਂਤੀ ਬੂੰਦ ਕਹਿੰਦੇ ਹਨ ਜਦੋ ਇਹ ਬੂੰਦ ਬੰਬੀਹੇ ਦੇ ਮੂੰਹ ਵਿਚ ਡਿੱਗਦੀ ਹੈ ਤਾਂ ਇਹ ਉਸਦੇ ਸਰੀਰ ਵਿਚ ਚਲੀ ਜਾਂਦੀ ਹੈ, ਜਿਸ ਨਾਲ ਉਸਦੀ ਪਿਆਸ ਬੁਝਦੀ ਹੈ ਤਾਂ ਹੀ ਗੁਰਬਾਣੀ ਨੇ ਸਿੱਖ ਨੂੰ ਬੰਬੀਹੇ ਦੀ ਉਦਾਰਹਣ ਦੇ ਕੇ ਸਮਝਾਇਆ ਹੈ ਕਿ ਉਹ ਵੀ ਅਮ੍ਰਿਤ ਵੇਲੇ ਉੱਠ ਕੇ ਪਰਮਾਤਮਾ ਕੋਲੋ ਨਾਮ ਰੂਪੀ ਸਵਾਂਤੀ ਬੂੰਦ ਦੀ ਮੰਗ ਕਰੇ, ਜਿਸ ਨਾਲ ਉਸਦੇ ਤੜਪ ਰਹੇ ਹਿਰਦੇ ਨੂੰ ਸ਼ਾਂਤੀ ਮਿਲੇ।




ਇਸਦਾ ਜਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ (ਪੰਨਾ 1285) ਵਿੱਚ ਮਿਲਦਾ ਹੈ:

**ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥**
**ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥**
**ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥**
**ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥**

**ਕਬੀਰ ਅੰਬਰ ਘਨਹਰੁ ਛਾਇਆ**
**ਬਰਖਿ ਭਰੇ ਸਰ ਤਾਲ॥**
**ਚਾਤ੍ਰਿਕ ਜਿਉ ਤਰਸਤ ਰਹੈ**
**ਤਿਨ ਕਉ ਕਉਨੁ ਹਵਾਲੁ॥**

ਪੰਜਾਬ ਦੇ ਬਠਿੰਡਾ ਜਿਲੇ ਦੇ ਇੱਕ ਪਿੰਡ ਦਾ ਨਾਮ ਵੀ 'ਬੰਬੀਹਾ' ਹੈ।ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਤੋਂ ਸਾਬੋ ਕਿ ਤਲਵੰਡੀ ਜਾਂਦੇ ਹੋਏ ਇੱਥੇ ਨੌ ਦਿਨ ਇੱਕ ਟੋਭੇ ਦੇ ਕੰਡੇ ਰੁਕੇ ਸਨ। ਉਸ ਸਥਾਨ ਤੇ ਅੱਜਕਲ ਗੁਰੂਦਵਾਰਾ ਪਾਤਸ਼ਾਹੀ ਦਸਵੀਂ ਬਣਿਆ ਹੋਇਆ ਹੈ। ਉਸ ਟੋਭੇ ਨੂੰ ਸਰੋਵਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਵਿੱਚ ਇਸਦੀ ਆਮਦ ਖੁਸ਼ੀ ਦਾ ਪ੍ਰਤੀਕ ਮੰਨੀ ਜਾਂਦੀ ਰਹੀ ਹੈ। ਇਹ ਪੰਛੀ ਅਫ਼ਰੀਕਾ ਤੋਂ ਮਾਨਸੂਨ ਪੌਣਾਂ ਸ਼ੁਰੂ ਹੋਣ ਤੋਂ ਪਹਿਲਾ ਆਉਂਦੇ ਹਨ। ਇਸ ਤਰਾਂ ਇਸਦੀ ਆਮਦ ਤੋਂ ਲੋਕ ਬਰਸਾਤ ਦਾ ਅੰਦਾਜ਼ਾ ਲਗਾ ਲੈਂਦੇ ਸਨ।ਕਿਉਂਕਿ ਉਹਨਾਂ ਸਮਿਆਂ ਵਿੱਚ ਪੰਜਾਬ ਦੀ ਖੇਤੀ ਵਧੇਰੇ ਕਰਕੇ ਵਰਖਾ ਤੇ ਨਿਰਭਰ ਸੀ ਇਸਲਈ ਬੰਬੀਹੇ ਦੀ ਆਵਾਜ ਖੁਸ਼ੀ ਅਤੇ ਖੇੜੇ ਦਾ ਸੁਨੇਹਾ ਲੈ ਕੇ ਆਉਂਦੀ ਸੀ।ਲੋਕ ਗੀਤ ਲੋਕਾਂ ਦੀਆਂ ਮਨੋਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਵਧੀਆ ਜਰੀਆ ਰਹੇ ਹਨ। ਆਪਣੀ ਖੁਸ਼ੀ ਦਾ ਇਜ਼ਹਾਰ ਕਰਨ ਲਈ ਲੋਕਾਂ ਨੇ ਲੋਕ ਗੀਤਾਂ ਵਿੱਚ ਬੰਬੀਹਾ ਨੂੰ ਮਾਧਿਅਮ ਬਣਾਇਆ।

> **ਕਲਮ ਦੀ ਤਾਕਤ ਹਥਿਆਰਾਂ ਦੀ ਤਾਕਤ ਤੋਂ ਕਿਤੇ ਉਪਰ ਹੁੰਦੀ ਹੈ। ਸ਼ਾਇਦ ਇਹੀ ਕਾਰਨ ਸੀ ਹਥਿਆਰਾਂ ਤੋਂ ਨਾ ਹਾਰਨ ਵਾਲਾ ਜਾਲਿਮ ਬਾਦਸ਼ਾਹ ਔਰਗਜੇਬ ਗੁਰੂ ਗੋਬਿੰਦ ਸਿੰਘ ਦੀ ਜੀ ਕਲਮ ਨਾਲ ਲਿਖੇ ਜ਼ਫ਼ਰਨਾਮਾ ਨਾਲ ਢਹਿ ਢੇਰੀ ਹੋ ਗਿਆ। ਸੋ ਕਲਮਕਾਰਾਂ, ਗੀਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਉਣ ਵਾਲਿਆਂ ਪੀੜੀਆਂ ਦੇ ਪੈਰਾਂ ਵਿੱਚ ਕੰਡੇ ਨਾਂ ਬੀਜਣ। ਚੰਗਾ ਲਿਖਣ ਤਾਂ ਜੋ ਨਵੀਂ ਪੀੜੀ ਇਸ ਤੋਂ ਕੁੱਝ ਸੇਧ ਗ੍ਰਹਿਣ ਕਰ ਸਕੇ।**

ਵਿਆਹ ਵਿਚ ਨਾਨਕ ਸ਼ੱਕ ਭਰਨ ਆਏ ਨਾਨਕੇ ਮੇਲ ਦੀ ਪੂਰੀ ਚੜਤ ਹੁੰਦੀ ਹੈ। ਪੁਰਾਣੇ ਸਮੇਂ 'ਚ ਜਦ ਪੇਕੇ ਆਪਣੀ ਧੀ ਦੇ ਪੁੱਤ ਜਾਂ ਧੀ ਦੇ ਵਿਆਹ ਲਈ ਉਸਦੇ ਸਹੁਰੇ ਪਿੰਡ ਆਉਂਦੇ ਸਨ ਤਾਂ ਪੂਰੇ ਰੋਹਬ ਅਤੇ ਠੁੱਕ ਨਾਲ ਆਉਂਦੇ ਸੀ। ਨਾਨਕੇ ਮੇਲ ਦੀਆਂ ਮੇਲਣਾਂ ਵੱਲੋਂ ਇਸ ਸਮੇਂ ਬੰਬੀਹਾ ਬੁਲਾਇਆ ਜਾਂਦਾ ਸੋਹਣੇ ਸ਼ਿੰਗਾਰੇ ਡੰਡੇ ਨੂੰ ਖੜਕਾ ਖੜਕਾ ਕੇ ਬੋਲੀ ਪਾਈ ਜਾਂਦੀ ਸੀ:

ਬੋਲੇ ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ,
ਜੀਤੋ ਕੁਰੇ ਤੇਰੇ ਬਾਰ ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ,
ਨਿਕਲ ਘਰਾਂ ਚੋਂ ਬਾਹਰ ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ,
ਭੰਨ ਦਿਆਂਗੇ ਬਾਰ ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ
ਬੋਲੇ ਨੀ ਬੰਬੀਹਾ ਬੋਲੇ

ਇਸ ਤਰਾਂ ਨਾਨਕੇ ਮੇਲ ਦਾ ਵਿਆਹ ਵਾਲੇ ਪਿੰਡ ਵਿਚ ਦਾਖਲਾ ਪੂਰੀ ਸ਼ਾਨੋ ਸ਼ੌਕਤ ਨਾਲ ਹੁੰਦਾ। ਗੀਤਾਂ ਅਤੇ ਲੋਕ ਬੋਲੀਆਂ ਦੀ ਛਹਿਬਰ ਨਾਲ ਵਿਆਹ ਵਾਲੇ ਘਰ ਦਾ ਮਾਹੌਲ ਹੋਰ ਵੀ ਵੱਧ ਖੁਸ਼ਨੁਮਾ ਬਣ ਜਾਂਦਾ। ਇਸ ਤਰਾਂ ਸਾਡੇ ਸੱਭਿਆਚਾਰ ਵਿੱਚ ਬੰਬੀਹਾ ਨਾਨਕਿਆਂ ਦੀ ਠੁੱਕ ਦਾ ਪ੍ਰਤੀਕ ਵੀ ਬਣਿਆ।

**ਬੰਬੀਹਾ ਬੋਲੇ ਬਹੁਤ ਵਧੀਆ ਤੇ ਪੁਰਾਣਾ ਲੋਕ ਗੀਤ ਹੈ।** ਬਹੁਤ ਸਾਰੇ ਕਲਾਕਾਰਾਂ ਨੇ ਇਸ ਤੇ ਹੱਥ ਅਜਮਾਈ ਕੀਤਾ। ਓਹਨਾ ਆਪਣੇ ਆਪਣੇ ਅੰਦਾਜ ਵਿੱਚ ਇਸਨੂੰ ਗਾਇਆ। ਪ੍ਰੰਤੂ ਅੱਜ ਕਲ ਦੇ ਗਾਇਕ ਇਸਨੂੰ ਜਿਸ ਤਰੀਕੇ ਨਾਲ ਲੋਕਾਂ ਅੱਗੇ ਪਰੋਸ ਰਹੇ ਹਨ, ਉਹ ਜਰੂਰ ਚਿੰਤਾ ਦਾ ਵਿਸ਼ਾ ਹੈ। ਬੰਬੀਹਾ ਕਦੇ ਵੀ ਗੁੰਡਾਗਰਦੀ ਕਰਕੇ ਲੋਕਾਂ ਨੂੰ ਡਰਾਉਣ ਵਾਲਾ, ਕਤਲ ਕਰਨ ਵਾਲਾ, ਅਸਲੇ ਨੂੰ ਪ੍ਰਮੋਟ ਕਰਨ ਵਾਲਾ ਨਹੀਂ ਸੀ। ਅਸਲ ਬੰਬੀਹਾ ਕਾਦਰ ਦੀ ਕੁਦਰਤ ਵਿੱਚ ਇੱਕ ਮਿਕ ਹੋ ਕੇ ਪ੍ਰਭੂ ਨੂੰ ਪਾਉਣ ਵਾਲਾ, ਖੁਸ਼ੀਆਂ ਖੇੜੇ ਵੰਡਣ ਵਾਲਾ, ਸਬਰ ਸੰਤੋਖ ਵਾਲਾ, ਵੈਰਾਗ ਅਤੇ ਤਿਆਗ ਦੀ ਮੂਰਤ ਹੈ। ਸਕਰਤਮਕਤਾ ਦਾ ਪ੍ਰਤੀਕ ਹੈ।ਪ੍ਰਭੂ ਭਗਤੀ ਦਾ ਪ੍ਰਤੀਕ ਹੈ। ਬੰਦਾ ਮਾਰਨਾ ਜਾਂ ਕਾਨੂੰਨ ਆਪਣੇ ਹੱਥ 'ਚ ਲੈਣ ਦਾ ਹਾਮੀ ਨਹੀਂ।

---

# ਦੇਵ ਆਨੰਦ ਨੇ ਵੀ ਹੰਢਾਇਆ ਐਮਰਜੈਂਸੀ ਦਾ ਦੌਰ

**- ਰਾਜੀਵ**

ਬੀਤੇ ਸਾਲਾਂ ਦੀ ਤਰਾਂ ਇਸ ਸਾਲ 25 ਜੂਨ ਨੂੰ ਕਈ ਲੋਕਾਂ ਨੇ 1975 ਵਿਚ ਲਗਾਈ ਗਈ ਐਮਰਜੈਂਸੀ 'ਤੇ ਚਰਚਾ ਕੀਤੀ। ਇਹ ਬਹਿਸ ਦੋ ਦਿਨ ਤੋਂ ਵੱਧ ਨਹੀਂ ਚੱਲੀ ਤੇ 45 ਸਾਲ ਪਹਿਲਾਂ ਲਗਾਏ ਗਏ ਕਾਲੇ ਕਾਨੂੰਨ ਦੇ ਪਿਛੋਕੜ ਤਕ ਸੀਮਤ ਰਹੀ। ਕਿਸੇ ਨੇ ਵੀ ਤਤਕਾਲੀ ਇੰਦਰਾ ਗਾਂਧੀ ਸ਼ਾਸਨ ਦੀਆਂ ਜ਼ਿਆਦਤੀਆਂ ਬਾਰੇ ਗੱਲ ਨਹੀਂ ਕੀਤੀ। ਜੇਕਰ ਐਮਰਜੈਂਸੀ ਦੇ ਐਲਾਨ ਦੇ ਤੁਰੰਤ ਬਾਅਦ ਨੇਤਾਵਾਂ, ਸੱਤਾ ਧਿਰ ਦੇ ਵਿਰੋਧੀਆਂ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ ਵਿਚ ਸੁੱਟ ਦਿੱਤਾ ਗਿਆ ਤਾਂ ਅਗਲੇ ਦਿਨਾਂ ਅਤੇ ਮਹੀਨਿਆਂ ਵਿਚ ਹਿੰਦੀ ਫਿਲਮ ਉਦਯੋਗ ਦੇ ਕੁਝ ਮੁੱਖ ਮੈਂਬਰਾਂ ਸਹਿਤ ਹੋਰ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਦਾਬਹਾਰ ਨਾਇਕ ਦੇਵ ਆਨੰਦ, ਪ੍ਰਸਿੱਧ ਗਾਇਕ ਕਿਸ਼ੋਰ ਕੁਮਾਰ ਤੇ ਗੀਤਕਾਰ-ਨਿਰਦੇਸ਼ਕ ਗੁਲਜ਼ਾਰ ਬਾਲੀਵੁੱਡ ਦੇ ਚੋਟੀ ਦੇ ਵਿਅਕਤੀ ਸਨ ਜਿਨਾਂ ਨੇ ਉਸ ਸਮੇਂ ਦੇ ਤਾਨਾਸ਼ਾਹੀ ਸ਼ਾਸਨ ਦੇ ਪ੍ਰਕੋਪ ਨੂੰ ਸਹਾਰਿਆ। ਸੰਜੀਵ ਕੁਮਾਰ ਅਤੇ ਸੁਚਿੱਤਰਾ ਸੇਨ ਦੀ ਅਦਾਕਾਰੀ ਵਾਲੀ ਗੁਲਜ਼ਾਰ ਦੀ 'ਆਂਧੀ' ਦੇ ਰਿਲੀਜ਼ ਹੋਣ ਦੇ 20 ਹਫ਼ਤੇ ਤੋਂ ਵੱਧ ਸਮੇਂ ਬਾਅਦ ਜੁਲਾਈ 1975 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅਕਸ ਨੂੰ ਕਥਿਤ ਤੌਰ 'ਤੇ ਮਿੱਟੀ ਵਿਚ ਰੋਲਣ ਕਾਰਨ ਉਸ 'ਤੇ ਪਾਬੰਦੀ ਲਗਾ ਦਿੱਤੀ ਗਈ। ਮਸ਼ਹੂਰ ਗਾਇਕ ਕਿਸ਼ੋਰ ਕੁਮਾਰ ਨੇ ਹੁਕਮਰਾਨ ਪਾਰਟੀ ਦੇ ਦਬਾਅ ਹੇਠ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਬਾਂਬੇ (ਹੁਣੇ ਮੁੰਬਈ) ਵਿਚ ਇਕ ਯੂਥ ਕਾਂਗਰਸ ਦੀ ਰੈਲੀ ਵਿਚ ਗਾਉਣ ਅਤੇ ਕਾਂਗਰਸ ਸਰਕਾਰ ਦੇ 20 ਸੂਤਰੀ ਪ੍ਰੋਗਰਾਮ ਨੂੰ ਪ੍ਰਮੋਟ ਕਰਨ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਆਲ ਇੰਡੀਆ ਰੇਡੀਓ ਤੇ ਦੂਰਦਰਸ਼ਨ 'ਤੇ ਉਨਾਂ ਦੇ ਗੀਤਾਂ ਅਤੇ ਫਿਲਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ। ਆਪਣੀਆਂ ਪਰੇਸ਼ਾਨੀਆਂ ਬਾਰੇ ਗੱਲ ਕਰਦੇ ਹੋਏ ਦੇਵ ਆਨੰਦ ਨੇ ਆਪਣੀ ਆਤਮ-ਕਥਾ 'ਰੋਮਾਂਸਿੰਗ ਵਿਦ ਲਾਈਫ' ਵਿਚ ਲਿਖਿਆ ਹੈ: ਇਤਿਹਾਸ ਘੜੀ ਦੇ ਸਕਿੰਟ ਤੋਂ ਵੀ ਤੇਜ਼ ਦੌੜਦਾ ਹੈ, ਕਿਉਂਕਿ ਇਹ ਮਨੁੱਖੀ ਜਾਤੀ ਦੇ ਇਤਿਹਾਸ ਦੇ ਆਪਣੇ ਅਫ਼ਸਾਨੇ ਲਿਖਦਾ ਹੈ। ਇੰਦਰਾ ਗਾਂਧੀ ਐਮਰਜੈਂਸੀ ਵਿਚ ਦੇਸ਼ ਦੀ ਇਕ ਅਤਿਅੰਤ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਦਾ ਰੂਪ ਲੈ ਚੁੱਕੀ ਸੀ। ਉਸ ਦੇ ਤਾਨਾਸ਼ਾਹੀ ਸ਼ਾਸਨ ਵਿਚ ਉਸ ਦੇ ਆਲੇ-ਦੁਆਲੇ ਦਾ ਹਰ ਰਾਜਨੇਤਾ ਤੁੱਛ ਸੀ। ਉਸ ਦੀ ਪਾਰਟੀ ਉਸ ਨੂੰ ਭਾਰਤੀ ਰਾਜਨੀਤੀ ਦੇ ਇਕਮਾਤਰ ਪ੍ਰਤੀਕ ਦੇ ਰੂਪ ਵਿਚ ਦੇਖ ਰਹੀ ਸੀ। 'ਇੰਦਰਾ ਇਜ਼ ਇੰਡੀਆ, ਇੰਡੀਆ ਇਜ਼ ਇੰਦਰਾ' ਉਨਾਂ ਸਭ ਦਾ ਨਾਅਰਾ ਸੀ। ਇਨਾਂ ਛੇ ਸ਼ਬਦਾਂ ਤੋਂ ਪਰੇ ਉਨਾਂ ਦੇ ਲਈ ਕੁਝ ਵੀ ਨਹੀਂ ਸੀ। ਇੰਦਰਾ ਦਾ ਛੋਟਾ ਬੇਟਾ ਸੰਜੇ ਗਾਂਧੀ ਇਕ ਲਾਡਲੇ ਨੌਜਵਾਨ 'ਰਾਜ ਕੁਮਾਰ' ਵਜੋਂ ਉੱਭਰਿਆ ਸੀ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਅਸੰਵਿਧਾਨਕ ਸਰਗਰਮੀਆਂ ਨਾਲ ਇਕ ਇਨਰ ਸਰਕਲ ਦੀ ਮਦਦ ਨਾਲ ਆਪਣੀ ਮਾਂ ਲਈ ਸਰਕਾਰ ਚਲਾਉਂਦਾ ਸੀ।" ਦੇਵ ਕਹਿੰਦੇ ਹਨ: ਬਕੌਲ ਦੇਵ ਆਨੰਦ,-"ਪਾਰਟੀ ਦੀ ਯੂਥ ਸ਼ਾਖਾ ਦੀ ਇਕ ਬਹੁਤ ਹੀ ਸੁੰਦਰ ਮਹਿਲਾ ਸੰਜੇ ਗਾਂਧੀ ਦੀ ਅਗਵਾਈ ਹੇਠ ਨਵੀਂ ਦਿੱਲੀ ਵਿਚ ਹੋਣ ਵਾਲੀ ਯੂਥ ਰੈਲੀ ਵਿਚ ਹਿੱਸਾ b3 ਲੈਣ ਲਈ ਕੁਝ ਮਹੱਤਵਪੂਰਨ ਫਿਲਮੀ ਲੋਕਾਂ ਨੂੰ ਸੱਦਾ ਦੇਣ ਲਈ ਬੰਬੇ ਦਾ ਦੌਰਾ ਕਰ ਰਹੀ ਸੀ। ਉਸ ਨੇ ਮੈਨੂੰ ਆਪਣੇ ਸੱਦੇ ਨੂੰ ਸਵੀਕਾਰ ਕਰਨ ਲਈ ਰਾਜ਼ੀ ਕਰ ਲਿਆ। ਦਿੱਲੀ ਵਿਚ ਮੈਨੂੰ ਆਪਣਾ ਦੋਸਤ ਅਤੇ ਸਹਿਕਰਮੀ ਦਲੀਪ ਕੁਮਾਰ ਵੀ



ਮਿਲਿਆ। ਜ਼ਾਹਿਰ ਹੈ ਕਿ ਉਸ ਨੂੰ ਵੀ ਸੱਦਿਆ ਗਿਆ ਸੀ। ਇੰਦਰਾ ਕਾਂਗਰਸ ਦੇ ਸਾਰੇ ਵੱਡੇ ਦਿੱਗਜ, ਸਰਕਾਰ ਦੇ ਅੰਦਰ ਤੇ ਬਾਹਰ, ਪੂਰੀ ਗਿਣਤੀ ਵਿਚ ਉੱਥੇ ਮੌਜੂਦ ਸਨ। ਦੇਵ ਨੇ ਦੇਖਿਆ ਕਿ ਕਾਂਗਰਸ ਦੇ ਨੁਮਾਇੰਦੇ ਇਕ 'ਅਤਿ ਉਤਸ਼ਾਹੀ ਤੇ ਅੱਤ ਦੀ ਕਾਹਲ ਵਾਲੀ ਕਾਰਵਾਈ ਰਾਹੀਂ ਸੰਜੇ ਗਾਂਧੀ ਦੀ ਗੱਦੀ ਲਈ ਜਾਨਸ਼ੀਨੀ ਨੂੰ ਸਾਬਤ ਕਰਨ ਵਿਚ ਲੱਗੇ ਹੋਏ ਸਨ।" "ਜਦ ਦਲੀਪ ਤੇ ਮੈਂ ਕਾਰਵਾਈ ਖਤਮ ਹੋਣ ਦੇ ਬਾਅਦ ਬਾਹਰ ਨਿਕਲੇ ਤਾਂ ਸਾਨੂੰ ਟੀਵੀ ਸੈਂਟਰ ਵਿਚ ਯੂਥ ਕਾਂਗਰਸ ਬਾਰੇ ਕੁਝ ਸ਼ਬਦ ਕਹਿਣ ਲਈ ਕਿਹਾ ਗਿਆ ਜਿਸ ਵਿਚ ਉਸ ਦੇ ਨੇਤਾ ਦੀ ਪ੍ਰਸ਼ੰਸਾ ਦਾ ਖ਼ਾਸ ਹਵਾਲਾ ਸੀ। ਅਜਿਹਾ ਲੱਗਦਾ ਸੀ ਕਿ ਉਨਾਂ ਦੀ ਪ੍ਰਚਾਰ ਮਸ਼ੀਨਰੀ ਲਗਪਗ ਫਾਸ਼ੀਵਾਦੀ ਤਰਜ਼ 'ਤੇ ਕੰਮ ਕਰ ਰਹੀ ਸੀ ਤਾਂ ਕਿ ਸੰਜੇ ਦੇ ਅਕਸ ਨੂੰ ਸੰਵਾਰਿਆ ਜਾ ਸਕੇ। ਜਦ ਦਲੀਪ ਐਮਰਜੈਂਸੀ ਦੇ ਪੱਖ ਵਿਚ ਕਿਸੇ ਵੀ ਪ੍ਰਚਾਰ ਵਿਚ ਹਿੱਸਾ ਲੈਣ ਲਈ ਟੀਵੀ ਸੈਂਟਰ ਜਾਣ ਤੋਂ ਝਿਜਕ ਰਹੇ ਸਨ, ਮੈਂ ਇਸ ਸੁਝਾਅ ਦਾ ਵਿਰੋਧ ਕੀਤਾ ਜਿਸ ਦੇ ਸਿੱਟੇ ਵਜੋਂ ਨਾ ਸਿਰਫ਼ ਮੇਰੀਆਂ ਤਸਵੀਰਾਂ ਟੈਲੀਵਿਜ਼ਨ 'ਤੇ ਦਿਖਾਏ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਬਲਕਿ ਕਿਸ਼ੋਰ ਕੁਮਾਰ, ਜਿਨਾਂ ਨੇ ਉਨਾਂ ਦੇ ਕਿਸੇ ਪ੍ਰੋਗਰਾਮ ਵਿਚ ਜਾਣ ਤੇ ਗਾਉਣ ਤੋਂ ਨਾਂਹ ਕਰ ਦਿੱਤੀ ਸੀ, ਦੇ ਨਾਲ ਮੇਰੇ ਨਾਂ ਦਾ ਵੀ ਕੋਈ ਜ਼ਿਕਰ ਕੀਤੇ ਬਗੈਰ ਸਰਕਾਰੀ ਮੀਡੀਆ ਵਿਚ ਬੈਨ ਕਰ ਦਿੱਤਾ ਗਿਆ। ਦੇਵ ਆਨੰਦ ਜਿਨਾਂ ਨੇ ਪਹਿਲਾਂ ਯੂਥ ਕਾਂਗਰਸ ਦੀ ਰੈਲੀ ਦੀ ਕਾਰਵਾਈ ਦੀ ਆਲੋਚਨਾ ਕੀਤੀ ਸੀ ਤੇ ਸੱਤਾਧਾਰੀ ਪਾਰਟੀ ਦੇ ਪ੍ਰਚਾਰਕ ਹੋਣ ਤੋਂ ਇਨਕਾਰ ਕਰ ਦਿੱਤਾ ਸੀ, ਆਪਣੇ ਖ਼ਿਲਾਫ਼ ਕਾਰਵਾਈ ਤੋਂ ਬਹੁਤ ਨਾਰਾਜ਼ ਹੋਏ। ਉਨਾਂ ਨੇ ਦਬਾਅ ਵਿਚ ਨਾ ਆਉਣ ਅਤੇ ਲੜਾਈ ਲੜਨ ਦਾ ਫ਼ੈਸਲਾ ਕੀਤਾ। "ਤੁਹਾਡੀ ਸਮੱਸਿਆ ਕੀ ਹੈ?" ਉਨਾਂ ਨੇ ਪੁੱਛਿਆ। ਦੇਵ ਨੇ ਕਿਹਾ ਆਪਣੇ ਅਸ਼ਾਂਤ ਮਨ ਦੀ ਅਵਸਥਾ ਵਿਚ ਉਹ ਇਕ ਉੱਤਰ ਦੀ ਤਲਾਸ਼ ਵਿਚ ਸਨ। ਜਦ ਮੰਤਰੀ ਨੇ ਪੁੱਛਿਆ ਕਿ ਉਨਾਂ ਦੇ ਮਨ ਨੂੰ ਕੀ ਪਰੇਸ਼ਾਨ ਕਰ ਰਿਹਾ ਸੀ ਤਾਂ ਅਭਿਨੇਤਾ ਨੇ ਕਿਹਾ ਕਿ ਇਹ ਦੇਸ਼ ਦੇ ਮਾਮਲਿਆਂ ਦੀ ਸਥਿਤੀ ਸੀ। "ਕੀ ਅਸੀਂ ਇਕ ਲੋਕਤੰਤਰ ਵਿਚ ਜਾਂ ਫਿਰ ਇਕ ਪੁਲਿਸ ਰਾਜ ਵਿਚ ਰਹਿ ਰਹੇ ਹਾਂ?" ਉਨਾਂ ਨੇ ਸਿਆਸਤਦਾਨ ਤੋਂ ਪੁੱਛਿਆ। ਮੰਤਰੀ ਨੇ ਕਿਹਾ ਕਿ ਉਹ ਲੋਕਤੰਤਰ ਵਿਚ ਰਹਿ ਰਹੇ ਸਨ। ਦੇਵ ਨੇ ਪੁੱਛਿਆ ਕਿ ਐਮਰਜੈਂਸੀ ਦਾ ਪ੍ਰਚਾਰ ਕਰਨ ਲਈ ਉਨਾਂ ਨੂੰ ਟੈਲੀਵਿਜ਼ਨ 'ਤੇ ਆਉਣ ਲਈ ਫੋਨ ਕਾਲਾਂ ਕਿਉਂ ਕੀਤੀਆਂ ਜਾ ਰਹੀਆਂ ਸਨ?

# ਪੰਜਾਬ ਦੇ ਪੁਨਰ-ਨਿਰਮਾਣ ਦਾ ਏਜੰਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 6**

## ✪ ਵਿਦਿਅਕ ਤਬਦੀਲੀ ਬਿਨਾਂ ਪੰਜਾਬ ਦਾ ਸੁਧਾਰ ਸੰਭਵ ਨਹੀਂ

**- ਅਮਰਜੀਤ ਸਿੰਘ ਗਰੇਵਾਲ**

ਡਾ. ਮਨਮੋਹਨ ਹੁਰਾਂ ਨੇ, 31 ਮਈ 2020 ਦੇ ਪੰਜਾਬੀ ਟ੍ਰਿਬਿਊਨ ਵਿਚ ਛਪੇ ਆਪਣੇ ਲੇਖ 'ਪਰਵਾਸੀ ਮਜ਼ਦੂਰ ਸੰਕਟ: ਵਰਤਮਾਨ ਅਤੇ ਸੰਭਾਵਨਾਵਾਂ' ਵਿਚ ਬੜੀ ਖ਼ੂਬਸੂਰਤ ਗੱਲ ਆਖੀ ਹੈ ਕਿ "ਸ਼ਹਿਰੀ ਗਰੀਬ ਦੋ ਸੰਸਾਰਾਂ ਦਾ ਬਾਸ਼ਿੰਦਾ ਹੈ। ਇਕ ਹੈ ਅਸੁਰੱਖਿਅਤ, ਬੇਰੁਜ਼ਗਾਰ ਅਤੇ ਅਨਿਸ਼ਚਿਤ ਜੀਵਨ ਦਾ ਸ਼ਹਿਰੀ ਸੰਸਾਰ। ਅਤੇ ਦੂਸਰਾ ਹੈ, ਆਪਣੇ ਜੱਦੀ ਘਰ ਦੀ ਆਦਰਸ਼ ਪੇਂਡੂ ਪਨਾਹਗਾਹ ਤੇ ਸਥਿਰਤਾ ਦਾ ਸੰਸਾਰ।" ਮੰਡੀ ਤੇ ਰਾਜਸੱਤਾ ਦੁਆਰਾ ਪੈਦਾ ਕੀਤੀ ਗਈ ਸ਼ਹਿਰੀ ਅਸੁਰੱਖਿਆ ਤੋਂ ਕਾਲਪਨਿਕ ਪੇਂਡੂ ਸੁਰੱਖਿਆ ਵੱਲ ਘਰ ਵਾਪਸੀ ਬਾਰੇ ਗੱਲ ਕਰਦਿਆਂ ਉਹ ਲਿਖਦੇ ਹਨ "ਇਹ ਮਜ਼ਦੂਰ ਸ਼ਹਿਰਾਂ ਵਿਚਲੇ ਘੱਟ ਸੁਰੱਖਿਅਤ ਘਰਾਂ ਤੋਂ ਪਿੰਡਾਂ ਵੱਲ ਵੱਧ ਸੁਰੱਖਿਅਤ (ਚਾਹੇ ਕਾਲਪਨਿਕ ਹੀ ਸਹੀ) ਘਰਾਂ ਵੱਲ ਪਰਵਾਸ ਕਰ ਰਹੇ ਹਨ।" ਕਿਉਂਕਿ ਲੋਕਾਂ ਦੀ ਆਪਣੇ ਆਪ ਨੂੰ ਭਾਈਚਾਰਿਆ ਦੇ ਰੂਪ ਵਿਚ ਕਲਪਨਾ ਕਰਨ ਦੀ ਸ਼ਕਤੀ ਨੇ ਹੀ ਰਾਸ਼ਟਰੀ ਪੁਨਰ-ਨਿਰਮਾਣ ਦਾ ਆਧਾਰ ਬਣਨਾ ਹੁੰਦਾ ਹੈ, ਇਸ ਲਈ ਇੰਝ ਪ੍ਰਤੀਤ ਹੋ ਰਿਹਾ ਹੈ ਕਿ ਇਨਾਂ ਪਰਵਾਸੀ ਮਜ਼ਦੂਰਾਂ ਦੀ ਪਿੰਡਾਂ ਵੱਲ ਵਾਪਸੀ ਨੇ ਭਾਰਤੀ ਰਾਸ਼ਟਰਵਾਦ ਦੀ ਨਹਿਰੂ ਤੋਂ ਗਾਂਧੀ ਵੱਲ ਘਰ-ਵਾਪਸੀ ਦਾ ਰਸਤਾ ਵੀ ਤਿਆਰ ਕਰ ਦਿੱਤਾ ਹੈ। ਇਹ ਕੇਵਲ ਸੰਕਟ ਦੇ ਹੀ ਨਹੀਂ, ਰਾਸ਼ਟਰੀ ਪੁਨਰ-ਨਿਰਮਾਣ ਦੇ ਕ੍ਰਾਂਤੀਕਾਰੀ ਪਲ ਹਨ: ਪਿੰਡਾਂ ਨੂੰ ਆਧਾਰ ਬਣਾ ਕੇ ਉਤਰ-ਪੂੰਜੀਵਾਦੀ ਯੁਗ ਦਾ ਨਿਰਮਾਣ ਕਰਨਾ। ਗਾਂਧੀ ਜੀ ਦੀਆਂ ਨੀਤੀਆਂ ਉਪਰ ਆਧਾਰਿਤ ਰਾਸ਼ਟਰੀ ਪੁਨਰ ਨਿਰਮਾਣ ਦਾ ਇਹ ਉਤਰ-ਪੂੰਜੀਵਾਦੀ ਏਜੰਡਾ ਮਹਾਤਮਾ ਗਾਂਧੀ ਦੇ ਭਾਰਤ ਦੀ ਵਿਸ਼ਵ ਨੂੰ ਵੱਡੀ ਦੇਣ ਹੋਵੇਗੀ।

ਮੈ ਆਪਣੇ ਇਸ ਕਥਨ ਨੂੰ ਅੰਡਰਲਾਈਨ ਕਰਨਾ ਚਾਹੁੰਦਾ ਹਾਂ ਕਿ ਆਰਥਕ ਵਿਕਾਸ, ਜਮਹੂਰੀ ਸੰਗਠਨਕਾਰੀ ਤੇ ਸਮਾਜਕ ਨਿਆਂ ਦੇ ਵਿਸਤਾਰ ਲਈ ਭਾਰਤ ਨੂੰ ਸਮਿਲਤ, ਸਮਾਰਟ ਤੇ ਸਿਰਜਣਾਤਮਕ ਪੇਂਡੂ ਭਾਈਚਾਰਿਆ ਦੇ ਸਮਾਨੰਤਰ ਨੈਟਵਰਕ ਵਜੋਂ ਨਿਰਮਿਤ ਕਰਨਾ ਜ਼ਰੂਰੀ ਹੋ ਗਿਆ ਹੈ। ਅਜਿਹਾ ਕਰਨਾ ਕੇਵਲ ਸੰਭਵ ਹੀ ਨਹੀਂ ਹੋਇਆ। ਖੁਸ਼ਹਾਲ ਭਾਰਤ ਦੇ ਨਿਰਮਾਣ ਲਈ ਜ਼ਰੂਰੀ ਵੀ ਹੋ ਗਿਆ ਹੈ।

ਪੰਜਾਬ ਦਾ ਪਿੰਡ ਉਹੋ ਜਿਹਾ ਨਹੀਂ ਹੈ, ਜਿਹੋ ਜਿਹਾ ਪ੍ਰੋ. ਪੂਰਨ ਸਿੰਘ ਨੂੰ ਦਿਖਾਈ ਦਿੰਦਾ ਸੀ: "ਇਥੇ ਖੁਲ ਦਾ ਮੈਦਾਨ ਹੈ/ ਇਥੇ ਪਿਆਰ ਤੇ ਹੜਾਂ ਦਾ ਆਵੇਸ਼ ਹੈ/ ਇਥੇ ਪਹਾੜ ਪਿਆਰ ਵਿਚ ਪਿਘਲਦੇ/ ਇਥੇ ਕੋਈ ਅਣਪਛਾਤਾ ਜਿਹਾ ਇਲਾਹੀ ਸੁਆਦ ਹੈ।" ਪੰਜਾਬ ਦੇ ਪਿੰਡ ਤਾਂ ਕਦੋਂ ਤੋਂ ਨਸ਼ੇ, ਗੁਰਬਤ, ਬੇਰੁਜ਼ਗਾਰੀ, ਜੁਰਮ, ਗੁੰਡਾਗਰਦੀ, ਭੈਅ, ਪ੍ਰਦੂਸ਼ਣ, ਬੇਇਨਸਾਫੀ, ਦਮਨ, ਪਛੜੇਪਣ, ਜਾਤੀਵਾਦ, ਜਗੀਰੂ ਸਿਆਸਤ, ਨੌਕਰਸ਼ਾਹੀ ਕੰਟਰੋਲ ਤੇ ਪਿਛਾਂਹਖਿਚੂ ਵਿਚਾਰਾਂ ਦੀ ਗ੍ਰਿਫਤ ਵਿਚ ਆਏ ਹੋਏ ਹਨ।

ਦਇਆ, ਸਬਰ, ਸੰਤੋਖ, ਅਪਣੱਤ, ਭਰੋਸੇ, ਆਪਸੀ ਸਹਿਯੋਗ, ਬਰਾਬਰੀ, ਮਿਲਵਰਤਣ, ਸਾਂਝੀਵਾਲਤਾ, ਨਿਆਂ, ਜਮਹੂਰੀਅਤ, ਆਜ਼ਾਦੀ ਤੇ ਮੁਹੱਬਤ ਵਰਗੀਆਂ ਕਦਰਾਂ ਕੀਮਤਾਂ, ਜੋ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਪੇਂਡੂ ਭਾਈਚਾਰੇ ਦੀ ਪਛਾਣ ਹੋਇਆ ਕਰਦੀਆਂ ਸਨ, ਕਿਧਰੇ ਵੀ ਦਿਖਾਈ ਨਹੀਂ ਦਿੰਦੀਆਂ। ਪੰਜਾਬ ਦਾ ਪਿੰਡ ਨਾ ਪਹਿਲਾਂ ਇਹੋ ਜਿਹਾ ਸੀ। ਨਾ ਹੁਣ ਇਹੋ ਜਿਹਾ ਹੈ। ਪੰਜਾਬ ਦੇ ਜਿਹੋ ਜਿਹੇ ਪਿੰਡ ਦੇ ਨਿਰਮਾਣ ਬਾਰੇ ਆਪਾਂ ਸੋਚ ਰਹੇ ਹਾਂ, ਉਹ ਨਿਸ਼ਚੇ ਹੀ ਇਨਾਂ ਕਦਰਾਂ ਕੀਮਤਾਂ ਉਪਰ ਆਧਾਰਿਤ ਹੋਵੇਗਾ। ਪੰਜਾਬ ਦੀ ਪਿੰਡਾ ਨੂੰ ਵਾਪਸੀ ਦਾ ਅਰਥ ਹੈ, ਇਨਾਂ ਕਦਰਾਂ ਕੀਮਤਾਂ ਦੀ ਇਲਾਹੀ ਮਸਤੀ ਵਾਲੇ ਪਿੰਡਾਂ ਵੱਲ ਵਾਪਸੀ। ਪਿੰਡਾਂ ਤੋਂ ਪ੍ਰਵਾਸ ਕਰਕੇ ਗਏ ਸ਼ਹਿਰੀ ਕਾਮਿਆਂ ਦੀ ਹੀ ਨਹੀਂ, ਸਾਡੀ ਸਭ ਦੀ। ਪਿੰਡਾਂ ਦੀ ਖੁਦ ਆਪਣੀ ਵੀ।

ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ" ਵਿਚਲੀਆਂ ਇਨਾਂ ਸਤਰਾਂ ਨਾਲ ਗੱਲ ਸ਼ੁਰੂ ਕਰਦੇ ਹਾਂ: " ਪਿਆਰ ਨਾਲ ਇਹ ਕਰਨ ਗੁਲਾਮੀ/ ਜਾਨ ਕੋਹ ਆਪਣੀ ਵਾਰ ਦਿੰਦੇ/ ਪਰ ਟੈਂ ਨਾ ਮੰਨਣ ਕਿਸੇ ਦੀ/ ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ// ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ/ ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ/ ਆਜ਼ਾਦ ਕੀਤੇ ਇਹ ਬੰਦੇ// ਪੰਜਾਬ ਨਾ ਹਿੰਦੂ ਨਾ ਮੁਸਲਮਾਨ/ ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ// ਜਵਾਨ ਖੁਲ੍ਹੇ ਖੋਲੇ ਪਿਆਰਿਆਂ/ ਆਜ਼ਾਦੀ ਦੇ ਪਿਆਰ ਵਿਚ/ ਦੁਨੀਆਂ ਥੀਂ ਵਿਹਲੇ/ ਦੀਨ ਥੀਂ ਵਿਹਲੇ/ ਰਲੇ ਨਾ ਰਲੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ/ ਮਮਨੇ ਨਾ ਮਨੀਂਦੇ ਕਦੀ/ ਕੁੱਦ ਕੁੱਦ ਉਛਲਦੇ, ਡੁਲਦੇ/ ਮਰਜ਼ੀ ਦੇ ਮਾਲਕ ਇਹ//.. ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ।"

ਇਸ ਕਵਿਤਾ ਵਿਚ ਪੰਜਾਬ ਦੇ ਕੇਂਦਰੀ ਮੁੱਲ-ਪ੍ਰਬੰਧ "ਆਜ਼ਾਦੀ" ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਪੰਜਾਬ ਵਿਚ ਆਜ਼ਾਦੀ ਦੇ ਕੀ ਅਰਥ ਲਏ ਜਾਂਦੇ ਹਨ, ਇਹ ਕਵਿਤਾ ਇਹੋ ਬਿਆਨ ਕਰਦੀ ਹੈ। ਆਜ਼ਾਦੀ ਪੰਜਾਬ ਦੀ ਕਈ ਸਾਰੀਆਂ ਪਛਾਣਾ ਵਿਚੋਂ ਇਕ ਪਛਾਣ ਨਹੀਂ। ਆਜ਼ਾਦੀ ਪੰਜਾਬ ਦੀ ਮੂਲ ਪਛਾਣ ਹੈ: "ਆਜ਼ਾਦੀ ਪਈ ਠਾਠਾ ਮਾਰਦੀ ਮੇਰੇ ਪੰਜਾਬ ਵਿਚ।" ਪਰ ਇਸ ਆਜ਼ਾਦੀ ਦਾ ਮਨੋਰਥ ਕੀ ਹੈ? ਗੁਰੂ ਨੇ ਕਿਹੜੀਆਂ ਪ੍ਰਾਪਤੀਆਂ ਲਈ ਪੰਜਾਬੀਆਂ ਨੂੰ ਦੀਨ ਦੁਨੀਆਂ ਦੇ ਬੰਧਨਾਂ ਤੋਂ ਧੁਰ ਥੀਂ ਆਜ਼ਾਦ ਕੀਤਾ ਹੋਇਆ ਹੈ। ਗੁਰੂ ਦਾ ਆਦੇਸ਼ ਹੈ: "ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।" ਪੰਜਾਬ ਵਿਚ ਆਜ਼ਾਦੀ ਦਾ ਸਬੰਧ ਨਿੱਜੀ ਪ੍ਰਾਪਤੀਆਂ ਨਾਲ ਨਹੀਂ; ਪਿਆਰ ਦੀ ਗੁਲਾਮੀ ਨਾਲ ਹੈ; ਦੂਸਰੇ ਦੇ ਦੂਸਰੇਪਣ ਲਈ ਮਰ ਮਿਟਣ ਨਾਲ ਹੈ। ਇਸੇ ਵਿਚੋਂ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਨਾਲ ਪ੍ਰਤੀਬੱਧਤਾ ਦੇ ਰੂਪ ਵਿਚ ਪੰਜਾਬ ਦੀ ਭਾਈਚਾਰਕਤਾ ਆਪਣੇ ਡੂੰਘੇ ਅਰਥ ਪ੍ਰਾਪਤ ਕਰਦੀ ਹੈ। ਪੰਜਾਬ ਦੀ ਆਰਥਕ ਸੂਝ, ਸਭਿਆਚਾਰਕ ਪਛਾਣ ਤੇ ਸਿਆਸੀ ਨੈਤਿਕਤਾ ਦੀਆਂ ਜੜਾਂ "ਆਜ਼ਾਦੀ" ਦੀ ਇਸੇ ਪਰਿਭਾਸ਼ਾ ਵਿਚੋਂ ਮਿਲਣਗੀਆਂ। ਗੁਰਾਂ ਦੇ ਨਾਮ ਨਾਲ ਜੀਣ ਵਾਲੇ ਪੰਜਾਬੀ ਪਿੰਡ ਦੇ ਨਿਰਮਾਣ ਦਾ ਆਧਾਰ ਵੀ ਆਜ਼ਾਦੀ ਦੀ ਇਸੇ ਪਰਿਭਾਸ਼ਾ ਵਿਚੋਂ ਢੂੰਡਣਾ ਪਵੇਗਾ।

ਕੁਦਰਤ ਨੇ ਮਨੁਖ ਨੂੰ ਕੇਵਲ ਦੋ ਪ੍ਰੋਗਰਾਮ ਦੇ ਕੇ ਭੇਜਿਆ ਸੀ। ਆਪਣੇ ਆਪ ਨੂੰ ਬਚਾਅ ਕੇ ਰੱਖਣਾ ਤੇ ਨਸਲ ਅੱਗੇ ਤੋਰਨੀ। ਸੁਆਰਥੀ ਲੋਕਾਂ ਨੇ ਆਪਣੇ ਆਪ ਨੂੰ ਬਚਾਅ ਕੇ ਰੱਖਣ ਲਈ ਇਕ ਦੂਜੇ ਨਾਲ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ। ਸਹਿਯੋਗ ਦੀ ਇਸ ਰਾਜਨੀਤਕ ਖੇਡ ਦਾ ਨਾਮ ਹੀ ਨੈਤਿਕਤਾ ਹੈ। ਨੈਤਿਕਤਾ ਬੰਦੇ ਦੇ ਜੀਨਜ਼ ਵਿਚ ਨਹੀਂ ਹੁੰਦੀ। ਇਹ ਤਾਂ ਸਮਾਜ ਵਿਚ ਰਹਿੰਦਿਆਂ ਸਮਾਜ ਵਿਚੋਂ ਹੀ ਸਿਖਣੀ ਪੈਂਦੀ ਹੈ। ਨੈਤਿਕਤਾ ਇਤਿਹਾਸਕ ਤਬਦੀਲੀ ਵਿਚ ਬੱਝਿਆ ਹੋਇਆਂ ਸਿਆਸੀ ਪਰਵਚਨ ਹੈ। ਇਹ ਠੀਕ ਹੈ ਕਿ ਆਪਸੀ ਸਹਿਯੋਗ ਦੀ ਖੇਡ ਕੁਝ ਹਾਸਲ ਕਰਨ ਲਈ ਖੇਡੀ ਜਾਂਦੀ ਹੈ। ਪਰ ਖੇਡ ਦੀ ਸਫਲਤਾ ਲਈ ਆਪਣੀ ਹਉਮੈ ਨੂੰ ਕੰਟਰੋਲ ਕਰਕੇ ਦੂਜੇ ਨੂੰ ਅਕਾਮੋਡੇਟ ਕਰਨਾ ਪੈਂਦਾ ਹੈ। ਗੁਰੂ ਸਾਹਿਬ ਨੇ 'ਮੈਂ' ਅਤੇ 'ਤੂੰ' ਭਾਵ 'ਨਿਜ' ਅਤੇ 'ਪਰ' ਦੇ ਸਹਿਯੋਗ ਨੂੰ ਮੈਂ (ਮਨੁੱਖ) ਅਤੇ ਤੂੰ (ਅਕਾਲ ਪੁਰਖ) ਦੇ ਸਹਿਯੋਗੀ ਰਿਸ਼ਤੇ ਵਿਚ ਤਬਦੀਲ ਕਰ ਦਿੱਤਾ। ਅਕਾਲ ਪੁਰਖ ਕੇਵਲ ਸਰਬ ਸ਼ਕਤੀਮਾਨ ਹੀ ਨਹੀਂ, ਸਭ ਤੋਂ ਵੱਡਾ ਦਾਤਾ ਵੀ ਹੈ। ਉਸ ਤੋਂ ਹਰ ਦਾਤ ਪ੍ਰਾਪਤ ਕੀਤੀ ਜਾ ਸਕਦੀ ਹੈ। ਨਤੀਜੇ ਵਜੋਂ ਲੋਕਾਂ ਨੇ ਆਪਣੀ ਹਉਮੈਂ ਤਿਆਗ ਕੇ ਉਸਦੀ ਰਜ਼ਾ ਵਿਚ ਰਹਿਣ ਦੀ ਧਾਰਨਾ ਨੂੰ ਪ੍ਰਵਾਨ ਕਰ ਲਿਆ। ਇਹ ਵੀ ਆਖ ਦਿੱਤਾ ਕਿ ਉਹ ਸਭ ਵਿਚ ਵਸਦਾ ਹੈ। ਸਭ ਵਿਚ ਉਸੇ ਦੀ ਜੋਤ ਜਗਦੀ ਹੈ। ਇਸ ਨਾਲ ਆਪਸੀ ਸਹਿਯੋਗ ਦਾ ਘੇਰਾ ਵਿਸ਼ਾਲ ਹੋ ਗਿਆ। ਕੇਵਲ ਮਨੁਖ ਹੀ ਨਹੀਂ, ਜੀਵ ਜੰਤੂ, ਪਸ਼ੂ ਪੰਛੀ, ਪਾਉਣ ਪਾਣੀ, ਧਰਤੀ, ਖੰਡ ਬ੍ਰਿਮੰਡ, ਸਮੁਚੀ ਕਾਇਨਾਤ ਇਸ ਆਪਸੀ ਸਹਿਯੋਗ ਦੇ ਘੇਰੇ ਵਿਚ ਆ ਗਈ। ਕਿਸੇ ਨੂੰ ਦੁਖ ਦੇਣਾ, ਕਿਸੇ ਦਾ ਸ਼ੋਸ਼ਣ ਕਰਨਾ ਜਾਂ ਕਿਸੇ ਨਾਲ ਦਰਾਇਤ ਕਰਨੀ ਵਰਜਿਤ ਹੋ ਗਈ। ਨਤੀਜੇ ਵਜੋਂ ਪਿਆਰ, ਮੁਹੱਬਤ, ਦਇਆ, ਸਤ, ਸੰਤੋਖ, ਗਿਆਨ ਆਦਿ ਕਦਰਾਂ ਕੀਮਤਾਂ ਗੁਰੂ ਨਾਨਕ ਦੀ ਨੈਤਿਕਤਾ ਵਜੋਂ ਸਥਾਪਤ ਹੋ ਗਈਆਂ। ਜੇ ਗੁਰੂ ਨਾਨਕ ਦੇ ਇਸ ਸਮੁਚੇ ਨੈਤਿਕ ਪ੍ਰਬੰਧ ਨੂੰ ਦੋ ਸ਼ਬਦਾਂ ਵਿਚ ਸਮੇਟਣਾ ਹੋਵੇ, ਤਾਂ ਬੜੇ ਆਰਾਮ ਨਾਲ ਕਿਹਾ ਜਾ ਸਕਦਾ ਹੈ ਕਿ ਸਾਂਝੀਵਾਲਤਾ ਅਤੇ ਵੰਡ ਕੇ ਛਕਣਾ ਗੁਰੂ ਨਾਨਕ ਦੀ ਨੈਤਿਕਤਾ ਦੇ ਮੂਲ ਆਧਾਰ ਹਨ। ਸਾਂਝੀਵਾਲਤਾ ਤੇ ਵੰਡ ਕੇ ਛਕਣ ਦੇ ਇਨਾਂ ਉਤਰ-ਪੂੰਜੀਵਾਦੀ ਸਮਾਜ ਦੀ ਸਿਰਜਣਾ ਦਾ ਆਧਾਰ ਬਣਨਾ ਹੈ। ਇਨਾਂ ਨੇ ਹੀ ਪੇਂਡੂ ਭਾਈਚਾਰਿਆ ਅਤੇ ਉਨਾਂ ਦੀ ਨੈਟਵਰਕਿੰਗ ਦਾ ਤਰਕ ਪੈਦਾ ਕਰਨਾ ਹੈ। ਆਰਥਕ ਵਿਕਾਸ, ਜਮਹੂਰੀ ਸੰਗਠਨਕਾਰੀ ਅਤੇ ਨਿਆਂ ਉਪਰ ਆਧਾਰਿਤ ਸਮਿਲਤ, ਸਮਾਰਟ ਤੇ ਸਿਰਜਣਾਤਮਕ ਪੇਂਡੂ ਭਾਈਚਾਰਿਆ ਦੀ ਸਮਾਨੰਤਰ ਨੈਟਵਰਕਿੰਗ ਵਿਚ ਬੱਝੇ ਅਗਾਂਹਵਧੂ ਪਿੰਡ ਦਾ ਨਿਰਮਾਣ ਕਿਵੇਂ ਕਰਨਾ ਹੈ, ਇਹ ਹੁਣ ਮੁਸ਼ਕਿਲ ਕੰਮ ਨਹੀਂ ਰਿਹਾ। ਕੇਵਲ ਪਲੈਨਿੰਗ ਦੀ ਲੋੜ ਹੈ। ਪੂੰਜੀ ਦੇ ਅਗਾਊਂ ਵਿਕਾਸ ਲਈ, ਨਵੀਆਂ ਪ੍ਰਸਥਿਤੀਆਂ ਵਿਚ ਢਲ ਕੇ ਅੱਗੇ ਵਧਣਾ ਪੂੰਜੀਵਾਦ ਦਾ ਸੁਭਾਅ ਹੈ। ਵਾਤਾਵਰਣ, ਰੁਜ਼ਗਾਰ, ਨੈਤਿਕਤਾ, ਆਜ਼ਾਦੀ, ਬਰਾਬਰੀ ਅਤੇ ਸਹਿਣਸ਼ੀਲਤਾ ਹੁਣ ਸਮਾਜਵਾਦ ਦਾ ਏਜੰਡਾ ਨਹੀਂ ਰਹੇ, ਪੂੰਜੀਵਾਦੀ ਵਿਸਤਾਰ ਦੇ ਉਤਰ-ਉਦਾਰਵਾਦੀ ਸਾਧਨ ਬਣ ਗਏ ਹਨ। ਇਸੇ ਤਰਾਂ ਸਮਿਲਤ, ਸਮਾਰਟ ਤੇ ਸਿਰਜਣਾਤਮਕ ਪੇਂਡੂ ਭਾਈਚਾਰਿਆ ਦੀ ਸਮਾਨੰਤਰ ਨੈਟਵਰਕਿੰਗ ਵੀ ਪੂੰਜੀਵਾਦੀ ਏਜੰਡੇ ਦਾ ਹੀ ਭਾਗ ਹਨ। ਪੂੰਜੀਵਾਦ ਦੇ ਇਸ ਉੱਨਤ ਪੜਾਅ ਨੂੰ ਉਤਰ ਪੂੰਜੀਵਾਦ ਦਾ ਨਾਮ ਵੀ ਦੇ ਦਿੱਤਾ ਜਾਂਦਾ ਹੈ। ਆਪਾਂ ਪਹਿਲਾਂ ਵੀ ਕਈ ਵਾਰ ਗੱਲ ਕਰ ਆਏ ਹਾਂ ਕਿ ਇਸ ਉਤਰ-ਪੂੰਜੀਵਾਦੀ ਵਿਵਸਥਾ ਦਾ ਆਧਾਰ ਮਾਨਵ-ਪੂੰਜੀ ਹੈ, ਇਸ ਲਈ ਇਸ ਦਾ ਉਦਭਵ, ਵਿਕਾਸ ਅਤੇ ਅੰਤਰ-ਵਿਰੋਧਤਾਵਾਂ ਸਭ ਵਿਦਿਅਕ ਸੁਧਾਰਾਂ ਨਾਲ ਜੁੜੇ ਹੋਏ ਹਨ। ਸਵੈ-ਦੇਖਭਾਲ ਤੇ ਆਪਣੇ ਆਪ ਨੂੰ ਕਲਾਕ੍ਰਿਤ ਵਜੋਂ ਵਿਕਸਿਤ ਕਰਨਾ, ਨਵੇਂ ਮੱਧ-ਵਰਗ ਦਾ ਧਰਮ ਬਣ ਗਏ ਹਨ। ਯੋਗਾ ਦੀ ਦਰੀ ਤੋਂ ਲੈ ਕੇ ਪਲਾਸਟਿਕ ਸਰਜਰੀ ਦੇ ਮੇਜ਼ ਤੱਕ ਅਨੇਕ ਕਿਸਮ ਦੀਆਂ ਸਨਅਤਾਂ ਇਸੇ ਕੰਮ ਦਾ ਧਿਆਨ ਰੱਖ ਰਹੀਆਂ ਹਨ। ਕੇਵਲ ਸਰੀਰਕ ਖੂਬਸੂਰਤੀ ਹੀ ਨਹੀਂ, ਸਮਾਜ-ਸਭਿਆਚਾਰਕ ਅਤੇ ਆਰਥਕ-ਰਾਜਨੀਤਕ ਜ਼ਿੰਮੇਵਾਰੀਆਂ ਵੀ ਇਸ ਨਵ-ਉਦਾਰਵਾਦੀ ਪਰਾਜੈਕਟ ਦਾ ਹਿੱਸਾ ਹਨ। ਇਸ ਤਰਾਂ ਪਹਿਲੀ ਵਾਰ ਵੀ ਨਹੀਂ ਹੋ ਰਿਹਾ। ਗੁਲਾਮ ਰੱਖਣ ਵਾਲੇ ਗਰੀਕ ਤੇ ਰੋਮਨ ਪਤਵੰਤੇ ਵੀ ਸਵੈ-ਨਿਰਮਾਣ ਦੇ ਪਰਾਜੈਕਟ ਨਾਲ ਇਸ ਕਦਰ ਜੁੜੇ ਹੋਏ ਸਨ ਕਿ ਉਨਾਂ ਨੇ ਆਪਣੀਆਂ ਕਾਮਨਾਵਾਂ/ ਚਾਹਤਾਂ ਉਪਰ ਕੰਟਰੋਲ ਅਤੇ ਦੂਸਰਿਆ ਦੀ ਖੁਸ਼ਹਾਲੀ ਨੂੰ ਆਪਣਾ ਮਿਸ਼ਨ ਬਣਾ ਲਿਆ ਸੀ। ਪਰ ਇਨਾਂ ਦੂਸਰਿਆ ਵਿਚ ਗੁਲਾਮ ਸ਼ਾਮਲ ਨਹੀਂ ਸਨ। ਜਿਵੇਂ ਗਰੀਕ ਤੇ ਰੋਮਨ ਸ਼ਾਸਨ ਦੌਰਾਨ ਅਸਮਾਨਤਾ ਅਤੇ ਅਨਿਆ ਖਤਮ ਨਹੀਂ ਸਨ ਹੋਏ। ਇਸੇ ਤਰਾਂ ਵਧ ਰਹੇ ਨਵ-ਫਾਸ਼ੀਵਾਦ ਨੂੰ ਰੋਕ ਸਕਣਾ ਵਰਤਮਾਨ ਵਿਵਸਥਾ ਦੇ ਵੱਸ ਵਿਚ ਹੀ ਨਹੀਂ ਰਿਹਾ।

ਲੋਕ ਸੁਆਲ ਕਰਦੇ ਹਨ ਕਿ ਸਮਾਜਕ ਜਮਹੂਰੀਅਤ ਦੇ ਰੂਪ ਵਿਚ ਹਿਟਲਰ ਦੇ ਫਾਸ਼ੀਵਾਦ ਦਾ ਬਦਲ ਤਾਂ ਸਪਸ਼ਟ ਦਿਖਾਈ ਦਿੰਦਾ ਸੀ। ਉਸਨੇ ਫਾਸ਼ੀਵਾਦ ਨੂੰ ਹਰਾਇਆ ਵੀ। ਪਰ ਕੀ ਦੁਨੀਆਂ ਵਿਚ ਵਧ ਰਹੇ ਨਵ-ਫਾਸ਼ੀਵਾਦ ਦਾ ਕੋਈ ਵਿਚਾਰਧਾਰਕ ਬਦਲ ਹੈ, ਜੋ ਉਸਨੂੰ ਹਰਾ ਕੇ ਆਰਥਕ ਵਿਕਾਸ, ਜਮਹੂਰੀ ਸੰਗਠਨਕਾਰੀ ਅਤੇ ਸਮਾਜਕ ਨਿਆਂ ਉਪਰ ਆਧਾਰਿਤ ਸਮਿਲਤ, ਸਮਾਰਟ ਤੇ ਸਿਰਜਣਾਤਮਕ ਸੰਸਾਰ ਦਾ ਨਿਰਮਾਣ ਕਰ ਸਕੇ। ਆਪਣੇ ਇਸ ਅਧੂਰੇ ਅਤੇ ਨਿਮਾਣੇ ਜਿਹੇ ਯਤਨ ਰਾਹੀਂ ਅਸੀਂ ਇਕ ਅਜਿਹੀ ਹੀ ਉਤਰ-ਪੂੰਜੀਵਾਦੀ ਸੰਭਾਵਨਾ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸ ਕੰਮ ਲਈ ਸੰਗਠਿਤ ਜਮਾਤ ਅਤੇ ਜਮਾਤੀ ਘੋਲ ਦੀ ਜ਼ਰੂਰਤ ਨਹੀਂ। ਨਵੀਆਂ ਸੰਭਾਵਨਾਵਾਂ ਖੋਜਣ ਵਾਲੇ ਪੜੇ ਲਿਖੇ ਸਿਰਜਣਾਤਮਕ ਬੁਧੀਮਾਨਾਂ ਦੀ ਵਿਸ਼ਵ ਪੱਧਰੀ ਨੈਟਵਰਕਿੰਗ ਹੀ ਬਹੁਤ ਹੋਵੇਗੀ। ਨੈਟਵਰਕਿੰਗ ਕਰਨ ਦੀ ਲੋੜ ਨਹੀਂ, ਇਹ ਹੋ ਰਹੀ ਹੈ। ਵਿਦਿਆ ਦਾ ਪਾਸਾਰ ਕਰਨ ਦੀ ਵੀ ਲੋੜ ਨਹੀਂ, ਇਹ ਹੋ ਰਿਹਾ ਹੈ। ਪੂੰਜੀਵਾਦ ਨੂੰ ਉਮਰ ਭਰ ਤਕਨੀਕੀ ਸਿਖਿਆ ਨਾਲ ਜੁੜੀ ਰਹਿਣ ਵਾਲੀ ਮਾਨਵ-ਪੂੰਜੀ ਦੀ ਲੋੜ ਹੈ। ਉਹ ਆਪਣੀ ਇਸ ਲੋੜ ਦੀ ਪੂਰਤੀ ਲਈ ਹਰ ਯਤਨ ਕਰੇਗਾ। ਮਾਨਵ-ਵਸੀਲਿਆਂ ਵਿਚੋਂ ਵੱਧ ਤੋਂ ਵੱਧ ਵੈਲਯੂ ਐਕਸਟਰੈਕਟ ਕਰਨ ਲਈ, ਉਨਾਂ ਅੰਦਰ ਗਿਆਨ, ਹੁਨਰ, ਕਦਰਾਂ ਕੀਮਤਾਂ ਅਤੇ ਆਪਸੀ ਸਹਿਯੋਗ ਦੀਆਂ ਭਾਵਨਾਵਾਂ ਵੀ ਭਰੇਗਾ। ਉਹ, ਇਹ ਸਭ ਕੁਝ, ਹਰ ਕਿਸੇ ਨੂੰ, ਕਿਸੇ ਵੀ ਥਾਂ, ਕਿਸੇ ਵੀ ਰੂਪ ਵਿਚ, ਬਿਨਾ ਕੋਈ ਪੈਸਾ ਲਏ, ਉਮਰ ਭਰ ਮੁਹਈਆ ਕਰਵਾਏਗਾ। ਕੇਵਲ ਮਾਨਵ-ਵਸੀਲਿਆ ਦੇ ਉਤਪਾਦਨ ਲਈ ਹੀ ਨਹੀਂ; ਨਿਗਰਾਨੀ ਅਤੇ ਨਿਯੰਤਰਣ ਲਈ ਵੀ। ਉਸ ਨੂੰ ਕੇਵਲ ਦੇਹਾਂ ਉਪਰ ਹੀ ਨਹੀਂ ਮਨਾਂ ਉਪਰ ਵੀ ਨਿਯੰਤਰਣ ਚਾਹੀਦਾ ਹੈ। ਆਪਣੀ ਅਸੀਮ ਹਵਸ ਦੀ ਪੂਰਤੀ ਲਈ, ਪੂੰਜੀ ਦੇ ਵੱਧ ਤੋਂ ਵੱਧ ਉਤਪਾਦਨ ਵਾਸਤੇ, ਇਹ ਬਾਇਓ-ਪੁਲਿਟੀਕਲ ਅਤੇ ਸਾਈਕੋ-ਪੁਲਿਟੀਕਲ ਸੰਦ ਵੀ ਖੁਲੇ ਵੰਡੇ ਜਾ ਰਹੇ ਹਨ। ਇਹ ਨੈਟਵਰਕ, ਇਹ ਆਧਾਰ ਢਾਂਚਾ ਤੇ ਇਹ ਸੰਦ ਉਨਾਂ ਲੋਕਾਂ ਨੂੰ ਵੀ ਉਪਲਭਦ ਹੋ ਰਹੇ ਹਨ, ਜੋ ਵਰਤਮਾਨ ਵਿਵਸਥਾ ਵਿਚ ਕੰਮ ਕਰਦੇ ਹੋਏ ਸਮਾਜ ਨੂੰ ਅਗਾਂਹਵਧੂ ਉਸਾਰੂ ਕੰਮਾਂ ਲਈ ਨਵੀਂ ਦਿਸ਼ਾ ਦੇਣਾ ਚਾਹੁੰਦੇ ਹਨ। ਕੀ ਪੰਜਾਬ ਨੇ ਆਪਣਾ ਕੋਈ ਅਜਿਹਾ ਏਜੰਡਾ ਤਿਆਰ ਕੀਤਾ ਹੈ। ਜੇਕਰ ਉਬਰ ਤੇ ਏਅਰਬੀਐਨਬੀ ਵਰਗੀਆਂ ਕੰਪਨੀਆਂ, ਬਿਨਾ ਕੋਈ ਕਾਰ ਅਤੇ ਹੋਟਲ ਖਰੀਦੇ, ਇਸ ਉਪਲਭਦ ਡਿਜੀਟਲ ਆਧਾਰ ਢਾਂਚੇ ਦੀ ਸਹਾਇਤਾ ਨਾਲ ਅਰਬਾਂ ਖਰਬਾਂ ਡਾਲਰ ਕਮਾ ਸਕਦੀਆਂ ਹਨ, ਤਾਂ ਪੰਜਾਬ ਵੀ ਆਪਣੇ ਕਿਸਾਨਾਂ, ਮਜ਼ਦੂਰਾਂ, ਸ਼ਿਲਪਕਾਰਾਂ, ਉਦਮੀ ਕਾਮਿਆਂ, ਖੋਜੀਆਂ, ਵਿਦਿਆਰਥੀਆਂ ਅਤੇ ਤਕਨੀਕੀ ਮਾਹਿਰਾਂ ਨੂੰ ਨਵੀਂ ਤਕਨਾਲੋਜੀ ਨਾਲ ਲੈਸ ਕਰਕੇ ਆਪਣੇ ਹਰ ਸੰਕਟ ਤੋਂ ਬਾਹਰ ਆ ਸਕਦਾ ਹੈ। ਜਿੰਨੀ ਦੇਰ ਪੰਜਾਬ ਆਪਣੇ ਵਿਦਿਅਕ ਢਾਂਚੇ ਨੂੰ ਨਹੀਂ ਸੁਧਾਰਦਾ, ਓਨਾ ਚਿਰ ਤੱਕ ਵਿਕਾਸ ਨਹੀਂ ਕਰ ਸਕਦੇ।

**(ਸਮਾਪਤ)**






# ਪਾਠਕਾਂ ਦਾ ਨਜ਼ਰੀਆ

## ਦੂਬੇ ਦੇ ਘਟਨਾਕ੍ਰਮ ਨੇ ਪੁਲਿਸ ਦੇ ਅਕਸ 'ਤੇ ਕਲੰਕ ਲਗਾਇਆ

ਵਿਕਾਸ ਦੂਬੇ ਵਰਗਾ ਘਟਨਾਕ੍ਰਮ ਫਿਰ ਨਾ ਵਾਪਰੇ, ਇਸ ਲਈ ਵਿਵਸਥਾ ਵਿਚ ਕੁਝ ਬਦਲਾਅ ਕਰਨੇ ਹੋਣਗੇ। ਪਹਿਲਾ ਵੱਡਾ ਬਦਲਾਅ ਤਾਂ ਇਹ ਕਰਨਾ ਹੋਵੇਗਾ ਕਿ ਮੌਜੂਦਾ ਪੁਲਿਸ ਪ੍ਰਣਾਲੀ ਨੂੰ ਜਾਂ ਤਾਂ ਪੂਰੀ ਤਰਾਂ ਖ਼ਤਮ ਕਰ ਦਿੱਤਾ ਜਾਵੇ ਜਾਂ ਉਸ ਵਿਚ ਵੱਡੇ ਸੁਧਾਰ ਕਰਕੇ ਉਸ ਦੀ ਸ਼ਕਲ ਸੂਰਤ ਪੂਰੀ ਤਰਾਂ ਨਾਲ ਬਦਲਾਅ ਦਿੱਤੀ ਜਾਵੇ। ਦੂਜਾ ਵੱਡਾ ਬਦਲਾਅ ਕਰਨ ਲਈ ਰਾਜਨੀਤਕ ਦਲਾਂ ਅਤੇ ਅਪਰਾਧ ਦੀ ਦੁਨੀਆ ਵਿਚਲੇ ਰਿਸ਼ਤਿਆਂ ਨੂੰ ਖ਼ਤਮ ਕਰਨਾ ਹੋਵੇਗਾ। ਤੀਜਾ ਵੱਡਾ ਬਦਲਾਅ ਨਿਆਇਕ ਵਿਵਸਥਾ ਵਿਚ ਕਰਨਾ ਹੋਵੇਗਾ ਤਾਂ ਕਿ ਜੇਕਰ ਪੁਲਿਸ ਅਪਰਾਧੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕਰ ਦੇਵੇ ਤਾਂ ਉਸ ਨੂੰ ਨਿਰਪੱਖ ਤਰੀਕੇ ਨਾਲ ਸਜ਼ਾ ਦਿੱਤੀ ਜਾ ਸਕੇ ਅਤੇ ਪੁਲਿਸ ਨੂੰ ਫ਼ਰਜ਼ੀ ਮੁਕਾਬਲੇ ਦਾ ਸਹਾਰਾ ਨਾ ਲੈਣਾ ਪਵੇ। ਇਸ ਦੇ ਨਾਲ ਜੇਲ ਪ੍ਰਣਾਲੀ ਨੂੰ ਬਰਤਾਨਵੀ ਕਾਇਦੇ-ਕਾਨੂੰਨਾਂ ਤੋਂ ਬਾਹਰ ਕੱਢ ਕੇ ਉਸ ਦਾ ਨਵੀਨੀਕਰਨ ਕਰਨਾ ਹੋਵੇਗਾ ਤਾਂ ਕਿ ਸਜ਼ਾ ਕੱਟ ਰਹੇ ਕੈਦੀ ਜੇਲ ਵਿਚ ਹੀ ਬੈਠ ਕੇ ਸੁਰੱਖਿਅਤ ਰੂਪ ਨਾਲ ਜੇਲ ਤੋਂ ਬਾਹਰ ਆਪਣਾ ਸਾਮਰਾਜ ਨਾ ਚਲਾ ਸਕਣ। ਜ਼ਾਹਰ ਹੈ ਕਿ ਇਹ ਬਹੁਤ ਵੱਡੇ-ਵੱਡੇ ਕਦਮ ਹਨ, ਜੋ ਇਕ ਵਾਰ ਵਿਚ ਹੀ ਨਹੀਂ ਕੀਤੇ ਜਾ ਸਕਦੇ। ਇਨਾਂ ਨੂੰ ਅੰਜਾਮ ਦੇਣ ਲਈ ਘੱਟੋ-ਘੱਟ 10 ਤੋਂ 15 ਸਾਲ ਲੱਗਣਗੇ। ਸ਼ਰਤ ਇਹ ਹੈ ਕਿ ਅੱਜ ਦੀ ਤਰੀਕ ਵਿਚ ਸਾਡੀ ਸਰਕਾਰ ਇਨਾਂ ਬਦਲਾਵਾਂ ਦਾ ਖਾਕਾ ਤਿਆਰ ਕਰਕੇ ਸਰਬਦਲੀ ਸਹਿਮਤੀ ਨਾਲ ਉਸ 'ਤੇ ਅਮਲ ਸ਼ੁਰੂ ਕਰ ਦੇਵੇ।

ਜ਼ਰਾ ਕਲਪਨਾ ਕਰੋ ਕਿ ਵਿਕਾਸ ਦੂਬੇ ਘਟਨਾਕ੍ਰਮ ਪਿੱਛੇ ਰਾਜਨੀਤੀ, ਸਮਾਜ ਨੀਤੀ ਅਤੇ ਪੁਲਿਸ ਨੀਤੀ ਦਰਮਿਆਨ ਕਿਸ ਤਰਾਂ ਦੇ ਸਮੀਕਰਨ ਚੱਲ ਰਹੇ ਸਨ। ਵਿਕਾਸ ਦੂਬੇ ਅਤੇ ਉਸ ਦੇ ਹਥਿਆਰਬੰਦ ਗੁਰਗਿਆਂ ਨੇ ਜਦੋਂ 8 ਪੁਲਿਸ ਵਾਲਿਆਂ ਦੀ ਗੋਲੀਆਂ ਅਤੇ ਧਾਰਦਾਰ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ ਤਾਂ ਉਸ ਤੋਂ ਤੁਰੰਤ ਬਾਅਦ ਜੋ ਪ੍ਰਕਿਰਿਆ ਸ਼ੁਰੂ ਹੋਈ, ਉਸ 'ਤੇ ਇਕ ਨਜ਼ਰ ਮਾਰਦਿਆਂ ਹੀ ਸਮਝ ਆ ਜਾਂਦਾ ਹੈ ਕਿ ਉੱਤੇ ਦੱਸੇ ਗਏ ਕੰਮ ਅਜੇ ਤੱਕ ਕਿਉਂ ਨਹੀਂ ਕੀਤੇ ਜਾ ਸਕੇ ਅਤੇ ਅੱਗੇ ਵੀ ਕਿਉਂ ਨਹੀਂ ਕੀਤੇ ਜਾ ਸਕਣਗੇ। ਪੁਲਿਸ ਵਾਲਿਆਂ ਦੀ ਹੱਤਿਆ ਕਰਨ ਤੋਂ ਬਾਅਦ ਜਿਵੇਂ ਹੀ ਵਿਕਾਸ ਦੂਬੇ ਫਰਾਰ ਹੋਇਆ, ਉਸੇ ਵੇਲੇ ਹੀ ਉੱਤਰ ਪ੍ਰਦੇਸ਼ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਅੰਦਰੂਨੀ ਧੜੇਬੰਦੀ ਤੇਜ਼ੀ ਨਾਲ ਸਰਗਰਮ ਹੋ ਗਈ। ਉੱਤਰ ਪ੍ਰਦੇਸ਼ ਦੀ ਭਾਜਪਾ ਤਿੰਨ ਜਾਤੀ ਆਧਾਰਿਤ ਧੜਿਆਂ ਦੇ ਆਪਸੀ ਸੰਤੁਲਨ 'ਤੇ ਟਿਕੀ ਰਹਿੰਦੀ ਹੈ। ਇਹ ਹੈ ਬ੍ਰਾਹਮਣ, ਠਾਕੁਰ ਅਤੇ ਪਛੜੀਆਂ ਜਾਤੀਆਂ ਦਾ ਸੰਤੁਲਨ। ਇਨਾਂ ਤਿੰਨ ਧੜਿਆਂ ਦੇ ਕੋਲ ਹੀ ਮੁੱਖ ਮੰਤਰੀ ਅਤੇ ਦੋ ਉਪ ਮੁੱਖ ਮੰਤਰੀ ਦੇ ਅਹੁਦੇ ਹਨ। ਇਹ ਤਿੰਨੇ ਲਾਬੀਆਂ ਸੂਬੇ ਅਤੇ ਸਥਾਨਕ ਪੱਧਰ 'ਤੇ ਆਪੋ-ਆਪਣੇ ਰਾਜਨੀਤਕ ਹਿਤਾਂ ਦੇ ਮੱਦੇਨਜ਼ਰ ਤਾਕਤਵਰਾਂ ਨੂੰ ਉਠਾਉਣ ਅਤੇ ਡੇਗਣ ਦੀਆਂ ਯੋਜਨਾਵਾਂ 'ਤੇ ਅਮਲ ਕਰਦੀਆਂ ਰਹਿੰਦੀਆਂ ਹਨ। ਜਿਵੇਂ ਹੀ ਵਿਕਾਸ ਦੂਬੇ ਦਾ ਕਾਂਡ ਹੋਇਆ, ਬ੍ਰਾਹਮਣ ਲਾਬੀ ਨੇ ਤੈਅ ਕੀਤਾ ਕਿ ਉਹ ਪੁਲਿਸ ਦੇ ਹੱਥੋਂ ਉਸ ਨੂੰ ਮਰਨ ਨਹੀਂ ਦੇਵੇਗੀ। ਇਹ ਇਸ ਲਾਬੀ ਦੀ ਤਾਕਤ ਦਾ ਪ੍ਰਮਾਣ ਹੈ ਕਿ ਉੱਤਰ ਪ੍ਰਦੇਸ਼ ਦੀ ਭਾਜਪਾ ਉਸ ਦੇ ਇਸ ਸੱਦੇ ਨੂੰ ਮੰਨ ਗਈ। ਸੋਸ਼ਲ ਮੀਡੀਆ 'ਤੇ ਵੀ ਮੁਹਿੰਮ ਚੱਲਣ ਲੱਗੀ ਕਿ ਬ੍ਰਾਹਮਣ ਸ਼੍ਰੋਮਣੀ, ਵਿਕਾਸ ਦੂਬੇ ਨੇ ਅਜਿਹਾ ਕੁਝ ਨਹੀਂ ਕੀਤਾ, ਜੋ ਕਿਸੇ ਦੂਜੀ ਜਾਤੀ ਦੇ ਬਾਹੂਬਲੀ ਨਹੀਂ ਕਰਦੇ। ਟਿੱਪਣੀਆਂ ਕੀਤੀਆਂ ਜਾਣ ਲੱਗੀਆਂ ਕਿ ਕਈ ਜਾਤੀਆਂ ਦੇ ਬਾਹੂਬਲੀਆਂ ਨੇ ਪੁਲਿਸ ਦਾ ਖ਼ੂਨ ਵਹਾਇਆ ਹੈ। ਇਸ ਲਈ ਜੇਕਰ ਇਕ ਬ੍ਰਾਹਮਣ ਬਾਹੂਬਲੀ ਨੇ ਇਸ ਤਰਾਂ ਕਰ ਦਿੱਤਾ ਤਾਂ ਏਨੀ ਹਾਹਾਕਾਰ ਕਿਉਂ ਮਚ ਰਹੀ ਹੈ? ਪਰ ਸਮੱਸਿਆ ਇਹ ਸੀ ਕਿ ਚੌਬੇਪੁਰ ਦੇ ਬਿਦਰੂਗੜੂ ਪਿੰਡ ਵਿਚ ਹੋਈ ਮੁੱਠਭੇੜ ਵਿਚ ਉੱਤਰ ਪ੍ਰਦੇਸ਼ ਪੁਲਿਸ ਦੇ ਅਕਸ 'ਤੇ ਧੱਬਾ ਲੱਗ ਗਿਆ ਸੀ। ਪੁਲਿਸ ਅਤੇ ਵਿਸ਼ੇਸ਼ ਟਾਸਕ ਫੋਰਸ ਨੇ ਕਮਰ ਕੱਸ ਲਈ ਸੀ ਕਿ ਵਿਕਾਸ ਦੂਬੇ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਛੱਡਣਾ। ਭਾਜਪਾ ਅਤੇ ਉਸ ਦੀ ਬ੍ਰਾਹਮਣਵਾਦੀ ਲਾਬੀ ਦੀ ਇਹੀ ਸਭ ਤੋਂ ਵੱਡੀ ਦਿੱਕਤ ਸਾਬਤ ਹੋਈ। ਉੱਤਰ ਪ੍ਰਦੇਸ਼ ਪੁਲਿਸ ਦੀ ਮੁਕਾਬਲਾ ਬਣਾਉਣ ਦੀ ਜ਼ਿਦ ਦੇ ਕਾਰਨ ਸੂਬੇ ਅੰਦਰ ਵਿਕਾਸ ਦੂਬੇ ਦਾ ਆਤਮ-ਸਮਰਪਣ ਅਤੇ ਗ੍ਰਿਫ਼ਤਾਰੀ ਨਾਮੁਮਕਿਨ ਸੀ। ਅਜਿਹਾ ਲਗਦਾ ਹੈ ਕਿ ਇਸ ਲਈ ਪਹਿਲਾਂ ਹਰਿਆਣਾ, ਜਿਥੇ ਭਾਜਪਾ ਦੀ ਸਰਕਾਰ ਹੈ, ਪੁਲਿਸ ਦੀ ਮਦਦ ਨਾਲ ਵਿਕਾਸ ਦੂਬੇ ਦੀ ਗ੍ਰਿਫ਼ਤਾਰੀ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਇਸੇ ਲਈ ਵਿਕਾਸ ਦੂਬੇ ਪਹਿਲਾਂ ਫਰੀਦਾਬਾਦ 'ਚ ਦਿਸਿਆ ਪਰ ਕਿਸੇ ਵਜਾ ਨਾਲ ਅਜਿਹਾ ਨਾ ਹੋ ਸਕਣ ਕਾਰਨ ਸੂਰਤ ਵਿਚ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਦੇ ਅਧੀਨ ਉਜੈਨ ਦੀ ਪੁਲਿਸ ਤੋਂ ਇਹ ਕੰਮ ਕਰਾਇਆ ਗਿਆ। ਗ੍ਰਿਫ਼ਤਾਰੀ ਦਾ ਨਾਟਕ ਹੋ ਗਿਆ। ਭਾਜਪਾ ਆਪਣੀ ਕੁਸ਼ਲਤਾ 'ਤੇ ਆਪਣੀ ਪਿੱਠ ਥਾਪੜ ਰਹੀ ਸੀ। ਭਾਜਪਾ ਸਮਰਥਕ ਮੀਡੀਆ ਦਾ ਇਕ ਸਮਰਥਕ ਪੁੱਛ ਰਿਹਾ ਸੀ ਕਿ ਵਿਕਾਸ ਦੂਬੇ ਦਾ ਮੁਕਾਬਲਾ ਬਣਾਉਣ ਦੀ ਅਫ਼ਵਾਹ ਦਾ ਪ੍ਰਚਾਰ ਕਰ ਰਹੇ ਮੀਡੀਆ ਵਾਲੇ ਹੁਣ ਚੁੱਪ ਕਿਉਂ ਹਨ? ਪਰ ਜਾਣਕਾਰਾਂ ਨੂੰ ਪੱਕਾ ਯਕੀਨ ਸੀ ਕਿ ਉੱਤਰ ਪ੍ਰਦੇਸ਼ ਪੁਲਿਸ ਵਿਕਾਸ ਦੂਬੇ ਨੂੰ ਕਿਸੇ ਕੀਮਤ 'ਤੇ ਨਹੀਂ ਛੱਡੇਗੀ। ਅਜਿਹਾ ਹੀ ਹੋਇਆ।

ਉੱਤਰ ਪ੍ਰਦੇਸ਼ ਦੀ ਮੌਜੂਦਾ ਭਾਜਪਾ ਸਰਕਾਰ ਨੇ ਸੱਤਾ ਵਿਚ ਆਉਂਦਿਆਂ ਹੀ ਮੁਕਾਬਲਿਆਂ ਦੇ ਰਾਹੀਂ ਕਾਨੂੰਨ ਅਤੇ ਵਿਵਸਥਾ ਸੁਧਾਰਨ ਦੀ ਨੀਤੀ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਬਿਲਕੁਲ ਅਜਿਹੀ ਹੀ ਕੋਸ਼ਿਸ਼ ਕਿਸੇ ਸਮੇਂ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਕੀਤੀ ਸੀ। ਉਦੋਂ ਉਸ ਦੇ ਖਿਲਾਫ਼ ਵਿਰੋਧੀ ਧਿਰ ਨੇ ਅਮਨੈਸਟੀ ਇੰਟਰਨੈਸ਼ਨਲ ਨੂੰ ਚਿੱਠੀ ਲਿਖ ਕੇ ਪਛੜੇ ਵਰਗ ਦੇ ਨਿਰਦੋਸ਼ ਨੌਜਵਾਨਾਂ ਦੀ ਫ਼ਰਜ਼ੀ ਮੁਕਾਬਲਿਆਂ ਵਿਚ ਹੱਤਿਆ ਖਿਲਾਫ਼ ਵਿਰੋਧ ਦਰਜ ਕਰਵਾਇਆ ਸੀ। ਇਤਿਹਾਸ ਵਿਚ ਦਰਜ ਹੈ ਕਿ ਇਕ ਪਾਸੇ ਸਰਕਾਰ ਮੁਕਾਬਲਿਆਂ ਵਿਚ ਰੁੱਝੀ ਸੀ, ਦੂਜੇ ਪਾਸੇ ਮੁੱਖ ਮੰਤਰੀ ਵੀ.ਪੀ. ਸਿੰਘ ਦੇ ਜੱਜ ਭਰਾ ਦੀ ਹੱਤਿਆ ਇਕ ਵੱਡੇ ਡਾਕੂ ਨੇ ਕਰ ਦਿੱਤੀ ਸੀ। ਇਸ ਨਾਲ ਪੈਦਾ ਹੋਈ ਗਿਲਾਨੀ ਦੇ ਕਾਰਨ ਵੀ.ਪੀ. ਸਿੰਘ ਨੇ ਅਸਤੀਫ਼ਾ ਦੇ ਦਿੱਤਾ ਸੀ। ਮੌਜੂਦਾ ਸਰਕਾਰ ਵੀ ਮੁਕਾਬਲਿਆਂ ਦੇ ਸਿਰ 'ਤੇ ਕਾਨੂੰਨ-ਵਿਵਸਥਾ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕੀ। ਕਾਨਪੁਰ ਦੇ ਸਭ ਤੋਂ ਵੱਡੇ 10 ਅਪਰਾਧੀਆਂ ਦੀ ਸੂਚੀ ਵਿਚ ਵਿਕਾਸ ਦੂਬੇ ਦਾ ਨਾਂਅ ਵੀ ਸੀ, ਜਿਸ ਨੇ 15-20 ਮਿੰਟ ਦੇ ਅੰਦਰ 8 ਪੁਲਿਸ ਵਾਲਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹ ਇਸ ਗੱਲ ਦਾ ਸਬੂਤ ਹੈ ਕਿ ਮੁਕਾਬਲਾ ਬਣਾ ਕੇ ਵੀ ਕਾਨੂੰਨ ਦਾ ਸ਼ਾਸਨ ਖ਼ਤਮ ਨਹੀਂ ਕੀਤਾ ਜਾ ਸਕਦਾ। ਵੀ.ਪੀ. ਸਿੰਘ ਦੀ ਸਰਕਾਰ ਦੇ ਹਸ਼ਰ ਤੋਂ ਯੋਗੀ ਸਰਕਾਰ ਨੂੰ ਸਬਕ ਲੈਣਾ ਚਾਹੀਦਾ ਹੈ। ਵਿਕਾਸ ਦੂਬੇ ਦੇ ਘਟਨਾਕ੍ਰਮ ਨੇ ਉਸ ਦੇ ਅਕਸ 'ਤੇ ਇਕ ਅਜਿਹਾ ਕਲੰਕ ਲਗਾਇਆ ਹੈ, ਜਿਸ ਨੂੰ ਲਾਹੁਣਾ ਬਹੁਤ ਮੁਸ਼ਕਿਲ ਹੈ।

**ਅਭੈ ਕੁਮਾਰ**

## ਬਾਹਮਣਵਾਦ ਦੀ ਸਿਆਸਤ ਤੇ ਨਰੇਟਿਵ

ਬਾਹਮਣਾਂ ਨੇ ਐਹੋ ਜਿਹੇ ਗਰੰਥ ਲਿਖੇ -ਲਿਖਵਾਏ,ਜਿੰਨਾਂ ਵਿਚ ਭਾਰਤੀ ਯੋਧਿਆਂ ਨੂੰ ਦੁਸ਼ਟ,ਰਾਖਸ਼,ਬੰਦੇ ਖਾਣੇ,ਉਪੱਦਰੀ ਲਿਖ ਮਾਰਿਆ-ਤੇ ਹੁਣ ਤੱਕ ਕਈ ਅਕਲ ਦੇ ਅੰਨੇ ਉਹੀ ਸਭ ਕੁਝ ਸੱਚ ਮੰਨੀ ਬੈਠੇ ਨੇ ਜੋ ਕੁਝ ਬਾਹਮਣਾਂ ਨੇ ਆਪਦੇ ਨਜਰੀਏ ਤੋਂ ਲਿਖਿਆ ਜਾਂ ਲਿਖਵਾਇਆ। ਜੇ ਅੱਜ ਦੇ ਜਮਾਨੇ ਵਿਚ ਉਹ ਚੈਨਲਾਂ ਰਾਂਹੀ ਝੂਠ ਬੋਲ ਸਕਦੇ ਨੇ ਤਾਂ ਸਦੀਆਂ ਪਹਿਲਾਂ ਤਾਂ ਹੋਰ ਵੀ ਸੌਖਾ ਸੀ। ਭਾਰਤੀ-ਲੋਕਾਂ ਦਾ ਪੱਖ ਰੁਲਦਾ ਰਿਹਾ ਹੈ ਤੇ ਲੋਕਾਂ ਨੇ ਉਹੀ ਕੁਝ ਸੱਚ ਮੰਨ ਲਿਆ ਜੋ ਕੁਝ ਮਨੂਸਿਮਰਤੀ,ਮਹਾਂਭਾਰਤ,ਰਾਮਾਇਣ,ਸ਼ਾਸ਼ਤਰਾਂ,ਵੇਦਾਂ ਤੇ ਹੋਰ ਬ੍ਰਾਹਮਣੀ ਗਰੰਥਾਂ ਵਿਚ ਬ੍ਰਾਹਮਣਾਂ ਨੇ ਲਿਖਿਆਂ। ਹੁਣ ਤਾਂ 'ਸੋਸ਼ਿਲ ਮੀਡੀਆ' ਦੀ ਕਿਰਪਾ ਹੈ,ਸੱਚੀ ਗੱਲ ਹੈ ਕਿ ਜੇ ਆਹ 'ਮਾਰਕ ਜੁਰਕਬਰਗ ਜੀ ਦੀ ਕਿਰਪਾ ਨਾ ਹੋਈ ਹੁੰਦੀ,ਬਾਹਮਣਾਂ ਨੇ ਐਹੋ ਜਿਹਾ ਮਹੌਲ ਬਣਾ ਦੇਣਾ ਸੀ ਕਿ ਪੰਥਕ ਸੋਚ ਵਾਲੇ ਸਿਖਾਂ ਨੂੰ ਪੰਥ ਨੇ ਹੀ ਮਾੜਾ ਕਹਿਣ ਲੱਗ ਪੈਣਾ ਸੀ। ਖਾੜਕੂ ਲਹਿਰ ਮੌਕੇ ਭਾਰਤੀ ਹਕੂਮਤ ਨੇ ਉਨਾਂ ਨੂੰ ਰੱਜਕੇ ਬਦਨਾਮ ਕਰਕੇ ਐਹੋ ਜਿਹਾ ਮਹੌਲ ਬਣਾਤਾ ਕਿ ਹਰ ਸਿਖ ਸੋਚਦਾ ਸੀ ਕਿ ਖਾੜਕੂ ਗਲਤ ਹੋ ਗਏ।ਇੰਝ ਇਹ ਬ੍ਰਾਹਮਣੀ ਦਿਮਾਗ ਪਹਿਲੋਂ ਬਦਨਾਮ ਕਰਕੇ ਲੋਕਾਂ ਨੂੰ ਲੱਗਣ ਲਾ ਦਿੰਦਾ ਹੈ ਕਿ ਇਸ ਸਖਸ਼,ਇਸ ਜਥੇਬੰਦੀ,ਇਸ ਲਹਿਰ,ਇਹ ਰੁਝਾਨ ਨੂੰ ਜੇ ਹੋਰ ਖੁੱਲ ਮਿਲੀ ਤਾਂ ਪਰਲੋ ਆ ਜਾਣੀ ਹੈ,ਇਹ ਕੂੜ-ਪਰਚਾਰ ਐਨੀ ਤੇਜ਼ੀ ਨਾਲ ਕੀਤਾ ਜਾਂਦਾ ਹੈ ਕਿ ਇਸ ਹਨੇਰੀ ਦੇ ਖਿਲਾਫ ਡਟਣ ਵਾਲ਼ਾ ਬੰਦਾ ਸਭ ਨੂੰ ਗਲਤ ਲੱਗਣ ਲੱਗ ਜਾਂਦਾ ਹੈ ਤੇ ਅੰਤ ਸਾਰਾ ਮਹੌਲ ਬ੍ਰਾਹਮਣ ਦੇ ਹੱਕ ਵਿਚ ਭੁਗਤ ਜਾਂਦਾ ਹੈ।ਇਹੀ ਫਾਰਮੂਲਾ ਵਰਤਕੇ ਹੁਣ ਤੱਕ ਬ੍ਰਾਹਮਣਵਾਦ ਆਪਣੇ ਅਨੇਕਾਂ ਵਿਰੋਧੀਆਂ ਨੂੰ ਮਲੀਆਮੇਟ ਕਰ ਚੁਕਾ ਹੈ ਤੇ ਮਨੁਖਤਾ ਦਾ ਭਲਾ ਕਰਨ ਆਏ ਅਨੇਕਾਂ ਰਹਿਬਰ ਹੁਣ ਤੱਕ ਇਸ ਕੂੜ ਪਰਚਾਰ ਕਰਕੇ ਗਲਤ ਸਮਝੇ ਜਾ ਰਹੇ ਹਨ।ਪਰ ਪਹਿਲੇ ਲੋਕਾਂ ਨੂੰ ਕਹਿੰਦੇ ਨੇ ਕਿ ਅਨਪੜਤਾ ਕਰਕੇ ਅਕਲ ਘੱਟ ਸੀ,ਹੁਣ ਤਾਂ ਸਾਰੇ ਪੜੇ-ਲਿਖੇ ਨੇ।ਹੁਣ ਈ ਅਕਲ ਤੋਂ ਕੰਮ ਲੈ ਲਵੋ !ਹੁਣ ਈ ਸਮਝ ਲਵੋ ਕਿ ਭਾਰਤੀ ਚੈਨਲਾਂ ਦਾ ਕਬਜ਼ਾ ਬਾਹਮਵਾਦੀਆਂ ਕੋਲ ਹੈ ਜਿਹੜੇ ਕਿਸੇ ਨੂੰ ਰਾਖਸ਼ ਬਣਾਕੇ ਬਦਨਾਮ ਕਰਾਕੇ ਇੰਝ ਮਹੌਲ ਬਣਾ ਦਿੰਦੇ ਨੇ ਕਿ ਸਾਰੇ ਲੋਕ ਕਹਿੰਦੇ ਨੇ ਜੇ ਇਹ ਐਨੇ ਮਾੜੇ ਨੇ,ਫਿਰ ਤਾਂ ਇੰਨਾਂ ਨਾਲ ਬੁਰੀ ਤੋਂ ਬੁਰੀ ਹੋਣੀ ਚਾਹੀਦੀ ਹੈ ਤੇ ਇੰਝ ਕਾਨੂੰਨ ਅਨੁਸਾਰ ਕਾਰਵਾਈ ਹੋ ਜਾਦੀ ਹੈ।ਜੋ ਘਾਣ ਬਾਹਮਣ ਕਰਦੇ ਨੇ,ਕਰਦੇ ਕਾਨੂੰਨ ਦੀ ਪਰਵਾਨਗੀ ਤਹਿਤ ਹੀ ਨੇ। ਦਰਅਸਲ ਉਹੀ ਕੁਝ ਕਾਨੂੰਨ ਬਣ ਜਾਂਦਾ ਜੋ ਬਾਹਮਣ ਚਾਹੁੰਦੇ ਨੇ। ਇਹ ਨੀਤੀ ਸਦੀਆਂ ਤੋਂ ਚੱਲ ਰਹੀ ਹੈ। ਵੀਰੋ ਨਾ ਖਾੜਕੂ ਗਲਤ ਸੀ, ਤੇ ਨਾ ਹੀ ਉਹ ਭਾਰਤ ਦੇ ਮੂਲ-ਵਾਸੀ ਗਲਤ ਸੀ ਜਿੰਨਾਂ ਨੂੰ ਬਾਹਮਣਾਂ ਦੇ ਮਗਰ ਲੱਗਕੇ ਆਪਾਂ ਰਾਖਸ਼ ਕਹਿਕੇ ਭੰਡਦੇ ਆਂ। ਹੁਣ ਤਾਂ ਸੰਭਲ ਜਾਓ। ਪਰ ਸਾਡੇ ਸਿਖ ਪਰਚਾਰਕ ਹੁਣ ਵੀ ਜਿੰਨਾ ਆਰੀਅਨ ਨਸਲ ਵਾਲਿਆਂ ਨੂੰ ਬਾਹਮਣਾਂ ਨੇ ਦੇਵੀ-ਦੇਵਤੇ/ਭਗਵਾਨ ਕਹਿਕੇ ਵਡਿਆਈ ਦਿਤੀ,ਉਨਾਂ ਨੂੰ ਈ ਦੇਵੀ-ਦੇਵਤੇ-ਭਗਵਾਨ ਕਹਿਕੇ ਵਡਿਆਈ ਜਾਂਦੇ ਨੇ ਤੇ ਜਿੰਨਾਂ ਸੂਰਬੀਰਾਂ ਨੂੰ ਬਾਹਮਣ ਨੇ ਦੁਸ਼ਟ,ਰਾਖਸ਼ ਕਿਹਾ,ਉਨਾਂ ਨੂੰ ਲਾਈਲੱਗ ਬਣਕੇ ਨਿੰਦੀ ਜਾਂਦੇ ਨੇ।।ਕਲਗੀਧਰ ਪਾਤਸ਼ਾਹ ਨੇ ਕਿਹਾ ਹੈ ਕਿ ਜੇ ਸਿਖ ਬ੍ਰਾਹਮਣਵਾਦ ਦੇ ਮਗਰ ਲੱਗਣਗੇ,ਮੈਂ ਇਹਨਾਂ ਦੀ ਸ਼ਕਲ ਵੀ ਨਹੀ ਦੇਖਣੀ।

**ਸਰਬਜੀਤ ਸਿੰਘ ਘੁਮਾਣ**

## ਪੰਜਾਬ ਵਿੱਚ ਸਨਅਤ ਲਗਣੀ ਜਰੂਰੀ

ਪੰਜਾਬ ਵਿੱਚ ਸਨਅਤ ਲਗਣੀ ਜਰੂਰੀ ਹੈ। ਨਹੀਂ ਤਾਂ ਐਡੀ ਸੰਘਣੀ ਆਬਾਦੀ ਦੀ ਖੇਤੀ ਬਾੜੀ ਤੋਂ ਆਰਥਿਕ ਜ਼ਰੂਰਤਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਨਾ ਹੀ ਆਮਦਨ ਪੱਖੋਂ ਪੰਜਾਬੀਆ ਦੀ ਆਸ ਤੇ ਪੂਰੇ ਉਤਰਣ ਵਾਲੇ ਰੋਜਗਾਰ ਪੈਦਾ ਕੀਤੇ ਜਾ ਸਕਦੇ ਹਨ।

ਪਰ ਸਨਅਤੀਕਰਨ ਕਰਦੇ ਵਕਤ ਜਿੱਥੇ ਭੂਗੋਲਿਕ ਸਥਿਤੀ ਅਤੇ ਆਰਥਿਕ ਹਾਲਤਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ ਉਥੇ ਹੀ ਇਸਦੇ ਵਾਤਾਵਰਨ ਤੇ ਪੈਣ ਵਾਲੇ ਅਸਰ ਅਤੇ ਇਥੋਂ ਦੇ ਲੋਕਾਂ ਦੀ ਘਾੜਤ ਨੂੰ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ। ਪੰਜਾਬੀ ਖਾਸ ਕਰਕੇ ਸਿੱਖ ਅਜ਼ਾਦਾਨਾ ਤੌਰ ਤੇ ਵਿਚਰਨ ਵਾਲੀ ਤਬੀਅਤ ਰਖਦਾ ਹੈ।

ਇਹਨੂੰ ਵੱਡੇ ਕਾਰਖਾਨਿਆਂ ਵਿੱਚ ਨੌਕਰ ਵਜੋਂ ਕੰਮ ਕਰਨਾਂ ਪਸੰਦ ਨਹੀਂ। ਸੋ ਤਰਜੀਹੀ ਵੀ ਇਹੋ ਜਿਹੀ ਸਨਅਤਾਂ ਜਾਂ ਕਾਰੋਬਾਰਾਂ ਨੂੰ ਦੇਣੀ ਚਾਹੀਦੀ ਹੈ ਜਿਹੜੀ ਇਹਨਾਂ ਦੀ ਘਾੜਤ ਅਤੇ ਸਭਾਉ ਨਾਲ ਮੇਲ ਖਾਂਦੇ ਹੋਣ। ਦੂਜੇ ਪਾਸੇ ਉਹਨਾਂ ਸਨਅਤਾਂ ਤੋਂ ਪਾਸਾ ਵਟਣ ਦੀ ਲੋੜ ਹੈ ਜਿਹੜੇ ਵਾਤਾਵਰਨ ਪਰਦੂਸ਼ਤ ਕਰਨ ਅਤੇ ਬਾਹਰੋਂ ਪਰਵਾਸੀ ਮਜ਼ਦੂਰਾਂ ਦੀ ਰਾਜ ਵਿੱਚ ਆਮਦ ਵਧਾ ਆਬਾਦੀ ਦੇ ਅਨੁਪਾਤ ਵਿੱਚ ਕੋਈ ਤਬਦੀਲੀ ਕਰਨ।

ਸਰਕਾਰ ਚੀਨ ਅਤੇ ਪਾਕਿਸਤਾਨ ਦੇ ਮੁਹਾਜ ਨੂੰ ਮੁੱਖ ਰਖਦੇ ਇਥੇ ਸਨਅਤੀ ਕਰਨ ਤੇ ਜੋਰ ਦੇਵੇਗੀ। ਖਾਸ ਕਰਕੇ ਆਟੋ ਪਾਰਟਸ ਦੀ ਸਨਅਤ ਤੇ। ਸਾਨੂੰ ਸੁਚੇਤ ਰਹਿ ਆਵਦੇ ਹਿਤ ਵਿੱਚ ਭੁਗਤਣ ਵਾਲੀ ਸਨਅਤੀਕਰਨ ਨੀਤੀ ਸਿਰਜਣ ਦੀ ਲੋੜ ਹੈ।

**ਅਜੈਪਾਲ ਸਿੰਘ**

## ਭਾਰਤੀ ਸੰਵਿਧਾਨ ਤੇ ਕਾਲੇ ਕਾਨੂੰਨ

ਭਾਰਤੀ ਸੰਵਿਧਾਨ ਆਪਣੇ-ਆਪ ਵਿੱਚ ਅੰਗਰੇਜੀ ਸਾਮਰਾਜ ਨਾਲੋਂ ਵੀ ਵਧੇਰੇ ਮਾੜੇ ਕਾਲੇ ਕਾਨੂੰਨਾਂ ਦਾ ਕਿਤਾਬਚਾ ਹੈ, ਜਿਸ ਨੂੰ ਬਹੁਗਿਣਤੀ ਗੁਲ਼ਾਮ ਲੋਕ ਪੂਜਣ ਲੱਗੇ ਹੋਏ ਨੇ। UAPA ਉਹ ਕਾਨੂੰਨ ਹੈ ਜੋ ਕਿਸੇ ਵੀ ਵਿਅਕਤੀ ਨੂੰ ਕੇਵਲ ਉਸ ਕੋਲ ਆਪਣੇ ਮਨਪਸੰਦ ਨਾਇਕਾਂ, ਵਿਚਾਰਧਾਰਾ ਜਾਂ ਸ਼ੋਸ਼ਲ ਮੀਡੀਆ 'ਤੇ ਆਪਣੀ ਹੱਦ ਵਿੱਚ ਰਹਿ ਕੇ ਅਜ਼ਾਦ ਖਿਆਲਾਂ ਦਾ ਪ੍ਰਗਟਾਵਾ ਕਰਕੇ ਹੀ ਉਮਰ ਭਰ ਜ਼ੇਲ ਵਿੱਚ ਧੱਕਣ ਦਾ ਪ੍ਰਬੰਧ ਹੈ। ਬੀਤੇ ਵਿੱਚ ਕਾਂਗਰਸ ਵਲੋਂ ਸਿੱਖਾਂ ਲਈ ਲਿਆਂਦਾ ਟਾਡਾ ਅਤੇ ਮੁਸਲਮਾਨਾਂ ਲਈ ਪੋਟਾ ਤੋਂ ਵੀ ਵਧੇਰੇ ਖ਼ਤਰਨਾਕ ਹੈ, ਬਲਕਿ ਦੋਵਾਂ ਦੇ ਸੁਮੇਲ ਤੋਂ ਵੱਧ ਹੈ। ਭਵਿੱਖ ਵਿੱਚ ਭਾਰਤੀ ਸਟੇਟ ਦੀ ਕਿਸੇ ਵੀ ਨੀਤੀ ਦਾ ਵਿਰੋਧ ਕਰਨ ਵਾਲਾ ਭਾਵੇਂ ਸਿੱਖ ਮੁਸਲਮਾਨ ਤੋਂ ਇਲਾਵਾ ਸੈਕੂਲਰ ਕਾਮਰੇਡ ਜਾਂ ਦਲਿਤ ਆਦਿ ਹੋਵੇ, ਸਭ ਇਸ ਕਾਨੂੰਨ ਅਧੀਨ ਠੋਕੇ ਜਾਣਗੇ। ਸਿੱਖਾਂ, ਮੁਸਲਮਾਨਾਂ ਅਤੇ ਮਾਓਵਾਦੀਆਂ ਆਦਿ ਦਾ ਤਾਂ ਇਤਿਹਾਸ ਹੀ ਜੇਲਾਂ ਤੇ ਫਾਸੀਆਂ ਵਾਲਾ ਹੈ,ਪਰ ਭਵਿੱਖ ਵਿੱਚ ਸਭ ਤੋਂ ਵੱਧ ਸੈਕੂਲਰ ਤੇ ਅਗਾਂਹਵਧੂ ਕਹਾਉਣ ਵਾਲੇ ਠੋਕੇ ਜਾਣਗੇ। ਪੰਜਾਬ ਵਿੱਚ ਸੁਖਪਾਲ ਸਿੰਘ ਖਹਿਰਾ, ਡਾਕਟਰ ਗਾਂਧੀ, ਕੁਝ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲ ਇਸ ਕਾਨੂੰਨ ਦਾ ਖੁੱਲ ਕੇ ਵਿਰੋਧ ਕਰ ਰਹੇ ਹਨ। ਪੰਜਾਬ ਵਿੱਚ ਕੁਰਸੀ 'ਤੇ ਬੈਠੀ ਕੈਪਟਨ ਕਾਂਗਰਸ, ਕੁਰਸੀ ਹਾਸਲ ਕਰਨ ਦੇ ਦਾਅਵੇਦਾਰ ਬਾਦਲ ਦਲ, ਆਪ ਅਤੇ ਟਕਸਾਲੀ ਵਗੈਰਾ ਤਾਂ ਇੱਕ ਤਰਾਂ ਨਾਲ ਇਸ ਕਾਨੂੰਨ ਦੇ ਹੱਕ ਵਿੱਚ ਹੀ ਭੁਗਤ ਰਹੇ ਹਨ, ਬੇਗੁਨਾਹ ਨੌਜਵਾਨ ਜੇਲਾਂ ਅੰਦਰ ਭੇਜੇ ਜਾ ਰਹੇ ਹਨ, ਕੁਰਸੀ ਦੇ ਦਾਅਵੇਦਾਰ ਕੋਈ ਵੀ ਸਰਗਰਮੀ ਨਹੀਂ ਕਰ ਰਹੇ। ਪੰਜਾਬ ਵਾਲੀਆਂ ਖ਼ਾਲਿਸਤਾਨ ਪੰਥਕ ਧਿਰਾਂ ਵੀ ਸ਼ੋਸ਼ਲ ਮੀਡੀਆ 'ਤੇ ਭਾਰਤੀ ਸਟੇਟ ਦੇ ਬੀਬੇ ਪੁੱਤਾਂ ਵਾਂਗ ਖਾਨਾਪੂਰਤੀ ਕਰ ਰਹੀਆਂ ਹਨ। ਪੰਜਾਬ ਦੇ ਮਾਣ ਸਨਮਾਨਾਂ ਵਾਲੇ ਵਿਦਵਾਨ ਤਾਂ ਉਂਵ ਭਾਰਤੀ ਸਟੇਟ ਦੇ ਪਿਛਲਗ ਹਨ। ਸਮਾਂ ਕਦੇ ਵੀ ਇੱਕੋ ਜਿਹਾ ਨਹੀਂ ਰਹਿੰਦਾ, ਪਰ ਜੋ ਇਸ ਕਾਲ਼ੇ ਕਾਨੂੰਨ ਦਾ ਖੁੱਲ ਕੇ ਵਿਰੋਧ ਨਹੀਂ ਕਰਦੇ, ਆਉਣ ਵਾਲਾ ਸਮਾਂ ਉਹਨਾਂ ਨੂੰ ਲਾਹਣਤਾਂ ਜ਼ਰੂਰ ਪਾਵੇਗਾ। ਰਾਜਨੀਤਕ ਸੋਚ ਦੇ ਤੌਰ 'ਤੇ ਭਾਵੇਂ ਲੱਖ ਵਖਰੇਵੇਂ ਹੋਣ, ਪਰ ਸੁਖਪਾਲ ਸਿੰਘ ਖਹਿਰਾ ਅਤੇ ਡਾਕਟਰ ਗਾਂਧੀ ਆਦਿ ਵਲੋਂ "1♦1 ਵਰਗੇ ਕਾਨੂੰਨ ਵਿਰੁੱਧ ਅਵਾਜ਼ ਬੁਲੰਦ ਕਰਨਾ ਜਾਗਦੇ ਹੋਣ ਨਿਸ਼ਾਨੀ ਹੈ, ਇਸ ਕਾਫ਼ਲੇ ਨੂੰ ਵੱਡਾ ਬਣਾਉਣਾ ਚਾਹੀਦਾ ਹੈ...

**ਗੋਲਡੀ ਦਿਉਲ ਕੈਨੇਡਾ**

## ਸਮਾਜ ਸੇਵਾ ਤੇ ਗਿਰਝਾਂ

ਜਿਸ ਘਟਨਾ ਜਾਂ ਕਹਿ ਲਓ ਕੁਦਰਤੀ/ਗ਼ੈਰ-ਕੁਦਰਤੀ ਆਫ਼ਤ ਦਾ ਜ਼ਿਕਰ ਮੈਂ ਕਰਨਾ ਹੈ, ਉਹ 1992 ਵਿਚ ਤਕਰੀਬਨ ਅਠਾਈ ਸਾਲ ਪਹਿਲਾਂ ਉੱਤਰਕਾਸ਼ੀ ਵਿਚ ਆਏ ਭੂਚਾਲ ਨਾਲ ਸਬੰਧਤ ਹੈ। ਯੂਥ ਕਲੱਬ ਤਾਲਮੇਲ ਕਮੇਟੀ ਨੇ ਵੀ ਰੋਪੜ ਜ਼ਿਲੇ ਦੇ ਯੂਥ ਕਲੱਬਾਂ ਦੀ ਮਦਦ ਨਾਲ ਰਾਹਤ ਸਮੱਗਰੀ ਇਕੱਠੀ ਕਰਨ ਦਾ ਫ਼ੈਸਲਾ ਕੀਤਾ। ਯੂਥ ਕਲੱਬਾਂ ਦੇ ਮੈਂਬਰਾਂ ਨੇ ਘਰ-ਘਰ, ਪਿੰਡ-ਪਿੰਡ ਜਾ ਕੇ ਕਣਕ, ਚਾਵਲ, ਦਾਲਾਂ ਤੇ ਕੰਬਲਾਂ ਦਾ ਇਕ ਟਰੱਕ ਸਾਮਾਨ ਇਕੱਠਾ ਕਰ ਲਿਆ। ਸਾਨੂੰ ਜ਼ਿਲਾ ਪ੍ਰਸ਼ਾਸਨ ਦੇ ਇਕ ਅਧਿਕਾਰੀ ਵੱਲੋਂ ਹੁਕਮਨੁਮਾ ਟੈਲੀਫੋਨ ਆਇਆ। ਉਨਾਂ ਕਿਹਾ, "ਰਾਹਤ ਸਮੱਗਰੀ ਸਾਡੇ ਕੋਲ ਜਮਾਂ ਕਰਵਾ ਕੇ ਰਸੀਦ ਲੈ ਲਓ। ਅਸੀਂ ਪਹੁੰਚਾ ਦੇਵਾਂਗੇ।" ਇਸ ਤੋਂ ਪਹਿਲਾਂ ਸਮਾਨ ਜ਼ਰੂਰਤਮੰਦਾਂ ਤਕ ਨਾ ਪਹੁੰਚਣ ਦੀਆਂ ਖ਼ਬਰਾਂ ਵੱਖ-ਵੱਖ ਅਖ਼ਬਾਰਾਂ ਵਿਚ ਛਪ ਚੁੱਕੀਆਂ ਸਨ। ਅਸੀਂ ਸਭ ਨੇ ਫ਼ੈਸਲਾ ਕੀਤਾ ਕਿ ਸਮਾਨ ਖ਼ੁਦ ਜਾ ਕੇ ਪੀੜਤਾਂ ਤਕ ਪੁੱਜਦਾ ਕੀਤਾ ਜਾਵੇ। ਅਸੀਂ ਪੰਜ-ਸੱਤ ਜਣਿਆਂ ਨੇ ਡੀਸੀ ਸਾਹਿਬ ਨੂੰ ਮਿਲ ਕੇ ਬੇਨਤੀ ਕੀਤੀ ਕਿ ਸਾਨੂੰ ਪ੍ਰਸ਼ਾਸਨ ਵੱਲੋਂ ਇਕ ਟਰੱਕ ਦਾ ਇੰਤਜ਼ਾਮ ਕਰ ਕੇ ਦਿੱਤਾ ਜਾਵੇ। ਸਾਮਾਨ ਅਸੀਂ ਖ਼ੁਦ ਜਾ ਕੇ ਪੀੜਤਾਂ/ਲੋੜਵੰਦਾਂ ਨੂੰ ਵੰਡਣਾ ਚਾਹੁੰਦੇ ਹਾਂ। ਡੀਸੀ ਸਾਹਿਬ ਨੇ ਸਾਡੀ ਭਾਵਨਾ ਨੂੰ ਸਮਝਦੇ ਹੋਏ ਸਾਨੂੰ ਟਰੱਕ ਮੁਹੱਈਆ ਕਰਵਾ ਦਿੱਤਾ। ਤਾਲਮੇਲ ਕਮੇਟੀ ਦੇ ਅਹੁਦੇਦਾਰਾਂ ਤੇ ਦੋ-ਤਿੰਨ ਦਰਜਨ ਮੈਂਬਰਾਂ ਨੇ ਰਾਹਤ ਸਮੱਗਰੀ ਟਰੱਕ 'ਚ ਲੱਦ ਦਿੱਤੀ। ਰਾਤ ਨੂੰ ਮੈਂ ਤੇ ਅਸ਼ੋਕ ਬਜਹੇੜੀ ਰਾਹਤ ਸਮੱਗਰੀ ਵਾਲੇ ਟਰੱਕ ਸਮੇਤ ਉੱਤਰਕਾਸ਼ੀ ਲਈ ਰਵਾਨਾ ਹੋਏ।

ਦੂਸਰੇ ਦਿਨ ਦੁਪਹਿਰ ਵੇਲੇ ਭੂਚਾਲ ਪੀੜਤ ਇਲਾਕੇ ਵਿਚ ਪਹੁੰਚ ਕੇ ਅਸੀਂ ਤਹਿਸੀਲ ਦਫ਼ਤਰੋਂ ਪੀੜਤ ਅਤੇ ਲੋੜਵੰਦ ਪਿੰਡਾਂ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ। ਉੱਥੇ ਮੌਜੂਦ ਅਧਿਕਾਰੀ ਦਾ ਵੀ ਉਹੀ ਰਵੱਈਆ ਸੀ। ਉਹ ਕਹਿਣ ਲੱਗਾ, "ਆਪ ਕਹਾਂ ਭਟਕੋਗੇ, ਰਸਦ ਹਮੇਂ ਦੇ ਜਾਈਏ ਔਰ ਰਸੀਦ ਲੇ ਜਾਈਏ। ਹਮ ਖ਼ੁਦ ਹੀ ਬੰਟਵਾ ਦੇਂਗੇ।" ਅਧਿਕਾਰੀ ਨੇ ਸਾਡੇ ਜਵਾਬ ਦਾ ਇੰਤਜ਼ਾਰ ਕੀਤੇ ਬਿਨਾਂ ਦਰਜਾ ਚਾਰ ਕਰਮਚਾਰੀਆਂ ਨੂੰ ਟਰੱਕ ਖ਼ਾਲੀ ਕਰਨ ਦਾ ਹੁਕਮ ਚਾੜ ਦਿੱਤਾ। ਮੈਂ ਰਤਾ ਤਲਖ਼ੀ ਨਾਲ ਕਿਹਾ, "ਸ਼੍ਰੀਮਾਨ ਜੀ! ਯੇਹ ਕਾਮ ਤੋ ਹਮ ਹਮਾਰੇ ਡਿਸਟ੍ਰਿਕਟ ਮੇਂ ਭੀ ਕਰ ਸਕਤੇ ਥੇ। ਹਮਾਰੇ ਹਜ਼ਾਰੋਂ ਮੀਲ ਖ਼ੁਦ ਆਨੇ ਕੀ ਯੇਹ ਵਜਾ ਹੈ ਕਿ ਹਮ ਉਨ ਲੋਗੋਂ ਕੋ ਖ਼ੁਦ ਸਾਮਾਨ ਦੇਂਗੇ ਜਿਨ ਕੋ ਸਹੀ ਮੇ ਜ਼ਰੂਰਤ ਹੈ।" ਅਧਿਕਾਰੀ ਨੇ ਦਾਲ ਗਲਦੀ ਨਾ ਵੇਖ ਕੇ ਬੇਰੁਖ਼ੀ ਨਾਲ ਸਾਨੂੰ ਪੀੜਤ ਪਿੰਡਾਂ ਬਾਰੇ ਜਾਣਕਾਰੀ ਦਿੱਤੀ। ਹੇਠਾਂ ਆਪਣੇ ਪੂਰੇ ਵੇਗ ਨਾਲ ਵਗਦੀ ਗੰਗਾ ਨਦੀ, ਉਬੜ-ਖਾਬੜ ਤੇ ਪਥਰੀਲੇ ਪਹਾੜੀ ਰਸਤਿਆਂ 'ਤੇ ਟਰੱਕ ਮਸਾਂ ਹੀ ਚੱਲ ਰਿਹਾ ਸੀ। ਥੋੜੀ ਜਿਹੀ ਅਣਗਹਿਲੀ ਵੀ ਜਾਨਲੇਵਾ ਹੋ ਸਕਦੀ ਸੀ। ਪੁੱਛਦੇ-ਪੁਛਾਉਂਦੇ ਅਸੀਂ ਉਨਾਂ ਪਿੰਡਾਂ ਤਕ ਵੀ ਪੁੱਜ ਗਏ ਜਿਹੜੇ ਵਾਕਿਆ ਹੀ ਤਹਿਸ-ਨਹਿਸ ਹੋ ਚੁੱਕੇ ਸਨ। ਪਿੰਡ ਹੇਠਾਂ ਪਹਾੜਾਂ ਦੀਆਂ ਖੱਡਾਂ ਵਿਚ ਸਨ। ਕੁਝ ਦੂਰ ਜਾ ਕੇ ਇਕ ਝੌਂਪੜੀ ਵਿਚ ਛੋਟੀ ਜਿਹੀ ਦੁਕਾਨ ਨਜ਼ਰ ਆਈ ਜਿੱਥੇ ਚਾਰ-ਪੰਜ ਬੰਦੇ ਬੈਠੇ ਸਨ। ਅਸੀਂ ਉਨਾਂ ਕੋਲ ਗੱਡੀ ਰੋਕ ਕੇ ਲਿਆਂਦਾ ਸਮਾਨ ਵੰਡਣ ਲਈ ਲੋਕਾਂ ਨੂੰ ਇਕੱਠੇ ਕਰਨ ਲਈ ਕਿਹਾ। ਉਨਾਂ ਵਿਚੋਂ ਇਕ ਜਣਾ ਕਹਿਣ ਲੱਗਾ, "ਯਹਾਂ ਤੋ ਬੀਸ-ਬੀਸ, ਪੱਚੀਸ-ਪੱਚੀਸ ਘਰੋਂ ਕੇ ਪਾਂਚ-ਛੇ ਗਾਓਂ ਹੈਂ ਬਾਬੂ। ਕਿਨ-ਕਿਨ ਕੋ ਬਾਂਟਤੇ ਫਿਰੋਗੇ? ਅਗਰ ਆਪ ਘਰ-ਘਰ ਜਾ ਕਰ ਸਾਮਾਨ ਬਾਂਟਨੇ ਲਗੇ, ਫਿਰ ਤੋ ਆਪ ਕੋ ਦੋ ਦਿਨ ਲਗ ਜਾਏਂਗੇ।" ਦੂਸਰਾ ਕਹਿਣ ਲੱਗਾ, "ਹਮ ਸਭ ਮੁਖੀਆ ਲੋਗ ਹੈਂ, ਆਪ ਹਮੇਂ ਸਮਾਨ ਦੇ ਜਾਏਂ, ਹਮ ਖ਼ੁਦ ਹੀ ਬਾਂਟ ਦੇਂਗੇ ਅਪਨੇ ਆਪ ਸਭ ਕੋ ਜਿਸ ਕੋ ਜ਼ਰੂਰਤ ਹੋਗੀ।" ਇਹਨੂੰ ਕਹਿੰਦੇ ਨੇ, ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜੀ। ਗਿਰਝਾਂ ਤੋਂ ਬਚਦੇ ਬਚਾਉਂਦੇ ਅਸੀਂ ਇੱਥੇ ਤਕ ਪਹੁੰਚੇ, ਇੱਥੇ ਫਿਰ ਗਿਰਝਾਂ ਟੱਕਰਗੀਆਂ।

ਮੈਂ ਤੇ ਅਸ਼ੋਕ ਇਕ-ਦੂਜੇ ਵੱਲ ਆਏਂ ਵੇਖ ਰਹੇ ਸੀ ਜਿਵੇਂ ਝਾੜ ਵਿਚ ਫਸੀ ਬਿਲਬਤੋਰੀ ਵੇਖ ਰਹੀ ਹੁੰਦੀ ਹੈ। ਮੈਂ ਖਿੱਝ ਕੇ ਅਤੇ ਝੁੰਜਲਾਹਟ ਨਾਲ ਕਿਹਾ, "ਹਮ ਸੈਂਕੜੋਂ ਮੀਲ ਚਲ ਕਰ ਰਾਸ਼ਨ ਔਰ ਕੰਬਲ ਆਪ ਕੋ ਦੇਨੇ ਨਹੀਂ ਆਏ ਮੁਖੀਆ ਜੀ। ਸਾਮਾਨ ਤੋ ਹਮ ਖ਼ੁਦ ਹੀ ਬਾਂਟੇਂਗੇ।" ਆਪਣੇ ਛਕਣ-ਛਕਾਉਣ ਦੇ ਮਕਸਦ ਵਿਚ ਕਾਮਯਾਬ ਨਾ ਹੁੰਦਾ ਵੇਖ ਕੇ ਉਨਾਂ 'ਚੋਂ ਕੁਝ ਇਨਸਾਨੀਅਤ ਦੇ ਗੁਣਾਂ ਵਾਲੇ ਇਕ ਸੱਜਣ ਨੇ ਕੋਲ ਫਿਰ ਰਹੇ ਕੁਝ ਹੋਰ ਬੰਦਿਆਂ ਨੂੰ ਲਾਗਲੇ ਪਿੰਡਾਂ ਵਿਚ ਸੁਨੇਹੇ ਲਾਉਣ ਲਈ ਕਹਿ ਦਿੱਤਾ। ਅੱਧੇ ਕੁ ਘੰਟੇ ਬਾਅਦ ਟਰੱਕ ਦੇ ਡਾਲੇ ਕੋਲ ਲੰਬੀ ਕਤਾਰ ਲੱਗ ਗਈ। ਅਸੀਂ ਆਪਣੇ ਹੱਥੀਂ ਸਭ ਨੂੰ ਸਾਮਾਨ ਵੰਡ ਰਹੇ ਸਾਂ। ਪਿੰਡਾਂ ਦੇ ਮੁਖੀ/ਚੌਧਰੀ ਦੂਰ ਖੜੇ ਵਿਸ ਘੋਲ ਰਹੇ ਸਨ ਪਰ ਲੋਕਾਂ ਦੇ ਚਿਹਰਿਆਂ 'ਤੇ ਇਕ ਖ਼ਾਸ ਕਿਸਮ ਦੀ ਖ਼ੁਸ਼ੀ ਤੇ ਸੰਤੁਸ਼ਟੀ ਸੀ।

ਇਸ ਤਰਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਨਾਂ ਕੋਲ ਕਿਸੇ ਕਿਸਮ ਦੀ ਮਦਦ ਪਹਿਲੀ ਵਾਰ ਪਹੁੰਚੀ ਹੋਵੇ। ਜਿਨਾਂ ਨੂੰ ਸਮਾਨ ਮਿਲ ਰਿਹਾ ਸੀ, ਉਹ ਪਰਮਾਤਮਾ/ਅੱਲਾ ਦੇ ਸ਼ੁਕਰਾਨੇ ਦੇ ਨਾਲ-ਨਾਲ ਸਾਨੂੰ ਵੀ ਦੁਆਵਾਂ ਦਿੰਦੇ ਹੋਏ ਆਪੋ-ਆਪਣੇ ਘਰਾਂ ਨੂੰ ਜਾ ਰਹੇ ਸਨ। ਮੁਖੀਆਂ/ਚੌਧਰੀਆਂ ਦੇ ਕੁਝ ਬੰਦੇ ਹੱਲਾ-ਗੁੱਲਾ ਵੀ ਕਰ ਰਹੇ ਸਨ। ਉਨਾਂ ਬੰਦਿਆਂ ਨੇ ਸਾਡੀ ਵਿਦਾਇਗੀ ਗਾਲਾਂ ਕੱਢ ਕੇ ਅਤੇ ਸਾਨੂੰ ਪੱਥਰ ਮਾਰ ਕੇ ਕੀਤੀ। ਕਾਫ਼ੀ ਦੂਰ ਤਕ ਗਾਲਾਂ ਤੇ ਪੱਥਰ ਸਾਡਾ ਪਿੱਛਾ ਕਰਦੇ ਰਹੇ। ਸਮਾਜ ਸੇਵਕਾਂ ਦੀ ਸੇਵਾ ਇਸ ਤਰਾਂ ਹੋਈ।

**ਸੰਜੀਵਨ ਸਿੰਘ**

## ਸੁਖਦੇਵ ਸਿੰਘ ਢੀਂਡਸਾ...

ਗ਼ੌਰਤਲਬ ਹੈ ਕਿ ਕਰੀਬ 7 ਮਹੀਨੇ ਪਹਿਲਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕੈਪਟਨ ਨਾਲ ਮੁਲਾਕਾਤ ਉਪਰੰਤ ਪੰਜਾਬ ਕਾਂਗਰਸ ਅਤੇ ਸਾਰੀਆਂ ਜ਼ਿਲਾ ਇਕਾਈਆਂ ਭੰਗ ਕਰ ਦਿੱਤੀਆਂ ਸਨ। ਉਨਾਂ ਨੇ 11 ਮੈਂਬਰੀ ਤਾਲਮੇਲ ਕਮੇਟੀ, ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਦੀ ਪ੍ਰਧਾਨਗੀ ਵਿਚ ਬਣਾ ਦਿੱਤੀ ਸੀ। ਬੇਸ਼ੱਕ ਸੁਨੀਲ ਜਾਖੜ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਕਾਇਮ ਰੱਖਦਿਆਂ ਕੈਪਟਨ ਅਮਰਿੰਦਰ ਸਿੰਘ ਸਮੇਤ ਇਸ ਕਮੇਟੀ ਦਾ ਮੈਂਬਰ ਵੀ ਬਣਾਇਆ ਗਿਆ ਸੀ। ਇਸ ਵਿਚ ਅੰਬਿਕਾ ਸੋਨੀ ਅਤੇ ਬੇਅੰਤ ਸਿੰਘ ਪਰਿਵਾਰ ਦੇ ਗੁਰਕੀਰਤ ਸਿੰਘ ਨੂੰ ਮੈਂਬਰ ਲਿਆ ਗਿਆ ਸੀ।
ਪਰ ਸਾਡੀ ਜਾਣਕਾਰੀ ਅਨੁਸਾਰ ਪਿਛਲੇ 7 ਮਹੀਨਿਆਂ ਵਿਚ ਇਸ ਕਮੇਟੀ ਦੀ ਇਕ ਵੀ ਮੀਟਿੰਗ ਨਹੀਂ ਹੋਈ। ਸੋ, ਪੰਜਾਬ ਕਾਂਗਰਸ ਦੀ ਪਾਰਟੀ ਵਜੋਂ ਕੀ ਹਾਲਤ ਹੈ, ਉਹ ਸਭ ਦੇ ਸਾਹਮਣੇ ਹੈ। ਇਸ ਦਰਮਿਆਨ ਇਕ ਹੋਰ ਚਰਚਾ ਵੀ ਕਾਂਗਰਸੀ ਗਲਿਆਰਿਆਂ ਵਿਚ ਸੁਣਾਈ ਦੇਣ ਲੱਗ ਪਈ ਹੈ ਕਿ ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਦੀ ਛੁੱਟੀ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ ਤੇ ਪੰਜਾਬ ਕਾਂਗਰਸ ਦੇ ਪੁਨਰ ਗਠਨ ਤੋਂ ਪਹਿਲਾਂ ਹੀ ਪ੍ਰਿਅੰਕਾ ਗਾਂਧੀ ਨੂੰ ਉੱਤਰ ਪ੍ਰਦੇਸ਼ ਦੇ ਨਾਲ-ਨਾਲ ਪੰਜਾਬ ਦਾ ਇੰਚਾਰਜ ਜਨਰਲ ਸਕੱਤਰ ਵੀ ਬਣਾਇਆ ਜਾ ਸਕਦਾ ਹੈ। ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਆਸ਼ਾ ਕੁਮਾਰੀ ਤਾਂ ਕੈਪਟਨ ਦੀ ਮਰਜ਼ੀ ਅਨੁਸਾਰ ਹੀ ਚਲਦੇ ਹਨ।
ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਜੇਕਰ ਸਚਮੁੱਚ ਪ੍ਰਿਅੰਕਾ ਗਾਂਧੀ ਦੇ ਹੱਥ ਵਿਚ ਪੰਜਾਬ ਦੀ ਵਾਗਡੋਰ ਸਿੱਧੀ ਸੌਂਪ ਦਿੱਤੀ ਗਈ ਤਾਂ ਇਸ ਦਾ ਸਿੱਧਾ ਫਾਇਦਾ ਨਵਜੋਤ ਸਿੰਘ ਸਿੱਧੂ ਨੂੰ ਹੋਵੇਗਾ। ਕਿਉਂਕਿ ਇਹ ਮੰਨਿਆ ਜਾ ਰਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਚੁੱਪ ਰਹਿਣ ਅਤੇ ਸਮਾਂ ਆਉਣ 'ਤੇ ਅੱਗੇ ਲਿਆਉਣ ਦਾ ਭਰੋਸਾ ਪ੍ਰਿਅੰਕਾ ਗਾਂਧੀ ਅਤੇ ਰਾਹੁਲ ਗਾਂਧੀ ਨੇ ਹੀ ਦਿੱਤਾ ਹੋਇਆ ਹੈ। ਕੁਲ ਮਿਲਾ ਕੇ ਪੰਜਾਬ ਦੀ ਰਾਜਨੀਤਕ ਸਥਿਤੀ ਬਹੁਤ ਹੀ ਉਲਝੀ ਹੋਈ ਹੈ। ਤੀਸਰੀ ਧਿਰ ਜੋ ਬਸਪਾ, ਖਹਿਰਾ, ਬੈਂਸ ਗਰੁੱਪ ਤੇ ਗਾਂਧੀ ਗਰੁੱਪ ਬਾਰੇ ਸਥਿਤੀ ਸਪੱਸ਼ਟ ਨਹੀਂ ਹੈ। ਹਾਲੇ ਬਹੁਤ ਸਾਰੇ ਰਾਜਨੀਤਕ ਚਮਤਕਾਰ ਵਾਪਰਨੇ ਹਨ। ਪੰਜਾਬ ਦੀ ਸਥਿਤੀ ਹਾਲੇ ਸਪੱਸ਼ਟ ਨਹੀਂ ਹੋਈ, ਪਰ ਇਹ ਕਿਹਾ ਜਾ ਸਕਦਾ ਹੈ ਕਿ ਬਾਦਲ ਲਈ ਇਹ ਰਾਜਨੀਤਕ ਸਮਾਂ ਧਰਮ ਸੰਕਟ ਦਾ ਸਮਾਂ ਹੈ, ਜਦੋਂ ਕਿ ਉਸ ਦਾ ਕੇਡਰ ਖਾਲਸਾ ਪੰਥ ਉਸ ਕੋਲੋਂ ਗੁਆਚ ਚੁੱਕਾ ਹੈ।

## ਵਾਸ਼ਿੰਗਟਨ ਡੀ.ਸੀ 'ਚ...

ਬੁਲਾਰਿਆਂ ਨੇ ਕਿਹਾ ਕਿ ਪੂਰਬੀ ਲੱਦਾਖ ਵਿੱਚ ਪੈਨਗੋਂਗ ਤੱਟ ਗਲਵਾਨ ਵੈਲੀ, ਡੈਮਚੋਕ ਅਤੇ ਦੌਲਤ ਬੇਗ ਵਿੱਚ ਭਾਰਤੀ ਅਤੇ ਚੀਨੀ ਫੌਜਾਂ ਸਰਹੱਦੀ ਰੁਕਾਵਟ ਵਿੱਚ ਲੱਗੀ ਹੋਈਆਂ ਹਨ ਅਤੇ ਚੀਨੀ ਸੈਨਾ ਦੇ ਬਹੁਤ ਸਾਰੇ ਜਵਾਨ ਪੈਨਗੋਂਗ ਤੱਟ ਸਮੇਤ ਕਈ ਇਲਾਕਿਆਂ ਵਿਚ ਡੀ-ਫੈਕਟੋ ਸਰਹੱਦ ਦੇ ਭਾਰਤ ਵਾਲੇ ਪਾਸਿਉ ਭੜਕੇ ਹੋਏ ਹਨ ਅਤੇ ਲੰਘੀ 15 ਜੂਨ ਨੂੰ ਗਲਵਾਨ ਵਾਦੀ ਵਿੱਚ ਹੋਈਆਂ ਹਿੰਸਕ ਝੜਪਾਂ ਤੋਂ ਬਾਅਦ ਤਣਾਅ ਵੱਧਣ ਦੇ ਵਿਚਕਾਰ ਦੋਵੇਂ ਧਿਰ ਕੂਟਨੀਤਕ ਅਤੇ ਸੈਨਿਕ ਗੱਲਬਾਤ ਵਿਚ ਲੱਗੇ ਹੋਏ ਹਨ। ਇਸ ਝੜਪ ਵਿਚ ਭਾਰਤੀ ਸੈਨਾ ਦੇ 20 ਜਵਾਨ ਵੀ ਮਾਰੇ ਗਏ ਸਨ ਜਿਸ ਕਰਕੇ ਵਿਦੇਸ਼ੀ ਭਾਰਤੀਆਂ ਵਿੱਚ ਕਾਫ਼ੀ ਚਿੰਤਾ ਹੈ। ਜਿਸ ਕਰਕੇ ਅੱਜ ਚੀਨ ਦੇ ਦੂਤਘਰ ਸਾਹਮਣੇ ਅਸੀਂ ਪ੍ਰਦਰਸ਼ਨ ਦੀ ਸ਼ੁਰੂਆਤ ਕਰਕੇ ਵਿਦੇਸ਼ੀ ਭਾਰਤੀਆ ਨੂੰ ਜਾਗਰੂਕ ਕੀਤਾ ਹੈ। ਆਸ ਹੈ ਕਿ ਭਵਿੱਖ ਵਿੱਚ ਭਾਰਤ ਪੱਖੀ ਹੋਰ ਸੰਸਥਾਵਾਂ ਅਜਿਹੇ ਹੋਰ ਪ੍ਰਦਰਸ਼ਨ ਕਰਕੇ ਭਾਰਤ ਦੀ ਸਥਿੱਤੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ।ਇਹ ਰਿਪੋਰਟ ਵਾਸ਼ਿੰਗਟਨ ਤੋ ਇੰਡੋ-ਅਮਰੀਕਨ ਅਖਬਾਰ ਦੇ ਸੰਪਾਦਕ ਤੇਜਿੰਦਰ ਸਿੰਘ ਦੇ ਹਵਾਲੇ ਨਾਲ ਛਾਪੀ ਹੈ।

## ਯੂ.ਏ.ਪੀ.ਏ ਵਰਗੇ ਕਾਲੇ...

ਉਨਾਂ ਦੱਸਿਆ ਕਿ ਲਵਪ੍ਰੀਤ ਸਿੰਘ 13 ਜੁਲਾਈ ਨੂੰ ਮੋਹਾਲੀ ਐਨਆਈਏ ਦਫਤਰ ਗਿਆ ਸੀ ਅਤੇ ਸਾਰਾ ਦਿਨ ਉਥੇ ਰਿਹਾ। ਦੇਰ ਸ਼ਾਮ ਵਾਪਸ ਆਉਣ ਤੋਂ ਬਾਅਦ ਉਸਨੇ ਗੁਰਦੁਆਰਾ ਅੰਬ ਸਾਹਿਬ ਦੇ ਕਮਰਾ ਨੰਬਰ 43 ਵਿਚ ਆਤਮ-ਹੱਤਿਆ ਕਰ ਲਈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਐਨਆਈਏ ਨੇ ਜਰੂਰ ਲਵਪ੍ਰੀਤ ਦੇ ਦਿਮਾਗ ਅਤੇ ਮਨ ਉਤੇ ਅਜਿਹਾ ਦਬਾਅ ਪਾਇਆ ਜਾਂ ਉਸਨੂੰ ਇਸ ਕਦਰ ਭੈ-ਭੀਤ ਕੀਤਾ ਕਿ ਛੋਟੇ ਉਮਰ ਦੇ ਲੜਕੇ ਨੇ ਇਹ ਕਠੋਰ ਕਦਮ ਚੁੱਕਿਆ ਅਤੇ ਆਪਣੀ ਜ਼ਿੰਦਗੀ ਖਤਮ ਕਰ ਲਈ।
ਉਨਾਂ ਕਿਹਾ ਕਿ ਰਫਰੈਂਡਮ 2020 ਦੀ ਆੜ ਹੇਠ ਸਰਕਾਰ ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਤੇ ਖੱਜਲ ਖੁਆਰ ਕਰ ਰਹੀ ਹੈ ਅਤੇ ਯੂਏਪੀਏ ਵਰਗੇ ਕਠੋਰ ਕਾਨੂੰਨਾਂ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਲਵਪ੍ਰੀਤ ਇਨਾਂ ਕਠੋਰ ਕਾਨੂੰਨਾਂ ਦਾ ਸ਼ਿਕਾਰ ਬਣ ਗਿਆ ਹੈ। ਉਨਾਂ ਕਿਹਾ ਕਿ ਅਜਿਹੇ ਕਾਲੇ ਕਾਨੂੰਨਾਂ ਨੂੰ ਖਤਮ ਕਰਨਾ ਸਮੇਂ ਦੀ ਜ਼ਰੂਰਤ ਹੈ।
ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਸਰਕਾਰ ਵੱਖਰੀ ਸੋਚ ਰਖਣ ਵਾਲੇ ਲੋਕਾਂ ਨੂੰ ਚੁੱਪ ਕਰਾਉਣ ਲਈ ਅਜਿਹੇ ਕਾਨੂੰਨਾਂ ਦੀ ਦੁਰਵਰਤੋਂ ਕਰ ਰਹੀ ਹੈ। ਉਨਾਂ ਕਿਹਾ ਕਿ ਪੁਲਿਸ ਥਾਣਿਆਂ ਵਿਚ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਸਣੇ ਰਾਜਨੀਤਿਕ ਲੀਡਰਸ਼ਿਪ ਨੇ ਅੱਖਾਂ ਬੰਦ ਕੀਤੀਆਂ ਹੋਈਆਂ ਅਤੇ ਪੁਲਿਸ ਨੂੰ ਮਨਮਰਜੀ ਕਰਨ ਦੀ ਖੁੱਲ ਦਿਤੀ ਹੋਈ ਹੈ।

## ਯੂਏਪੀਏ ਕਾਨੂੰਨ ਤਹਿਤ...

ਪਿੰਡ ਵਿਖੇ ਦੇਰ ਰਾਤ ਹੋਏ ਅੰਤਿਮ ਸਸਕਾਰ ਮੌਕੇ ਪਿੰਡ ਦੇ ਆਲੇ-ਦੁਆਲੇ ਪੁਲਿਸ ਦੀਆਂ ਗੱਡੀਆਂ ਦੀ ਮੌਜੂਦਗੀ ਤੇ ਮ੍ਰਿਤਕ ਵਲੋਂ ਖ਼ੁਦਕੁਸ਼ੀ ਨੋਟ ਵਿਚ ਇਹ ਲਿਖ ਕੇ ਜਾਣਾ ਕਿ ਮੇਰੀ ਮੌਤ ਤੋਂ ਬਾਅਦ ਕਿਸੇ ਨੂੰ ਵੀ ਤੰਗ ਨਾ ਕਰਨਾ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਸਾਹਮਣੇ ਕਈ ਸਵਾਲ ਖੜੇ ਕਰ ਰਿਹਾ ਹੈ ਕਿ ਇਸ ਨੌਜਵਾਨ ਦੀ ਮੌਤ ਕਿਹੜੇ ਹਾਲਤਾਂ ਵਿਚ ਹੋਈ ਹੋਵੇਗੀ। ਪਿੰਡ ਵਿਖੇ ਸੁਖਪਾਲ ਸਿੰਘ ਖਹਿਰਾ ਦੀ ਮੌਜੂਦਗੀ ਵਿਚ ਇਕੱਠੀ ਹੋਈ ਪਿੰਡ ਦੀ ਪੰਚਾਇਤ, ਨਗਰ ਵਾਸੀ ਅਤੇ ਪਰਿਵਾਰਕ ਮੈਂਬਰ ਅਤੇ ਫਿਰ ਜ਼ਿਲਾ ਪੁਲਿਸ ਮੁਖੀ ਸੰਗਰੂਰ ਦੇ ਬੂਹੇ 'ਤੇ ਪਹੁੰਚੇ ਪਿੰਡ ਵਾਸੀ ਅਤੇ ਪਰਿਵਾਰਕ ਮੈਂਬਰ ਇਹ ਸਵਾਲ ਖੜੇ ਕਰ ਰਹੇ ਸਨ ਕਿ ਇਹ ਨੇਕ ਇਨਸਾਨ ਰਾਤੋ-ਰਾਤ ਕਿਵੇਂ ਅੱਤਵਾਦੀ ਬਣ ਗਿਆ ਤੇ ਕਿਵੇਂ ਉਸ ਦੀ ਮੌਤ ਹੋ ਗਈ? ਜ਼ਿਲਾ ਪੁਲਿਸ ਮੁਖੀ ਦੇ ਦਫਤਰ ਪਹੁੰਚਣ ਵਾਲਿਆਂ ਵਿਚ ਮ੍ਰਿਤਕ ਦੇ ਪਿਤਾ ਕੇਵਲ ਸਿੰਘ, ਮਾਤਾ ਸਰਬਜੀਤ ਕੌਰ, ਭਰਾ ਜਸਪਾਲ ਸਿੰਘ, ਚਾਚਾ ਹਰਵਿੰਦਰ ਸਿੰਘ, ਪਿੰਡ ਦੇ ਸਰਪੰਚ ਦੇ ਪਤੀ ਬਲਿਹਾਰ ਸਿੰਘ ਤੋਂ ਇਲਾਵਾ ਪਿਰਪਲ ਸਿੰਘ ਖਾਲਸਾ ਵਿਧਾਇਕ, ਜਗਦੇਵ ਸਿੰਘ ਕਮਾਲੂ ਵਿਧਾਇਕ ਮੌਜੂਦ ਸਨ।

**ਕਿਉਂ ਬੁਲਾਇਆ ਸੀ ਜਾਂਚ ਏਜੰਸੀ ਨੇ**

ਪੁਲਿਸ ਥਾਣਾ ਸੁਲਤਾਨ ਵਿੰਡ ਜ਼ਿਲਾ ਅਮ੍ਰਿਤਸਰ ਵਿਖੇ 19 ਅਕਤੂਬਰ 2018 ਨੂੰ ਯੂ.ਏ.ਪੀ.ਏ. ਐਕਟ ਤੇ ਦੇਸ਼-ਧ੍ਰੋਹ ਦੀਆਂ ਧਾਰਾਵਾਂ ਸਮੇਤ ਆਰਮਜ਼ ਐਕਟ ਅਧੀਨ ਇਕ ਮਾਮਲਾ ਦਰਜ ਹੋਇਆ ਸੀ ਜਿਸ ਦੀ ਜਾਂਚ ਹੁਣ ਕੇਂਦਰੀ ਜਾਂਚ ਏਜੰਸੀ ਕਰ ਰਹੀ ਹੈ। ਇਸ ਕੇਸ ਸਬੰਧੀ ਕੁਝ ਪੁੱਛਗਿੱਛ ਕਰਨ ਲਈ ਲਵਪ੍ਰੀਤ ਸਿੰਘ ਨੂੰ ਬੁਲਾਇਆ ਗਿਆ ਸੀ ਤਾਂ ਕਿ ਦਰਜ ਮਾਮਲੇ ਬਾਰੇ ਕੁਝ ਤੱਥ ਸਾਹਮਣੇ ਆ ਸਕਣ।

## ਜਾਤ ਪਾਤ ਸਿੰਘਨ ਕੀ ਦੰਗਾ

ਰਤਨ ਸਿੰਘ ਭੰਗੂ ਦੇ ਮੁੱਢ ਵਿਚ ਦਿੱਤੇ ਵਚਨਾਂ ਨੂੰ ਸਮਝਣ ਲਈ ਏਨੀ ਪਿੱਠ ਭੂਮੀ ਉਸਾਰਨੀ ਲਾਜ਼ਮੀ ਸੀ। ਭੰਗੂ ਇਸ ਰਣਜੁਗਤ ਦੀ ਅਹਿਮੀਅਤ ਬਾਰੇ ਦੱਸਦਾ ਹੋਇਆ ਕਹਿੰਦਾ ਹੈ ਕਿ ਦੰਗੇ ਬਿਨਾਂ ਪਾਤਿਸ਼ਾਹੀ ਹਾਸਲ ਕਰਨ ਦਾ ਹੋਰ ਤਰੀਕਾ ਕੋਈ ਨਹੀਂ ਸੀ, 'ਦੰਗੇ ਹੀ ਤੇ ਪਯੁਗ ਪਤਿਸਾਹੀ।' ਦੰਗਾ ਯੁੱਧ ਜੁਗਤ ਨੂੰ ਹੋਰ ਸਪੱਸ਼ਟ ਕਰਦਾ ਉਹ ਕਹਿੰਦਾ, 'ਸਿੰਘ.. ਮਾਰੈ ਤੁਰਕਨ ਕਰਕੇ ਧਾਵਾ' ਅਤੇ 'ਲਰੈਂ ਮਰੈਂ ਸਿੰਘ ਨਠ ਤੁਰੈਂ ਤੁਰ ਨਠ ਫਿਰ ਮੁੜ ਪਾਹਿ।' ਹੋਰ ਤਫ਼ਸੀਲ ਵਿਚ ਜਾਂਦ ਹੋਇਆ ਉਹ ਲਿਖਦਾ ਹੈ 'ਲੜਾਈ ਦੇ ਫੱਟ ਕਹੈਂ ਸੁ ਢਾਈ। ਮਿਲਣ ਭੱਜਣ ਇਹ ਸਭ ਦੁਇ। ਲੜ ਮਰ ਮੁੱਕਣ ਆਧਾ ਸੋਇ।' ਭੰਗੂ ਦੱਸਣਾ ਹੈ ਕਿ ਛੋਟੇ ਘੱਲੂਘਾਰੇ ਤੋਂ ਪਹਿਲਾਂ ਵੀ ਏਵੇਂ ਲੜਨ ਦਾ ਫੈਸਲਾ ਹੋਇਆ ਸੀ। 'ਦੇਖ ਲਸਕਰ ਅਤਿ ਘਣਾ ਸਭ ਖਾਲਸੇ ਲਾਯੋ ਦਿਵਾਨ। ਇਨ ਸੋਂ ਸਨਮੁਖ ਕਿ ਲਰੈਂ ਇਹ ਚਲ ਆਯੋ ਜਹਾਨ। ਜੋਊ ਸੂਰ ਸਿਰ ਤੇ ਬਾਹਰੇ ਤੇਊ ਕਹੈਂ ਲੜੋ ਆਜ। ਜੋਊ ਸਿਆਨੇ ਸੋਊ ਕਹੈਂ ਲੜੋ ਸੁ ਮੁੜ ਮੁੜ ਭਾਜ।'
ਖ਼ਾਲਸੇ ਦੀ ਯੁੱਧ ਨੀਤੀ ਦਾ ਖੁਲਾਸਾ ਕਰਦਿਆਂ ਹੋਇਆ ਭੰਗੂ, ਕਾਜ਼ੀ ਨੂਰ ਮੁਹੰਮਦ ਦੇ ਅੰਦਾਜ ਵਿਚ ਕਹਿੰਦਾ ਹੈ, 'ਜਾਤ ਪਾਤ ਸਿੰਘਨ ਕੀ ਦੰਗਾ। ਦੰਗਾ ਹੀ ਇਨ ਗੁਰ ਤੇ ਮੰਗਾ।' ਜਿਸ ਦਾ ਭਾਵ ਉਸੇ ਵਾਂਗ ਇਹ ਹੈ, ਹਾਲਾਂਕਿ ਇਸ ਯੁੱਧ ਨੀਤੀ ਨੂੰ ਵਰਤਣ ਵਾਲੇ ਕਈ ਹੋ ਗੁਜ਼ਰੇ ਹਨ ਅਤੇ ਕਈ ਅਗਾਂਹ ਇਸ ਗੁਰੀਲਾ ਜੰਗ ਦੀ ਵਰਤੋਂ ਕਰਨਗੇ, ਪ੍ਰੰਤੂ ਖ਼ਾਲਸਾ ਤਾਂ ਆਪਣੀ ਹੋਂਦ ਵਾਂਗ ਹੀ ਇਸ ਵਿਚ ਓਤ ਪੋਤ ਹੈ। ਅਰਥਾਤ ਸਿੰਘ ਹੀ ਇਸ ਦੀ ਸਭ ਤੋਂ ਵਧੀਆ ਵਰਤੋਂ ਕਰਨ ਵਾਲੇ ਹਨ। ਉਪਰੋਕਤ ਸ਼ਬਦ ਰਤਨ ਸਿੰਘ ਨੇ ਇਸ ਆਸ਼ੇ ਨਾਲ ਹੀ ਲਿਖੇ ਹਨ। ਇਹੋ ਯੁੱਧ ਨੀਤੀ ਇਤਿਹਾਸ ਦੀਆਂ ਕਈ ਯੁੱਗਗਰਦੀਆਂ ਦੀ ਰੀੜ ਦੀ ਹੱਡੀ ਸਾਬਤ ਹੋਈ ਹੈ। ਭੰਗੂ 'ਦੰਗਾ' ਸ਼ਬਦ ਨੂੰ ਗੁਰੀਲਾ ਜੰਗ ਦੇ ਸਮਾਨਅਰਥ ਮੰਨਦਾ ਹੈ ਅਤੇ ਵਰਤਦਾ ਹੈ। ਇਸ ਵਚਨ ਨੂੰ ਹੋਰ ਕਿਵੇਂ ਸਮਝਣਾ ਅਗਿਆਨ ਹੈ। ਆਓ, ਹੁਣ ਇਸ ਦੇ ਸੰਦਰਭ ਵਿਚ ਅਸਾਡੇ ਅੱਜ ਦੇ ਆਗੂਆਂ ਦੀ ਸਿਆਸੀ ਪ੍ਰਾਪਤੀ ਦਾ ਮੁੱਲਾਂਕਣ ਕਰੀਏ। ਉਸ ਵੇਲੇ ਅਸੀਂ ਗਿਣਤੀ ਪੱਖੋਂ ਆਟੇ ਵਿਚ ਲੂਣ ਸਾਂ, ਕੋਈ ਵੀਹ ਕੁ ਮਿਸਲਾਂ ਵਿਚ ਵੰਡੇ ਹੋਏ ਸਾਂ, ਰਾਜਸੀ ਸ਼ਕਤੀ ਦਾ ਆਧਾਰ ਜਿਸਮਾਨੀ ਅਤੇ ਫੌਜੀ ਤਾਕਤ ਸੀ। ਅਜਿਹੇ ਸਮੇਂ ਅਸੀਂ ਆਪਣਾ ਰਾਜਸੀ ਦਾਈਆ ਨਹੀਂ ਛੱਡਿਆ, ਯੋਗ ਅਗਵਾਈ ਕਾਰਨ ਅਸੀਂ ਏਸ਼ੀਆ ਦੀ ਪ੍ਰਮੁੱਖ ਤਾਕਤ ਬਣ ਕੇ ਉਭਰੇ। ਅਸੀਂ ਗੁਪਤ ਅਤੇ ਅਸ਼ੋਕ ਤੋਂ ਵੱਡਾ ਸਾਮਰਾਜ ਉਸਾਰਿਆ ਅਤੇ ਅੱਧੇ ਸੰਸਾਰ ਉੱਤੇ ਰਾਜ ਕਰ ਰਹੇ ਅੰਗਰੇਜ਼ਾਂ ਦੇ ਅਸੀਂ ਹਰ ਜੰਗ ਵਿਚ ਗੋਡੇ ਲਗਵਾਏ। ਅੱਜ ਆਪਣੇ ਸੂਬੇ ਵਿਚ ਅਸੀਂ ਬਹੁਗਿਣਤੀ ਵਿਚ ਹਾਂ। ਸਾਡੇ ਪ੍ਰਮੁੱਖ ਆਗੂ ਹੱਥਾਂ ਦੀਆਂ ਉਂਗਲਾਂ 'ਤੇ ਗਿਣੇ ਜਾਣ ਜੋਗੇ ਹਨ। ਇਨਾਂ ਦੀ ਸਲਾਹ ਅਨੁਸਾਰ ਅਸੀਂ ਸਿਆਸੀ ਟੀਚੇ ਮਿੱਥੇ ਅਤੇ ਇਨਾਂ ਦੀ ਅਗਵਾਈ ਹੇਠ ਢਾਈ ਲੱਖ ਲੋਕਾਂ, ਸਾਲਾਂ ਬੱਧੀ ਜੇਲਾਂ ਕੱਟੀਆਂ, ਸਵਾ ਲੱਖ ਨੌਜਵਾਨਾਂ ਸ਼ਹੀਦੀਆਂ ਦਿੱਤੀਆਂ ਪਰ ਅਸੀਂ ਆਪਣੇ ਸਿਆਸੀ ਨਿਸ਼ਾਨੇ ਵੱਲ ਇਕ ਮੰਜ਼ਿਲ ਅਗਾਂਹ ਨਹੀਂ ਵਧ ਸਕੇ। ਇਨਾਂ ਦੀ ਅਗਵਾਈ ਦਾ ਦੂਜਾ ਪੱਖ ਇਹ ਹੈ ਕਿ ਜਿਨਾਂ ਮਗਰ ਕੇਵਲ ਪੰਜ ਪ੍ਰਤੀਸ਼ਤ ਲੋਕ ਹਨ, ਉਨਾਂ ਨੂੰ ਇਨਾਂ ਰਾਜ (ਸੂਬੇ) ਦੀ ਸਿਆਸੀ ਅਗਵਾਈ ਬਖਸ਼ੀ ਹੋਈ ਹੈ ਅਤੇ ਜਿਨਾਂ ਲੋਕਾਂ ਨੂੰ ਸੌ ਵਿਚੋਂ ਅੱਸੀਆਂ ਦਾ ਸਮਰਥਨ ਪ੍ਰਾਪਤ ਹੈ, ਉਹ ਘਸਿਆਰੇ, ਲਾਵਾਰਸ ਬਣ ਕੇ ਜ਼ੁਲਮ ਜ਼ਬਰ ਸਹਿ ਰਹੇ ਹਨ। ਸਾਡੇ ਆਗੂ ਜਾਣਦੇ ਹਨ ਕਿ ਇਹ ਦੋਨੋਂ ਕਹਿਰ ਵਾਪਰਨ ਦਾ ਇਕੋ ਇਕ ਕਾਰਨ ਇਨਾਂ ਦੀ ਆਪਸੀ ਫੁੱਟ ਹੈ। ਇਹ ਇਕੱਠੇ ਹੋਣਾ ਵੀ ਚਾਹੁੰਦੇ ਹਨ ਅਤੇ ਇਸ ਮਕਸਦ ਲਈ ਨਿੱਤ ਨਵੇਂ ਸੂਰਜ ਜਾਂ ਤਖਤ ਉੱਤੇ ਬੈਠਦੇ ਹਨ। ਪ੍ਰੰਤੂ ਸਾਰੇ ਹੀ 'ਸਿਧਾਂਤਾਂ ਉੱਤੇ ਏਕਤਾ' ਦੇ ਚਾਹਵਾਨ ਹਨ। ਸਿਆਸੀ ਜਮਾਤਾਂ ਉਸਾਰਨ ਲਈ ਲੋਕਤੰਤਰ ਦਾ ਸਿਧਾਂਤ ਅੱਜ ਸੰਸਾਰ ਦੇ ਹਰ ਕੋਨੇ ਵਿਚ ਮੰਨਿਆ ਜਾਂਦਾ ਹੈ। ਕਾਲੇ ਅਫ਼ਰੀਕਨ ਅਤੇ ਕੱਲ ਤੱਕ ਮਾਨਸ ਖਾਣ ਵਾਲੇ ਕਬੀਲੇ ਵੀ ਇਸ ਸਿਧਾਂਤ ਉੱਤੇ ਪਾਰਟੀਆਂ ਬਣਾਉਂਦੇ ਹਨ। ਪਰ ਅਸਾਡੇ ਲੀਡਰਾਂ ਵਿਚੋਂ ਇਹ ਜਗਤ ਪ੍ਰਮਾਣਿਤ ਸਿਧਾਂਤ ਕਿਸੇ ਨੂੰ ਰਾਸ ਨਹੀਂ ਆਉਂਦਾ। ਇਹ ਕਿਸੇ ਐਸੇ ਸਿਧਾਂਤ ਦੀ ਤਲਾਸ਼ ਵਿਚ ਹਨ, ਜਿਸ ਰਾਹੀਂ ਇਹ ਸਾਰੇ ਦੇ ਸਾਰੇ ਮੁੱਖ ਮੰਤਰੀ ਬਣ ਸਕਣ। ਸਿਧਾਂਤ ਦੀ ਭਾਲ ਜਾਰੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਨੂੰ ਕਿਸੇ ਅਬਦਾਲੀ, ਨਾਦਰ ਨੂੰ ਸੌਂਪਣ ਦੀਆਂ ਤਿਆਰੀਆਂ ਸਾਰੇ ਧੜੇ ਮੁਕੰਮਲ ਕਰੀ ਬੈਠੇ ਹਨ। ਸਿੱਖੀ ਦੇ ਧਾਰਨੀ, ਕਈ ਪੁਰਾਤਨ ਸਭਿਆਤਾਵਾਂ ਦੇ ਵਾਰਸ, ਸੱਚ ਨਾਲ ਸੰਧੀ ਕਰਨ ਵਾਲੇ, ਸੰਸਾਰ ਦੇ ਉੱਜਲ ਭਵਿੱਖ ਦੇ ਜ਼ਾਮਨ, ਕੁਰਬਾਨੀ ਦੇ ਪੁਤਲੇ ਸਿੰਘ ਲਾਚਾਰ ਅਤੇ ਬੇਬੱਸ ਹਨ। ਅਸਾਡੇ ਤਖਤ ਨਿੱਹਥੇ ਅਤੇ ਨਿੱਸਤੇ ਹੋ ਚੁੱਕੇ ਹਨ। ਸ਼ਹੀਦੀਆਂ ਨੂੰ ਭੇਡ, ਬੱਕਰੀਆਂ ਦੇ ਬਲੀਦਾਨ ਵਿਚ ਵਟਾਉਣ ਵਾਲੇ ਆਗੂਆਂ ਦੇ ਗਲੀਂ ਅਸੀਂ ਫੁੱਲਾਂ ਦੇ ਹਾਰ ਇਕ ਦੂਜੇ ਤੋਂ ਮੂਹਰੇ ਹੋ ਕੇ ਪਾ ਰਹੇ ਹਾਂ।

## ਭਾਈ ਕੁਲਵਿੰਦਰ ਸਿੰਘ...

ਰਿਹਾਅ ਹੋਣ ਤੋਂ ਬਾਅਦ ਅਜੇ ਕੁੱਝ ਕਾਰਵਾਈਆਂ ਹੀ ਕੀਤੀਆਂ ਸਨ ਕਿ ਭਾਈ ਜਗਜੀਤ ਸਿੰਘ ਗਿੱਲ ਦੀ ਸ਼ਹੀਦੀ ਹੋ ਗਈ ਅਤੇ ਭਾਈ ਕੁਲਵਿੰਦਰ ਸਿੰਘ ਪੋਲਾ ਨੇ ਫਗਵਾੜਾ ਦੇ ਇੰਸਪੈਕਟਰ ਪਰਗਟ ਸਿੰਘ ਨੂੰ ਖਾਲਸਈ ਰਵਾਇਤਾਂ ਅਨੁਸਾਰ ਸਜਾ ਦੇ ਦਿੱਤੀ । ਪੁਲਿਸ ਭਾਈ ਪੋਲੇ ਨੂੰ ਚੱਪੇ ਚੱਪੇ ਤੇ ਭਾਲ ਰਹੀ ਹੁੰਦੀ। ਭਾਈ ਕੁਲਵਿੰਦਰ ਸਿੰਘ ਪੋਲਾ ਮੋਹਾਲੀ ਵਿਖੇ ਭਾਈ ਕੁਲਵੰਦਰ ਸਿੰਘ ਕਿੱਡ ਦੇ ਕਿਰਾਏ ਦੇ ਮਕਾਨ ਵਿੱਚ ਠਹਿਰਿਆ ਹੋਇਆ ਸੀ । ਅਖੀਰ 22 ਜੁਲਾਈ 1989 ਨੂੰ ਪੁਲਿਸ ਨੇ ਮੁਹਾਲੀ ਵਿਖੇ ਚਿੱਟ ਕਪੱੜਿਆਂ ਵਿੱਚ ਜਾਲ ਵਿਛਾ ਲਿਆ ਅਤੇ ਜਦੋਂ ਦੋਵੇਂ ਜਣੇ ਮੁਹਾਲੀ ਵਿਖੇ ਭਾਈ ਕੁਲਵਿੰਦਰ ਸਿੰਘ ਕਿੱਡ ਦੇ ਘਰੇ ਵੜਨ ਲੱਗੇ ਤਾਂ ਪੁਲਿਸ ਨੇ ਹਮਲਾ ਕਰ ਦਿੱਤਾ। ਭਾਈ ਕੁਲਵਿੰਦਰ ਸਿੰਘ ਪੋਲਾ ਨੂੰ ਸਖਤ ਬੁਖ਼ਾਰ ਸੀ ਜੋ ਕਿ ਪੁਲਿਸ ਦੀ ਗੋਲੀਬਾਰੀ ਨਾਲ ਸ਼ਹੀਦ ਹੋ ਗਿਆ ਅਤੇ ਭਾਈ ਕੁਲਵਿੰਦਰ ਸਿੰਘ ਕਿੱਡ ਨੂੰ ਪੁਲਿਸ ਅਗਵਾ ਕਰਕੇ ਲੈ ਗਈ। ਭਾਈ ਕੁਲਵਿੰਦਰ ਸਿੰਘ ਪੋਲਾ ਦੀ ਖਾਲਿਸਤਾਨ ਦੇ ਸੰਘਰਸ਼ ਦੌਰਾਨ ਬਹੁਤ ਮਹਾਨ ਕੁਰਬਾਨੀ ਹੈ। ਜਿਸਨੂੰ ਕੌਮ ਸਦਾ ਹੀ ਸਿੱਜਦਾ ਕਰਦੀ ਰਹੇਗੀ। ਸੰਘਰਸ਼ਮਈ ਜੀਵਨ ਦੌਰਾਨ ਭਾਈ ਕੁਲਵਿੰਦਰ ਸਿੰਘ ਪੋਲਾ ਦੇ ਪਰਿਵਾਰ ਨੂੰ ਪੁਲਿਸ ਵਲੋਂ ਭਾਰੀ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ। ਪਰਿਵਾਰ ਨੇ ਬੜਾ ਪੈਂਡਾ ਤਹਿ ਕੀਤਾ ਹੈ।

## ਸੰਗੀਤ ਅਤੇ ਮਨੁੱਖੀ...

ਲਿਆ ਸੀ। ਉਹ ਰਾਜੇ ਨਾਚ, ਗਾਣੇ, ਸ਼ਰਾਬ ਅਤੇ ਔਰਤਾਂ ਦੇ ਸ਼ੌਕੀਨ ਸਨ ਅਤੇ ਇਹਨਾਂ ਦੇ ਨਤੀਜੇ ਵਜੋਂ ਸਿਰਫ਼ ਉਹ ਦਿਖਾਵੇ ਦੇ ਰਾਜੇ, ਅੰਗਰੇਜ਼ਾਂ ਦੇ ਪਿੱਠੂ ਬਣ ਕੇ ਰਹਿ ਗਏ ਸਨ। ਉਹ ਰਾਜੇ ਅੱਤ ਦੇ ਆਲਸੀ, ਵਿਲਾਸੀ ਅਤੇ ਯੁੱਧ ਤੋਂ ਡਰਦੇ ਸੀ। ਦਰਬਾਰਾਂ ਵਿੱਚ ਵਿਚਾਰਾਂ ਦੀ ਥਾਂ ਜਸ਼ਨਾਂ ਦੇ ਮਹੌਲਾਂ, ਨਾਚ ਅਤੇ ਔਰਤ ਪ੍ਰੇਮ ਦੇ ਗੀਤਾਂ ਨੇ ਲੈ ਲਈ ਸੀ। ਸੰਗੀਤ ਨੂੰ ਜੇਕਰ ਸਮਝਿਆ ਜਾਏ ਤਾਂ ਮਨੁੱਖ ਦਾ ਜੀਵਨ ਬਣ ਜਾਵੇ ਪਰ ਦੁਰਪਯੋਗ ਨਾਲ ਮਨੁੱਖ ਬਿਲਕੁਲ ਨੀਵੀਂ ਜਗਾ ਤੇ ਪੁੱਜ ਜਾਂਦਾ ਹੈ। ਅੱਜ ਸਾਡੇ ਨਿੱਤ ਦੀ ਜ਼ਿੰਦਗੀ ਵਿੱਚ ਨਾਚ, ਗਾਣੇ, ਔਰਤਾਂ, ਹੁਸਨ ਦੀਆਂ ਗੱਲਾਂ ਨੇ ਲੈ ਲਈ ਹੈ, ਇਹ ਕੰਮ ਬੜੀ ਛੇਤੀ ਸੰਗੀਤ ਦੀ ਮਦਦ ਨਾਲ ਹੋਇਆ ਹੈ। ਪੰਜਾਬੀ ਸਿੱਖ ਜਿਥੇ ਪਹਿਲਾਂ ਅਣਖਾਂ ਵਾਲੇ ਗਿਣੇ ਜਾਂਦੇ ਸੀ, ਅੱਜ ਪੂਰੇ ਹੀ ਬਦਲ ਚੁੱਕੇ ਹਨ। ਪੰਜਾਬ ਤੋਂ ਬਾਹਰ ਸਿੱਖਾਂ ਦੀ ਪਹਿਚਾਣ ਸਿਰਫ਼ ਮਜ਼ਾਕ ਦੇ ਪਾਤਰ ਦੇ ਤੌਰ ਤੇ ਹੈ। ਦਸਤਾਰਾਂ ਵਾਲੇ ਸਿੱਖਾਂ ਨੂੰ ਸਿਰਫ਼ ਬੱਲੇ ਬੱਲੇ, ਭੰਗੜਾ ਆਦਿ ਤੋਂ ਹੀ ਲੋਕ ਜਾਣਦੇ ਹਨ। ਸਿੱਖ ਕੌਮ ਆਪਣਾ ਵਿਰਸਾ ਦੱਸਣ ਵਿੱਚ ਨਾਕਾਮ ਰਹੀ ਹੈ, ਪਰ ਭੰਗੜੇ, ਨੱਚ ਟੱਪ, ਗੀਤਾਂ ਰਾਹੀਂ ਆਪਣੀ ਵਿਰਾਸਤ ਦਾ ਜਲੂਸ ਕੱਢਿਆ ਹੈ। ਜੇਕਰ ਸਿੱਖਾਂ ਨੇ ਆਪਣੇ ਗੁਰਮਤਿ ਕੀਰਤਨ ਵਿਰਸੇ, ਢਾਡੀ ਵਾਰਾਂ, ਕਵੀ ਦਰਬਾਰਾਂ ਦੇ ਇਤਿਹਾਸ, ਪੁਰਾਤਨ ਸਾਜ਼ਾਂ, ਰਾਗ ਪੜਤਾਲਾਂ, ਸੰਗੀਤ ਸ਼ੈਲੀ ਨੂੰ ਯਾਦ ਤੇ ਜਿਉਂਦਾ ਰੱਖਿਆ ਹੁੰਦਾ ਤਾਂ ਕੋਈ ਦੂਸਰੀ ਸੰਗੀਤ ਸ਼ੈਲੀ ਸਿੱਖਾਂ ਦੀ ਰਵਾਇਤ ਵਿੱਚ ਘੁਸਪੈਠ ਨਾ ਕਰ ਸਕਦੀ। ਦੂਸਰੇ ਸੰਗੀਤ ਨਾਲ ਜੁੜ ਕੇ ਜੇਕਰ ਸਿੱਖ ਇੰਨੇ ਨਿੱਘਰ ਸਕਦੇ ਹਨ ਤਾਂ ਗੁਰਮਤਿ ਸੰਗੀਤ ਨਾਲ ਵਾਪਸ ਆਉਣਗੇ। ਬਿਨਾਂ ਸ਼ੱਕ ਸੰਗੀਤ ਇੰਨੀ ਸਮਰੱਥਾ ਰੱਖਦਾ ਹੈ। ਸੰਗੀਤ ਦੁਹਰਾਓ ਨੂੰ ਜਨਮ ਦਿੰਦਾ ਹੈ ਜਿਸ ਨਾਲ ਸੁਣਨ ਵਾਲੇ ਦੇ ਅੰਦਰ ਇਹ ਘਰ ਕਰ ਜਾਂਦਾ ਹੈ, ਦੂਸਰਾ ਇਹ ਮਨੁੱਖ ਦੀ ਸੁਰਤ ਨੂੰ ਇੰਨਾ ਇਕਾਗਰ ਕਰ ਦਿੰਦਾ ਹੈ ਕਿ ਮਨੁੱਖ ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਸੰਗੀਤ ਦੀਆਂ ਧੁਨਾਂ ਵਿੱਚ ਸਰੋਤਾ ਆਪਣੇ ਆਪ ਨੂੰ ਉਸ ਕਲਾਕਾਰ ਯਾ ਗੀਤ ਦੇ ਨਾਇਕ ਵਜੋਂ ਪੇਸ਼ ਕਰਦਾ ਹੈ। ਉਸ ਲੈਅ ਵਿਚ ਸਰੋਤਾ ਖ਼ੁਦ ਹੀ ਉਹ ਨਾਇਕ ਜਾਂ ਕਲਾਕਾਰ ਬਣ ਕੇ ਸਭ ਬੋਲਾਂ ਨੂੰ ਦੁਹਰਾਉਂਦਾ ਹੈ। ਉਸਦੀ ਸੋਚਣੀ ਅਤੇ ਕਰਨੀ ਉਸ ਕਲਾਕਾਰ ਜਾਂ ਗੀਤ ਦੇ ਨਾਇਕ ਦੀ ਤਰਾਂ ਹੋ ਜਾਂਦੀ ਹੈ। ਗੀਤ ਦਾ ਨਾਇਕ ਜਾਂ ਕਲਾਕਾਰ ਫੇਰ ਸਰੋਤਿਆਂ ਨੂੰ ਆਪਣੇ ਅਧੀਨ ਕਰਕੇ ਉਸਦੀਆਂ ਮਾਨਸਿਕ ਵੇਦਨਾਵਾਂ ਨਾਲ ਖੇਡਦਾ ਹੈ। ਮਾਨਸਿਕ ਵੇਦਨਾਵਾਂ ਦੇ ਵੇਗ ਵਿਚ ਹੀ ਸਰੋਤਾ ਗੀਤ ਵਿਚ ਰੋਂਦਾ, ਹੱਸਦਾ, ਮੋਹ- ਮੁਹੱਬਤ ਅਤੇ ਗੁੱਸੇ ਆਦਿ ਦੀਆ ਮਾਨਸਿਕ ਅਵਸਥਾਵਾਂ ਵਿੱਚੋ ਗੁਜ਼ਰਦਾ ਹੈ। ਸਰੋਤਾ ਖ਼ੁਦ ਹੀ ਗਾਉਂਦਾ ਅਤੇ ਹਰਕਤਾਂ ਕਰਦਾ ਹੈ। ਸੰਗੀਤ ਦਾ ਮਾਹਰ ਹੀ ਮਨੁੱਖ ਦੀਆ ਇਹਨਾਂ ਅਵਸਥਾਵਾਂ ਨੂੰ ਛੋਹ ਸਕਦਾ ਹੈ। ਇਹਨਾਂ ਗੀਤਾਂ ਦੇ ਬੋਲ ਫਿਰ ਮਨੁੱਖ ਨੂੰ ਘੜਦੇ ਹਨ। ਉਸਦਾ ਵਰਤਮਾਨ ਅਤੇ ਭਵਿੱਖ ਤੈਅ ਕਰਦੇ ਅਤੇ ਬਣਾਉਂਦੇ ਹਨ।

ਸੰਗੀਤ ਅਗੰਮੀ ਤਾਕਤ ਹੈ। ਅਵਾਜ਼ ਦਾ ਰਹੱਸ ਵਚਿੱਤਰ ਹੈ। ਸੰਗੀਤ ਉਹ ਸੁਣਨਾ ਚਾਹੀਦਾ ਹੈ ਜੋ ਮਨੁੱਖ ਦੀ ਜ਼ਿੰਦਗੀ ਸਵਾਰ ਦੇਵੇ। ਗੁਰਮਤਿ ਸੰਗੀਤ ਅਤੇ ਲੋਕ ਗੀਤ ਜੋ ਲੋਕ ਸਿਆਣਪ ਨਾਲ ਭਰੇ ਹੋਣ ਸਮਾਜ ਨੂੰ ਸਹੀ ਲੀਹ ਤੇ ਪਾਉਂਦੇ ਹਨ। ਚੱਕ ਲੋ ਡਰਾਇਵਰੋ ਜਾਂ ਚੱਕ ਲੋ ਰੱਬ ਦਾ ਨਾਂ ਲੈ ਕੇ ਵਰਗੇ ਗੀਤ ਸਮਾਜ ਵਿੱਚ ਵਿਭਚਾਰ ਅਤੇ ਧੀਆਂ ਭੈਣਾਂ ਦੀ ਇੱਜ਼ਤ ਤਬਾਹ ਕਰਨ ਨੂੰ ਉਕਸਾਉਂਦੇ ਹਨ। ਸਾਨੂੰ ਇਸ ਮਸਲੇ ਤੇ ਇਕੱਠਾ ਹੋ ਕੇ ਸੋਚਣਾ ਪੈਣਾ ਹੈ। ਮਾੜੇ ਸੰਗੀਤ ਦਾ ਅਸਰ ਚੰਗੇ ਸੰਗੀਤ ਨਾਲ ਖ਼ਤਮ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਬਾਬ ਤੋਂ ਗੱਲ ਸ਼ੁਰੂ ਕੀਤੀ ਸੀ, ਰਬਾਬ ਨਾਲ ਮੇਲ ਕੇ ਬਾਣੀ ਗਾਈ ਸੀ। ਗੁਰੂਆਂ ਦੇ ਨੇੜੇ ਜਾਣ ਲਈ ਉਹਨਾਂ ਦੇ ਰਸਤਿਆਂ ਨੂੰ ਪਛਾਣ ਕੇ ਉੱਧਰ ਤੁਰਨਾ ਪੈਣਾ ਹੈ। ਤਦ ਹੀ ਖ਼ਾਲਸਾ ਮੁੜ ਤੋਂ ਸੁਰਜੀਤ ਹੋ ਸਕੇਗਾ।

## ਕਾਲੇ ਕਾਨੂੰਨ ਜਮਹੂਰੀਅਤ...

ਇੱਥੇ ਅਸੀਂ ਇਸ ਸਬੰਧ ਵਿੱਚ ਸਾਬਕਾ ਕਾਨੂੰਨ ਮੰਤਰੀ ਅਤੇ ਲਾਅ ਕਮਿਸ਼ਨ ਦੁਆਰਾ ਦਿੱਤੀਆਂ ਗਈਆਂ ਸੁਝਾਅ ਅਤੇ ਸਿਫ਼ਾਰਸ਼ਾਂ ਨੂੰ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ। ਲਾਅ ਕਮਿਸ਼ਨ ਜਿਸ ਦੀ ਅਗਵਾਈ ਸੁਪਰੀਮ ਕੋਰਟ ਦੇ ਸਾਬਕਾ ਜੱਜ, ਜਸਟਿਸ ਬੀ.ਐੱਸ. ਚੌਹਾਨ ਕਰ ਰਹੇ ਸੀ ਨੇ ਅਪ੍ਰੈਲ 2018 ਵਿੱਚ ਸਰਕਾਰ ਨੂੰ ਸੁਝਾਅ ਦਿੱਤੇ ਸਨ ਕਿ ਉਹ ਭਾਰਤੀ ਦੰਡਵਾਲੀ ਤੋਂ ਦੇਸ਼ ਧ੍ਰੋਹ ਦੇ ਧਾਰਾ (ਧਾਰਾ 124-ਏ) ਨੂੰ ਰੱਦ ਕਰਨ ਬਾਰੇ ਵਿਚਾਰ ਕਰੇ। ਸਮਾਜ ਸੇਵੀ ਬਿਨਾਇਕ ਸੇਨ ਦੀ ਗ੍ਰਿਫਤਾਰੀ ਦੇ ਮੱਦੇਨਜ਼ਰ, ਅਪ੍ਰੈਲ 2011 ਵਿੱਚ ਤਤਕਾਲੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਐਲਾਨ ਕੀਤਾ ਸੀ ਕਿ ਦੇਸ਼ ਧ੍ਰੋਹ ਕਾਨੂੰਨ ਦੀ ਸਮੀਖਿਆ ਕਰਨ ਦੀ ਲੋੜ ਹੈ। ਕੀ ਭਾਰਤੀ ਸੰਸਦ ਮੈਂਬਰ ਇਹਨਾਂ ਕਠੋਰ ਕਨੂੰਨਾਂ ਨੂੰ ਕਦੇ ਓਵੇਂ ਹੀ ਖਾਰਜ ਕਰ ਸਕਣਗੇ, ਜਿਵੇਂ ਉਹਨਾਂ ਨੇ ਕਿਸੇ ਸਮੇਂ ਟਾਡਾ ਤੇ ਪੋਟਾ ਵਰਗੇ ਅੱਤਵਾਦ ਵਿਰੋਧੀ ਕਨੂੰਨਾਂ ਨੂੰ ਕੀਤਾ ਸੀ?

- **ਹਰਪਾਲ ਸਿੰਘ ਚੀਮਾ**
**ਪ੍ਰਧਾਨ, ਦਲ ਖ਼ਾਲਸਾ**

# ਦੁਨੀਆ ਦਾ ਜੇਤੂ ਸ਼ਾਹ ਸਿਕੰਦਰ : ਸ਼ਾਹ ਆਲਮ

**- ਡਾ. ਪਰਮਜੀਤ ਢੀਂਗਰਾ**

ਦੁਨੀਆ ਦਾ ਜੇਤੂ ਸ਼ਾਹ ਸਿਕੰਦਰ। ਸ਼ਾਹ ਆਲਮ।

ਫਿਲਪ ਦਾ ਸ਼ਾਨਦਾਰ ਮਹੱਲ, ਕਲਾ ਦਾ ਅਦਭੁੱਤ ਨਮੂਨਾ। ਮਹੱਲ ਵਿੱਚ ਬੈਠਾ ਬਾਦਸ਼ਾਹ ਕੁਝ ਸੋਚ ਰਿਹਾ ਹੈ। ਐਨੇ ਨੂੰ ਸ਼ਾਹੀ ਨੌਕਰ ਨੇ ਆ ਕੇ ਰਾਜੇ ਕੋਲ ਅਰਜ਼ ਗੁਜ਼ਾਰੀ -

"ਮਹਾਰਾਜ, ਥੇਸਲੀ ਤੋਂ ਘੋੜਿਆਂ ਦਾ ਇੱਕ ਵਪਾਰੀ ਆਇਆ ਹੈ ਤੁਸੀਂ ...

"ਉਹਨੂੰ ਅਸ਼ਵਪਾਲ ਕੋਲ ਲੈ ਜਾਹ, ਘੋੜੇ ਤਾਂ ਉਹਨੇ ਪਰਖਣੇ ਨੇ।"

"ਹਜ਼ੂਰ, ਇਹ ਉਹਦੇ ਵਸ ਦਾ ਰੋਗ ਨਹੀਂ।"

"ਕੀ ਘੋੜੇ ?"

"ਨਹੀਂ, ਵਪਾਰੀ ਕੋਲ ਦੁਰਲੱਭ ਕੀਮਤੀ ਘੋੜਾ ਹੈ। ਮੈਂ ਤਾਂ ਇਸ ਤੋਂ ਪਹਿਲਾਂ ਕਦੇ ਤੇਰਾਂ ਟੇਲੈਂਟ ਮੁੱਲ ਦਾ ਘੋੜਾ ਨਾ ਕਦੇ ਦੇਖਿਐ ਨਾ ਸੁਣਿਆ ਹੈ।"

"ਅੱਛਾ!" ਫਿਲਪ ਨੇ ਹੈਰਾਨ ਹੁੰਦਿਆਂ ਕਿਹਾ।

ਘੋੜੇ ਦਾ ਇੰਨਾ ਉੱਚਾ ਦਾਮ ਸੁਣ ਕੇ ਮਕਦੂਨੀਆ ਦਾ ਰਾਜਾ ਆਪਣੇ ਸਿੰਘਾਸਣ ਤੋਂ ਉੱਠਿਆ। ਉਹਨੂੰ ਲੱਗਿਆ ਕਿ ਇਸ ਘੋੜੇ ਵਿੱਚ ਜ਼ਰੂਰ ਕੋਈ ਜਾਦੂਮਈ ਤਾਕਤ ਹੋਵੇਗੀ ਤਾਂ ਹੀ ਇੰਨਾ ਮਹਿੰਗਾ ਹੈ। ਹੋ ਸਕਦਾ ਹੈ ਇਹ ਸਾਡੇ ਭਵਿੱਖ ਦਾ ਵਾਹਨ ਬਣੇ। ਭਵਿੱਖ ਤਾਂ ਉਹਦੇ ਕੋਲ ਹੀ ਖੜਾ ਸੀ। ਉਹਨੇ ਦਸਾਂ ਵਰਿਆਂ ਦੇ ਪੁੱਤ ਸਿਕੰਦਰ ਵਲ ਵੇਖਿਆ, ਦੋਵੇਂ ਅਸਤਬਲ ਵਲ ਚੱਲ ਪਏ।

ਫਿਲਪ ਦੇ ਸਾਹਮਣੇ ਕਈ ਘੋੜ ਸਵਾਰਾਂ ਨੇ ਨਵੇਂ ਮੁੱਲਵਾਨ ਘੋੜੇ ਉੱਤੇ ਕਾਠੀ ਪਾਉਣ ਦਾ ਜਤਨ ਕੀਤਾ ਪਰ ਸਾਰੇ ਫੇਲ ਹੋ ਗਏ। ਜੇ ਕੋਈ ਔਖਾ ਸੌਖਾ ਦਾਅ ਪੇਚ ਵਰਤ ਕੇ ਘੋੜੇ 'ਤੇ ਚੜ ਵੀ ਜਾਂਦਾ ਤਾਂ ਘੋੜਾ ਪਲਟੀ ਮਾਰ ਕੇ ਸਵਾਰ ਨੂੰ ਹੇਠਾਂ ਸੁੱਟ ਦਿੰਦਾ। ਅਖੀਰ ਫਿਲਪ ਨੇ ਇਸ ਅੱਥਰੇ ਘੋੜੇ ਨੂੰ ਵਾਪਸ ਲੈ ਜਾਣ ਦਾ ਹੁਕਮ ਦਿੱਤਾ। ਪਰ ਸਿਕੰਦਰ ਨੇ ਪਿਤਾ ਕੋਲੋਂ ਖੁਦ ਨੂੰ ਅਜ਼ਮਾਉਣ ਲਈ ਅਰਜ਼ ਕੀਤੀ। ਕਹਿਣ ਲੱਗਾ - "ਮੈਨੂੰ ਲਗਦਾ ਹੈ ਜੇ ਥੋੜੀ ਜਿਹੀ ਹੁਸ਼ਿਆਰੀ ਤੋਂ ਕੰਮ ਲਿਆ ਜਾਵੇ ਤਾਂ ਇਸ ਘੋੜੇ 'ਤੇ ਕਾਠੀ ਪਾ ਕੇ ਇਹਨੂੰ ਸਿਧਾਇਆ ਜਾ ਸਕਦਾ ਹੈ।"

ਫਿਲਪ ਨੇ ਰਾਜਿਆਂ ਵਾਲੇ ਗਰੂਰ ਵਿੱਚ ਕਿਹਾ - "ਤੂੰ ਆਪਣੇ ਆਪ ਨੂੰ ਜ਼ਿਆਦਾ ਹੁਸ਼ਿਆਰ ਸਮਝਦੈਂ। ਤੇਰਾ ਕੀ ਖਿਆਲ ਐ ਮਕਦੂਨੀਆ ਦੇ ਜਿਹੜੇ ਘੋੜ ਸਵਾਰਾਂ ਨੇ ਕੋਸ਼ਿਸ਼ ਕੀਤੀ ਹੈ ਉਹ ਬੇਵਕੂਫ, ਅਨਾੜੀ ਨੇ ?"

ਸਿਕੰਦਰ ਕਹਿਣ ਲੱਗਾ - "ਨਹੀਂ, ਤੁਸੀਂ ਨਹੀਂ ਸਮਝ ਸਕਦੇ। ਇਹ ਘੋੜਾ ਇੰਨਾ ਅਥਰਾ ਨਹੀਂ ਜਿੰਨਾ ਘੋੜ ਸਵਾਰ ਇਹਨੂੰ ਸਮਝ ਰਹੇ ਨੇ। ਮੈਨੂੰ ਇੱਕ ਮੌਕਾ ਜ਼ਰੂਰ ਦਿਓ।"

ਫਿਲਪ ਸੋਚੀਂ ਪੈ ਗਿਆ। ਨਾ ਹਾਂ ਕਰਨ ਜੋਗਾ ਨਾ ਨਾਂਹ ਕਰਨ ਜੋਗਾ।

"ਜੇ ਤੂੰ ਇਹਨੂੰ ਕਾਬੂ ਨਾ ਕਰ ਸਕਿਆ ਤਾਂ ਕੀ ਸਜ਼ਾ ਭੁਗਤੇਂਗਾ ?"

"ਜ਼ਿਆਦਾ ਤਾਂ ਨਹੀਂ ਪਰ ਘੋੜੇ ਦੇ ਮੁੱਲ ਜਿੰਨੀ ਜ਼ਰੂਰ ਭੁਗਤ ਲਵਾਂਗਾ" ਸਿਕੰਦਰ ਨੇ ਸਵੈ ਵਿਸ਼ਵਾਸ ਨਾਲ ਕਿਹਾ।

ਆਗਿਆ ਮਿਲਦਿਆਂ ਹੀ ਸਿਕੰਦਰ ਜੇਤੂ ਅੰਦਾਜ਼ ਵਿੱਚ ਘੋੜੇ ਵਲ ਵਧਿਆ। ਉਹਨੇ ਦੇਖਿਆ ਕਿ ਘੋੜੇ ਦੀਆਂ ਅੱਖਾਂ ਵਿੱਚ ਡਰ ਦੇ ਪਰਛਾਵੇਂ ਹਨ। ਉਹਨੇ ਇੱਧਰ ਉੱਧਰ ਨਜ਼ਰ ਮਾਰੀ ਪਰ ਉੱਥੇ ਅਜਿਹੀ ਕੋਈ ਚੀਜ਼ ਨਹੀਂ ਸੀ ਜਿਹੜੀ ਘੋੜੇ ਨੂੰ ਡਰਾ ਰਹੀ ਹੋਵੇ। ਉਹ ਤੁਰੰਤ ਸਮਝ ਗਿਆ ਕਿ ਘੋੜਾ ਆਪਣੇ ਪਰਛਾਵੇਂ ਤੋਂ ਦਹਿਲ ਰਿਹਾ ਹੈ। ਉਹਦਾ ਆਪਣਾ ਪਰਛਾਵਾਂ ਉਹਦੀਆਂ ਅੱਖਾਂ ਵਿੱਚ ਖੌਫ ਪੈਦਾ ਕਰ ਰਿਹਾ ਹੈ। ਉਹਨੇ ਘੋੜੇ ਦਾ ਮੂੰਹ ਸੂਰਜ ਵਲ ਘੁਮਾ ਦਿੱਤਾ। ਪਰਛਾਵਾਂ ਪਿੱਛੇ ਵੱਲ ਘੁੰਮ ਗਿਆ। ਘੋੜਾ ਸਹਿਜ ਹੋ ਗਿਆ। ਸਿਕੰਦਰ ਨੇ ਉਹਦੀ ਪਿੱਠ 'ਤੇ ਹੱਥ ਫੇਰਿਆ, ਜਿਵੇਂ ਦੋਸਤੀ ਦਾ ਪੈਗਾਮ ਦੇ ਰਿਹਾ ਹੋਵੇ। ਫਿਰ ਉਹਨੇ ਕੁੱਦ ਕੇ ਛਾਲ ਮਾਰੀ ਤੇ ਕਾਠੀ 'ਤੇ ਚੜ ਗਿਆ। ਵਾਗਾਂ ਖਿੱਚੀਆਂ ਤੇ ਘੋੜਾ ਦੁੜਕੀ ਚਾਲ ਭੱਜਦਾ ਹਵਾ ਨਾਲ ਗੱਲਾਂ ਕਰਨ ਲੱਗਾ।

ਸਿਕੰਦਰ ਨੇ ਖੁੱਲੇ ਵਿੱਚ ਦੋ ਚੱਕਰ ਲਾਏ ਤੇ ਰਾਜੇ ਫਿਲਪ ਕੋਲ ਆ ਕੇ ਘੋੜਾ ਰੋਕਿਆ ਤੇ ਜੇਤੂ ਅੰਦਾਜ਼ ਵਿੱਚ ਹੇਠਾਂ ਉੱਤਰਦਿਆਂ ਪਿਤਾ ਵਲ ਵੇਖਿਆ। ਸਿਕੰਦਰ ਦੇ ਹੌਸਲੇ, ਦ੍ਰਿੜਤਾ ਤੇ ਜੇਤੂ ਅੰਦਾਜ਼ ਨੂੰ ਦੇਖ ਕੇ ਸਾਰੇ ਖੁਸ਼ੀ ਵਿੱਚ ਚੀਕ ਉੱਠੇ। ਫਿਲਿਪ ਨੇ ਗਰਵ ਨਾਲ ਸਿਕੰਦਰ ਦਾ ਮੱਥਾ ਚੁੰਮਿਆ, ਅਸੀਸ ਦਿੰਦਿਆਂ ਕਿਹਾ, ਸਿਕੰਦਰ ਮਕਦੂਨੀਆ ਤੇਰੇ ਲਈ ਬਹੁਤ ਛੋਟਾ ਹੈ। ਆਪਣੇ ਸੁਪਨਿਆਂ ਲਈ ਵੱਡਾ ਸਾਮਰਾਜ ਲੱਭੀਂ। ਜਿੱਤ ਤੇਰੇ ਕਦਮ ਚੁੰਮੇਗੀ ਤੇ ਸੂਰਜ ਤੇਰੇ ਮਸਤਕ ਵਿੱਚ ਚਮਕੇਗਾ।

ਪਿਤਾ ਦੀ ਅਸੀਸ ਰੰਗ ਲਿਆਈ ਤੇ ਵੀਹ ਵਰਿਆਂ ਬਾਅਦ ਸੁਪਨਿਆਂ ਨੂੰ ਸੱਚ ਕਰਨ ਲਈ ਸਿਕੰਦਰ ਨੇ ਪਾਰਸ਼ਿਕ ਸਾਮਰਾਜ ਜਿੱਤ ਕੇ ਪੂਰਬ ਵਿੱਚ ਇੱਕ ਵਿਸ਼ਾਲ ਸਾਮਰਾਜ ਕਾਇਮ ਕੀਤਾ। ਪਲੂਟਾਰਕ ਲਿਖਦਾ ਹੈ ਕਿ ਸਿਕੰਦਰ ਦੇ ਗੁਣਾਂ ਨੂੰ ਸਾਣ 'ਤੇ ਲਾ ਕੇ ਚਮਕਾਉਣ ਲਈ ਫਿਲਿਪ ਨੇ ਉਹਦੇ ਲਈ ਅਰਸਤੂ ਵਰਗੇ ਗੁਰੂ ਦੀ ਚੋਣ ਕੀਤੀ ਜਿਸਦਾ ਲੋਹਾ ਅੱਜ ਤਕ ਦੁਨੀਆ ਮੰਨਦੀ ਹੈ।



ਫਿਲਿਪ ਨੇ ਮੂੰਹ ਮੰਗੇ ਦਾਮ ਦੇ ਕੇ ਉਹ ਘੋੜਾ ਖਰੀਦ ਲਿਆ ਤੇ ਉਹਦਾ ਨਾਂ ਰੱਖਿਆ - ਬੁਕੈਫਲੋਸ ਜਿਸਦਾ ਅਰਥ ਹੈ - ਚਮਤਕਾਰੀ ਸੀਸ। ਬੁਕੈਫਲੋਸ ਸਿਕੰਦਰ ਦੀਆਂ ਸੰਸਾਰ ਜਿੱਤਾਂ ਦਾ ਗਵਾਹ ਰਿਹਾ ਹੈ। ਇਹੀ ਉਹ ਘੋੜਾ ਸੀ ਜੋ ਸਿਕੰਦਰ ਨੂੰ ਦਰਿਆ ਬਿਆਸ ਤਕ ਲੈ ਕੇ ਆਇਆ ਸੀ। ਘੋੜਿਆਂ ਦੇ ਇਤਿਹਾਸ ਵਿੱਚ ਇਸ ਨੂੰ ਲਾਸਾਨੀ ਸ਼੍ਰੋਮਣੀ ਦਾ ਦਰਜਾ ਦਿੱਤਾ ਜਾਂਦਾ ਹੈ। ਯੂਨਾਨ ਤੋਂ ਚੱਲਿਆ ਬੁਕੈਫਲੋਸ ਪੰਜਾਬ ਵਿੱਚ ਆ ਕੇ ਜ਼ਖਮੀ ਹੋਇਆ ਤੇ ਇੱਥੇ ਹੀ ਉਹ ਸਿਕੰਦਰ ਦਾ ਸਾਥ ਛੱਡ ਅਰਸ਼ਾਂ ਵਲ ਪਰਤ ਗਿਆ। ਉਹਦੇ ਨਾਂ ਦਾ ਸਿਕੰਦਰ ਨੇ ਇੱਕ ਸ਼ਹਿਰ ਵੀ ਵਸਾਇਆ।

ਸਿਕੰਦਰ ਦੇ ਜਨਮ ਤੋਂ ਪਹਿਲਾਂ ਫਿਲਿਪ ਨੂੰ ਤਿੰਨ ਖ਼ੁਸ਼ਖਬਰੀਆਂ ਮਿਲੀਆਂ।ਪਹਿਲੀ ਇਹ ਕਿ ਉਹਦੇ ਸੈਨਾਪਤੀ ਪੈਮੈਰਿਨਿਅਨ ਨੇ ਨਗਰ ਰਾਜ ਇਲੀਰਿਆ ਨੂੰ ਜਿੱਤ ਕੇ ਫਿਲਿਪ ਦੀ ਝੋਲੀ ਪਾਇਆ। ਦੂਸਰੀ, ਮਹਾਨ ਉਲੰਪਿਕ ਖੇਡਾਂ ਵਿੱਚ ਉਹਦਾ ਘੋੜਾ ਜੇਤੂ ਰਿਹਾ। ਤੀਸਰੀ, ਉਹਦੀ ਵਹੁਟੀ ਓਲੰਪੀਆਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ। ਸਿਕੰਦਰ ਦਾ ਜਨਮ ਪ੍ਰਾਚੀਨ ਯੂਨਾਨ ਦੇ ਉੱਤਰੀ ਪ੍ਰਾਂਤ ਮਕਦੂਨੀਆ ਦੀ ਰਾਜਧਾਨੀ ਪੈਲਾ ਵਿੱਚ ਹੈਕਟੋਵਿਓਨ ਨਾਂ ਦੇ ਯੂਨਾਨੀ ਮਹੀਨੇ ਦੀ ਛੇਵੀਂ ਤਰੀਕ ਨੂੰ ਈਸਾ ਪੂਰਵ 356 ਵਿੱਚ ਹੋਇਆ। ਇਹ ਪੁਰਾਣੀ ਤਰੀਕ 20 ਜੁਲਾਈ ਬਣਦੀ ਹੈ। ਸਿਕੰਦਰ ਦੀ ਮਾਂ ਓਲੰਪੀਆਸ ਮਕਦੂਨੀਆ ਦੇ ਪੱਛਮ ਵਿੱਚ ਇੱਕ ਛੋਟੇ ਜਿਹੇ ਨਗਰ ਏਪੀਰਸ ਦੇ ਰਾਜੇ ਨਿਊਔਪਟੋਲੇਮਜ਼ ਦੀ ਜੇਠੀ ਧੀ ਸੀ। ਫਿਲਿਪ ਦੀਆਂ ਅੱਠ ਰਾਣੀਆਂ ਵਿੱਚੋਂ ਉਹ ਚੌਥੀ ਸੀ ਤੇ ਸਿਕੰਦਰ ਦੇ ਜਨਮ ਤੋਂ ਬਾਅਦ ਉਹਨੂੰ ਮਹਾਰਾਣੀ ਦਾ ਦਰਜਾ ਮਿਲ ਗਿਆ। ਇਸ ਬੱਚੇ ਦਾ ਨਾਂ ਅਲੈਗਜੈਂਡਰ ਰੱਖਿਆ ਗਿਆ। ਇਹ ਸ਼ਬਦ ਯੂਨਾਨੀ ਦੇ 'ਅਲੈਕਸੋ' ਅਤੇ 'ਐਨਰ' ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਅਲੈਕਸੋ ਦਾ ਅਰਥ ਹੈ- ਮਦਦ ਕਰਨ ਵਾਲਾ ਤੇ ਐਨਰ ਦਾ ਅਰਥ ਹੈ- ਬੰਦਾ, ਮਨੁੱਖ। ਇਸ ਤਰਾਂ ਅਲੈਗਜੈਂਡਰ ਦਾ ਅਰਥ ਬਣਿਆ 'ਮਨੁੱਖ ਜਾਤੀ ਦੀ ਰੱਖਿਆ ਕਰਨ ਵਾਲਾ।' ਅਲੈਗਜੈਂਡਰ ਦਾ ਫਾਰਸੀ ਰੂਪ ਸਿਕੰਦਰ ਬਣਿਆ ਜੋ ਪੂਰਬ ਵਿੱਚ ਪ੍ਰਚਲਤ ਹੋਇਆ।

ਤੇਰਾਂ ਵਰਿਆਂ ਦੇ ਸਿਕੰਦਰ ਲਈ ਫਿਲਿਪ ਨੇ ਗੁਰੂ ਦੀ ਤਲਾਸ਼ ਅਰੰਭੀ। ਉਹਨੇ ਕਈ ਸਿਆਣਿਆਂ ਤੇ ਦਰਬਾਰੀਆਂ ਨਾਲ ਸਲਾਹ ਮਸ਼ਵਰੇ ਕੀਤੇ ਤੇ ਅਖੀਰ ਉਸ ਸਮੇਂ ਦੇ ਮਹਾਨ ਦਾਰਸ਼ਨਿਕ ਅਰਸਤੂ ਨੂੰ ਚੁਣਿਆ। ਫਿਲਿਪ ਨੇ 343-42 ਈ.ਪੂ. ਵਿੱਚ ਅਰਸਤੂ ਨੂੰ ਇੱਕ ਪੱਤਰ ਲਿਖਿਆ- ਫਿਲਿਪ ਦਾ ਪੱਤਰ ਅਰਸਤੂ ਦੇ ਨਾਂ- "ਜਿਵੇਂ ਕਿ ਤੁਹਾਨੂੰ ਪਤਾ ਹੈ ਦੇਵਤਿਆਂ ਦੀ ਮਿਹਰ ਸਦਕਾ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ। ਮੈਂ ਉਨਾਂ ਦਾ ਰਿਣੀ ਹਾਂ ਕਿ ਉਨਾਂ ਸਦਕਾ ਉਹ ਤੁਹਾਡੇ ਯੁਗ ਵਿੱਚ ਜੰਮਿਆ ਹੈ। ਮੈਨੂੰ ਆਸ ਹੈ ਕਿ ਤੁਹਾਡੀ ਰਹਿਨੁਮਾਈ ਵਿੱਚ ਸਿੱਖਿਅਤ ਹੋ ਕੇ ਉਹ ਸਾਡੇ ਲਈ ਰਾਜ ਦੇ ਵਾਰਿਸ ਵਜੋਂ ਯੋਗ ਸਿੱਧ ਹੋਵੇਗਾ। ਮਕਦੂਨੀਆ ਤੁਹਾਡੀ ਉਡੀਕ ਵਿੱਚ ਸੁਆਗਤ ਲਈ ਤਿਆਰ ਹੈ।"

ਅਰਸਤੂ ਫਿਲਿਪ ਦਾ ਮਦਾਹ ਸੀ, ਵੱਡੇ ਯੋਧੇ ਅਤੇ ਰਾਜਸੀ ਗੁਣਾਂ ਦੀ ਉੱਚਤਾ ਕਰਕੇ ਉਹਦਾ ਪ੍ਰਸ਼ੰਸਕ ਸੀ। ਅਰਸਤੂ ਮਕਦੂਨੀਆ ਪਹੁੰਚਿਆ। ਮਹਾਰਾਜੇ ਨੇ ਮਾਈਐਜਾ ਵਿਚਲੇ ਵਣਦੇਵੀ ਨਿੰਫਸ ਦੇ ਮੰਦਿਰ ਨੂੰ ਸਕੂਲ ਵਿੱਚ ਬਦਲ ਦਿੱਤਾ। ਇਸ ਸਕੂਲ ਵਿੱਚ ਉੱਚ ਖਾਨਦਾਨਾਂ ਦੇ ਬੱਚਿਆਂ ਨੂੰ ਪੜਾਈ ਦੀਆਂ ਵਧੀਆਂ ਸਹੂਲਤਾਂ ਦਿੱਤੀਆਂ ਗਈਆਂ। ਅਰਸਤੂ ਨੂੰ ਪੜਾਈ ਦੇ ਇਵਜ਼ਾਨੇ ਵਜੋਂ ਫਿਲਿਪ ਇਸ ਗੱਲ 'ਤੇ ਸਹਿਮਤ ਹੋ ਗਿਆ ਕਿ ਉਹਦੇ ਆਪਣੇ ਸ਼ਹਿਰ ਸਟੈਗਿਰਾ ਦਾ ਉਹ ਪੁਨਰ ਨਿਰਮਾਣ ਕਰਾਏਗਾ ਜਿਸਨੂੰ ਉਹਨੇ ਖੁਦ ਤਬਾਹ ਕੀਤਾ ਸੀ। ਉੱਥੋਂ ਜਿਨਾਂ ਨਾਗਰਿਕਾਂ ਨੂੰ ਉਹਨੇ ਗੁਲਾਮ ਬਣਾਇਆ ਸੀ ਉਨਾਂ ਨੂੰ ਅਜ਼ਾਦ ਕਰ ਦੇਵੇਗਾ। ਜਿਹੜੇ ਦੌੜ ਗਏ ਸਨ, ਉਨਾਂ ਨੂੰ ਮੁਆਫ ਕਰ ਦੇਵੇਗਾ। ਇਹ ਸੀ ਅਰਸਤੂ ਦਾ ਇੱਕ ਅਧਿਆਪਕ ਵਜੋਂ ਜਲੌ ਜਿਸਨੂੰ ਫਿਲਿਪ ਮੰਨਦਾ ਸੀ।

ਸਿਕੰਦਰ ਅਤੇ ਮਕਦੂਨੀਆ ਦੇ ਧਨਾਢਾਂ ਦੇ ਬੱਚੇ ਟਾਲਮੀ, ਹੇਫਾਸਿਤਓਨ, ਕੈਸੈਂਡਰ, ਨੌਆਖੋਰਸ, ਹਰਪਾਲਸ, ਐਰੀਜਿਅਸ ਆਦਿ ਲਈ ਮਾਈਐਜਾ ਚੰਗੀ ਸਿੱਖਿਆ ਦਾ ਕੇਂਦਰ ਬਣ ਗਿਆ ਸੀ। ਉੱਥੇ ਉੱਚ ਘਰਾਣਿਆਂ ਦੇ ਕਈ ਸਿਖਿਆਰਥੀ ਸਿਕੰਦਰ ਦੇ ਮਿੱਤਰ ਬਣ ਗਏ, ਜੋ ਬਾਅਦ ਵਿੱਚ ਉਹਦੇ ਸਾਥੀ ਤੇ ਸੈਨਾਪਤੀ ਵੀ ਬਣੇ। ਉਹ ਸਾਰੇ ਇੱਕ ਦੂਜੇ ਨੂੰ 'ਐਤੈਰਿਏ' ਸੰਗੀ (ਸਾਥੀ) ਕਹਿ ਕੇ ਸੰਬੋਧਨ ਕਰਦੇ ਜਿਵੇਂ ਹੋਮਰ ਦੇ ਮਹਾਂ ਕਾਵਿ ਇਲਿਆਦ ਵਿੱਚ ਵੱਖਰੇ ਵੱਖਰੇ ਨਾਇਕ ਤੇ ਯੋਧੇ ਇੱਕ ਦੂਜੇ ਨੂੰ ਸੰਬੋਧਨ ਕਰਦੇ ਹਨ। ਐਤੇਰਿਏ ਸ਼ਬਦ ਉਨਾਂ ਪ੍ਰੇਮਿਕਾਵਾਂ ਲਈ ਵੀ ਵਰਤਿਆ ਜਾਂਦਾ ਸੀ ਜੋ ਵਿਦਵਾਨਾਂ ਦੀਆਂ ਬੁਧੀਮਾਨ ਸੰਗੀ ਸਾਥਣਾਂ ਹੁੰਦੀਆਂ ਸਨ। ਏਥਨਜ਼ ਦੇ ਰਾਜੇ ਪੈਰੀਕਲੀਜ਼ ਦੀ ਪ੍ਰੇਮਿਕਾ ਆਸਪਾਸੀਆ, ਸੁਕਰਾਤ ਦੀ ਲੇਈਸ ਅਤੇ ਪ੍ਰਾਕਸਲੀਜ਼ ਦੀ ਫਰੀਤੀ ਇਸੇ ਤਰਾਂ ਦੀਆਂ ਪ੍ਰੇਮਿਕਾਵਾਂ ਸਨ।

ਅਰਸਤੂ ਨੇ ਸਿਕੰਦਰ ਤੇ ਉਹਦੇ ਸੰਗੀ ਸਾਥੀਆਂ ਨੂੰ ਚਕਿਤਸਾ, ਦਰਸ਼ਨ, ਨੀਤੀ, ਧਰਮ, ਤਰਕ ਤੇ ਕਲਾ ਦੀ ਸਿੱਖਿਆ ਵਿੱਚ ਨਿਪੁੰਨ ਕੀਤਾ। ਉਹ ਹਰ ਰੋਜ਼ ਕਿਸੇ ਨਾ ਕਿਸੇ ਵਿਸ਼ੇ 'ਤੇ ਸਿਖਿਆਰਥੀਆਂ ਨੂੰ ਪਹਿਲਾਂ ਪ੍ਰਵਚਨ ਦਿੰਦਾ ਫਿਰ ਵਣਦੇਵੀ ਦੇ ਬਾਗ ਵਿੱਚ ਉਨਾਂ ਨਾਲ ਗੋਸ਼ਟ ਕਰਦਾ। ਲੋੜ ਪੈਣ 'ਤੇ ਉਹ ਪੱਥਰ ਦੀ ਵੱਡੀ ਸਾਰੀ ਕੁਰਸੀ 'ਤੇ ਬੈਠੇ ਅਰਸਤੂ ਦੇ ਆਲੇ ਦੁਆਲੇ ਇਕੱਠੇ ਹੋ ਕੇ ਆਪਣੇ ਮਨ ਦੀਆਂ ਜਿਗਿਆਸਾਵਾਂ ਸ਼ਾਂਤ ਕਰਦੇ। ਸਾਰੇ ਵਿਦਿਆਰਥੀਆਂ ਵਿੱਚ ਸਿੱਖਣ ਦੀ ਤੀਬਰ ਇੱਛਾ ਤੇ ਗੁਰੂ ਦਾ ਸਤਿਕਾਰ ਸੀ।

ਇੱਕ ਦਿਨ ਅਰਸਤੂ ਆਪਣੇ ਚੇਲਿਆਂ ਨੂੰ ਹੋਮਰ ਦੀ ਪ੍ਰਸਿੱਧ ਰਚਨਾ ਇਲਿਆਦ ਦਾ ਪਾਠ ਸਮਝਾ ਰਿਹਾ ਸੀ ਕਿ ਇਲਿਆਦ ਤੇ ਉਡੇਸੀ ਮੌਖਿਕ ਕਾਵਿ ਸਨ ਤੇ ਹੋਮਰ ਤੋਂ ਦੋ ਸੌ ਵਰੇ ਬਾਅਦ ਤਕ ਵੀ ਇਹਦੇ ਲਿਖਤ ਰੂਪਾਂ ਦਾ ਕੋਈ ਪਤਾ ਨਹੀਂ ਲਗਦਾ। ਇੱਕ ਦੰਤਕਥਾ ਹੈ ਕਿ ਇਸਦੇ ਸੌ ਵਰਿਆਂ ਬਾਅਦ ਹੁਣ ਤੋਂ ਤਿੰਨ ਸੌ ਵਰੇ ਪੂਰਵ ਏਥਨਜ਼ ਦੇ ਰਾਜੇ ਪਿਸੀਸਟਰਾਟਸ ਨੇ ਇਨਾਂ ਨੂੰ ਲਿਪੀਬਧ ਕਰਾਇਆ ਤੇ ਦੂਸਰੀ ਇਹ ਕਿ ਹਿਪਰਾਕਸ ਨੇ ਹੋਮਰ-ਪੁੱਤਰਾਂ ਕੋਲੋਂ ਪੂਰਾ ਮਹਾਂ ਕਾਵਿ ਸੁਣ ਕੇ ਇਹਨੂੰ ਲਿੱਪੀਬਧ ਕੀਤਾ।

ਸਿਕੰਦਰ ਕਹਿਣ ਲੱਗਾ ਇੰਜ ਤਾਂ ਇਨਾਂ ਵਿੱਚ ਕਈ ਰਲੇ ਪੈ ਗਏ ਹੋਣਗੇ। ਅਰਸਤੂ ਨੇ ਉਹਨੂੰ ਸਮਝਾਇਆ ਕਿ "ਹਰ ਪੌਦੇ ਵਿੱਚ ਫੁੱਲ ਤੇ ਕੰਡੇ ਦੋਵੇਂ ਹੁੰਦੇ ਹਨ ਪਰ ਸਾਨੂੰ ਸਿਰਫ ਫੁੱਲ ਹੀ ਚੁਣਨੇ ਚਾਹੀਦੇ ਹਨ। ਯੂਨਾਨੀਆਂ ਦੀ ਧਾਰਨਾ ਹੈ ਕਿ ਇਲਿਆਦ ਮਿਊਜ਼ ਦੀ ਬਾਣੀ ਹੈ। ਇਸ ਮਹਾਂ ਕਾਵਿ ਤੋਂ ਉਨਾਂ ਨੂੰ ਊਰਜਾ ਤੇ ਹੌਸਲੇ ਦੀ ਪ੍ਰੇਰਨਾ ਮਿਲਦੀ ਹੈ ਤੇ ਇਹਨੂੰ ਉਹ ਆਪਣਾ ਪਥਪ੍ਰਦਸ਼ਕ ਮੰਨਦੇ ਹਨ। ਸਿਕੰਦਰ, ਕੀ ਤੂੰ ਮਿਊਜ਼ ਬਾਰੇ ਕੁਝ ਦਸ ਸਕਦਾ ਐਂ ?"

ਸਿਕੰਦਰ ਨੇ ਦੱਸਿਆ ਕਿ ਮਿਊਜ਼ ਕੋਈ ਦੇਵੀ ਨਹੀਂ ਸਗੋਂ ਇਹ ਕਲਾ, ਸੰਸਕ੍ਰਿਤੀ ਨਾਲ ਸੰਬੰਧਤ ਅੱਠ ਦੇਵੀਆਂ ਦਾ ਸਮੂਹਕ ਨਾਂ ਹੈ। ਮਹਾਂਕਾਵਿ, ਇਤਿਹਾਸ, ਪਿਆਰਗੀਤ, ਸੰਗੀਤ ਤੇ ਗਾਥਾ ਗੀਤ, ਦੁਖਾਂਤਕ ਕਾਵਿ, ਨਾਚ, ਹਾਸ, ਨਛੱਤਰ ਵਿੱਦਿਆ ਨਾਲ ਸੰਬੰਧਿਤ ਇਨਾਂ ਦੇਵੀਆਂ ਦੇ ਨਾਂ ਹਨ - ਕਲੀਓਪੀ, ਕਿਲਓ, ਇਰੈਸਟੋ, ਯੂਟਰਪੇ, ਮੇਲਪੋਮੇਨੇ, ਟਰਪਸੀਕੋਰ, ਥੇਲੀਆ ਤੇ ਯੂਰੇਨਿਆ...'

ਅਰਸਤੂ ਨੇ ਦੱਸਿਆ ਹੈ ਕਿ ਹੋਮਰ ਦੇ ਮਹਾਂ ਕਾਵਿ ਕਿਉਂ ਮਹਾਨ ਹਨ। ਛੋਟੇ ਕਥਾਨਕਾਂ ਵਾਲੇ ਇਲਿਆਦ ਵਿੱਚ ਦੁਨੀਆ ਦਾ ਰਹੱਸ ਛੁਪਿਆ ਹੋਇਆ ਹੈ। ਯੂਨਾਨੀਆਂ ਅਤੇ ਟਰਾਏ ਵਾਸੀਆਂ ਵਿੱਚ ਦਸ ਵਰਿਆਂ ਤਕ ਚਲੇ ਮਹਾਨ ਯੁੱਧ ਦੀ ਕਥਾ ਨੂੰ ਇਸ ਵਿੱਚ ਪਰੋਇਆ ਗਿਆ ਹੈ। ਏਸ਼ੀਆ ਮਾਈਨਰ (ਤੁਰਕੀ) ਦੇ ਉੱਤਰ ਪੱਛਮੀ ਹਿੱਸੇ ਵਿੱਚ ਟਰਾਏ ਦੇ ਰਾਜੇ ਪ੍ਰਿਅਮ ਦੇ ਪੁੱਤਰ ਪੈਰਿਸ ਨੂੰ ਸਪਾਰਟਾ ਦੇ ਰਾਜੇ ਮੇਨੇਲਾਸ ਦਾ ਪ੍ਰਹੁਣਾ ਬਣਨ ਦਾ ਮੌਕਾ ਮਿਲਿਆ। ਸਪਾਰਟਾ ਵਿੱਚ ਰਹਿੰਦਿਆਂ ਪੈਰਿਸ ਮੇਨੇਲਾਸ ਦੀ ਸੋਹਣੀ ਸੁਨੱਖੀ ਵਹੁਟੀ ਹੈਲੇਨ ਦੇ ਪਿਆਰ ਵਿੱਚ ਪਾਗਲ ਹੋ ਗਿਆ। ਸੁੰਦਰਤਾ ਦੀ ਦੇਵੀ ਐਫਰੋਡਾਇਟ ਦੀ ਮਿਹਰ ਸਦਕਾ ਹੈਲੇਨ ਵੀ ਪੈਰਿਸ 'ਤੇ ਮੋਹਿਤ ਹੋ ਗਈ। ਇਸ ਦੌਰਾਨ ਮੇਨੇਲਾਸ, ਨੂੰ ਕੁਝ ਦਿਨਾਂ ਲਈ ਸਪਾਰਟਾ ਛੱਡ ਕੇ ਕਰੀਟ ਜਾਣਾ ਪਿਆ। ਮੌਕਾ ਮਿਲਦਿਆਂ ਹੈਲੇਨ ਤੇ ਪੈਰਿਸ ਨੇ ਸਪਾਰਟਾ ਤੋਂ ਭੱਜਣ ਦੀ ਯੋਜਨਾ ਉਲੀਕੀ। ਉਨਾਂ ਦੀ ਕੋਸ਼ਿਸ਼ ਨੂੰ ਬੂਰ ਪਿਆ ਤੇ ਦੋਵੇਂ ਭੱਜ ਕੇ ਟਰਾਏ ਪਹੁੰਚ ਗਏ। ਉੱਥੇ ਨਗਰ ਨਿਵਾਸੀਆਂ ਨੇ ਉਨਾਂ ਦਾ ਭਰਵਾਂ ਸੁਆਗਤ ਕੀਤਾ। ਦੋਵੇਂ ਪਤੀ ਪਤਨੀ ਬਣ ਕੇ ਸੁਖ ਸ਼ਾਂਤੀ ਨਾਲ ਰਹਿਣ ਲੱਗੇ। ਪੈਰਿਸ ਦੇ ਵਿਸ਼ਵਾਸਘਾਤ ਤੋਂ ਦੁਖੀ ਹੋ ਕੇ ਮੇਨੇਲਾਸ ਨੇ ਯੂਨਾਨ ਦੇ ਸ਼ਕਤੀਸ਼ਾਲੀ ਰਾਜੇ ਮਾਏਸੀਨ ਦੇ ਐਗਮੇਨਨ ਤੋਂ ਸਹਾਇਤਾ ਮੰਗੀ। ਯੂਨਾਨ ਦੇ ਸਾਰੇ ਰਾਜਿਆਂ ਨੇ ਐਗਮੇਨਨ ਦੀ ਅਗਵਾਈ ਵਿੱਚ ਟਰਾਏ 'ਤੇ ਧਾਵਾ ਬੋਲਣ ਦਾ ਫੈਸਲਾ ਕੀਤਾ। ਉਨਾਂ ਨੇ ਵੱਡੀਆਂ ਫੌਜਾਂ ਲੈ ਕੇ ਟਰਾਏ 'ਤੇ ਚੜਾਈ ਕਰ ਦਿੱਤੀ। ਯੁੱਧ ਦੇ ਦਸਵੇਂ ਵਰੇ ਯੂਨਾਨੀਆਂ ਨੇ ਟਰੋਜਨ ਅਤੇ ਉਹਦਾ ਸਾਥ ਦੇਣ ਵਾਲੇ ਏਸ਼ੀਆਈ ਦੇਸ਼ਾਂ ਦੀ ਸੰਯੁਕਤ ਫੌਜ ਨੂੰ ਭਾਂਜ ਦੇ ਕੇ ਯੁੱਧ ਜਿੱਤਿਆ। ਮਨੁੱਖੀ ਪਿਆਰ, ਘਿਰਣਾ, ਨਫਰਤ, ਯੁੱਧ ਕਲਾ ਦਾ ਇਹ ਅਨੂਠਾ ਮਹਾਂਕਾਵਿ ਹੈ। ਸਿਕੰਦਰ ਇਹਦੀ ਕਥਾ ਸੁਣ ਕੇ ਮਸਤ ਅਤੇ ਰੋਮਾਂਚਤ ਹੋ ਗਿਆ।

ਸੋਲਾਂ ਵਰਿਆਂ ਦੀ ਉਮਰ ਵਿੱਚ ਸਿਕੰਦਰ ਦੀ ਸਿੱਖਿਆ ਦੀਖਿਆ ਖਤਮ ਹੋ ਗਈ। ਅਰਸਤੂ ਆਪਣੇ ਸ਼ਹਿਰ ਸਟੈਗਿਰਾ ਪਰਤ ਗਿਆ ਜਿਸਦਾ ਪੁਨਰ ਨਿਰਮਾਣ ਹੋ ਚੁੱਕਾ ਸੀ। ਇਸ ਦੌਰਾਨ ਸਿਕੰਦਰ ਯੁੱਧ ਕਲਾ ਵਿੱਚ ਨਿਪੁੰਨ ਹੋ ਕੇ ਯੁੱਧ ਕਰਨ ਤੇ ਰਾਜ ਦਾ ਵਿਸਥਾਰ ਕਰਨ ਵਿੱਚ ਜੁੱਟ ਗਿਆ। ਇੱਕ ਯੁੱਧ ਤੋਂ ਰਾਜਧਾਨੀ ਪੈਲਾ ਪਰਤਣ 'ਤੇ ਜਿੱਤ ਦੀ ਖੁਸ਼ੀ ਰਾਜੇ ਫਿਲਿਪ ਤੇ ਸਿਕੰਦਰ ਨੇ ਇਕੱਠਿਆਂ ਮਨਾਈ। ਇਸੇ ਦੌਰਾਨ 48 ਵਰਿਆਂ ਦੇ ਰਾਜੇ ਫਿਲਿਪ ਨੂੰ ਇੱਕ ਸੋਹਣੀ ਕੰਨਿਆ ਕੈਲੀਓਪੈਟਰਾ ਯੂਰੀਡਿਕੇ ਨਾਲ ਪਿਆਰ ਹੋ ਗਿਆ। ਮੰਨਿਆ ਤਾਂ ਇਹ ਜਾਂਦਾ ਹੈ ਕਿ ਉਸ ਕੰਨਿਆ ਦੇ ਚਾਚੇ ਤੇ ਫਿਲਿਪ ਦੇ ਸੈਨਾਪਤੀ ਅਤਾਲੋਸ ਦੇ ਇਸ਼ਾਰੇ 'ਤੇ ਉਹਨੇ ਰਾਜੇ ਨੂੰ ਆਪਣੇ ਪਿਆਰ ਦੇ ਜਾਲ ਵਿੱਚ ਫਸਾਇਆ ਸੀ। ਇਸ ਤੋਂ ਪਹਿਲਾਂ ਕਿ ਫਿਲਿਪ ਦੀਆਂ ਸੱਤੇ ਰਾਣੀਆਂ ਤੇ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗੇ ਤੇ ਉਹ ਕੋਈ ਬਖੇੜਾ ਖੜਾ ਕਰਨ, ਫਿਲਿਪ ਤੇ ਕੈਲੀਓਪੈਟਰਾ ਨੇ ਚੁੱਪ ਚਾਪ ਵਿਆਹ ਕਰਵਾ ਲਿਆ।

ਇਸ ਵਿਆਹ ਤੋਂ ਬਾਅਦ ਰਾਜੇ ਦੇ ਉਤਰਾਧਿਕਾਰੀ ਦੇ ਤੌਰ 'ਤੇ ਸਿਕੰਦਰ ਦੀ ਸਥਿਤੀ ਕਮਜ਼ੋਰ ਹੋ ਗਈ ਕਿਉਂਕਿ ਸਿਕੰਦਰ ਅਰਧ-ਮਕਦੂਨ ਸੀ ਤੇ ਕੈਲੀਓਪੈਟਰਾ ਤੋਂ ਪੈਦਾ ਹੋਣ ਵਾਲਾ ਬੱਚਾ ਪੂਰਾ ਮਕਦੂਨ ਹੋਣਾ ਸੀ।

(ਚਲਦਾ...)


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com